**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Ad Space Available**
**Call: 847-359-0746**

**ਵਧੀਆ ਅਤੇ ਸਸਤੀ ਇੰਸ਼ੋਰੈਂਸ**
Home, Auto, Liquor Store
ਫੋਨ ਕਰੋ, ਪੈਸੇ ਬਚਾਓ
Call Now Manjit Gill
Ph: 209-524-4008
Ph: 510-888-1180
ਕਾਰ, ਘਰ, ਲਿੱਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ
Gill Financial & Insurance Services
27165 Mission Blvd, Hayward, CA 94544
Since 1993 www.gillfinancial.com CA. Lic#0B23990



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 24, June 14, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਸੌੜੀ ਸਿਆਸਤ ਨੇ ਨਮੋਸ਼ੀ ਪੱਲੇ ਪਾਈ

**● ਸਾਕੇ ਦੀ ਬਰਸੀ ਮੌਕੇ ਹਿੰਸਾ ਨੇ ਸਿੱਖ ਜਗਤ ਹਲੂਣਿਆ ● ਸਾਰੇ ਸੰਸਾਰ ਵਿਚ ਹੋਈ ਘਟਨਾ ਦੀ ਨੁਕਤਾਚੀਨੀ**

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਾਪਰੀ ਹਿੰਸਕ ਘਟਨਾ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼-ਵਿਦੇਸ਼ਾਂ ਵਿਚ ਸਿੱਖ ਕੌਮ ਦਾ ਅਕਸ ਖਰਾਬ ਹੋਇਆ ਹੈ। ਇਸ ਘਟਨਾ ਤੋਂ ਬਾਅਦ ਸਿੱਖ ਆਗੂਆਂ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੂੰ ਸਮੁੱਚੇ ਮਾਮਲਿਆਂ ਬਾਰੇ ਸਵੈ-ਪੜਚੋਲ ਕਰਨੀ ਚਾਹੀਦੀ ਹੈ ਤਾਂ ਜੋ ਇਸ ਰੂਹਾਨੀ ਅਸਥਾਨ ਦੀ ਪਵਿੱਤਰਤਾ ਤੇ ਮਰਿਆਦਾ ਨੂੰ ਕਾਇਮ ਰੱਖਿਆ ਜਾ ਸਕੇ।

ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਗਰਮ-ਖਿਆਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਹਿੰਸਕ ਝੜਪ ਹੋਈ ਜਿਸ ਵਿਚ ਕਿਰਪਾਨਾਂ ਚੱਲੀਆਂ, ਇਕ ਦੂਜੇ ਦੀਆਂ ਦਸਤਾਰਾਂ ਉਤਾਰੀਆਂ ਗਈਆਂ ਤੇ ਖ਼ੂਨ ਡੁੱਲਿਆ। ਇਸ ਝੜਪ ਵਿਚ ਦੋਹਾਂ ਧਿਰਾਂ ਦੇ ਦਰਜਨ ਦੇ ਕਰੀਬ ਕਾਰਕੁਨ ਜ਼ਖ਼ਮੀ ਹੋ ਗਏ। ਪੁਲਿਸ ਨੇ ਇਸ ਕੇਸ ਵਿਚ 28 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਹੈ ਜਿਨ੍ਹਾਂ ਵਿਚੋਂ 22 ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅਸਲ ਵਿਚ ਲੋਕ ਸਭਾ ਚੋਣਾਂ ਵਿਚ ਇਹ ਮੁੱਦਾ ਭਖਿਆ ਰਹਿਣ ਕਾਰਨ ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ 'ਤੇ ਪਹਿਲਾਂ ਨਾਲੋਂ ਵੱਧ ਲੋਕ ਪਹੁੰਚੇ। ਇਨ੍ਹਾਂ ਵਿਚ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਸੀ। ਸੋਸ਼ਲ ਮੀਡੀਆ ਨਾਲ ਵੀ ਸਾਕਾ ਨੀਲਾ ਤਾਰਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਬਾਰੇ ਖ਼ੂਬ ਪ੍ਰਚਾਰ ਹੋਇਆ। ਇਸ ਲਈ ਹਜ਼ਾਰਾਂ ਨੌਜਵਾਨ ਬਰਸੀ ਮਨਾਉਣ ਉਥੇ ਪਹੁੰਚੇ।



*ਸ੍ਰੀ ਅਕਾਲ ਤਖਤ ਦਾ ਉਹ ਦ੍ਰਿਸ਼ ਜਿਸ ਨੇ ਸਿੱਖ ਭਾਈਚਾਰੇ ਨੂੰ ਹਲੂਣ ਦਿੱਤਾ।*

ਉਧਰ, ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਅਮਰੀਕ ਸਿੰਘ ਅਜਨਾਲਾ ਧੜੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਜਦੋਂਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਵਿਚ ਸਿਮਰਨਜੀਤ ਸਿੰਘ ਮਾਨ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਉਂਝ, ਹੁਣ ਤੱਕ ਉਭਰ ਕੇ ਸਾਹਮਣੇ ਆਏ ਤੱਥਾਂ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਅਤੇ ਸ਼ਹੀਦ ਪਰਿਵਾਰਾਂ ਦਾ ਸਨਮਾਨ ਕਰਨ ਦੀ ਕਾਰਵਾਈ ਜਿਵੇਂ ਹੀ ਖ਼ਤਮ ਹੋਈ, ਉਥੇ ਮੌਜੂਦ ਨੌਜਵਾਨਾਂ ਨੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਜਥੇਦਾਰ ਗੁਰਬਚਨ ਸਿੰਘ ਨੇ ਨੇੜੇ ਬੈਠੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਇਹ ਨਾਅਰੇ ਬੰਦ ਕਰਾਉਣ ਲਈ ਕਿਹਾ। ਸ. ਮਾਨ ਨੇ ਮਾਈਕ 'ਤੇ ਸੰਬੋਧਨ ਕਰਨ ਦੀ ਆਗਿਆ ਮੰਗੀ, ਪਰ ਇਨਕਾਰ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਉਹ ਤੁਰੰਤ ਹੇਠਾਂ ਆ ਗਏ ਅਤੇ ਅਕਾਲ ਤਖ਼ਤ ਦੇ ਸਾਹਮਣੇ ਇਕੱਠੀ ਹੋਈ ਸੰਗਤ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਆਵਾਜ਼ ਸੰਗਤ ਤੱਕ ਨਾ ਪੁੱਜਣ ਕਾਰਨ ਕੁਝ ਨੌਜਵਾਨ ਉਪਰ ਅਕਾਲ ਤਖ਼ਤ ਵਿਚ ਰੱਖੇ ਮਾਈਕ ਲੈਣ ਲਈ ਚਲੇ ਗਏ ਜਿਥੇ ਪ੍ਰਬੰਧਕਾਂ ਵੱਲੋਂ ਨਾਂਹ ਕਰਨ 'ਤੇ ਤਕਰਾਰ ਸ਼ੁਰੂ ਹੋ ਗਈ। ਛੇਤੀ ਹੀ ਇਹ ਤਕਰਾਰ ਹੱਥੋਪਾਈ ਵਿਚ ਬਦਲ ਗਈ ਅਤੇ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿਚ ਸ਼ਾਮਲ ਭਾਈ ਸਤਨਾਮ ਸਿੰਘ ਜ਼ਖ਼ਮੀ ਹੋ ਗਏ। ਇਸ ਮਗਰੋਂ ਵੱਡੀ ਗਿਣਤੀ ਗਰਮ-ਖਿਆਲ ਕਾਰਕੁਨ ਖ਼ਾਲਿਸਤਾਨ ਜ਼ਿੰਦਾਬਾਦ ਅਤੇ ਅਕਾਲੀ ਸਰਕਾਰ ਮੁਰਦਾਬਾਦ ਦੇ ਨਾਅਰੇ ਲਾਉਂਦੇ ਅਕਾਲ ਤਖ਼ਤ ਵਿਖੇ ਪਹੁੰਚ ਗਏ ਜਿਥੇ ਟਾਸਕ ਫੋਰਸ ਦੇ ਕਰਮਚਾਰੀ ਵੀ ਇਕੱਠੇ ਹੋ ਗਏ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਹੀ ਦੋਹਾਂ ਧਿਰਾਂ ਨੇ ਕਿਰਪਾਨਾਂ ਖਿੱਚ ਲਈਆਂ ਅਤੇ ਇਕ-ਦੂਜੇ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਟਾਸਕ ਫੋਰਸ ਦੇ ਕਰਮਚਾਰੀਆਂ ਨੇ ਹਮਲਾ

(ਬਾਕੀ ਸਫਾ 6 'ਤੇ)

## ਘਟਨਾ ਸਿਆਸੀ ਧਿਰਾਂ ਦੀ ਖਹਿਬਾਜ਼ੀ ਦਾ ਸਿੱਟਾ ਕਰਾਰ

**ਜਲੰਧਰ:** ਦਲ ਖ਼ਾਲਸਾ ਨੇ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਵਾਪਰੇ ਹਿੰਸਕ ਟਕਰਾਅ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਹੈ ਕਿ ਦੋਵਾਂ ਧਿਰਾਂ ਦੇ ਆਗੂਆਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਕਬੂਲ ਕਰਨੀ ਚਾਹੀਦੀ ਹੈ ਅਤੇ ਖ਼ਾਲਸਾ ਪੰਥ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਇਸ ਘਟਨਾ ਬਾਰੇ ਜਾਰੀ ਬਿਆਨ ਵਿਚ ਸਤਿਨਾਮ ਸਿੰਘ ਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਇਸ ਘਟਨਾ ਨੇ ਸਿੱਖ ਪੰਥ ਨੂੰ ਸ਼ਰਮਸਾਰ ਕੀਤਾ ਹੈ।

(ਬਾਕੀ ਸਫਾ 6 'ਤੇ)

# ਸੁਖਬੀਰ ਬਾਦਲ ਦੀ ਸਿਆਸਤ ਨੂੰ ਪਿਆ ਘੇਰਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਵਿਚਾਲੇ ਖਿੱਚੋਤਾਣ ਵਧਦੀ ਜਾ ਰਹੀ ਹੈ। ਸ. ਸੁਖਬੀਰ ਸਿੰਘ ਬਾਦਲ ਦੇ ਹੱਥ ਪਾਰਟੀ ਦੀ ਕਮਾਨ ਆਉਣ ਤੋਂ ਬਾਅਦ ਨੁੱਕਰੇ ਲੱਗੇ ਟਕਸਾਲੀ ਆਗੂ ਹੁਣ ਆਵਾਜ਼ ਬੁਲੰਦ ਕਰਨ ਲੱਗੇ ਹਨ। ਪਾਰਟੀ ਦੇ ਚੋਣਾਂ ਵਿਚ ਪ੍ਰਦਰਸ਼ਨ ਦਾ ਲੇਖਾ-ਜੋਖਾ ਕਰਨ ਲਈ ਪਿਛਲੇ ਸਮੇਂ ਦੌਰਾਨ ਹੋਈ ਮੀਟਿੰਗ ਵਿਚ ਕਈ ਟਕਸਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੀ ਕਾਰਜਸ਼ੈਲੀ 'ਤੇ ਸਵਾਲ ਉਠਾਏ।



ਇਨ੍ਹਾਂ ਬਾਗੀ ਸੁਰਾਂ ਨੂੰ ਸ਼ਾਂਤ ਕਰਨ ਲਈ ਮੰਤਰੀ ਮੰਡਲ ਵਿਚ ਵਾਧਾ ਕੀਤਾ ਗਿਆ ਪਰ ਮਾਮਲਾ ਉਸ ਵੇਲੇ ਗੰਭੀਰ ਹੋ ਗਿਆ ਜਦੋਂ ਚਾਰ ਵਾਰ ਜ਼ੀਰੇ ਤੋਂ ਵਿਧਾਇਕ ਰਹੇ ਅਤੇ ਦਲ ਦੇ ਸੀਨੀਅਰ ਉਪ ਪ੍ਰਧਾਨ ਹਰੀ ਸਿੰਘ ਜ਼ੀਰਾ, ਉਨ੍ਹਾਂ ਦੇ ਪੁੱਤਰ ਤੇ ਪੰਜਾਬ ਕੋਆਪਰੇਟਿਵ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਜ਼ੀਰਾ ਤੇ ਸ਼੍ਰੋਮਣੀ ਕਮੇਟੀ ਮੈਂਬਰ ਨੂੰਹ ਜਸਵਿੰਦਰ ਕੌਰ ਜ਼ੀਰਾ ਨੇ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ।

ਜ਼ੀਰਾ ਪਰਿਵਾਰ ਨੇ ਇਹ ਫੈਸਲਾ ਡਾ. ਦਲਜੀਤ ਸਿੰਘ ਚੀਮਾ, ਸੋਹਨ ਸਿੰਘ ਠੰਡਲ ਤੇ ਤੋਤਾ ਸਿੰਘ ਨੂੰ ਮੰਤਰੀ ਬਣਾਏ ਜਾਣ ਤੋਂ

(ਬਾਕੀ ਸਫਾ 6 'ਤੇ)


**REAL ESTATE & HOME LOANS**
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com


**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਦੌਰਾਨ ਖਾਲਿਸਤਾਨ ਦੀ ਮੰਗ

**ਸੈਨ ਫਰਾਂਸਿਸਕੋ (ਬਿਊਰੋ):** ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਂਦਿਆਂ ਜੂਨ 1984 ਦੇ ਸ਼ਹੀਦਾਂ ਦੀ ਯਾਦ ਅਤੇ ਭਾਰਤੀ ਸਰਕਾਰ ਦੁਆਰਾ ਕਰਵਾਏ ਗਏ ਸਿੱਖ ਘੱਲੂਘਾਰੇ ਦੀ 30 ਸਾਲਾ ਦੁਖਦਾਈ ਯਾਦ ਵਿਚ ਇਥੇ ਨਗਰ ਕੀਰਤਨ ਸਜਾਇਆ ਗਿਆ।










ਨਗਰ ਕੀਰਤਨ ਦੀ ਸੰਪੂਰਨਤਾ ਤੋਂ ਬਾਅਦ ਸੈਨ ਫਰਾਂਸਿਸਕੋ ਦੇ ਸਿਟੀ ਹਾਲ ਦੇ ਸਾਹਮਣੇ ਸਿਵਿਕ ਸੈਂਟਰ ਦੇ ਵੱਡੇ ਮੈਦਾਨ ਵਿਚ ਸਜੇ ਦੀਵਾਨਾਂ ਵਿਚ ਵੱਡੀ ਤਦਾਦ ਵਿਚ ਇਕੱਤਰ ਹੋਈ ਸੰਗਤ ਨੇ ਦੋਵੇਂ ਬਾਹਵਾਂ ਖੜ੍ਹੀਆਂ ਕਰ ਕੇ 'ਬੋਲੇ ਸੋ ਨਿਹਾਲ' ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਗੂੰਜਵੇਂ ਨਾਹਰਿਆਂ-ਜੈਕਾਰਿਆਂ ਨਾਲ ਖਾਲਿਸਤਾਨ ਦੀ ਮੰਗ ਦਾ ਖੁੱਲ੍ਹ ਕੇ ਸਮਰਥਨ ਕੀਤਾ।



ਕੈਲੀਫੋਰਨੀਆ ਦੇ ਕਰੀਬ 25 ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ, ਸੰਗਤਾਂ ਅਤੇ ਸਿੱਖ ਪ੍ਰਭੂਸੱਤਾ ਦੀ ਤਿੰਨ ਦਹਾਕਿਆਂ ਤੋਂ ਮੰਗ ਕਰ ਰਹੀਆਂ ਪੰਥਕ ਜਥੇਬੰਦੀਆਂ ਦੇ ਸਾਂਝੇ ਉਦਮ ਨਾਲ ਸੈਨ ਫਰਾਂਸਿਸਕੋ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਠਾਠਾਂ ਮਾਰਦੇ ਨਗਰ ਕੀਰਤਨ, ਆਜ਼ਾਦੀ ਤੇ ਸਿੱਖ ਪ੍ਰਭੂਸੱਤਾ ਮਾਰਚ ਵਿਚ ਪੰਜ ਫਲੋਟਾਂ ਵਿਚੋਂ ਪਹਿਲੇ ਫਲੋਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ। ਦੂਜੇ ਫਲੋਟ ਵਿਚ ਭਾਰਤੀ ਫੌਜ ਵਲੋਂ ਟੈਂਕਾਂ-ਤੋਪਾਂ ਨਾਲ ਢਾਹੇ ਗਏ ਸ੍ਰੀ ਅਕਾਲ ਤਖਤ ਸਾਹਿਬ ਦਾ ਥਰੀ ਡੀ ਮਾਡਲ ਸਜਾਇਆ ਗਿਆ ਸੀ ਜਦਕਿ ਤੀਜਾ ਤੇ ਚੌਥਾ ਫਲੋਟ ਖਾਲਿਸਤਾਨ ਦੀ ਪ੍ਰਾਪਤੀ ਲਈ ਚਲਦੇ ਸੰਘਰਸ਼ ਦੌਰਾਨ ਸ਼ਹੀਦੀਆਂ ਪਾ ਗਏ ਸਿੰਘਾਂ ਦੀ ਯਾਦ ਵਾਲਾ ਸੀ। ਅਖੀਰ ਵਿਚ ਕੈਲੀਫੋਰਨੀਆ ਗਤਕਾ ਦਲ ਦੇ ਅਖਾੜੇ ਵਾਲਾ ਫਲੋਟ ਸੀ।

ਸੈਨ ਫਰਾਂਸਿਸਕੋ ਡਾਊਨ ਟਾਊਨ ਦੀ ਦੂਜੀ ਤੇ ਮਾਰਕੀਟ ਸਟਰੀਟ ਉਤੇ ਸ਼ੁਰੂ ਹੋਏ ਨਗਰ ਕੀਰਤਨ ਦੀ ਸ਼ੁਰੂਆਤ ਸ਼ਾਨਦਾਰ ਸੀ। ਖਾਲਸਾਈ ਨਿਸ਼ਾਨ ਚੁੱਕੀ ਪੰਜ ਨਿਸ਼ਾਨਚੀਆਂ ਤੋਂ ਬਾਅਦ ਪੰਜ ਸਿੰਘ ਕਿਰਪਾਨਾਂ ਨਾਲ ਲੈਸ ਸਨ। ਭਾਰਤ ਦੇ ਜ਼ੁਲਮਾਂ ਨੂੰ ਦਰਸਾਉਂਦੀਆਂ ਹਜ਼ਾਰਾਂ ਤਖਤੀਆਂ ਚੁੱਕੀ ਸੰਗਤਾਂ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ। ਉਚੀਆਂ ਇਮਾਰਤਾਂ ਵਿਚਕਾਰ ਸਾਫ ਸੜਕਾਂ ਉਤੇ ਤੁਰਦਾ ਨਗਰ ਕੀਰਤਨ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਿਹਾ ਸੀ। ਕਿਤੇ ਰੱਬੀ ਬਾਣੀ ਦਾ ਕੀਰਤਨ ਅਤੇ ਕਿਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਤੇ ਜੈਕਾਰਿਆਂ ਦੀ ਗੂੰਜ ਸੀ। ਰਸਤੇ ਵਿਚ ਸੰਗਤਾਂ ਦੀ ਠੰਡੇ ਮਿੱਠੇ ਜਲ ਨਾਲ ਸੇਵਾ ਹੋ ਰਹੀ ਸੀ। ਇਕ ਘੰਟੇ ਦੇ ਪੈਂਡੇ ਮਗਰੋਂ ਨਗਰ ਕੀਰਤਨ ਸਿਵਿਕ ਸੈਂਟਰ ਪੁੱਜਾ ਜਿਥੇ ਵੱਡੀ ਸਟੇਜ ਸਜੀ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਫਲੋਟ ਦੇ ਨਾਲ ਹੀ ਸਮਾਗਮ ਸ਼ੁਰੂ ਹੋ ਗਏ। ਭਾਈ ਸਰਵਣ ਸਿੰਘ ਦੇ ਜਥੇ ਨੇ ਕਵੀਸ਼ਰੀ ਵਾਰਾਂ ਨਾਲ ਸੰਗਤਾਂ ਵਿਚ ਜੋਸ਼ ਭਰ ਦਿੱਤਾ। ਉਪਰੰਤ ਭਾਈ ਸਤਨਾਮ ਸਿੰਘ ਅਰਸ਼ੀ ਦੇ ਜਥੇ ਨੇ ਵੀ ਇਤਿਹਾਸਕ ਨਜ਼ਮਾਂ ਪੇਸ਼ ਕਰਕੇ ਸਿੱਖ ਇਤਿਹਾਸ ਦੀ ਯਾਦ ਦੁਆਈ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬੇਟੀ ਬੀਬੀ ਨਵਕਿਰਨ ਕੌਰ ਖਾਲੜਾ ਨੇ ਸਿੱਖ ਕੌਮ ਦੀ ਆਜ਼ਾਦੀ ਅਤੇ ਇਲਾਹੀ ਬਾਣੀ ਵਿਚ ਪੇਸ਼ ਹਲੇਮੀ ਰਾਜ ਦੀ ਗੱਲ ਕੀਤੀ, ਜਿਸ ਦੌਰਾਨ ਬਹੁਤ ਜੈਕਾਰੇ ਲੱਗੇ। ਉਪਰੰਤ ਕੋਲੰਬੀਆ ਯੂਨੀਵਰਸਿਟੀ ਦੇ ਅਮਨਦੀਪ ਸਿੰਘ ਨੇ ਗੰਭੀਰ ਵਿਚਾਰ-ਚਰਚਾ ਪੇਸ਼ ਕੀਤੀ। ਉਨ੍ਹਾਂ ਸਿੱਖ ਕੌਮ ਦੇ ਭਾਰਤ ਸਰਕਾਰ ਵਲੋਂ ਕੀਤੇ ਨਸਲਘਾਤ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਇਸ ਦੇ ਕਿੰਨੇ ਪੜਾਅ ਹਨ।



ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸਹਿ ਸੰਪਾਦਕ ਸ. ਕਰਮਜੀਤ ਸਿੰਘ ਚੰਡੀਗੜ੍ਹ, ਜੋ ਵਿਸੇਸ਼ ਸੱਦੇ ਉਤੇ ਇਥੇ ਪਹੁੰਚੇ ਸਨ, ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਵਿਚਾਰ-ਚਰਚਾ ਕਰਦਿਆਂ ਸੰਤਾਂ ਦੇ ਵਿਸ਼ੇਸ਼ ਗੁਣ-ਕਹਿਣੀ ਤੇ ਕਰਨੀ ਦੇ ਸੂਰੇ ਉਤੇ ਸੰਗਤਾਂ ਦਾ ਧਿਆਨ ਕੇਂਦ੍ਰਿਤ ਕੀਤਾ। ਉਨ੍ਹਾਂ ਨੌਜਵਾਨ ਸਿੱਖ ਪੀੜ੍ਹੀ ਦੀ ਖਿੜ੍ਹਦੇ ਫੁੱਲਾਂ ਨਾਲ ਤੁਲਨਾ ਕਰਦਿਆਂ ਆਜ਼ਾਦੀ ਦੇ ਸਿੱਖ ਸਿਧਾਂਤ ਦੀ ਖੁਸ਼ਬੂ ਵੰਡਣ ਦੀ ਪ੍ਰੇਰਨਾ ਦਿੰਦਿਆਂ ਭਰੋਸਾ ਪ੍ਰਗਟ ਕੀਤਾ।




ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸ਼ਹੀਦ ਪ੍ਰਧਾਨ ਭਾਈ ਅਮਰੀਕ ਸਿੰਘ ਦੇ ਪੁੱਤਰ ਭਾਈ ਤਰਲੋਚਨ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਅਤੇ ਭਾਈ ਅਮਰੀਕ ਸਿੰਘ ਦੀ ਸ਼ਖਸੀਅਤ ਉਤੇ ਚਾਨਣਾ ਪਾਇਆ। ਯੂਨੀਵਰਸਿਟੀ ਆਫ ਕੈਲੀਫੋਰਨੀਆ ਦੀ ਬੀਬੀ ਪੁਨੀਤ ਕੌਰ ਖਾਲਸਾ, ਜਿਸ ਦੇ ਮਾਮਾ ਤੇ ਚਾਚਾ ਜੀ ਸ਼ਹੀਦ ਹਨ, ਨੇ ਭਾਰਤ ਸਰਕਾਰ ਦੁਆਰਾ ਸਿੱਖ ਕੌਮ ਨਾਲ ਕੀਤੇ ਜ਼ੁਲਮਾਂ ਦੀ ਦਾਸਤਾਨ ਸਾਂਝੀ ਕਰਦਿਆਂ ਅਮਰੀਕੀ ਸਿੱਖ ਨੌਜਵਾਨ ਪੀੜ੍ਹੀ ਨੂੰ ਆਜ਼ਾਦੀ ਤੇ ਖਾਲਿਸਤਾਨ ਬਾਰੇ ਦੱਸਿਆ। ਉਨ੍ਹਾਂ ਖਾਲਿਸਤਾਨ ਦੇ ਨਾਹਰੇ ਤੇ ਜੈਕਾਰੇ ਗਜਾਏ ਜਿਸ ਦਾ ਸੰਗਤ ਨੇ ਪੂਰੇ ਜੋਸ਼ ਨਾਲ ਹੁੰਗਾਰਾ ਭਰਿਆ।

ਕੈਨੇਡਾ ਤੋਂ ਵਿਸ਼ੇਸ਼ ਸੱਦੇ 'ਤੇ ਪਹੁੰਚੀ ਬੀਬੀ ਜਸਮਨ ਕੌਰ ਨੇ ਨੌਜਵਾਨ ਪੀੜ੍ਹੀ ਨੂੰ ਸੰਬੋਧਨ ਹੁੰਦਿਆਂ ਸਿੱਖ ਕੌਮ ਉਤੇ ਭਾਰਤ ਸਰਕਾਰ ਦੁਆਰਾ ਕੀਤੇ ਭਾਰੀ ਤਸ਼ੱਦਦ ਬਾਰੇ ਚਰਚਾ ਕਰਦਿਆਂ ਮਾਨਸਿਕ ਗੁਲਾਮੀ ਤੋਂ ਖਹਿੜਾ ਛੁਡਾਉਣ ਲਈ ਸਿੱਖ ਆਜ਼ਾਦੀ ਤੇ ਖਾਲਿਸਤਾਨ ਦੀ ਸਮਝ ਪੈਦਾ ਕਰਨ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਕਿਸੇ ਵੀ ਦੁਬਿਧਾ ਤੋਂ ਪਾਸੇ ਹੋ ਕੇ ਨਿਸ਼ਚੇ ਨਾਲ ਆਜ਼ਾਦੀ ਦਾ ਝੰਡਾ ਬੁਲੰਦ ਕਰਨਾ ਚਾਹੀਦਾ ਹੈ। ਡਾ. ਗੁਰਤੇਜ ਸਿੰਘ ਨੇ ਦੀਵਾਨ ਵਿਚ ਇਕੱਤਰ ਸੰਗਤ ਤੋਂ ਬਾਹਵਾਂ ਉਚੀਆਂ ਕਰਵਾ ਕੇ ਖਾਲਿਸਤਾਨ ਦੀ ਪ੍ਰਾਪਤੀ ਦਾ ਅਹਿਦ ਲਿਆ।

ਸਿੱਖ ਨੌਜਵਾਨ ਸੰਦੀਪ ਸਿੰਘ ਜੰਟੀ ਨੇ ਸੰਗਤਾਂ ਦੀ ਭਾਰੀ ਸ਼ਮੂਲੀਅਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਸਿੱਖ ਧਰਮ, ਕੌਮ ਤੇ ਖਾਲਿਸਤਾਨ ਲਈ ਸ਼ਹੀਦ ਹੋਣ ਵਾਲੇ ਪਰਿਵਾਰਾਂ ਨੂੰ ਭਾਈ ਹਰਪ੍ਰੀਤ ਸਿੰਘ ਨੇ ਸਿਰੋਪਾਓ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ। ਅਨੰਦ ਸਾਹਿਬ ਦੇ ਪਾਠ ਉਪਰੰਤ ਅਰਦਾਸ ਹੋਈ ਤੇ ਹੁਕਮਨਾਮੇ ਪਿਛੋਂ ਸਮਾਗਮ ਸਮਾਪਤ ਹੋਇਆ।

**ਸੰਗਤਾਂ ਦਾ ਧੰਨਵਾਦ:** ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਧੰਨਵਾਦ ਕੀਤਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚ ਗੁਰਦੁਆਰਾ ਟਰਲਕ, ਗੁਰਦੁਆਰਾ ਸਾਊਥ ਸੈਨ ਫਰਾਂਸਿਸਕੋ, ਗੁਰਦੁਆਰਾ ਮਾਡੈਸਟੋ, ਗੁਰਦੁਆਰਾ ਸਟਾਕਟਨ, ਗੁਰਦੁਆਰਾ ਸੈਨ ਹੋਜ਼ੇ, ਗੁਰਦੁਆਰਾ ਅਲ ਸਬਰਾਂਟੇ, ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ, ਗੁਰਦੁਆਰਾ ਰਿਵਰਸਾਈਡ, ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ, ਗੁਰਦੁਆਰਾ ਵੈਸਟ ਸੈਕਰਾਮੈਂਟੋ, ਗੁਰਦੁਆਰਾ ਟਰੇਸੀ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ, ਗੁਰਦੁਆਰਾ ਫੇਅਰਫੀਲਡ, ਗੁਰਦੁਆਰਾ ਸੈਨ ਮੈਟਿਓ, ਗੁਰਦੁਆਰਾ ਦਸਮੇਸ਼ ਦਰਬਾਰ ਲੋਡਾਈ, ਗੁਰਦੁਆਰਾ ਡੈਲਹਾਈ, ਗੁਰਦੁਆਰਾ ਸਿੰਘ ਸਭਾ ਮਿਲਪੀਟਸ, ਗੁਰਦੁਆਰਾ ਯੂਬਾ ਸਿਟੀ, ਗੁਰਦੁਆਰਾ ਬਰਾਡਸ਼ਾਹ-ਸੈਕਰਾਮੈਂਟੋ ਅਤੇ ਗੁਰਦੁਆਰਾ ਫਰੀਮਾਂਟ ਸ਼ਾਮਲ ਹਨ।

ਜਾਰੀ ਬਿਆਨ ਅਨੁਸਾਰ ਇਨ੍ਹਾਂ ਗੁਰਦੁਆਰਾ ਕਮੇਟੀਆਂ ਨੇ ਇਹ ਅਹਿਦ ਵੀ ਦੁਹਰਾਇਆ ਕਿ ਅਗਲੇ ਸਾਲ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਸਹਿਯੋਗ ਲਈ ਵੀ ਬੇਨਤੀ ਕੀਤੀ ਜਾਵੇਗੀ। ਪੰਥਕ ਜਥੇਬੰਦੀਆਂ ਤੇ ਕੈਲੀਫੋਰਨੀਆ ਗਤਕ ਦਲ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਲੰਗਰਾਂ ਦੀ ਸੇਵਾ ਕਰਨ ਵਾਲੇ, ਬੱਸਾਂ ਦੀ ਸੇਵਾ ਕਰਨ ਵਾਲੇ, ਟੈਕਸੀਆਂ ਰਾਹੀਂ ਸੰਗਤਾਂ ਲਿਆਉਣ, ਚਾਹ-ਪਾਣੀ, ਸਾਊਂਡ ਦੀ ਸੇਵਾ, ਫਲੋਟ ਬਣਾਉਣ ਵਾਲੇ, ਗ੍ਰਾਫਿਕਸ ਬਣਾਉਣ, ਵੀਡੀਉ-ਫੋਟੋਗ੍ਰਾਫੀ ਤੇ ਹੋਰ ਹਰ ਕਿਸਮ ਦੀ ਸੇਵਾ ਕਰਨ ਵਾਲਿਆਂ ਦਾ ਵੀ ਧੰਨਵਾਦ ਕੀਤਾ ਗਿਆ।





## ਸੀ.ਆਈ.ਏ. ਦੀ ਟਵਿੱਟਰ ਤੇ ਫੇਸਬੁੱਕ 'ਤੇ ਦਸਤਕ

**ਵਾਸ਼ਿੰਗਟਨ:** ਅਮਰੀਕੀ ਖੁਫ਼ੀਆ ਏਜੰਸੀ ਸੀ.ਆਈ.ਏ. ਨੇ ਟਵਿੱਟਰ ਤੇ ਫੇਸਬੁੱਕ ਉਪਰ ਦਸਤਕ ਦੇ ਦਿੱਤੀ ਹੈ ਤੇ ਸੋਸ਼ਲ ਮੀਡੀਆ ਦੇ ਚਾਹਵਾਨਾਂ ਨੇ ਇਸ ਨੂੰ ਆਉਂਦਿਆਂ ਹੀ ਹੱਥਾਂ 'ਤੇ ਚੁੱਕ ਲਿਆ ਹੈ। ਉਂਜ, ਖੁਫ਼ੀਆ ਏਜੰਸੀ ਦੀ ਇਸ ਪਹਿਲ ਤੋਂ ਆਨ-ਲਾਈਨ ਬਹਿਸ ਵੀ ਛਿੜ ਪਈ ਹੈ। ਨੌਂ ਘੰਟਿਆਂ ਤੋਂ ਘੱਟ ਵਕਤ ਵਿਚ ਹੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਨਾਲ 268000 ਫਾਲੋਅਰ ਜੁੜ ਗਏ ਸਨ। ਸੀ.ਆਈ.ਏ. ਨੇ ਫੇਸਬੁੱਕ 'ਤੇ ਵੀ ਦਸਤਕ ਦੇ ਦਿੱਤੀ ਹੈ ਤੇ ਇਕ ਦਿਨ ਪੂਰਾ ਹੋਣ 'ਤੇ ਇਸ ਨੂੰ 7300 ਤੋਂ ਵੱਧ 'ਲਾਈਕਜ਼' ਮਿਲੇ ਹਨ।

ਸੀ.ਆਈ.ਏ. ਦੇ ਡਾਇਰੈਕਟਰ ਜੌਨ ਬ੍ਰੈਨਨ ਨੇ ਆਖਿਆ ਕਿ ਇਨ੍ਹਾਂ ਪਲੇਟਫਾਰਮਾਂ 'ਤੇ ਵਿਸਤਾਰ ਕਰਕੇ ਸੀ.ਆਈ.ਏ. ਲੋਕਾਂ ਨਾਲ ਵਧੇਰੇ ਰਾਬਤਾ ਬਣਾ ਸਕੇਗੀ ਤੇ ਇਸ ਨਾਲ ਸੀ.ਆਈ.ਏ. ਦੇ ਮਿਸ਼ਨ, ਇਤਿਹਾਸ ਤੇ ਹੋਰਨਾਂ ਘਟਨਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇਗੀ।

Quick DOT
& Registration Services

Ph: 510-789-8686

Fax: 510-894-0499; e-mail: quickdrs@gmail.com
37555 Dusterberry Way, Suite# 12, Fremont, CA 94536

DMV ਦੇ ਐਨ ਸਾਹਮਣੇ

ਡੀ ਐਮ ਵੀ ਰਜਿਸਟੇਰਸ਼ਨ ਸੇਵਾਵਾਂ

- IRP License Plate
- MC ICC Authority
- CA Number
- BIT Enrollment
- Hwy Use Tax IRS 2290
- Vin Verification
- US DOT Number
- UCR and Boc3
- Motor Carrier Permit
- EPN Enrollment
- Fuel Tax Returns IFTA Quarterly
- SCAC Code
- Permits For: New Mexico, Kentucky, New York & Oregon



ਡੀ ਐਮ ਵੀ ਲਾਈਨਾਂ ਵਿਚ ਖੜ੍ਹੇ ਹੋਣ ਦੀ ਲੋੜ ਨਹੀ

ਕਾਰਾਂ, ਟਰੱਕਾਂ ਦੀ ਰਜਿਸਟਰੇਸ਼ਨ, ਰੀਨਿਊਵਲ, ਟਰਾਂਸਫਰ, ਡੁਪਲੀਕੇਟ ਟਾਈਟਲ, ਸਟਿੱਕਰ/ਟੈਗ

We also file Corporations for Individual and Small Businesses




# ਭਗਵੰਤ ਮਾਨ ਨੇ ਸੰਸਦ 'ਚ ਰੂਡੀ ਨੂੰ ਘੇਰਿਆ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਭਾਜਪਾ ਦੇ ਸੰਸਦ ਮੈਂਬਰ ਰਾਜੀਵ ਪ੍ਰਤਾਪ ਰੂਡੀ ਦੇ ਭਾਸ਼ਣ ਦੌਰਾਨ ਕੀਤੀਆਂ ਟਿੱਪਣੀਆਂ 'ਤੇ ਸੰਸਦ ਵਿਚ ਪਹਿਲੀ ਵਾਰ ਬੋਲਦੇ ਹੋਏ ਉਨ੍ਹਾਂ ਨੂੰ ਸ਼ਬਦ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ। ਪਹਿਲੀ ਵਾਰ ਭਗਵੰਤ ਮਾਨ ਨੇ ਬਹਿਸ ਵਿਚ ਆਪਣੀ ਹਾਜ਼ਰ-ਜਵਾਬੀ ਦਾ ਸਬੂਤ ਦਿੱਤਾ।

ਭਗਵੰਤ ਮਾਨ ਨੇ ਕਿਹਾ ਕਿ ਜਦੋਂ ਸ੍ਰੀ ਰੂਡੀ ਨੇ ਦਿੱਲੀ ਦੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਬਾਰੇ ਟਿੱਪਣੀ ਕੀਤੀ ਕਿ ਪਿਛਲੇ ਦਿਨੀਂ ਕੁਝ ਭੁੱਲੇ-ਭਟਕੇ ਲੋਕਾਂ ਨੇ ਇਕ ਪਾਰਟੀ ਨੂੰ ਜਿੱਤਾ ਦਿੱਤਾ ਸੀ ਤਾਂ ਭਗਵੰਤ ਮਾਨ ਨੇ ਤੁਰੰਤ ਇਤਰਾਜ਼ ਕੀਤਾ ਕਿ ਉਹ ਉਨ੍ਹਾਂ ਦੀ ਪਾਰਟੀ ਨੂੰ 30 ਫੀਸਦੀ ਤੋਂ ਵਧ ਵੋਟਾਂ ਪਾਉਣ ਵਾਲੇ ਵੋਟਰਾਂ ਨੂੰ ਭੁੱਲੇ-ਭਟਕੇ ਆਖ ਕੇ ਉਨ੍ਹਾਂ ਮਜ਼ਾਕ ਨਾ ਉਡਾਉਣ। ਭਗਵੰਤ ਮਾਨ ਨੇ ਸ੍ਰੀ ਰੂਡੀ ਵੱਲੋਂ ਇਕ ਸਾਬਕਾ ਮੁੱਖ ਮੰਤਰੀ ਦਾ ਬਿਨਾਂ ਨਾਂ ਲਏ ਉਸ ਆਗੂ ਵੱਲੋਂ ਆਪਣੀ ਪਤਨੀ ਨੂੰ ਮੁੱਖ ਮੰਤਰੀ ਬਣਾਉਣ ਬਾਰੇ ਕੀਤੀ ਟਿੱਪਣੀ 'ਤੇ ਵੀ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ ਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਬਣਾਏ ਜਾਣ ਦੇ ਹਵਾਲੇ ਨਾਲ ਜਵਾਬ ਦਿੱਤਾ ਕਿ ਤੁਸੀਂ ਵੀ ਤਾਂ ਇਕ ਲੱਖ ਤੋਂ ਵਧ ਵੋਟਾਂ ਨਾਲ ਸੀਨੀਅਰ ਜੇਤੂ ਆਗੂ (ਰਣਜੀਤ ਸਿੰਘ ਬ੍ਰਹਮਪੁਰਾ) ਨੂੰ ਛੱਡ ਕੇ 19 ਹਜ਼ਾਰ ਨਾਲ ਜਿੱਤਣ ਵਾਲੀ ਨੂੰ ਮੰਤਰੀ ਬਣਾ ਦਿੱਤਾ। ਇਸ ਤਕਰਾਰ ਪਿੱਛੋਂ ਸ੍ਰੀ ਰੂਡੀ ਨੇ ਆਪਣੇ ਸ਼ਬਦ ਵਾਪਸ ਲੈ ਲਏ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ

GILL EXPRESS

TRUCK TIRE ON SALE

WITH PURCHASE OF 8 TIRES

269.99 Installed

LP22.5

CASH PRICE STEER OR DRIVE

PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop



FET, SALES TAX, MOUNTING INCLUDED

INSTALLED OUT THE DOOR PRICE

661-203-0433

# ਸਾਕਾ ਨੀਲਾ ਤਾਰਾ: ਤਿੰਨ ਦਹਾਕੇ ਪਿੱਛੋਂ ਵੀ ਮੁਆਵਜ਼ੇ ਲਈ ਜੱਦੋਜਹਿਦ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ 'ਤੇ ਜੂਨ 1984 ਵਿਚ ਹੋਏ ਫੌਜੀ ਹਮਲੇ ਨੂੰ ਤਿੰਨ ਦਹਾਕੇ ਬੀਤ ਚੁੱਕੇ ਹਨ ਤੇ ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਥੇ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਪ੍ਰਾਪਤੀ ਤੇ ਸ੍ਰੀ ਗੁਰੂ ਰਾਮਦਾਸ ਰੈਫਰੈਂਸ ਲਾਇਬਰੇਰੀ ਦੇ ਚੁੱਕੇ ਗਏ ਅਮੁੱਲੇ ਖ਼ਜ਼ਾਨੇ ਦੀ ਵਾਪਸੀ ਲਈ ਜੱਦੋਜਹਿਦ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਪ੍ਰਾਪਤੀ ਲਈ 1985 ਵਿਚ ਹੇਠਲੀ ਅਦਾਲਤ ਵਿਚ ਇਕ ਹਜ਼ਾਰ ਕਰੋੜ ਰੁਪਏ ਹਰਜਾਨੇ ਦਾ ਕੇਸ ਦਾਇਰ ਕੀਤਾ ਗਿਆ ਸੀ, ਜੋ ਹੁਣ ਸਰਵਉਚ ਅਦਾਲਤ ਵਿਚ ਵਿਚਾਰ ਅਧੀਨ ਹੈ।

ਇਹ ਕੇਸ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤਾ ਗਿਆ ਸੀ, ਜੋ ਬਾਅਦ ਵਿਚ ਦਿੱਲੀ ਵਿਖੇ ਤਬਦੀਲ ਹੋ ਗਿਆ। ਲੰਬਾ ਸਮਾਂ ਕੇਸ ਦੀ ਸੁਣਵਾਈ ਚੱਲਦੀ ਰਹੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਕੇਸ ਨੂੰ ਅਗਾਂਹ ਤੋਰਨ ਲਈ ਲੋੜੀਂਦੀ ਦਸ ਕਰੋੜ ਰੁਪਏ ਦੀ ਫੀਸ ਮੁਆਫ ਕਰਨ ਲਈ ਚਾਰਾਜੋਈ ਕੀਤੀ ਗਈ। ਕੋਈ ਰਾਹਤ ਨਾ ਮਿਲਣ ਕਾਰਨ ਸ਼੍ਰੋਮਣੀ ਕਮੇਟੀ ਨੇ ਇਹ ਕੇਸ ਵਿਚਾਲੇ ਛੱਡ ਦੇਣ ਦਾ ਮਨ ਬਣਾ ਲਿਆ ਸੀ ਪਰ ਪਿਛਲੇ ਵਰ੍ਹੇ ਸਿੱਖ ਸੰਗਤ ਦੇ ਦਬਾਅ ਤੇ ਅੰਤ੍ਰਿੰਗ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਕੇਸ ਲਈ ਲੋੜੀਂਦੀ ਦਸ ਕਰੋੜ ਰੁਪਏ ਦੀ ਅਦਾਲਤੀ ਫੀਸ



ਜਮ੍ਹਾਂ ਕਰਵਾਈ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਉਸ ਸਮੇਂ ਹੋਏ ਨੁਕਸਾਨ ਦੇ ਸਬੂਤ ਵਜੋਂ ਅੱਜ ਵੀ ਤੇਜਾ ਸਿੰਘ ਸਮੁੰਦਰੀ ਹਾਲ ਦੀ ਬਾਹਰੀ ਸਥਿਤੀ ਪਹਿਲਾਂ ਵਾਂਗ ਹੀ ਰੱਖੀ ਗਈ ਹੈ, ਜਿਸ 'ਤੇ ਅੱਜ ਵੀ ਕਈ ਥਾਵਾਂ 'ਤੇ ਗੋਲੀਆਂ ਦੇ ਨਿਸ਼ਾਨ ਤੇ ਅੱਗ ਲਾਏ ਜਾਣ ਕਾਰਨ ਕਈ ਥਾਵਾਂ 'ਤੇ ਸੜੇ ਹੋਣ ਦੇ ਨਿਸ਼ਾਨ ਮੌਜੂਦ ਹਨ। ਇਸਦੇ ਬਾਹਰੀ ਰੂਪ ਨੂੰ ਪਹਿਲਾਂ ਵਾਂਗ ਹੀ ਰੱਖਿਆ ਗਿਆ ਹੈ ਤੇ ਹੁਣ ਤੱਕ ਰੰਗ ਰੋਗਨ ਨਹੀਂ ਕਰਵਾਇਆ ਗਿਆ।

ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਸਿੱਖ ਰੈਫਰੈਂਸ ਲਾਇਬ੍ਰੇਰੀ, ਜਿਸ ਨੂੰ ਉਸ ਵੇਲੇ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ, ਵਿਚੋਂ ਚੁੱਕੇ ਗਏ ਅਮੁੱਲੇ ਖ਼ਜ਼ਾਨੇ ਦੀ ਹੁਣ ਤੱਕ ਵਾਪਸੀ ਨਹੀਂ ਹੋ ਸਕੀ ਹੈ।

ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਸੀ ਕਿ ਇਸ ਲਾਇਬ੍ਰੇਰੀ ਵਿਚੋਂ 15000 ਪੁਸਤਕਾਂ, ਜਿਨ੍ਹਾਂ ਵਿਚ ਹੱਥ ਲਿਖਤ ਖਰੜੇ ਤੇ ਹੋਰ ਇਤਿਹਾਸਕ ਪੁਸਤਕਾਂ ਸ਼ਾਮਲ ਸਨ, ਨੂੰ ਭਾਰਤੀ ਫੌਜ ਆਪਣੇ ਨਾਲ ਲੈ ਗਈ ਸੀ। ਇਸਦੀ ਵਾਪਸੀ ਲਈ ਸ਼ੋਮਣੀ ਕਮੇਟੀ ਵੱਲੋਂ ਕਈ ਵਾਰ ਯਤਨ ਕੀਤੇ ਜਾ ਚੁੱਕੇ ਹਨ। ਪਹਿਲਾਂ ਤਾਂ ਕਦੇ ਵੀ ਭਾਰਤੀ ਫੌਜ ਵੱਲੋਂ ਇਹ ਖ਼ਜ਼ਾਨਾ ਹੋਣ ਬਾਰੇ ਪ੍ਰਗਟਾਵਾ ਨਹੀਂ ਕੀਤਾ ਸੀ ਪਰ ਜਦੋਂ ਸ੍ਰੀ ਜਾਰਜ ਫਰਨਾਂਡਿਸ ਰੱਖਿਆ ਮੰਤਰੀ ਬਣੇ ਤਾਂ ਉਨ੍ਹਾਂ ਨੇ ਇਕ ਪੱਤਰ ਭੇਜ ਕੇ ਇੰਕਸ਼ਾਫ ਕੀਤਾ ਸੀ ਕਿ ਭਾਰਤੀ ਫੌਜ ਨੇ ਇਹ ਅਮੁੱਲਾ ਖਜ਼ਾਨਾ ਸੀ.ਬੀ.ਆਈ. ਹਵਾਲੇ ਕਰ ਦਿੱਤਾ ਸੀ। ਉਸ ਵੇਲੇ ਦੇ ਪੰਜਾਬ ਪੁਲਿਸ ਦੇ ਇਕ ਇੰਸਪੈਕਟਰ, ਜਿਸ ਦੀ ਡਿਊਟੀ ਉਸ ਵੇਲੇ ਸੀ.ਬੀ.ਆਈ. ਨਾਲ ਸੀ, ਨੇ ਇੰਕਸ਼ਾਫ ਕੀਤਾ ਸੀ ਕਿ ਭਾਰਤੀ ਫੌਜ ਇਸ ਅਮੁੱਲੇ ਖਜ਼ਾਨੇ ਨੂੰ ਬੋਰੀਆਂ ਵਿਚ ਭਰ ਕੇ ਆਪਣੇ ਨਾਲ ਲੈ ਗਈ ਸੀ।

## ਰੱਖਿਆ ਮੰਤਰੀ ਨਾਲ ਮੁਲਾਕਾਤ ਵਿਚ ਉਠਾਵਾਂਗੇ ਮੁੱਦਾ: ਮੱਕੜ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਪਿਛਲੇ ਵਰ੍ਹੇ ਇਸ ਕੇਸ ਨੂੰ ਚਾਲੂ ਰੱਖਣ ਲਈ ਲੋੜੀਂਦੀ ਦਸ ਕਰੋੜ ਰੁਪਏ ਦੀ ਅਦਾਲਤੀ ਫੀਸ ਜਮ੍ਹਾਂ ਕਰਵਾ ਦਿੱਤੀ ਗਈ ਸੀ, ਜਿਸ ਤੋਂ ਬਾਅਦ ਅਦਾਲਤ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਭੇਜੇ ਗਏ ਸਨ। ਕੇਂਦਰ ਸਰਕਾਰ ਵੱਲੋਂ ਅਦਾਲਤ ਨੂੰ ਜਵਾਬ ਭੇਜਿਆ ਜਾ ਚੁੱਕਾ ਹੈ ਜਦਕਿ ਪੰਜਾਬ ਸਰਕਾਰ ਵੱਲੋਂ ਜਵਾਬ ਭੇਜਿਆ ਜਾਣਾ ਬਾਕੀ ਹੈ। ਇਸ ਕੇਸ ਦੀ ਅਗਲੀ ਸੁਣਵਾਈ ਇਸੇ ਸਾਲ ਅਗਸਤ ਵਿਚ ਹੋਵੇਗੀ। ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਕੇਂਦਰ ਵਿਚ ਹੁਣ ਐਨ.ਡੀ.ਏ. ਦੀ ਅਗਵਾਈ ਵਾਲੀ ਸਰਕਾਰ ਸਥਾਪਤ ਹੋ ਚੁੱਕੀ ਹੈ। ਉਹ ਕੇਂਦਰੀ ਰੱਖਿਆ ਮੰਤਰੀ ਕੋਲੋਂ ਮੁਲਾਕਾਤ ਦਾ ਸਮਾਂ ਲੈ ਕੇ ਸ੍ਰੀ ਗੁਰੂ ਰਾਮਦਾਸ ਸਿੱਖ ਰੈਫਰੈਂਸ ਲਾਇਬ੍ਰੇਰੀ, ਜਿਸ ਨੂੰ ਉਸ ਵੇਲੇ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ, ਵਿਚੋਂ ਚੁੱਕੇ ਗਏ ਅਮੁੱਲੇ ਖ਼ਜ਼ਾਨੇ ਦੀ ਹੁਣ ਤੱਕ ਵਾਪਸੀ ਬਾਰੇ ਗੱਲ ਕਰਨਗੇ। ਇਸ ਬਾਰੇ ਲੋੜੀਂਦਾ ਪੱਤਰ ਵੀ ਭੇਜਿਆ ਜਾਵੇਗਾ, ਜਿਸ ਵਿਚ ਸਾਬਕਾ ਰੱਖਿਆ ਮੰਤਰੀ ਵੱਲੋਂ ਕੀਤੇ ਇੰਕਸ਼ਾਫ ਦਾ ਹਵਾਲਾ ਦਿੱਤਾ ਜਾਵੇਗਾ।

# ਸਾਕੇ ਲਈ ਹੁਣ ਮੋਦੀ ਸਰਕਾਰ ਮੁਆਫੀ ਮੰਗੇ: ਪੀਰ ਮੁਹੰਮਦ

**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ (ਪੀਰ ਮੁਹੰਮਦ) ਨੇ ਮੰਗ ਕੀਤੀ ਹੈ ਕਿ ਕੇਂਦਰ ਵਿਚ ਸਥਾਪਤ ਹੋਈ ਮੋਦੀ ਸਰਕਾਰ ਸਾਕਾ ਨੀਲਾ ਤਾਰਾ ਕਾਰਵਾਈ ਬਾਰੇ ਮੁਆਫ਼ੀ ਮੰਗੇ। ਇਥੇ ਕੀਤੀ ਪ੍ਰੈਸ ਕਾਨਫਰੰਸ ਵਿਚ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਨੇ ਆਖਿਆ ਕਿ ਇਸ ਫੌਜੀ ਕਾਰਵਾਈ ਨੂੰ ਵਾਪਰਿਆਂ 30 ਵਰ੍ਹੇ ਹੋ ਚੁੱਕੇ ਹਨ ਪਰ ਹੁਣ ਤੱਕ ਕਿਸੇ ਵੀ ਕੇਂਦਰ ਸਰਕਾਰ ਨੇ ਇਸ ਬਾਰੇ ਮੁਆਫੀ ਨਹੀਂ ਮੰਗੀ। ਇਸ ਲਈ ਮੋਦੀ ਸਰਕਾਰ ਨੂੰ ਉਸ ਵੇਲੇ ਦੀ ਕੇਂਦਰ ਸਰਕਾਰ ਦੀ ਕਾਰਵਾਈ ਦੀ ਨਿੰਦਾ ਕਰਦਿਆਂ ਮੁਆਫੀ ਮੰਗਣੀ ਚਾਹੀਦੀ ਹੈ। ਫੈਡਰੇਸ਼ਨ ਆਗੂਆਂ ਨੇ ਆਖਿਆ ਕਿ ਭਾਜਪਾ ਆਗੂ ਐਲ.ਕੇ. ਅਡਵਾਨੀ, ਜਿਨ੍ਹਾਂ ਨੇ ਆਪਣੀ ਸਵੈ ਜੀਵਨੀ ਪੁਸਤਕ ਵਿਚ ਇੰਕਸ਼ਾਫ ਕੀਤਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ ਕਰਾਉਣ ਲਈ ਭਾਜਪਾ ਨੇ ਵੀ ਦਬਾਅ ਪਾਇਆ ਸੀ, ਬਾਰੇ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੂੰ ਵੀ ਵਿਧਾਨ ਸਭਾ ਵਿਚ ਇਸ ਬਾਰੇ ਨਿੰਦਾ ਮਤਾ ਪਾਸ ਕਰਕੇ ਕੇਂਦਰ ਨੂੰ ਭੇਜਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸਿੱਖ ਜਥੇਬੰਦੀਆਂ ਵੱਲੋਂ ਯੂ.ਕੇ. ਦੀਆਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਬਰਤਾਨੀਆ ਸਰਕਾਰ ਕੋਲੋਂ ਸਾਕਾ ਨੀਲਾ ਤਾਰਾ ਬਾਰੇ ਕੁਝ ਅਹਿਮ ਦਸਤਾਵੇਜ਼ ਪ੍ਰਾਪਤ ਕੀਤੇ ਗਏ ਹਨ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਜੂਨ 1984 ਵਿਚ ਹੋਈ ਫੌਜੀ ਕਾਰਵਾਈ ਸਿੱਖ ਨਸਲਕੁਸ਼ੀ ਦੀ ਸ਼ੁਰੂਆਤ ਸੀ। ਸਿੱਖ ਜਥੇਬੰਦੀਆਂ ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਹੁਣ ਸੰਯੁਕਤ ਰਾਸ਼ਟਰ ਸੰਘ ਵਿਚ ਇਕ ਰਿੱਟ ਦਾਇਰ ਕਰੇਗੀ, ਜਿਸ ਰਾਹੀਂ ਅਪੀਲ ਕੀਤੀ ਜਾਵੇਗੀ ਕਿ ਸਾਕਾ ਨੀਲਾ ਤਾਰਾ ਫੌਜੀ ਕਾਰਵਾਈ ਨੂੰ ਸਿੱਖ ਨਸਲਕੁਸ਼ੀ ਕਰਾਰ ਦਿੱਤਾ ਜਾਵੇ।

# ਗੁਰਦੁਆਰਾ ਦੂਖ ਨਿਵਾਰਨ 'ਤੇ ਵੀ ਹੋਇਆ ਸੀ ਫੌਜੀ ਹਮਲਾ

**ਪਟਿਆਲਾ:** ਜੂਨ 1984 ਵਿਚ ਸਾਕਾ ਨੀਲਾ ਤਾਰਾ ਸਮੇਂ ਇਥੋਂ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ 'ਤੇ ਵੀ ਫ਼ੌਜੀ ਹਮਲਾ ਹੋਇਆ ਸੀ। ਇਸ ਵਿਚ 17 ਬੇਗੁਨਾਹ ਮਾਰੇ ਗਏ ਸਨ। ਇਨ੍ਹਾਂ ਵਿਚ ਇਕ ਮੰਗਤਾ, ਇਕ ਨੇਤਰਹੀਣ ਸਮੇਤ ਤਿੰਨ ਔਰਤਾਂ ਸ਼ਾਮਲ ਸਨ। ਇਹ ਜਾਣਕਾਰੀ ਮ੍ਰਿਤਕਾਂ ਦੀ ਸ਼ਨਾਖ਼ਤ ਕਰਨ ਵਾਲੇ ਗੁਰਦੁਆਰਾ ਦੂਖ ਨਿਵਾਰਨ ਦੇ ਤਤਕਾਲੀ ਮੈਨੇਜਰ ਅਜਾਇਬ ਸਿੰਘ ਗਿੱਲ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ 5-6 ਜੂਨ ਦੀ ਰਾਤ ਤਕਰੀਬਨ 12 ਵਜੇ ਗੋਲੀਆਂ ਚੱਲੀਆਂ। ਇਸ ਤੋਂ ਬਾਅਦ ਆਪਰੇਸ਼ਨ ਇੰਚਾਰਜ ਬ੍ਰਿਗੇਡੀਅਰ ਹਰਪਾਲ ਸਿੰਘ ਚੌਧਰੀ ਨੇ ਉਨ੍ਹਾਂ ਨੂੰ ਲਾਸ਼ਾਂ ਪਛਾਣਨ ਨੂੰ ਕਿਹਾ। ਇਨ੍ਹਾਂ ਵਿਚੋਂ ਉਨ੍ਹਾਂ ਨੇ ਸੂਰਮਾ ਸਿੰਘ, ਇਕ ਨਿਹੰਗ ਸਿੰਘ, ਇਕ ਮੰਗਤਾ ਤੇ ਇਕ ਨੇਤਰਹੀਣ ਦੀ ਲਾਸ਼ ਪਛਾਣ ਲਈ। ਇਸ ਤੋਂ ਇਲਾਵਾ ਦਰਬਾਰ ਸਾਹਿਬ ਦੇ ਬਾਹਰ ਪੌੜੀਆਂ ਵਿਚ ਪਈ ਬਾਬਾ ਰਤਨ ਸਿੰਘ, ਕਿੱਲਾ ਬਖੂਹਾ ਦੇ ਤਕਰੀਬਨ 40 ਸਾਲਾ ਜੇਲ੍ਹ ਵਾਰਡਨ ਤੇ ਸਰਹਿੰਦ ਦੇ ਬੀ.ਡੀ.ਓ. ਦਲੀਪ ਸਿੰਘ ਗਿੱਲ ਦੇ ਨੌਜਵਾਨ ਪੁੱਤਰ ਜਸਪਾਲ ਸਿੰਘ ਦੀ ਲਾਸ਼ ਪਛਾਣੀ। ਸਰੋਵਰ ਪਰਿਕਰਮਾ 'ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਤਤਕਾਲੀ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਖ਼ਾਲਸਾ, ਸੁਖਵਿੰਦਰ ਸਿੰਘ ਅੱਕਾਂਵਾਲੀ, ਨਛੱਤਰ ਸਿੰਘ ਦੋਦੜਾ ਤੇ ਮਨਜੀਤ ਸਿੰਘ ਚਾਹਲ ਤੋਂ ਇਲਾਵਾ ਤਕਰੀਬਨ 90 ਸਿੰਘ ਤੇ ਸਿੰਘਣੀਆਂ ਸਨ। ਸਵੇਰੇ ਤਕਰੀਬਨ ਚਾਰ ਵਜੇ ਹਰਵਿੰਦਰ ਸਿੰਘ ਤੇ ਹੋਰਾਂ ਨੂੰ ਰਣਜੀਤ ਸਿੰਘ ਸਮਾਣਾ ਨੇ ਪਛਾਣ ਲਿਆ ਤੇ ਉਸ ਨੇ ਵਾਇਰਲੈੱਸ ਰਾਹੀਂ ਸੂਚਨਾ ਦਿੱਤੀ। ਇਸ ਮਗਰੋਂ ਹਰਵਿੰਦਰ ਸਿੰਘ ਖ਼ਾਲਸਾ ਨੂੰ ਜ਼ਿੰਦਾ ਗ੍ਰਿਫ਼ਤਾਰ ਕਰ ਲਿਆ ਗਿਆ।

ਸ. ਗਿੱਲ ਨੇ ਦੱਸਿਆ ਕਿ ਬਾਹਰ ਸਾਈਕਲ ਸਟੈਂਡ ਵਿਚ ਹੈੱਡ ਗ੍ਰੰਥੀ ਗੁਰਮੀਤ ਸਿੰਘ ਸਮੇਤ ਕਈ ਬੰਦੇ ਰੱਸੀਆਂ ਨਾਲ ਨੂੜੇ ਹੋਏ ਸਨ। ਆਪਰੇਸ਼ਨ ਖਤਮ ਹੋਣ ਤੋਂ ਬਾਅਦ ਦਰਬਾਰ ਸਾਹਿਬ ਤੋਂ ਬਾਹਰ ਆਉਣ 'ਤੇ ਬ੍ਰਿਗੇਡੀਅਰ ਹਰਪਾਲ ਸਿੰਘ ਚੌਧਰੀ ਨੇ ਕਿਹਾ ਸੀ ਕਿ ਮੈਂ ਅੱਜ ਸੁਖਮਨੀ ਸਾਹਿਬ ਦੇ ਦੋ ਪਾਠ ਕੀਤੇ ਸਨ ਕਿ ਮੇਰੇ ਹੱਥੋਂ ਕੋਈ ਬੇਕਸੂਰ ਨਾ ਮਾਰਿਆ ਜਾਵੇ ਪਰ ਅਫ਼ਸੋਸ ਸਾਰੇ ਹੀ ਬੇਗੁਨਾਹ ਮਾਰੇ ਗਏ ਤੇ ਜਿਨ੍ਹਾਂ ਪਿੱਛੇ ਇਹ ਸਭ ਹੋਇਆ, ਉਹ ਜ਼ਿੰਦਾ ਬਚ ਗਏ। ਕਾਰਵਾਈ ਖਤਮ ਹੋਣ ਤੋਂ ਬਾਅਦ ਜਦੋਂ ਸਾਰੇ ਮੁਲਾਜ਼ਮ ਆਜ਼ਾਦ ਹੋਏ ਤਾਂ ਉਹ ਕੁਆਰਟਰਾਂ ਵਿਚ ਗਏ।

ਉਨ੍ਹਾਂ ਦੇਖਿਆ ਕਿ ਉਥੇ ਸਾਮਾਨ ਗਾਇਬ ਸੀ। ਸ. ਗਿੱਲ ਨੇ ਦੱਸਿਆ ਕਿ ਡਿਊਟੀ ਮੁਤਾਬਕ ਉਹ ਟਰੱਕ ਵਿਚ 17 ਲਾਸ਼ਾਂ ਰਾਜਿੰਦਰਾ ਹਸਪਤਾਲ ਪੋਸਟਮਾਰਟਮ ਲਈ ਲੈ ਕੇ ਗਏ ਤੇ ਲੱਕੜਾਂ ਦਾ ਇਕ ਟਰੱਕ ਬਡੂੰਗਰ ਦੀਆਂ ਮੜ੍ਹੀਆਂ ਵਿਚ ਵੀ ਛੱਡ ਆਏ। ਪੋਸਟਮਾਰਟਮ ਤੋਂ ਬਾਅਦ ਰਾਤ ਨੂੰ ਹੀ ਲਾਸ਼ਾਂ ਦਾ ਸਸਕਾਰ ਕਰ ਦਿੱਤਾ ਗਿਆ।

# ਟਾਲਿਆ ਜਾ ਸਕਦਾ ਸੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲਾ: ਮਾਨ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਗੱਲਬਾਤ ਕਰਕੇ ਕੋਈ ਰਾਹ ਲੱਭਦੀ, ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਨੂੰ ਟਾਲਿਆ ਜਾ ਸਕਦਾ ਸੀ। ਇਥੇ ਇਕ ਪ੍ਰੈਸ ਕਾਨਫਰੰਸ ਵਿਚ ਸ. ਮਾਨ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਸੰਤ ਭਿੰਡਰਾਂਵਾਲਿਆਂ ਨੂੰ ਪੁੱਛਦੀ ਕਿ ਉਹ ਕੀ ਚਾਹੁੰਦੇ ਹਨ। ਗੱਲਬਾਤ ਨਾਲ ਬਹੁਤ ਸਾਰੇ ਮਸਲੇ ਹੱਲ ਹੋ ਜਾਂਦੇ ਹਨ। ਕੇਂਦਰ ਸਰਕਾਰ ਦੀ ਪਹਿਲਾਂ ਹੀ ਇਹ ਇੱਛਾ ਸੀ ਕਿ ਸਿੱਖਾਂ ਦੇ ਇਸ ਪਵਿੱਤਰ ਅਸਥਾਨ 'ਤੇ ਹਮਲਾ ਕਰਕੇ ਉਨ੍ਹਾਂ ਨੂੰ ਸਬਕ ਸਿਖਾਇਆ ਜਾਵੇ। ਕੇਂਦਰ ਦੀ ਇਹ ਬਹੁਤ ਵੱਡੀ ਗਲਤੀ ਸੀ। ਸਿੱਖ ਕੌਮ ਇਸ ਸਾਕੇ ਨੂੰ ਕਦੇ ਨਹੀਂ ਭੁੱਲ ਸਕਦੀ।

ਇਸ ਦੌਰਾਨ ਸ. ਮਾਨ ਨੇ ਇਕ ਪੋਸਟਰ ਵੀ ਰਿਲੀਜ਼ ਕੀਤਾ, ਜਿਸ ਵਿਚ 15 ਤਸਵੀਰਾਂ ਹਨ, ਜਿਨ੍ਹਾਂ ਨੂੰ ਫੌਜੀ ਹਮਲੇ ਦੇ ਦੋਸ਼ੀ ਗਰਦਾਨਿਆ ਗਿਆ ਹੈ। ਇਨ੍ਹਾਂ ਵਿਚ ਸ੍ਰੀਮਤੀ ਇੰਦਰਾ ਗਾਂਧੀ, ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ, ਰੂਸ ਦੇ ਆਰਮੀ ਚੀਫ ਜਨਰਲ ਮਾਰਸ਼ਲ ਡਮੀਟਰੀ ਫਿਊਡੋਰ, ਪੀ.ਐਲਓ. ਦੇ ਯਾਸਰ ਅਰਾਫਾਤ ਤੋਂ ਇਲਾਵਾ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਜਗਦੇਵ ਸਿੰਘ ਤਲਵੰਡੀ, ਅਟਲ ਬਿਹਾਰੀ ਵਾਜਪਾਈ, ਐਲ.ਕੇ. ਅਡਵਾਨੀ, ਜਨਰਲ ਵੈਦਿਆ, ਜਨਰਲ ਸੁੰਦਰਜੀ, ਜਨਰਲ ਕੇ.ਐਸ. ਬਰਾੜ, ਜਨਰਲ ਆਰ.ਐਸ ਦਿਆਲ ਦੇ ਨਾਂ ਵੀ ਸ਼ਾਮਲ ਹਨ।

## ਲਿੱਲੀ ਕਤਲ ਕੇਸ ਦੇ ਦੋਸ਼ੀਆਂ ਦੀ ਮਦਦ ਕਰੇਗੀ ਸ਼੍ਰੋਮਣੀ ਕਮੇਟੀ

**ਮਾਨਸਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਸਿਰਸਾ ਦੇ ਸ਼ਰਧਾਲੂ ਲਿੱਲੀ ਸ਼ਰਮਾ ਦੇ ਕਤਲ ਦੇ ਦੋਸ਼ ਹੇਠ ਮਾਨਸਾ ਦੀ ਜੇਲ੍ਹ ਵਿਚ ਉਮਰ ਕੈਦ ਕੱਟ ਰਹੇ ਪਿੰਡ ਆਲਮਪੁਰ ਮੰਦਰਾਂ ਦੇ ਵਸਨੀਕਾਂ ਦਲਜੀਤ ਸਿੰਘ ਟੈਣੀ, ਡਾ. ਸ਼ਿੰਦਾ ਸਿੰਘ ਤੇ ਮਿੱਠੂ ਸਿੰਘ ਦੇ ਕੇਸ ਨੂੰ ਆਪਣੇ ਖ਼ਰਚੇ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਲਿਜਾਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿਅਕਤੀਆਂ ਨੂੰ ਨੌਂ ਮਈ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਤਿੰਨਾਂ ਪਰਿਵਾਰਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਵੀ ਫੈਸਲਾ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਮਾਨਸਾ ਹਲਕੇ ਤੋਂ ਮੈਂਬਰ ਮਿੱਠੂ ਸਿੰਘ ਕਾਹਨੇਕੇ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਦੇ ਬੇਕਸੂਰ ਜੇਲ੍ਹ ਜਾਣ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੀ ਬਾਂਹ ਫੜਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਵਿਅਕਤੀ ਲਿੱਲੀ ਸ਼ਰਮਾ ਕਤਲ ਕਾਂਡ ਵਿਚ ਫਸਾਏ ਗਏ ਹਨ। ਜ਼ਿਕਰਯੋਗ ਹੈ ਕਿ ਇਸ ਕਤਲ ਕਾਂਡ ਮਾਮਲੇ ਵਿਚ ਅਕਾਲੀ ਦਲ ਪੰਚ ਪ੍ਰਧਾਨੀ ਦੇ ਚੇਅਰਮੈਨ ਦਲਜੀਤ ਸਿੰਘ ਬਿੱਟੂ, ਬਲਵੀਰ ਸਿੰਘ ਭੂਤਨਾ ਸਮੇਤ ਗੁਰਦੀਪ ਸਿੰਘ ਰਾਜੂ, ਮਨਧੀਰ ਸਿੰਘ ਲੁਧਿਆਣਾ, ਗਮਦੂਰ ਸਿੰਘ, ਰਾਜ ਸਿੰਘ ਵਾਸੀ ਕੋਟਧਰਮੂ, ਕਰਨ ਸਿੰਘ ਵਾਸੀ ਝੰਡੂਕੇ, ਮੱਖਣ ਸਿੰਘ ਵਾਸੀ ਸਰਦੂਲਗੜ੍ਹ, ਅੰਮ੍ਰਿਤਪਾਲ ਸਿੰਘ ਵਾਸੀ ਕੋਟਧਰਮੂ ਤੇ ਪ੍ਰੋ. ਗੁਰਵੀਰ ਸਿੰਘ ਵਾਸੀ ਮਾਨਸਾ ਨੂੰ ਬਰੀ ਕਰ ਦਿੱਤਾ ਗਿਆ ਸੀ ਜਦਕਿ ਆਲਮਪੁਰ ਮੰਦਰਾਂ ਦੇ ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਅਦਾਲਤ ਨੇ ਉਮਰ ਕੈਦ ਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ।

# ਪੰਥ ਵਿਰੋਧੀ ਤਾਕਤਾਂ ਦਾ ਇਕਜੁੱਟ ਹੋਣਾ ਵੱਡੀ ਵੰਗਾਰ: ਜਥੇਦਾਰ

**ਅੰਮ੍ਰਿਤਸਰ:** ਜੂਨ ਚੁਰਾਸੀ ਦੇ ਫ਼ੌਜੀ ਹਮਲੇ ਵਿਚ ਮਾਰੇ ਗਏ ਨਿਰਦੋਸ਼ਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਸਾਕਾ ਨੀਲਾ ਤਾਰਾ ਦੀ 30ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਕਿਹਾ ਕਿ ਇਸ ਵੇਲੇ ਸਿੱਖ ਕੌਮ ਨੂੰ ਅਕਾਲ ਤਖ਼ਤ ਦੀ ਛਤਰ-ਛਾਇਆ ਹੇਠ ਇਕਜੁੱਟ ਹੋ ਕੇ ਕੌਮੀ ਸ਼ਕਤੀ ਨੂੰ ਪ੍ਰਚੰਡ ਕਰਨ ਦੀ ਲੋੜ ਹੈ।



ਸਮਾਗਮ ਮੌਕੇ ਕਈ ਧੜਿਆਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ ਗਏ ਤੇ ਇਸ ਬਾਰੇ ਸਮੱਗਰੀ ਵੀ ਵੰਡੀ ਗਈ। ਇਸ ਦੌਰਾਨ ਸ਼ਹੀਦ ਪਰਿਵਾਰਾਂ ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਗਿਆ। ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀਆਂ ਨੇ ਕੀਰਤਨ ਕੀਤਾ ਤੇ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਕੀਤੀ। ਗਿਆਨੀ ਗੁਰਬਚਨ ਸਿੰਘ ਨੇ 30 ਸਾਲ ਪਹਿਲਾਂ ਵਾਪਰੇ ਸਾਕਾ ਨੀਲਾ ਤਾਰਾ ਬਾਰੇ ਸੰਗਤ ਨੂੰ ਜਾਣੂ ਕਰਾਇਆ। ਉਨ੍ਹਾਂ ਕਿਹਾ ਕਿ ਇਸ ਘਟਨਾ ਕਾਰਨ ਸਿੱਖ ਮਾਨਸਿਕਤਾ ਨੂੰ ਲੱਗੇ ਜ਼ਖ਼ਮ ਕਦੇ ਭਰੇ ਨਹੀਂ ਜਾ ਸਕਦੇ। ਹੁਣ ਕੌਮ ਨੂੰ ਨਿੱਜੀ ਸਵਾਰਥਾਂ ਤੋਂ ਉਪਰ ਉੱਠ ਕੇ ਪੰਥਕ ਸ਼ਕਤੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਇਸ ਵੇਲੇ ਪੰਥ ਵਿਰੋਧੀ ਤਾਕਤਾਂ ਇਕਜੁੱਟ ਹੋ ਰਹੀਆਂ ਹਨ। ਇਹ ਪੰਥ ਸਾਹਮਣੇ ਵੱਡੀ ਚੁਣੌਤੀ ਹੈ। ਇਸ ਲਈ ਸਿੱਖੀ ਦੇ ਪ੍ਰਚਾਰ ਤੇ ਪਸਾਰ ਦਾ ਘੇਰਾ ਵਧਾਇਆ ਜਾਵੇ। ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਗੁਰਮਤਿ ਅਨੁਸਾਰ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਨਸ਼ਿਆਂ ਕਾਰਨ ਕੌਮ ਦੀ ਬਰਬਾਦੀ ਹੋ ਰਹੀ ਹੈ।ਉਨ੍ਹਾਂ ਸਿੱਖ ਸੰਗਤ ਨੂੰ ਨਸ਼ਿਆਂ ਦੀ ਰੋਕਥਾਮ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਸ਼ਾ ਛੁਡਾਊ ਕੈਂਪਾਂ ਰਾਹੀਂ ਜਾਗਰੂਕਤਾ ਪੈਦਾ ਕੀਤੀ ਜਾਵੇ ਤੇ ਆਪਣੇ ਘਰਾਂ ਤੋਂ ਲੈ ਕੇ ਹਰ ਸਮਾਗਮ ਵਿਚ ਨਸ਼ੇ ਬੰਦ ਕਰਨ ਦਾ ਪ੍ਰਣ ਕੀਤਾ ਜਾਵੇ। ਉਨ੍ਹਾਂ ਨੇ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਵੀ ਇੱਕਜੁੱਟ ਹੋਣ ਲਈ ਕਿਹਾ। ਇਸੇ ਤਰ੍ਹਾਂ ਭਰੂਣ ਹੱਤਿਆ ਵਰਗੀਆਂ ਬੁਰਾਈਆਂ ਤੋਂ ਸਿੱਖ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ।

## ਹੈਲੀਕਾਪਟਰ ਰਾਹੀਂ ਦੋ ਹਵਾਲਾਤੀ ਫਰਾਰ

**ਮਾਂਟਰੀਅਲ:** ਕਿਊਬੈਕ ਸ਼ਹਿਰ ਦੀ ਜੇਲ੍ਹ ਵਿਚੋਂ ਤਿੰਨ ਹਵਾਲਾਤੀ ਹੈਲੀਕਾਪਟਰ ਰਾਹੀਂ ਭੱਜ ਨਿਕਲੇ। ਕਿਊਬੈਕ ਵਿਚ ਦੋ ਸਾਲਾਂ ਵਿਚ ਹੈਲੀਕਾਪਟਰ ਰਾਹੀਂ ਦੂਜੀ ਵਾਰ ਕੈਦੀ ਫਰਾਰ ਹੋਏ ਹਨ। ਸੂਬੇ ਦੀ ਪੁਲਿਸ ਮੁਤਾਬਕ ਓਰਸਾਇਨਵਿਲੈ ਦੀ ਜੇਲ੍ਹ ਵਿਚੋਂ ਹੈਲੀਕਾਪਟਰ ਰਾਹੀਂ ਭੱਜੇ ਇਹ ਹਵਾਲਾਤੀ ਪੱਛਮ ਵੱਲ ਗਏ ਸਨ।

ਪੁਲਿਸ ਦੀ ਤਰਜਮਾਨ ਆਡਰੇ ਐਨ. ਬਿਲੋਡਿਊ ਮੁਤਾਬਕ ਕਿਊਬੈਕ ਸਿਟੀ ਦੇ ਹਵਾਈ ਅੱਡੇ ਤੇ ਨੇੜਲੇ ਖੇਤਰਾਂ, ਫੌਜੀ ਹਵਾਈ ਅੱਡਿਆਂ ਦੀ ਮਦਦ ਨਾਲ ਇਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਜ਼ਮੀਨ 'ਤੇ ਵੀ ਹੈਲੀਕਾਪਟਰ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਨੇ ਫਰਾਰ ਹੋਏ ਹਵਾਲਾਤੀਆਂ ਦੀ ਟਵਿੱਟਰ 'ਤੇ ਪਛਾਣ ਯਾਈਵਸ ਡੈਨਿਸ, ਡੈਨਿਸ ਲੇਫਬਵਰੇ ਤੇ ਸਰਾਗੀ ਪੋਮਰਲਿਊ ਵੱਲੋਂ ਕੀਤੀ ਹੈ ਤੇ ਚਿਤਾਵਨੀ ਜਾਰੀ ਕੀਤੀ ਹੈ ਕਿ ਜਿਹੜਾ ਵੀ ਕੋਈ ਇਨ੍ਹਾਂ ਨੂੰ ਦੇਖਦਾ ਹੈ, ਉਹ ਫੌਰੀ ਪੁਲਿਸ ਨਾਲ ਸੰਪਰਕ ਕਰੇ। ਇਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਜਾਣਾ ਸੀ ਤੇ ਇਸ ਉਡੀਕ ਵਿਚ ਇਹ ਜੇਲ੍ਹ ਵਿਚ ਬੰਦ ਸਨ।

ਪਿਛਲੇ ਸਾਲ ਮਾਰਚ ਵਿਚ ਇਕ ਹੈਲੀਕਾਪਟਰ ਪਾਇਲਟ ਨੂੰ ਬੰਦੂਕ ਦਿਖਾ ਕੇ ਸੇਂਟ ਜੈਮੋ ਜੇਲ੍ਹ ਵਿਚੋਂ ਐਤਵਾਰ ਦੀ ਸ਼ਾਂਤ ਜਿਹੀ ਦੁਪਹਿਰੇ ਦੋ ਕੈਦੀ ਭਜਾ ਲਏ ਗਏ ਸਨ।

## ਆਪਸੀ ਗੁੱਟਬੰਦੀ ਕਾਰਨ ਹੋਈ ਕਾਂਗਰਸ ਦੀ ਹਾਰ

**ਚੰਡੀਗੜ੍ਹ:** ਕਾਂਗਰਸ ਹਾਈਕਮਾਨ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਦੀ ਹੋਈ ਅਣਕਿਆਸੀ ਹਾਰ ਦੇ ਕਾਰਨਾਂ ਦੀ ਘੋਖ ਕਰਨ ਲਈ ਬਣਾਈ ਤੱਥ ਖੋਜ ਕਮੇਟੀ ਦੀਆਂ ਇਥੇ ਪਾਰਟੀ ਦੇ ਹਾਰੇ ਉਮੀਦਵਾਰਾਂ ਨਾਲ ਅੱਡ-ਅੱਡ ਮੀਟਿੰਗਾਂ ਦੌਰਾਨ ਆਪਸੀ ਗੁੱਟਬੰਦੀ, ਆਮ ਆਦਮੀ ਪਾਰਟੀ ਦੀ ਚੜ੍ਹਤ ਤੇ ਯੂਪੀਏ-2 ਵਿਰੁੱਧ ਲੋਕਾਂ ਦੇ ਰੋਹ ਨੂੰ ਹਾਰ ਦਾ ਕਾਰਨ ਦੱਸਿਆ ਹੈ।

ਦੱਸਣਯੋਗ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਹੋਈ ਹਾਰ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਅਸਤੀਫਾ ਲੈਣ ਦੀ ਚਲਾਈ ਮੁਹਿੰਮ ਨਾਲ ਫੁੱਟ ਖੁੱਲ੍ਹ ਕੇ ਸਾਹਮਣੇ ਆ ਗਈ ਸੀ। ਇਸ ਨੂੰ ਠੱਲ੍ਹ ਪਾਉਣ ਲਈ ਹਿਮਾਚਲ ਪ੍ਰਦੇਸ਼ ਦੇ ਮੰਤਰੀ ਧਨੀ ਰਾਮ ਸਾਂਡਿਲ ਦੀ ਅਗਵਾਈ ਹੇਠ ਤੱਥ ਖੋਜ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਹਾਰ ਦੇ ਕਾਰਨਾਂ ਦੀ ਖੋਜ ਕਰਨ ਦੀ ਪ੍ਰਕਿਰਿਆ ਵਿੱਢੀ ਹੈ। ਸ੍ਰੀ ਸਾਂਡਿਲ ਸਮੇਤ ਇਸ ਕਮੇਟੀ ਦੇ ਮੈਂਬਰਾਂ ਹਰਿਆਣੇ ਦੇ ਮੰਤਰੀ ਆਫਤਾਬ ਅਹਿਮਦ, ਦਿੱਲੀ ਦੇ ਵਿਧਾਇਕ ਜੈ ਕਿਸ਼ਨ ਤੇ ਦਵਿੰਦਰ ਯਾਦਵ ਤੇ ਪੰਜਾਬ ਕਾਂਗਰਸ ਦੀ ਸਕੱਤਰ ਲਖਵਿੰਦਰ ਕੌਰ ਗਰਚਾ ਨੇ ਪਾਰਟੀ ਉਮੀਦਵਾਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਕਮੇਟੀ ਨੇ ਸਭ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਗੁਰਦਾਸਪੁਰ ਹਲਕੇ ਤੋਂ ਬੁਰੀ ਤਰ੍ਹਾਂ ਚੋਣ ਹਾਰੇ ਪ੍ਰਤਾਪ ਸਿੰਘ ਬਾਜਵਾ ਨਾਲ ਇਕੱਲਿਆ ਲੰਮੀ ਮੀਟਿੰਗ ਕੀਤੀ। ਕਮੇਟੀ ਨੇ ਸ੍ਰੀ ਬਾਜਵਾ ਤੋਂ ਇਲਾਵਾ ਫਰੀਦਕੋਟ ਤੋਂ ਜੋਗਿੰਦਰ ਸਿੰਘ ਪੰਜਗਰਾਈਂ ਤੇ ਫਤਿਹਗੜ੍ਹ ਸਾਹਿਬ ਤੋਂ ਸਾਧੂ ਸਿੰਘ ਧਰਮਸੋਤ ਨਾਲ ਅੱਡ-ਅੱਡ ਮੀਟਿੰਗਾਂ ਕੀਤੀਆਂ।

ਸੂਤਰਾਂ ਮੁਤਾਬਕ ਸ. ਬਾਜਵਾ ਨੇ ਕਮੇਟੀ ਅੱਗੇ ਲੋਕ ਸਭਾ ਚੋਣਾਂ ਦੌਰਾਨ ਸਮੂਹ ਵਿਧਾਨ ਸਭਾ ਹਲਕਿਆਂ ਵਿਚੋਂ ਪਾਰਟੀ ਦੇ ਉਮੀਦਵਾਰਾਂ ਨੂੰ ਮਿਲੀਆਂ ਵੋਟਾਂ ਦਾ ਚਿੱਠਾ ਰੱਖਿਆ ਹੈ। ਇਸ ਤਹਿਤ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਹਾਰ ਲਈ ਜ਼ਿੰਮੇਵਾਰ ਦਸ ਕੇ ਅਸਤੀਫ਼ਾ ਮੰਗਣ ਵਾਲੇ ਕੈਪਟਨ ਖੇਮੇ ਦੇ ਵਿਧਾਇਕ ਸਿਰਫ ਢਿਲੋਂ, ਰਾਣਾ ਗੁਰਮੀਤ ਸਿੰਘ ਸੋਢੀ, ਰਮਨਜੀਤ ਸਿੰਘ ਸਿੱਕੀ, ਮੁਹੰਮਦ ਸਦੀਕ, ਹਰਚੰਦ ਕੌਰ, ਗੁਰਜੀਤ ਸਿੰਘ ਰਾਣਾ ਆਦਿ ਦੇ ਵਿਧਾਨ ਸਭਾ ਹਲਕਿਆਂ ਵਿਚੋਂ ਹੀ ਪਾਰਟੀ ਉਮੀਦਵਾਰਾਂ ਨੂੰ ਵੱਡੀ ਹਾਰ ਮਿਲੀ ਹੈ। ਹਾਰ ਦਾ ਦੂਸਰਾ ਕਾਰਨ ਕੁਝ ਵਿਧਾਇਕਾਂ ਵੱਲੋਂ ਆਪਣੇ ਵਿਧਾਨ ਸਭਾ ਹਲਕਿਆਂ ਨੂੰ ਭੁੱਲ ਕੇ ਚਹੇਤੇ ਲੀਡਰਾਂ ਦੇ ਹਲਕਿਆਂ ਵਿਚ ਹੀ ਚੋਣ ਪ੍ਰਚਾਰ ਤੱਕ ਸੀਮਤ ਰਹਿਣਾ ਦੱਸਿਆ ਗਿਆ ਹੈ।

ਇਸ ਤੋਂ ਇਲਾਵਾ ਸੂਬੇ ਦੇ ਲੋਕਾਂ ਵਿਚ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਦੇ ਬਰਾਬਰ ਹੀ ਯੂਪੀਏ-2 ਸਰਕਾਰ ਪ੍ਰਤੀ ਰੋਸ ਨੂੰ ਵੀ ਪਾਰਟੀ ਦੀ ਹਾਰ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਕਮੇਟੀ ਮੂਹਰੇ ਪੇਸ਼ ਹੋਣ ਆਏ ਸ੍ਰੀ ਪੰਜਗਰਾਈਂ ਨੇ ਇਸ ਮੌਕੇ ਦੱਸਿਆ ਕਿ ਉਹ ਹਾਰ ਦਾ ਮੁੱਖ ਕਾਰਨ ਸ਼ੋਸ਼ਲ ਮੀਡੀਆ ਵੱਲੋਂ ਵਿਆਪਕ ਪੱਧਰ 'ਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਭਵਿੱਖ ਦਾ ਪ੍ਰਧਾਨ ਮੰਤਰੀ ਦੱਸਣਾ ਮੰਨਦੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਚਾਰ ਕਾਰਨ ਅਕਾਲੀ-ਭਾਜਪਾ ਗਠਜੋੜ ਨੂੰ ਸਬਕ ਸਿਖਾਉਣ ਦਾ ਮਨ ਬਣਾਈ ਬੈਠੇ ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀ ਥਾਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਹਨ।


ਨਾਰਦਰਨ ਨੇਵਾਡਾ ਵਿਚ
ਦੋ ਲਿੱਕਰ ਤੇ ਕਨਵੀਨੀਐਂਸ ਸਟੋਰ
ਵਿਕਾਊ ਹਨ

(1) ਮਹੀਨਾਵਾਰ ਸੇਲ: 100,000 ਡਾਲਰ
12 ਏਕੜ ਜ਼ਮੀਨ ਤੇ 3 ਬੈਡਰੂਮ ਘਰ ਸਣੇ ਵਿਕਾਊ

(2) ਮਹੀਨਾਵਾਰ ਸੇਲ: $70,000
ਲੰਮੀ ਲੀਜ਼ 'ਤੇ ਸਿਰਫ $800 ਕਿਰਾਇਆ

ਸੰਪਰਕ ਕਰੋ:
ਫੋਨ: 702-403-9650



ਸ਼ੈਫ ਅਤੇ ਤੰਦੂਰੀਏ
ਦੀ ਲੋੜ ਹੈ

ਕਿਊਮਨ ਇੰਡੀਅਨ ਕੁਜ਼ੀਨ, ਕੈਲਮਜ਼ੂ (ਮਿਸ਼ੀਗਨ)
ਵਿਚ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:
ਫੋਨ: 616-334-1166



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ
ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

# ਘਟਨਾ ਸਿਆਸੀ ਧਿਰਾਂ ਦੀ ਖਹਿਬਾਜ਼ੀ ਦਾ ਸਿੱਟਾ ਕਰਾਰ

*(ਸਫਾ ਇਕ ਦੀ ਬਾਕੀ)*

ਉਨ੍ਹਾਂ ਕਿਹਾ ਕਿ ਛੇ ਜੂਨ ਦਾ ਝਗੜਾ ਦੋ ਰਾਜਸੀ ਵਿਰੋਧੀ ਦਲਾਂ ਵਿਚਾਲੇ ਚਿਰਾਂ ਤੋਂ ਪਨਪ ਰਹੇ ਰੋਹ ਦਾ ਸਿੱਟਾ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਘਟਨਾ ਦੀ ਜਾਂਚ ਲਈ ਕਮੇਟੀ ਬਣਾਉਣ ਦੇ ਪ੍ਰਸਤਾਵ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਜਿਸ ਘਟਨਾ ਨੂੰ ਜਥੇਦਾਰ ਅਕਾਲ ਤਖ਼ਤ ਸਮੇਤ ਸੈਂਕੜੇ ਨਾਮਵਰ ਲੋਕਾਂ ਨੇ ਦੇਖਿਆ ਹੋਵੇ ਉਸ ਦੀ ਜਾਂਚ ਕਰਵਾਉਣ ਦੀ ਕੀ ਤੁਕ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਲੜਾਈ ਵਿਚ ਖੁਦ ਇਕ ਧਿਰ ਹੈ, ਇਸ ਕਰ ਕੇ ਉਸ ਵੱਲੋਂ ਕਰਵਾਈ ਗਈ ਜਾਂਚ ਬੇਮਾਅਨੇ ਰਹੇਗੀ ਤੇ ਕੋਈ ਸਿੱਖ ਉਸ ਦੀ ਰਿਪੋਰਟ ਉਤੇ ਵਿਸ਼ਵਾਸ ਨਹੀਂ ਕਰੇਗਾ। ਜੇ ਜਾਂਚ ਕਰਵਾਉਣੀ ਹੀ ਹੈ ਤਾਂ ਉਹ ਜਸਟਿਸ (ਸੇਵਾਮੁਕਤ) ਕੁਲਦੀਪ ਸਿੰਘ ਦੀ ਅਗਵਾਈ ਹੇਠ ਸੁਤੰਤਰ ਕਮੇਟੀ ਬਣਾ ਕੇ ਕਰਵਾਈ ਜਾਵੇ।

ਉਨ੍ਹਾਂ ਇਸ ਗੱਲ ਨੂੰ ਵੀ ਨਕਾਰਿਆ ਕਿ ਕਿਸੇ ਤੀਜੀ ਧਿਰ ਨੇ ਸਿੱਖਾਂ ਵਿਚ ਲੜਾਈ ਕਰਵਾਈ ਹੈ। ਅਕਾਲ ਤਖ਼ਤ ਵਿਖੇ ਵਾਪਰੀ ਮੰਦਭਾਗੀ ਘਟਨਾ ਤੋਂ ਇੰਜ ਜਾਪਦਾ ਹੈ ਕਿ ਸਿੱਖਾਂ ਨੇ ਬੀਤੇ ਤੋਂ ਕੁਝ ਨਹੀਂ ਸਿੱਖਿਆ।



ਸ੍ਰੀ ਅਕਾਲ ਤਖ਼ਤ ਵਿਖੇ ਹੋਈ ਝੜਪ ਦਾ ਇਕ ਹੋਰ ਦ੍ਰਿਸ਼।

## ਸੌੜੀ ਸਿਆਸਤ ਨੇ ਨਮੋਸ਼ੀ ਪੱਲੇ ਪਾਈ

*(ਸਫਾ ਇਕ ਦੀ ਬਾਕੀ)*

ਬੋਲਦਿਆਂ ਇਨ੍ਹਾਂ ਸਾਰਿਆਂ ਨੂੰ ਇਕ ਵਾਰ ਅਕਾਲ ਤਖ਼ਤ ਤੋਂ ਖਦੇੜ ਦਿੱਤਾ। ਹਿੰਸਕ ਝਗੜੇ ਕਾਰਨ ਪੈਦਾ ਹੋਏ ਤਣਾਅ ਕਰ ਕੇ ਅਕਾਲ ਤਖ਼ਤ ਦੀ ਪਹਿਲੀ ਅਤੇ ਹੇਠਲੀ ਮੰਜ਼ਲ 'ਤੇ ਅਖੰਡ ਪਾਠ ਕਰ ਰਹੇ ਪਾਠੀ ਵੀ ਪਾਠ ਛੱਡ ਕੇ ਭੱਜ ਗਏ। ਇਸ ਬਾਰੇ ਸ. ਮਾਨ ਨੇ ਕਿਹਾ ਹੈ ਕਿ ਸਮਾਗਮ ਦੌਰਾਨ ਉਨ੍ਹਾਂ ਸਿਰਫ਼ ਮਾਈਕ ਦੀ ਹੀ ਮੰਗ ਕੀਤੀ ਸੀ ਤਾਂ ਜੋ ਉਹ ਸੰਗਤਾਂ ਨੂੰ ਸੰਬੋਧਨ ਕਰ ਸਕਣ, ਪਰ ਪ੍ਰਬੰਧਕਾਂ ਨੇ ਮਾਈਕ ਨਹੀਂ ਦਿੱਤਾ ਜਿਸ ਕਾਰਨ ਸੰਗਤਾਂ ਰੋਹ ਵਿਚ ਆ ਗਈਆਂ ਅਤੇ ਉਨ੍ਹਾਂ ਨੇ ਪ੍ਰਬੰਧਕਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਸੰਗਤਾਂ ਖਾਲਿਸਤਾਨ ਦੇ ਮੁੱਦੇ 'ਤੇ ਗੱਲ ਕਰਨਾ ਚਾਹੁੰਦੀਆਂ ਸਨ ਪਰ ਪ੍ਰਬੰਧਕਾਂ ਨੇ ਆਗਿਆ ਨਾ ਦਿੱਤੀ। ਇਸੇ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਤੋਂ ਇਸ ਮਾਮਲੇ ਦੀ ਰਿਪੋਰਟ ਮੰਗ ਲਈ ਹੈ। ਉਨ੍ਹਾਂ ਕਿਹਾ ਕਿ ਹਿੰਸਾ ਲਈ ਜ਼ਿੰਮੇਵਾਰ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਅਕਾਲ ਤਖ਼ਤ ਦੀ ਮਰਿਆਦਾ ਨੂੰ ਭੰਗ ਕਰਨ ਅਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੀ ਕੁੱਟ-ਮਾਰ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਵੇਗੀ।

# ਔਰਤਾਂ ਵੀ ਪਈਆਂ ਨਸ਼ਾ ਤਸਕਰੀ ਦੇ ਰਾਹ

**ਬਠਿੰਡਾ:** ਪੰਜਾਬ ਵਿਚ ਵੱਡੀ ਗਿਣਤੀ ਔਰਤਾਂ ਵੀ ਨਸ਼ਾ ਤਸਕਰੀ ਦੇ ਰਾਹ ਪੈ ਗਈਆਂ ਹਨ। ਕੁਝ ਦਿਨਾਂ ਤੋਂ ਤਸਕਰੀ ਵਿਚ ਔਰਤਾਂ ਦੀ ਗ੍ਰਿਫਤਾਰੀ ਹੋਣ ਲੱਗੀ ਹੈ। ਉਂਜ ਤਾਂ ਕੁਝ ਅਰਸੇ ਤੋਂ ਪੰਜਾਬ ਦੀਆਂ ਤਕਰੀਬਨ ਤਿੰਨ ਹਜ਼ਾਰ ਔਰਤਾਂ ਨਸ਼ਿਆਂ ਦੇ ਕਾਰੋਬਾਰ ਵਿਚ ਹਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਨੂੰ ਮਜਬੂਰੀ ਵਿਚ ਇਸ ਰਾਹ 'ਤੇ ਤੁਰਨਾ ਪਿਆ। ਬਠਿੰਡਾ ਜੇਲ੍ਹ ਵਿਚ ਇਸ ਵੇਲੇ ਕੁੱਲ 70 ਔਰਤਾਂ ਬੰਦ ਹਨ, ਜਿਨ੍ਹਾਂ ਵਿਚੋਂ 32 ਔਰਤਾਂ ਵਿਰੁੱਧ ਨਸ਼ਿਆਂ ਦੇ ਕੇਸ ਦਰਜ ਹਨ।

ਮੋਗਾ ਦੇ ਪਿੰਡ ਭੰਡੇਆਣਾ ਦੀ ਰਮਨਦੀਪ ਕੌਰ ਤੇ ਉਸ ਦੇ ਪਤੀ ਮੰਦਰ ਸਿੰਘ ਨੂੰ ਥਾਣਾ ਨੰਦਗੜ੍ਹ ਦੀ ਪੁਲਿਸ ਨੇ 10 ਕਿਲੋ ਭੁੱਕੀ ਸਮੇਤ ਫੜਿਆ ਹੈ। ਇਸ ਔਰਤ ਦਾ ਕਹਿਣਾ ਹੈ ਕਿ ਉਸ ਨੂੰ ਘਰ ਦੇ ਹਾਲਾਤ ਨੇ ਮਜਬੂਰੀ ਵਿਚ ਇਸ ਰਾਹ 'ਤੇ ਤੋਰ ਦਿੱਤਾ। ਇਹ ਜੋੜਾ ਬੀਕਾਨੇਰ ਤੋਂ ਭੁੱਕੀ ਲਿਆਉਂਦਾ ਸੀ ਤੇ ਅੱਗੇ ਪੁੜੀਆਂ ਬਣਾ ਕੇ ਵੇਚਦਾ ਸੀ। ਬਠਿੰਡਾ ਪੁਲਿਸ ਨੇ ਸਥਾਨਕ ਬੰਗੀ ਨਗਰ ਦੀਆਂ ਤਿੰਨ ਔਰਤਾਂ ਨੂੰ ਤਸਕਰੀ ਦੇ ਕੇਸ ਵਿਚ ਫੜਿਆ ਹੈ। ਇਨ੍ਹਾਂ ਵਿਚ ਹਰਬੰਸ ਕੌਰ, ਪਰਮਜੀਤ ਕੌਰ ਤੇ ਬਿੰਦਰ ਕੌਰ ਸ਼ਾਮਲ ਹਨ। ਮਹਿਲਾ ਤਫ਼ਤੀਸ਼ੀ ਅਫਸਰ ਜਸਵਿੰਦਰ ਕੌਰ ਦਾ ਕਹਿਣਾ ਹੈ ਕਿ ਪਰਮਜੀਤ ਕੌਰ ਸੰਗਰੀਆ ਤੋਂ ਭੁੱਕੀ ਲਿਆ ਕੇ ਵੇਚਦੀ ਸੀ। ਮੁੱਖ ਮੰਤਰੀ ਦੇ ਹਲਕਾ ਲੰਬੀ ਦੇ ਥਾਣਾ ਲੰਬੀ ਵਿਚ ਇਕ ਜਨਵਰੀ 2004 ਤੋਂ ਹੁਣ ਤੱਕ ਤਕਰੀਬਨ 42 ਔਰਤਾਂ ਖ਼ਿਲਾਫ਼ ਤਸਕਰੀ ਦੇ ਪੁਲਿਸ ਕੇਸ ਦਰਜ ਹੋ ਚੁੱਕੇ ਹਨ। ਜ਼ਿਲ੍ਹਾ ਮੁਕਤਸਰ ਵਿਚ ਇਕ ਦਹਾਕੇ ਦੌਰਾਨ ਤਸਕਰੀ ਦੇ ਤਕਰੀਬਨ 190 ਕੇਸ ਦਰਜ ਹੋਏ ਹਨ। ਫਿਰੋਜ਼ਪੁਰ ਪੁਲਿਸ ਵੱਲੋਂ ਵੀ 20 ਮਈ ਤੋਂ ਮਗਰੋਂ ਤਿੰਨ ਔਰਤਾਂ ਖ਼ਿਲਾਫ਼ ਤਸਕਰੀ ਦੇ ਕੇਸ ਦਰਜ ਕੀਤੇ ਗਏ ਹਨ।

ਕੁਝ ਅਰਸਾ ਪਹਿਲਾਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪੰਜਾਬ ਦੇ 10 ਜ਼ਿਲ੍ਹਿਆਂ ਵਿਚੋਂ ਪ੍ਰਾਪਤ ਸੂਚਨਾ ਤੋਂ ਇਹ ਤੱਥ ਉਭਰੇ ਸਨ ਕਿ ਪੰਜਾਬ ਦੀਆਂ ਤਕਰੀਬਨ ਤਿੰਨ ਹਜ਼ਾਰ ਔਰਤਾਂ ਨਸ਼ਿਆਂ ਦੀ ਤਸਕਰੀ ਦੇ ਕਾਰੋਬਾਰ ਵਿਚ ਹਨ। ਫਿਰੋਜ਼ਪੁਰ ਜ਼ਿਲ੍ਹੇ ਵਿਚ ਔਰਤਾਂ ਸ਼ਰਾਬ ਦੇ ਕਾਰੋਬਾਰ ਵਿਚ ਸ਼ਾਮਲ ਹਨ ਅਤੇ ਤਕਰੀਬਨ 10 ਵਰ੍ਹਿਆਂ ਦੌਰਾਨ 200 ਤੋਂ ਵੱਧ ਕੇਸ ਸਿਰਫ ਔਰਤਾਂ ਖ਼ਿਲਾਫ਼ ਦਰਜ ਹੋਏ ਹਨ। ਪੰਜਾਬ ਦਾ ਜਲੰਧਰ ਦਿਹਾਤੀ ਜ਼ਿਲ੍ਹਾ ਅਜਿਹਾ ਹੈ, ਜਿਥੇ ਇਕ ਦਹਾਕੇ ਦੌਰਾਨ ਸਭ ਤੋਂ ਵੱਧ ਤਕਰੀਬਨ ਤਸਕਰੀ ਦੇ 250 ਪੁਲਿਸ ਕੇਸ ਔਰਤਾਂ ਵਿਰੁੱਧ ਦਰਜ ਹੋਏ ਹਨ। 20 ਮਈ 2014 ਤੋਂ ਹੁਣ ਤੱਕ ਜਲੰਧਰ ਦਿਹਾਤੀ ਜ਼ਿਲ੍ਹੇ ਵਿਚ 30 ਔਰਤਾਂ ਖ਼ਿਲਾਫ਼ ਪੁਲਿਸ ਕੇਸ ਦਰਜ ਹੋਏ ਹਨ। ਜਲੰਧਰ (ਦਿਹਾਤੀ) ਦੇ ਐਸ.ਐਸ.ਪੀ ਡਾ. ਨਰੇਂਦਰ ਭਾਰਗਵ ਦਾ ਕਹਿਣਾ ਸੀ ਕਿ ਸਮਗਲਰ ਆਪਣੇ ਧੰਦੇ ਵਿਚ ਔਰਤਾਂ ਨੂੰ ਵਰਤਦੇ ਹਨ ਕਿਉਂਕਿ ਤਸਕਰ ਸਮਝਦੇ ਹਨ ਕਿ ਪੁਲਿਸ ਨੂੰ ਔਰਤ 'ਤੇ ਛੇਤੀ ਕਿਤੇ ਸ਼ੱਕ ਨਹੀਂ ਹੁੰਦਾ। ਬਹੁਤੇ ਨਸ਼ੇੜੀਆਂ ਨੇ ਆਪਣੀਆਂ ਔਰਤਾਂ ਨੂੰ ਇਸ ਰਾਹ 'ਤੇ ਪਾ ਦਿੱਤਾ ਹੈ।

ਵੇਰਵਿਆਂ ਮੁਤਾਬਕ ਜ਼ਿਲ੍ਹਾ ਮੁਕਤਸਰ ਦੇ ਪਿੰਡ ਝੋਰੜ ਦੀਆਂ ਔਰਤਾਂ ਖ਼ਿਲਾਫ਼ ਤਕਰੀਬਨ 26 ਪੁਲਿਸ ਕੇਸ ਤਸਕਰੀ ਦੇ ਦਰਜ ਹਨ। ਬਠਿੰਡਾ ਜ਼ਿਲ੍ਹੇ ਵਿਚ 140 ਔਰਤਾਂ ਵਿਰੁੱਧ ਤਸਕਰੀ ਦੇ ਦੋਸ਼ ਹੇਠ ਪੁਲਿਸ ਕੇਸ ਦਰਜ ਹੋਏ ਹਨ ਤੇ ਇਕ ਮਹਿਲਾ ਤਸਕਰ ਦੀ ਬਠਿੰਡਾ ਪੁਲਿਸ ਨੇ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਵੀ ਸ਼ੁਰੂ ਕੀਤੀ ਹੋਈ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦੋਨਾਖੁਰਦ ਦੀਆਂ ਔਰਤਾਂ ਵਿਰੁੱਧ ਤਕਰੀਬਨ 60 ਪੁਲਿਸ ਕੇਸ ਦਰਜ ਹੋਏ ਹਨ। ਪੰਜਾਬ ਦੇ ਇਸ ਪਿੰਡ ਦੀਆਂ ਔਰਤਾਂ ਵਿਰੁੱਧ ਸਭ ਤੋਂ ਜ਼ਿਆਦਾ ਤਸਕਰੀ ਦੇ ਕੇਸ ਦਰਜ ਹੋਏ ਹਨ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਥਾਣਾ ਸਦਰ ਤੇ ਥਾਣਾ ਬੰਗਾ ਵਿਚ ਔਰਤਾਂ ਵਿਰੁੱਧ 140 ਪੁਲਿਸ ਕੇਸ ਤਸਕਰੀ ਦੇ ਦਰਜ ਹੋਏ ਹਨ।

# ਸੁਖਬੀਰ ਦੀ ਸਿਆਸਤ ਨੂੰ ਪਿਆ ਘੇਰਾ

*(ਸਫਾ ਇਕ ਦੀ ਬਾਕੀ)*

ਤੁਰੰਤ ਮਗਰੋਂ ਕੀਤਾ। ਇਸ ਤੋਂ ਇਲਾਵਾ ਮੰਤਰੀ ਮੰਡਲ ਵਿਚ ਵਾਧੇ ਨੂੰ ਲੈ ਕੇ ਪਾਰਟੀ ਅੰਦਰ ਹੋਰ ਮਤਭੇਦ ਸ਼ੁਰੂ ਹੋ ਗਏ ਹਨ। ਨਵੇਂ ਮੰਤਰੀਆਂ ਨੂੰ ਸਹੁੰ ਚੁਕਾਉਣ ਦੇ ਸਮਾਗਮ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਬੀਬੀ ਮਹਿੰਦਰ ਕੌਰ ਜੋਸ਼ ਅਤੇ ਕਈ ਹੋਰ ਆਗੂ ਸ਼ਾਮਲ ਨਾ ਹੋਏ। ਮੋਗਾ ਹਲਕੇ ਦੇ ਚਾਰ ਵਿਧਾਇਕਾਂ ਵਿਚੋਂ ਤਿੰਨ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਜੋਗਿੰਦਰਪਾਲ ਜੈਨ ਤੇ ਰਾਜਵਿੰਦਰ ਕੌਰ ਭਾਗੀਕੇ ਵੀ ਸਮਾਗਮ ਵਿਚ ਨਾ ਪਹੁੰਚੇ।

ਸ਼੍ਰੋਮਣੀ ਅਕਾਲੀ ਦਲ ਨੇ ਡਾ. ਦਲਜੀਤ ਸਿੰਘ ਚੀਮਾ, ਸੋਹਨ ਸਿੰਘ ਠੰਡਲ ਤੇ ਤੋਤਾ ਸਿੰਘ ਨੂੰ ਮੰਤਰੀ ਵੀ ਇਸ ਕਰ ਕੇ ਬਣਾਇਆ ਹੈ ਤਾਂ ਜੋ ਦਲ ਅੰਦਰਲੀ ਗਰਮੀ ਨੂੰ ਸ਼ਾਂਤ ਕੀਤਾ ਜਾ ਸਕੇ ਪਰ ਮੰਨਿਆ ਜਾ ਰਿਹਾ ਹੈ ਕਿ ਇਸ ਦਾ ਉਲਟਾ ਅਸਰ ਹੋ ਸਕਦਾ ਹੈ। ਸਵਾਲ ਇਹ ਵੀ ਉਠ ਰਹੇ ਹਨ ਕਿ ਸੋਹਨ ਸਿੰਘ ਠੰਡਲ ਅਤੇ ਤੋਤਾ ਸਿੰਘ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਸਜ਼ਾਯਾਫਤਾ ਹਨ ਪਰ ਫਿਰ ਵੀ ਹੋਰ ਟਕਸਾਲੀ ਆਗੂਆਂ ਨੂੰ ਅੱਖੋਂ ਓਹਲੇ ਕਰ ਕੇ ਉਨ੍ਹਾਂ ਨੂੰ ਹੀ ਮੰਤਰੀ ਕਿਉਂ ਬਣਾਇਆ ਗਿਆ।

ਦਰਅਸਲ ਵਿਦੇਸ਼ ਤੋਂ ਵਪਾਰਕ ਪ੍ਰਬੰਧਨ ਦੀ ਡਿਗਰੀ ਕਰਨ ਵਾਲੇ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕੰਪਨੀ ਵਾਂਗ ਚਲਾ ਰਹੇ ਹਨ। ਉਹ ਪਾਰਟੀ ਦੇ ਪ੍ਰਧਾਨ ਵਜੋਂ ਨਹੀਂ ਬਲਕਿ ਸੀ.ਈ.ਓ. ਵਾਂਗ ਕੰਮ ਕਰਦੇ ਹਨ। ਇਸ ਤੋਂ ਟਕਸਾਲੀ ਆਗੂ ਕਾਫੀ ਖਫਾ ਸਨ ਪਰ ਸੁਖਬੀਰ ਬਾਦਲ ਦੀ ਅਗਵਾਈ ਹੇਠ ਹਾਸਲ ਕੀਤੀਆਂ ਲਗਾਤਾਰ ਜਿੱਤਾਂ ਕਰ ਕੇ ਉਹ ਕੁਝ ਵੀ ਬੋਲਣ ਤੋਂ ਅਸਮਰੱਥ ਸਨ। ਇਹ ਪਹਿਲਾ ਮੌਕਾ ਹੈ ਜਦੋਂ ਟਕਸਾਲੀ ਆਗੂਆਂ ਨੇ ਆਵਾਜ਼ ਚੁੱਕੀ ਹੈ। ਟਕਸਾਲੀ ਆਗੂਆਂ ਨੇ ਦੋਸ਼ ਲਾਇਆ ਹੈ ਕਿ ਪਾਰਟੀ ਪੰਥਕ ਏਜੰਡੇ ਤੋਂ ਦੂਰ ਚਲੀ ਗਈ ਹੈ ਜਿਸ ਦਾ ਖਮਿਆਜ਼ਾ ਚੋਣਾਂ ਵਿਚ ਭੁਗਤਣਾ ਪਿਆ।

ਇਸ ਵਾਰ ਲੋਕ ਸਭਾ ਚੋਣਾਂ ਵਿਚ ਨਵੀਂ ਬਣੀ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਵੋਟ ਨੂੰ ਵੱਡਾ ਖੋਰਾ ਲਾਇਆ ਅਤੇ ਸਾਢੇ ਚੌਵੀ ਫੀਸਦੀ ਵੋਟ ਹਾਸਲ ਕਰ ਕੇ ਸੂਬੇ ਵਿਚ ਵੱਡੀ ਤੀਜੀ ਧਿਰ ਵਜੋਂ ਉਭਰੀ ਹੈ। ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮਸਾਂ ਸਾਢੇ ਛੱਬੀ ਫੀਸਦੀ ਵੋਟਾਂ ਹੀ ਮਿਲੀਆਂ ਅਤੇ ਬਠਿੰਡੇ ਹਲਕੇ ਤੋਂ ਬਾਦਲ ਪਰਿਵਾਰ ਦੀ ਨੂੰਹ ਹਰਸਿਮਰਤ ਕੌਰ ਬਾਦਲ ਸਿਰਫ 19000 ਵੋਟਾਂ ਦੇ ਫਰਕ ਨਾਲ ਹੀ ਜਿੱਤ ਹਾਸਲ ਕਰ ਸਕੀ।

ਸ਼੍ਰੋਮਣੀ ਅਕਾਲੀ ਦਲ ਨੇ ਮੰਨਿਆ ਹੈ ਕਿ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਦਾ ਕਾਰਨ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਰਹੀ। ਚੋਣਾਂ ਵਿਚ ਰੇਤਾ ਬਜਰੀ, ਨਸ਼ਾ ਤਸਕਰੀ, ਬੇਲੋੜੇ ਟੈਕਸ ਤੇ ਅਮਨ ਕਾਨੂੰਨ ਦੀ ਮਾੜੀ ਹਾਲਤ ਵੱਡੇ ਮੁੱਦੇ ਬਣੇ ਰਹੇ। ਪਾਰਟੀ ਪਹਿਲੀ ਵਾਰ ਪੰਥਕ ਮੁੱਦਿਆਂ 'ਤੇ ਵੀ ਘਿਰੀ ਹੋਈ ਮਹਿਸੂਸ ਹੋਈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੰਮ੍ਰਿਤਸਰ ਤੋਂ ਚੋਣ ਲੜਦਿਆਂ ਅਜਿਹੇ ਮੁੱਦੇ ਉਭਾਰੇ ਜਿਨ੍ਹਾਂ ਦਾ ਜਵਾਬ ਦੇਣਾ ਅਕਾਲੀ ਦਲ ਲਈ ਔਖਾ ਹੋ ਗਿਆ। ਇਨ੍ਹਾਂ ਪੰਥਕ ਮੁੱਦਿਆਂ 'ਤੇ ਕੈਪਟਨ ਦੀ ਬਿਆਨਾਂ ਉਤੇ ਬਾਦਲਾਂ ਦੀ ਚੁੱਪ ਅਕਾਲੀ ਦਲ ਲਈ ਘਾਤਕ ਸਿੱਧ ਹੋਈ।

# ਬਿਜਲੀ ਕੱਟਾਂ ਤੇ ਮਜ਼ਦੂਰਾਂ ਦੀ ਤੋਟ ਕਾਰਨ ਕਿਸਾਨ ਦੁਚਿੱਤੀ ਵਿਚ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਝੋਨੇ ਦੀ ਲੁਆਈ ਲਈ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦਾ ਵਾਅਦਾ ਵਫ਼ਾ ਹੁੰਦਾ ਨਹੀਂ ਜਾਪ ਰਿਹਾ। 10 ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਹੋਣ ਦੇ ਬਾਵਜੂਦ ਕਿਸਾਨ ਲੰਬੇ ਬਿਜਲੀ ਕੱਟਾਂ ਤੇ ਮਜ਼ਦੂਰਾਂ ਦੀ ਘਾਟ ਵਰਗੀਆਂ ਸਮੱਸਿਆਵਾਂ ਨਾਲ ਦੋ ਹੱਥ ਕਰ ਰਹੇ ਹਨ। ਇਕ ਦਮ ਲੁਆਈ ਦਾ ਜ਼ੋਰ ਪੈਣ ਕਰਕੇ ਮਜ਼ਦੂਰਾਂ ਦਾ ਮਿਲਣਾ ਮੁਸ਼ਕਲ ਹੋਇਆ ਪਿਆ ਹੈ। ਮਜ਼ਦੂਰਾਂ ਵੱਲੋਂ ਝੋਨੇ ਦੀ ਲੁਆਈ ਦੇ ਰੇਟ ਵਿਚ ਵੀ ਚਾਰ ਸੌ ਤੋਂ ਛੇ ਸੌ ਰੁਪਏ ਪ੍ਰਤੀ ਏਕੜ ਦਾ ਵਾਧਾ ਕਰ ਦਿੱਤਾ ਗਿਆ ਹੈ। ਲੰਘੇ ਸਾਲ ਕੱਚੇ ਖੇਤ ਦੀ ਲੁਆਈ 1700 ਰੁਪਏ ਸੀ ਜਦੋਂ ਕਿ ਇਸ ਵਾਰ 2200 ਰੁਪਏ ਰੇਟ ਹੋ ਗਿਆ ਹੈ। ਪੱਕੇ ਖੇਤ ਦੀ ਲੁਆਈ ਦਾ ਭਾਅ 2000 ਰੁਪਏ ਦੀ ਥਾਂ 2600 ਬੋਲਣ ਲੱਗਾ ਹੈ। ਸਰਕਾਰ ਵੱਲੋਂ ਝੋਨੇ ਦੀ ਲੁਆਈ ਦੀ ਸ਼ੁਰੂਆਤ ਦੀ ਤਰੀਕ ਮਿੱਥੇ ਜਾਣ ਕਰਕੇ ਕੰਮ ਦਾ ਜ਼ੋਰ ਇਕੋ ਵਾਰ ਪੈਣ ਲੱਗਾ ਹੈ ਤੇ ਮਜ਼ਦੂਰ ਮਹਿੰਗੇ ਭਾਅ 'ਤੇ ਵੀ ਮਿਲਣੇ ਔਖੇ ਹੋ ਗਏ ਹਨ। ਪਤਾ ਲੱਗਾ ਹੈ ਕਿ ਬਿਜਲੀ ਵਿਭਾਗ ਵੱਲੋਂ ਵੱਖ-ਵੱਖ ਸ਼ਿਫਟਾਂ ਵਿਚ ਅੱਠ-ਅੱਠ ਘੰਟੇ ਲਈ ਨਿਰਵਿਘਨ ਬਿਜਲੀ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਸਾਹਮਣੇ ਇਹ ਆਇਆ ਹੈ ਕਿ ਕੱਟਾਂ ਨੇ ਕਿਸਾਨਾਂ ਨੂੰ ਉਲਝਾਈ ਰੱਖਿਆ ਹੈ। ਕਿਸਾਨਾਂ ਨੂੰ ਬਿਜਲੀ ਦੀ ਮੋਟਰ ਦੇ ਨਾਲ ਇੰਜਣ ਵਾਲੇ ਟਿਊਬਵੈੱਲ ਦਾ ਵੀ ਸਹਾਰਾ ਲੈਣਾ ਪੈ ਰਿਹਾ ਹੈ। ਇਕ ਹੋਰ ਸੂਚਨਾ ਮੁਤਾਬਕ ਝੋਨੇ ਦੀ ਲੁਆਈ ਦੇ ਦਿਨਾਂ ਵਿਚ 350 ਲੱਖ ਯੂਨਿਟ ਵਾਧੂ ਬਿਜਲੀ ਦੀ ਲੋੜ ਹੈ। ਪੰਜਾਬ ਦਾ ਸਵਾ ਗਿਆਰਾਂ ਲੱਖ ਏਕੜ ਰਕਬਾ ਨਹਿਰੀ ਪਾਣੀ 'ਤੇ ਨਿਰਭਰ ਕਰਦਾ ਹੈ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ



**Punjab Times**

**Established in 2000**
**15th Year in Publication**

Published every Saturday
by **A B Publication Inc.**



20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com



**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਣੀਆਂ ਦੀ ਵੰਡ ਬਾਰੇ ਪੰਜਾਬ ਰਿਪੇਰੀਅਨ ਸਿਧਾਂਤ ਦਾ ਹਮਾਇਤੀ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਦੇਸ਼ ਵਿਚ ਦਰਿਆਈ ਪਾਣੀਆਂ ਬਾਰੇ ਜੋ ਵੀ ਨੀਤੀ ਘੜੀ ਜਾਵੇ, ਉਹ ਸਥਾਪਤ ਰਿਪੇਰੀਅਨ ਕਾਨੂੰਨ ਮੁਤਾਬਕ ਹੀ ਹੋਣੀ ਚਾਹੀਦੀ ਹੈ। ਉਹ ਰਾਸ਼ਟਰਪਤੀ ਵੱਲੋਂ ਕੇਂਦਰ ਵਿਚਲੀ ਨਵੀਂ ਮੋਦੀ ਸਰਕਾਰ ਵੱਲੋਂ ਦਰਿਆਵਾਂ ਨੂੰ ਜੋੜਨ ਬਾਰੇ ਨਵੀਂ ਸਰਕਾਰ ਦੀ ਨੀਤੀ ਸਬੰਧੀ ਪੁੱਛੇ ਗਏ ਇਕ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਸੂਬਿਆਂ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਦੇ ਮਾਮਲੇ ਨਿਪਟਾਉਣ ਲਈ ਹਮੇਸ਼ਾ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਰਿਪੇਰੀਅਨ ਸਿਧਾਂਤ ਦਾ ਹਮਾਇਤੀ ਰਿਹਾ ਹੈ ਤੇ ਆਸ ਕਰਦਾ ਹੈ ਕਿ ਮੌਜੂਦਾ ਕੇਂਦਰ ਸਰਕਾਰ ਵੀ ਇਸ ਸਿਧਾਂਤ ਨੂੰ ਅਣਗੌਲਿਆ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਥਿਤੀ ਦੂਜੇ ਸੂਬਿਆਂ ਨਾਲੋਂ ਵੱਖਰੀ ਹੈ, ਕਿਉਂਕਿ ਇਥੇ ਪਹਿਲਾਂ ਹੀ ਸਾਰੇ ਦਰਿਆਵਾਂ 'ਤੇ ਡੈਮ ਬਣੇ ਹੋਏ ਹਨ ਤੇ ਡੈਮਾਂ ਤੋਂ ਥੱਲੇ ਜੋ ਵੀ ਪਾਣੀ ਜਾਂਦਾ ਹੈ, ਉਸ ਦੀ ਵੰਡ ਕੌਮਾਂਤਰੀ ਪੱਧਰ 'ਤੇ ਪ੍ਰਵਾਨਿਤ ਕਾਨੂੰਨ ਮੁਤਾਬਕ ਹੀ ਹੋ ਸਕਦੀ ਹੈ ਪਰ ਮੁੱਖ ਮੰਤਰੀ ਵੱਲੋਂ ਮੋਦੀ ਸਰਕਾਰ ਦੇ ਦੇਸ਼ ਦੇ ਦਰਿਆਵਾਂ ਨੂੰ ਆਪਸ ਵਿਚ ਜੋੜਨ ਦੇ ਪ੍ਰੋਗਰਾਮ ਬਾਰੇ ਕੋਈ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ। ਭਾਜਪਾ ਦੇ ਮੰਤਰੀ ਅਨਿਲ ਜੋਸ਼ੀ ਵੱਲੋਂ ਰੇਤ ਬਜਰੀ ਦੀ ਗ਼ੈਰ ਕਾਨੂੰਨੀ ਖੁਦਾਈ ਲਈ ਗ੍ਰਹਿ ਵਿਭਾਗ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਰਕਾਰ ਦੇ ਹਰ ਫ਼ੈਸਲੇ ਲਈ ਸਮੁੱਚਾ ਮੰਤਰੀ ਮੰਡਲ ਜ਼ਿੰਮੇਵਾਰ ਹੁੰਦਾ ਹੈ ਤੇ ਕਿਸੇ ਇਕ ਫ਼ੈਸਲੇ ਲਈ ਇਕੱਲੇ ਮੰਤਰੀ ਨੂੰ ਜ਼ਿੰਮੇਵਾਰ ਨਹੀਂ ਬਣਾਇਆ ਜਾ ਸਕਦਾ।

ਮੁੱਖ ਮੰਤਰੀ ਨੇ ਅਜਿਹੇ ਦੋਸ਼ਾਂ ਦਾ ਖੰਡਨ ਕੀਤਾ ਕਿ ਸੂਬੇ ਵਿਚ ਨਸ਼ਿਆਂ ਵਿਰੋਧੀ ਮੁਹਿੰਮ ਦੌਰਾਨ ਪੁਲਿਸ ਵੱਲੋਂ ਨਸ਼ੇੜੀਆਂ ਨੂੰ ਫੜਿਆ ਜਾ ਰਿਹਾ ਹੈ, ਜਦੋਂਕਿ ਵੱਡੇ ਨਸ਼ਾ ਤਸਕਰਾਂ ਨੂੰ ਹੱਥ ਨਹੀਂ ਪਾਇਆ ਜਾ ਰਿਹਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਤਰ੍ਹਾਂ ਦੀ ਨਸ਼ਿਆਂ ਦੀ ਸਪਲਾਈ ਜਾਂ ਵਰਤੋਂ ਨੂੰ ਜੜੋਂ ਖ਼ਤਮ ਕਰਨਾ ਚਾਹੁੰਦੀ ਹੈ ਪਰ ਸਰਕਾਰ ਦਾ ਮੰਤਵ ਨਸ਼ੇੜੀਆਂ ਨੂੰ ਫੜ-ਫੜ ਕੇ ਅੰਦਰ ਦੇਣਾ ਕਦੀ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਵਿਚ ਫਸ ਚੁੱਕੇ ਨੌਜਵਾਨਾਂ ਦਾ ਸਰਕਾਰੀ ਪੱਧਰ 'ਤੇ ਇਲਾਜ ਕਰਾਉਣ ਦੇ ਪ੍ਰਬੰਧ ਕੀਤੇ ਗਏ ਹਨ ਤੇ ਉਹ ਖ਼ੁਦ ਨਸ਼ਾ ਮੁਕਤੀ ਕੇਂਦਰਾਂ ਦਾ ਆਪ ਜਾ ਕੇ ਪ੍ਰਬੰਧ ਦੇਖ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਛੇਤੀ ਹੀ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਨਾਲ ਦਿੱਲੀ ਵਿਖੇ ਮੁਲਾਕਾਤ ਕਰਕੇ ਸਰਹੱਦ ਪਾਰ ਤੋਂ ਆਉਂਦੇ ਨਸ਼ਿਆਂ ਨੂੰ ਰੋਕਣ ਲਈ ਕੌਮਾਂਤਰੀ ਸਰਹੱਦ 'ਤੇ ਚੌਕਸੀ ਵਧਾਉਣ ਦਾ ਮੁੱਦਾ ਵੀ ਉਠਾਉਣਗੇ। ਉਹ ਆਉਂਦੇ ਦਿਨਾਂ ਦੌਰਾਨ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਦੂਜੇ ਮੰਤਰੀਆਂ ਨਾਲ ਮੁਲਾਕਾਤਾਂ ਕਰਕੇ ਪੰਜਾਬ ਨਾਲ ਸਬੰਧਤ ਕੁਝ ਕੁ ਅਹਿਮ ਮੁੱਦੇ ਉਠਾਉਣਗੇ ਤੇ ਕੇਂਦਰ ਤੋਂ ਸੂਬੇ ਦੇ ਇਨ੍ਹਾਂ ਪ੍ਰਾਜੈਕਟਾਂ ਲਈ ਲੁੜੀਂਦੀ ਸਹਾਇਤਾ ਦੀ ਮੰਗ ਕਰਨਗੇ।

## ਸਾਬਕਾ ਵਿਧਾਇਕ ਕੁਲਦੀਪ ਸਿੰਘ ਭੱਠਲ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬ ਦੀ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਦੇ ਛੋਟੇ ਭਰਾ ਤੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਭੱਠਲ (62) ਦਾ ਦੇਹਾਂਤ ਹੋ ਗਿਆ ਹੈ।

ਉਹ ਕੁਝ ਦਿਨਾਂ ਤੋਂ ਬਿਮਾਰ ਸਨ ਤੇ ਮੁਹਾਲੀ ਦੇ ਇਕ ਨਿਜੀ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਦਾ ਲੜਕਾ ਕੈਨੇਡਾ ਵਿਚ ਹੈ ਤੇ ਉਸ ਦੇ ਆਉਣ ਤੋਂ ਬਾਅਦ ਸਸਕਾਰ ਕੀਤਾ ਜਾਵੇਗਾ। ਇਸੇ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸ੍ਰੀ ਭੱਠਲ ਦੇ ਚਲਾਣੇ ਉਪਰ ਦੁੱਖ ਪ੍ਰਗਟ ਕੀਤਾ ਹੈ।

## ਮੋਦੀ ਨੇ ਮੰਗੇ ਮੰਤਰੀਆਂ ਤੋਂ ਸੰਪਤੀ ਦੇ ਵੇਰਵੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਵਿਚ ਸ਼ਾਮਲ ਸਾਰੇ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਆਪਣੀ ਹਰ ਤਰ੍ਹਾਂ ਦੀ ਸੰਪਤੀ, ਦੇਣਦਾਰੀਆਂ ਤੇ ਕਾਰੋਬਾਰੀ ਸਬੰਧਾਂ ਦੀ ਪੂਰੀ ਜਾਣਕਾਰੀ ਦੇ ਵੇਰਵੇ ਦੋ ਮਹੀਨਿਆਂ ਵਿਚ ਉਨ੍ਹਾਂ ਕੋਲ ਪੇਸ਼ ਕਰ ਦੇਣ। ਇਸੇ ਨਾਲ ਸਾਰੇ ਮੰਤਰੀਆਂ ਨੂੰ ਕਿਹਾ ਹੈ ਕਿ ਉਹ ਮੰਤਰੀ ਬਣਨ ਤੋਂ ਪਹਿਲਾਂ ਜਿਹੜੇ ਕਿਸੇ ਕਾਰੋਬਾਰ ਨਾਲ ਜੁੜੇ ਸਨ, ਉਸ ਤੋਂ ਖੁਦ ਨੂੰ ਵੱਖ ਕਰ ਲੈਣ।

ਨਵੀਂ ਸਰਕਾਰ ਬਣਨ ਮਗਰੋਂ ਗ੍ਰਹਿ ਮੰਤਰਾਲੇ ਨੇ ਮੰਤਰੀਆਂ ਲਈ ਬਣੇ ਆਦਰਸ਼ ਜ਼ਾਬਤੇ ਨੂੰ ਮੁੜ ਜਾਰੀ ਕੀਤਾ ਹੈ। ਇਸ ਜ਼ਾਬਤੇ ਉਪਰ ਪ੍ਰਧਾਨ ਮੰਤਰੀ ਵੱਲੋਂ ਨਜ਼ਰ ਰੱਖੀ ਜਾਵੇਗੀ। ਇਸ ਨਾਲ ਮੰਤਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਅਫਸਰਸ਼ਾਹੀ ਨੂੰ ਲੋਕ ਹਿੱਤਾਂ ਵਿਚ ਕੰਮ ਕਰਨ ਲਈ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਲਈ ਖਿੱਚ ਕੇ ਰੱਖਣ।



Security Cameras
Special promotion
for limited time only
1000 TVL camera for the price of 700 TVL camera
Limit 4 for each customer only
*For more Details, Contact:*
Balbir S Sidhu-209-495-3905 (Cell)
Toll Free (888) 233-4566
DVRunlimited Inc. Fax-(209) 982-9133

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
For Sale & Purchase of Residential, Commercial Property and AG-Land
ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

Want to Sell Your Home
We can sell your home fast @ best price.
ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ

Sohanpreet (Sam) Chahal
CA Lic. 01504071
Realtor/Notary Public
email:samchahal@hotmail.com
*Sacramento, Stockton, Roseville area prices are on the rise.*
Please call me to find out value of your home.
If you are thinking to Buy or Sell a Home, please give us a chance
*Call: Sohanpreet 'Sam' Chahal*
@916-612-5773
Serving from Bay Area to Sacramento
Multi-Million Dollars Producer-2007 to 2012
Golden State Realty
Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

# ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਲਈ ਬਾਦਲ ਪਰਿਵਾਰ 'ਦੋਸ਼ੀ ਕਰਾਰ'

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਲੋਕ ਸਭਾ ਚੋਣਾਂ ਵਿਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਦੇ ਕਾਰਨਾਂ ਦੀ 'ਫੀਡ ਬੈਕ' ਲੈਣ ਲਈ ਕੀਤੀਆਂ ਮੀਟਿੰਗਾਂ ਵਿਚ ਸੀਨੀਅਰ ਆਗੂਆਂ ਨੇ ਘੁਮਾ-ਫਿਰਾ ਕੇ ਬਾਦਲ ਪਰਿਵਾਰ ਨੂੰ ਹਾਰ ਲਈ ਜ਼ਿੰਮੇਵਾਰ ਠਹਿਰਾਇਆ ਹੈ। 'ਫੀਡ ਬੈਕ' ਮੀਟਿੰਗਾਂ ਵਿਚ ਪਾਰਟੀ ਦੇ ਸੀਨੀਅਰ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਦੇ 'ਮਾਡਲ' ਉਤੇ ਹੀ ਸਵਾਲ ਖੜ੍ਹੇ ਕਰ ਦਿੱਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਬਠਿੰਡਾ ਪਾਰਲੀਮਾਨੀ ਹਲਕੇ ਨਾਲ ਸਬੰਧਤ ਸੀਨੀਅਰ ਅਕਾਲੀ ਆਗੂਆਂ ਨੇ ਕਿਹਾ ਹੈ ਕਿ ਗੈਰ ਰਾਜਨੀਤਕ ਵਿਅਕਤੀਆਂ ਨੂੰ ਵਿਧਾਨ ਸਭਾ ਹਲਕਿਆਂ ਦੇ ਮੈਨੇਜਰ ਲਗਾਉਣ ਕਾਰਨ ਅਕਾਲੀਆਂ ਦੀ ਲੋਕਾਂ ਵਿਚ ਭਰੋਸੇਯੋਗਤਾ ਨੂੰ ਸੱਟ ਵੱਜੀ ਹੈ ਤੇ ਟਕਸਾਲੀ ਆਗੂਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ ਜਿਸ ਕਾਰਨ ਮਾਨਸਾ ਤੇ ਬਠਿੰਡਾ ਵਰਗੇ ਸ਼ਹਿਰੀ ਵੋਟਰਾਂ 'ਤੇ ਅਕਾਲੀ ਦਲ ਦੀ ਪਕੜ ਢਿੱਲੀ ਪੈ ਗਈ।

ਮੀਟਿੰਗਾਂ ਵਿਚ ਸੀਨੀਅਰ ਆਗੂਆਂ, ਮੁੱਖ ਸੰਸਦੀ ਸਕੱਤਰਾਂ, ਵਿਧਾਇਕਾਂ, ਹਲਕਾ ਇੰਚਾਰਜਾਂ, ਜ਼ਿਲ੍ਹਾ ਜਥੇਦਾਰਾਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਹਮਣੇ ਖੁਲਾਸਾ ਕੀਤਾ ਹੈ ਕਿ ਪੁਲਿਸ, ਮਾਲ ਤੇ ਬਿਜਲੀ ਵਿਭਾਗ ਦੇ ਭ੍ਰਿਸ਼ਟਾਚਾਰ ਕਾਰਨ ਸਰਕਾਰ ਦਾ ਲੋਕਾਂ ਵਿਚ ਅਕਸ ਵਿਗੜ ਰਿਹਾ ਹੈ। ਮੁਹਾਲੀ, ਸੰਗਰੂਰ, ਫਤਿਹਗੜ੍ਹ ਸਾਹਿਬ, ਨਵਾਂਸ਼ਹਿਰ ਤੇ ਹੋਰਨਾਂ ਕਈ ਜ਼ਿਲ੍ਹਿਆਂ ਦੇ



ਅਕਾਲੀਆਂ ਨੇ ਕਿਹਾ ਕਿ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਜਿਥੇ ਰੇਤ ਬੱਜਰੀ, ਪ੍ਰਾਪਰਟੀ ਟੈਕਸ, ਕਲੋਨੀਆਂ ਨਿਯਮਤ ਕਰਨ ਲਈ ਲਗਾਈ ਫੀਸ ਆਦਿ ਦੇ ਮੁੱਦੇ ਭਾਰੂ ਰਹੇ ਉਥੇ ਇਨ੍ਹਾਂ ਵਿਭਾਗਾਂ ਦੇ ਭ੍ਰਿਸ਼ਟਾਚਾਰ ਕਾਰਨ ਵੀ ਲੋਕਾਂ ਵਿਚ ਸਰਕਾਰ ਵਿਰੁੱਧ ਰੋਹ ਹੈ।

ਰੌਚਕ ਤੱਥ ਇਹ ਹੈ ਕਿ ਬਿਜਲੀ ਵਿਭਾਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇਖ ਰਹੇ ਹਨ। ਪੁਲਿਸ ਵਿਭਾਗ ਸੁਖਬੀਰ ਸਿੰਘ ਬਾਦਲ ਤੇ ਮਾਲ ਮਹਿਕਮੇ ਦੇ ਮੰਤਰੀ ਬਿਕਰਮ ਸਿੰਘ ਮਜੀਠੀਆ ਹਨ। ਇਹ ਮੀਟਿੰਗਾਂ ਪਾਰਟੀ ਆਗੂਆਂ ਤੋਂ ਲੋਕ ਸਭਾ ਚੋਣਾਂ ਵਿਚ ਹਾਰ ਦੇ ਕਾਰਨਾਂ ਦੀ ਸਮੀਖਿਆ ਲਈ ਬੁਲਾਈਆਂ ਗਈਆਂ ਸਨ। ਸੁਖਬੀਰ ਬਾਦਲ ਆਪਣੇ ਵਿਭਾਗਾਂ ਵਿਚ ਰਿਸ਼ਵਤਖੋਰੀ ਬਿਨਾਂ ਕੰਮ ਨਾ ਹੋਣ ਤੇ ਅਫਸਰਾਂ ਦੇ ਬੇਲਗਾਮ ਹੋਣ ਦੇ ਤੱਥ ਸੁਣਕੇ ਹੈਰਾਨ ਰਹਿ ਗਏ ਕਿਉਂਕਿ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਦਿਆਂ ਸ. ਬਾਦਲ ਨੇ ਇਨ੍ਹਾਂ ਵਿਭਾਗਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦਾ ਦਾਅਵਾ ਕੀਤਾ ਸੀ।

ਸੂਤਰਾਂ ਮੁਤਾਬਕ ਅਕਾਲੀ ਦਲ ਦੇ ਆਗੂਆਂ ਨੇ ਦੱਸਿਆ ਕਿ ਪੁਲਿਸ ਵਿਚ ਭ੍ਰਿਸ਼ਟਾਚਾਰ ਇਸ ਹੱਦ ਤੱਕ ਹੈ ਕਿ ਸਿਫਾਰਿਸ਼ਾਂ ਤੋਂ ਬਾਅਦ ਵੀ ਪੁਲਿਸ ਮੁਲਾਜ਼ਮ ਵੱਢੀ ਲਏ ਬਿਨਾਂ ਕਿਸੇ ਦਾ ਕੰਮ ਨਹੀਂ ਕਰਦੇ। ਅਕਾਲੀ ਆਗੂਆਂ ਨੇ ਪੁਲਿਸ ਮੁਲਾਜ਼ਮਾਂ ਦੀ ਅਮਰਵੇਲ ਵਾਂਗ ਵਧਦੀ ਜਾਇਦਾਦ 'ਤੇ ਵੀ ਸਵਾਲ ਖੜ੍ਹੇ ਕੀਤੇ। ਕਈ ਆਗੂਆਂ ਨੇ ਪੁਲਿਸ ਜ਼ਿਆਦਤੀਆਂ ਦੇ ਮੁੱਦੇ ਵੀ ਚੁੱਕੇ। ਮੀਟਿੰਗ ਵਿਚ ਸ਼ਾਮਲ ਆਗੂਆਂ ਨੇ ਦੱਸਿਆ ਕਿ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਹੀ ਸਵਾਲ ਪੁੱਛਿਆ ਕਿ ਸਰਕਾਰ ਵੱਲੋਂ ਵਿਕਾਸ ਕਾਰਜ ਕਰਨ ਦੇ ਬਾਵਜੂਦ ਲੋਕ ਹਾਕਮ ਪਾਰਟੀਆਂ ਵਿਰੁੱਧ ਕਿਉਂ ਭੁਗਤੇ। ਅਕਾਲੀ ਆਗੂਆਂ ਨੇ ਪਾਰਟੀ ਪ੍ਰਧਾਨ ਨੂੰ ਦੱਸਿਆ ਕਿ ਮਾਲ ਵਿਭਾਗ ਵਿਚ ਪਟਵਾਰੀ ਤੋਂ ਤਹਿਸੀਲਦਾਰ ਤੱਕ ਰਿਸ਼ਵਤਖੋਰੀ ਦਾ ਜੋ ਰੁਝਾਨ ਸੀ ਉਸ ਵਿਚ ਕੋਈ ਕਮੀ ਨਹੀਂ ਆਈ ਸਗੋਂ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵੀ ਵਧਿਆ ਹੈ। ਇਸੇ ਤਰ੍ਹਾਂ ਬਿਜਲੀ ਨਿਗਮ ਦਾ ਹਰ ਕਰਮਚਾਰੀ ਪੈਸੇ ਲੈ ਕੇ ਹੀ ਕੰਮ ਕਰਦਾ ਹੈ ਤਾਂ ਲੋਕ ਵੋਟਾਂ ਵੇਲੇ ਸਰਕਾਰ ਵਿਰੁੱਧ ਗੁੱਸਾ ਕੱਢਣ ਤੱਕ ਚਲੇ ਗਏ।

ਮੀਟਿੰਗ ਵਿਚ ਸ਼ਾਮਲ ਹੋਏ ਅਕਾਲੀ ਆਗੂਆਂ ਨੇ ਕਿਹਾ ਕਿ ਰੇਤ ਬਜਰੀ ਦੇ ਭਾਅ ਆਸਮਾਨੀ ਚੜ੍ਹਨ ਤੇ ਕਿੱਲਤ ਕਾਰਨ ਸਰਕਾਰ ਪ੍ਰਤੀ ਲੋਕਾਂ ਵਿਚ ਬਹੁਤ ਜਿਆਦਾ ਨਾਰਾਜ਼ਗੀ ਹੈ। ਵਿਭਾਗਾਂ ਵਿਚ ਭ੍ਰਿਸ਼ਟਾਚਾਰ ਦੇ ਤੱਥਾਂ ਨੂੰ ਉਪ ਮੁੱਖ ਮੰਤਰੀ ਸਿਰਫ਼ ਲਿਖਦੇ ਹੀ ਰਹੇ ਤੇ ਕੋਈ ਟਿੱਪਣੀ ਨਹੀਂ ਕੀਤੀ। ਉਹ ਸ਼ਾਇਦ ਇਸ ਕਰਕੇ ਕਿਉਂਕਿ ਵਿਭਾਗ ਤਾਂ ਬਾਦਲ ਪਰਿਵਾਰ ਹੀ ਦੇਖ ਰਿਹਾ ਹੈ। ਅਕਾਲੀ ਆਗੂਆਂ ਵੱਲੋਂ ਸਾਹਮਣੇ ਲਿਆਂਦੇ ਤੱਥਾਂ ਤੋਂ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਉਪ ਮੁੱਖ ਮੰਤਰੀ ਦੀ ਪ੍ਰਸ਼ਾਸਕੀ ਸੁਧਾਰਾਂ ਦੀ ਗੱਡੀ ਅਜੇ ਤਾਈਂ ਲੀਹ ਉਤੇ ਨਹੀਂ ਚੜ੍ਹੀ। ਇਸੇ ਤਰ੍ਹਾਂ ਸੇਵਾ ਦਾ ਅਧਿਕਾਰ ਕਾਨੂੰਨ ਤੇ ਕਮਿਸ਼ਨ ਵੀ ਬਹੁਤੇ ਕਾਰਗਰ ਸਾਬਤ ਨਹੀਂ ਹੋ ਰਹੇ। ਸੂਤਰਾਂ ਮੁਤਾਬਕ ਇਸ ਮੀਟਿੰਗ ਦੌਰਾਨ ਹਲਕਾ ਇੰਚਾਰਜਾਂ ਤੇ ਵਿਧਾਇਕਾਂ ਨੂੰ ਸ. ਬਾਦਲ ਵੱਲੋਂ ਇਹ ਵੀ ਇਸ਼ਾਰਾ ਕਰ ਦਿੱਤਾ ਗਿਆ ਹੈ ਕਿ ਅਫਸਰਾਂ ਦੀਆਂ ਤਾਇਨਾਤੀਆਂ ਤੇ ਨਿਯੁਕਤੀਆਂ ਵਿਚ ਕੋਈ ਸਿਫਾਰਿਸ਼ ਨਾ ਕੀਤੀ ਜਾਵੇ।

### ਹੁਣ ਵੱਡੀਆਂ ਤਬਦੀਲੀਆਂ ਹੋਣਗੀਆਂ: ਸੁਖਬੀਰ

ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਪਾਰਟੀ ਆਗੂਆਂ ਤੋਂ ਮਿਲੀ ਫੀਡ ਬੈਕ ਦੇ ਆਧਾਰ 'ਤੇ ਭਵਿੱਖ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਮੀਟਿੰਗਾਂ ਦੌਰਾਨ ਕਈ ਅਜਿਹੇ ਤੱਥ ਸਾਹਮਣੇ ਆਏ ਹਨ ਜਿਨ੍ਹਾਂ ਬਾਰੇ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਬਾਦਲ ਨੇ ਐਲਾਨ ਕੀਤਾ ਹੈ ਕਿ ਉਹ ਹਰ ਬੁੱਧਵਾਰ ਨੂੰ ਪਾਰਟੀ ਦਫਤਰ ਵਿਚ ਬੈਠ ਕੇ ਵਰਕਰਾਂ ਦੀਆਂ ਸ਼ਿਕਾਇਤਾਂ ਸੁਣਨਗੇ। ਉਨ੍ਹਾਂ ਪੁਲਿਸ, ਮਾਲ, ਬਿਜਲੀ ਤੇ ਹੋਰਨਾਂ ਵਿਭਾਗਾਂ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਮੁਹਿੰਮ ਚਲਾਉਣ ਦਾ ਫ਼ੈਸਲਾ ਵੀ ਕੀਤਾ। ਅਕਾਲੀ ਦਲ ਦੇ ਪ੍ਰਧਾਨ ਨੇ ਮੰਤਰੀਆਂ ਨੂੰ ਹਰ ਮਹੀਨੇ ਜ਼ਿਲ੍ਹਾ ਪੱਧਰ 'ਤੇ ਬੈਠਣ ਦੀ ਹਦਾਇਤ ਵੀ ਦਿੱਤੀ। ਮੀਟਿੰਗਾਂ ਦੌਰਾਨ ਅਕਾਲੀ ਆਗੂਆਂ ਨੇ ਭ੍ਰਿਸ਼ਟਾਚਾਰ ਤੇ ਪਾਰਟੀ ਦੇ ਸੀਨੀਅਰ ਆਗੂਆਂ ਨੇ ਵਰਕਰਾਂ ਤੋਂ ਦੂਰ ਹੋਣ ਦੀ ਗੱਲ ਕੀਤੀ। ਸੁਖਬੀਰ ਸਿੰਘ ਬਾਦਲ ਵੱਲੋਂ ਫੀਡ ਬੈਕ ਮੀਟਿੰਗਾਂ ਖ਼ਤਮ ਕਰਨ ਤੋਂ ਬਾਅਦ ਪਾਰਟੀ ਸੰਗਠਨ ਦੀਆਂ ਨਿਯੁਕਤੀਆਂ ਕੀਤੀਆਂ ਜਾਣਗੀਆਂ। ਪਾਰਟੀ ਪ੍ਰਧਾਨ ਦੀ ਚੋਣ ਤਾਂ ਪਿਛਲੇ ਸਾਲ ਹੋਏ ਜਨਰਲ ਇਜਲਾਸ ਦੌਰਾਨ ਹੋ ਗਈ ਸੀ ਪਰ ਬਾਕੀ ਨਿਯੁਕਤੀਆਂ ਨਹੀਂ ਸਨ ਕੀਤੀਆਂ ਗਈਆਂ। ਪਾਰਟੀ ਨੇ ਐਸ.ਓ.ਆਈ. ਵਿੰਗ ਪਹਿਲਾਂ ਹੀ ਭੰਗ ਕਰ ਦਿੱਤੇ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਯੂਥ ਅਕਾਲੀ ਦਲ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲੱਗੇ ਹਨ। ਯੂਥ ਵਿੰਗ ਵਿਚ ਵੀ ਤਬਦੀਲੀਆਂ ਸੰਭਵ ਮੰਨੀਆਂ ਜਾ ਰਹੀਆਂ ਹਨ। ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਹਨ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਪਾਰਟੀ ਦੀਆਂ ਮੀਟਿੰਗਾਂ ਦੌਰਾਨ ਯੂਥ ਅਕਾਲੀ ਦਲ ਦੇ ਪ੍ਰਧਾਨ ਹਾਜ਼ਰ ਨਹੀਂ ਹੋਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜੋ ਪਾਰਟੀ ਦੇ ਸਰਪ੍ਰਸਤ ਹਨ, ਵੀ ਮੀਟਿੰਗਾਂ 'ਚ ਸ਼ਾਮਲ ਨਹੀਂ ਹੋਏ। ਇਸ ਤੋਂ ਇਹ ਵੀ ਸਪਸ਼ਟ ਹੈ ਕਿ ਪਾਰਟੀ ਦਾ ਪੂਰਾ ਕੰਮ ਸ. ਬਾਦਲ ਨੇ ਆਪਣੇ ਪੁੱਤਰ 'ਤੇ ਹੀ ਛੱਡ ਦਿੱਤਾ ਹੈ।

# ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਵੀ ਚੋਣਾਂ ਬਾਰੇ ਮੰਥਨ ਜਾਰੀ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਹੁਕਮਰਾਨ ਗੱਠਜੋੜ ਦੇ ਮਾੜੇ ਪ੍ਰਦਰਸ਼ਨ ਲਈ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕੀਤੇ ਜਾ ਰਹੇ ਹਨ। ਪਾਰਟੀ ਵੱਲੋਂ ਹਾਰ ਦੇ ਕਾਰਨਾਂ ਦੀ ਜਾਂਚ ਲਈ ਸੀਨੀਅਰ ਆਗੂ ਬਲਰਾਮਜੀ ਦਾਸ ਟੰਡਨ ਦੀ ਅਗਵਾਈ ਹੇਠ ਗਠਿਤ ਕਮੇਟੀ ਦੀ ਪਲੇਠੀ ਮੀਟਿੰਗ ਦੌਰਾਨ ਭਾਜਪਾ ਆਗੂਆਂ ਨੇ ਅਕਾਲੀ ਦਲ ਵੱਲੋਂ ਘੱਟ ਸੀਟਾਂ ਜਿੱਤਣ ਲਈ ਵਿਭਾਗਾਂ ਦੇ ਭ੍ਰਿਸ਼ਟਾਚਾਰ, ਕਾਨੂੰਨ ਵਿਵਸਥਾ ਦੀ ਨਿੱਘਰੀ ਹਾਲਤ, ਨਸ਼ਿਆਂ ਦੀ ਸਮਗਲਿੰਗ, ਰੇਤ ਬਜਰੀ ਦੀ ਕਾਲਾ ਬਾਜ਼ਾਰੀ ਤੇ ਪ੍ਰਾਪਰਟੀ ਟੈਕਸ ਆਦਿ ਨੂੰ ਮੁੱਖ ਕਾਰਨ ਦੱਸਿਆ ਹੈ। ਭਾਜਪਾ ਮੁਤਾਬਕ ਮੁੱਖ ਮੁੱਦੇ ਸਨ, ਜਿਨ੍ਹਾਂ ਕਾਰਨ ਪੰਜਾਬ ਦੇ ਲੋਕਾਂ ਵਿਚ ਹਾਕਮ ਪਾਰਟੀਆਂ ਵਿਰੁੱਧ ਰੋਸ ਸੀ। ਸੂਤਰਾਂ ਮੁਤਾਬਕ ਭਾਜਪਾ ਦੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਪਾਰਟੀ ਨਾਲ ਸਬੰਧਤ ਮੰਤਰੀ ਕੈਬਨਿਟ ਮੀਟਿੰਗਾਂ ਦੌਰਾਨ ਲੋਕ ਮੁੱਦਿਆਂ 'ਤੇ ਆਪਣੀ ਰਾਇ ਪੇਸ਼ ਕਰਨ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਹਰ ਮੁੱਦੇ 'ਤੇ ਹਾਂ ਵਿਚ ਹਾਂ ਨਾ ਮਿਲਾਉਣ। ਮੀਟਿੰਗ ਦੌਰਾਨ ਇਹ ਗੱਲ ਕਬੂਲੀ ਗਈ ਕਿ ਭ੍ਰਿਸ਼ਟ ਤੰਤਰ ਅਕਾਲੀ ਮੰਤਰੀਆਂ ਦੇ ਵਿਭਾਗਾਂ ਵਿਚ ਹੀ ਨਹੀਂ ਸਗੋਂ ਭਾਜਪਾ ਨਾਲ ਸਬੰਧਤ ਮੰਤਰੀਆਂ ਦੇ ਵਿਭਾਗਾਂ ਵਿਚ ਵੀ ਹੈ। ਭਾਜਪਾ ਆਗੂਆਂ ਨੇ ਇਹ ਚਰਚਾ ਕੀਤੀ ਕਿ ਪੂਰੇ ਦੇਸ਼ ਵਿਚ ਮੋਦੀ ਲਹਿਰ ਕਾਰਨ ਭਾਜਪਾ ਤੇ ਸਹਿਯੋਗੀ ਪਾਰਟੀਆਂ ਨੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਪਰ ਪੰਜਾਬ ਹੀ ਇਕ ਅਜਿਹਾ ਸੂਬਾ ਰਿਹਾ ਜਿਥੇ ਕਾਂਗਰਸ ਨੇ ਨਾ ਸਿਰਫ ਪਾਰਟੀ ਦੇ ਕੱਦਾਵਰ ਨੇਤਾ ਅਰੁਣ ਜੇਤਲੀ ਨੂੰ ਹਰਾਇਆ ਸਗੋਂ ਆਮ ਆਦਮੀ ਪਾਰਟੀ (ਆਪ) ਨੇ ਵੀ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਅਜਿਹਾ ਸੂਬਾ ਸਰਕਾਰ ਖਿਲਾਫ਼ ਰੋਸੇ ਕਾਰਨ ਹੀ ਹੋਇਆ। ਇਸ ਲਈ ਸਰਕਾਰ ਦਾ ਅਕਸ ਸੁਧਾਰਨ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਲੋਕ ਮਸਲਿਆਂ ਖਾਸ ਕਰ ਭ੍ਰਿਸ਼ਟਾਚਾਰ, ਰੇਤ ਬਜਰੀ ਦੀ ਸਪਲਾਈ, ਨਸ਼ਿਆਂ ਦੀ ਸਮਗਲਿੰਗ ਆਦਿ ਦਾ ਢੁਕਵਾਂ ਹੱਲ ਹੋਣਾ ਚਾਹੀਦਾ ਹੈ। ਇਸ ਮੀਟਿੰਗ ਦੌਰਾਨ ਪਾਰਟੀ ਦੇ ਸੂਬਾਈ ਅਹੁਦੇਦਾਰਾਂ ਦੀ ਕਾਰਗੁਜ਼ਾਰੀ ਉਤੇ ਵੀ ਚਰਚਾ ਕੀਤੀ ਗਈ। ਪਾਰਟੀ ਦਾ ਮੰਨਣਾ ਹੈ ਕਿ ਭਾਜਪਾ ਦੀ ਸੂਬਾਈ ਲੀਡਰਸ਼ਿਪ ਲੋਕਾਂ 'ਤੇ ਪ੍ਰਭਾਵ ਨਹੀਂ ਛੱਡ ਸਕੀ। ਸੂਬਾਈ ਲੀਡਰਸ਼ਿਪ ਦੇ ਘਟੇ ਪ੍ਰਭਾਵ ਕਾਰਨ ਹੀ ਪਾਰਟੀ ਅੰਮ੍ਰਿਤਸਰ ਹਲਕੇ ਤੋਂ ਹਾਰ ਗਈ। ਮੀਟਿੰਗ ਦੌਰਾਨ ਅੰਮ੍ਰਿਤਸਰ ਤੋਂ ਸਾਬਕਾ ਸੰਸਦ ਮੈਂਬਰ ਨਵਜੋਤ ਸਿੱਧੂ ਸਿੰਘ ਤੇ ਉਨ੍ਹਾਂ ਦੀ ਮੁੱਖ ਸੰਸਦੀ ਸਕੱਤਰ ਪਤਨੀ ਡਾ. ਨਵਜੋਤ ਕੌਰ ਦੀਆਂ ਟਿੱਪਣੀਆਂ ਤੇ ਦੋਵਾਂ ਦੀ ਕਾਰਗੁਜ਼ਾਰੀ 'ਤੇ ਵੀ ਵਿਚਾਰ ਕੀਤਾ ਗਿਆ। ਕੁੱਲ ਮਿਲਾ ਕੇ ਮੀਟਿੰਗ ਨੇ ਹਾਰ ਦਾ ਭਾਂਡਾ ਸੂਬਾ ਸਰਕਾਰ ਸਿਰ ਭੰਨਿਆ। ਭਾਜਪਾ ਦੀ ਸੂਬਾਈ ਕੋਰ ਕਮੇਟੀ ਦੀ ਨਵੀਂ ਦਿੱਲੀ ਵਿਚ 27 ਮਈ ਨੂੰ ਹੋਈ ਮੀਟਿੰਗ ਦੌਰਾਨ ਸ੍ਰੀ ਟੰਡਨ ਦੀ ਅਗਵਾਈ ਹੇਠ ਇਸ ਕਮੇਟੀ ਦਾ ਗਠਨ ਕੀਤਾ ਗਿਆ ਸੀ। ਸ੍ਰੀ ਸ਼ਾਂਤਾ ਕੁਮਾਰ ਨੇ ਉਸ ਮੀਟਿੰਗ ਦੀ ਪ੍ਰਧਾਨਗੀ ਕੀਤੀ ਸੀ।

# ਅਦਾਲਤ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਰਾਹਤ, ਜ਼ਾਤੀ ਪੇਸ਼ੀ ਤੋਂ ਛੋਟ



ਪਹਿਲਾਂ ਪੁਰਾਣੇ ਕੇਸ ਬਾਰੇ 8 ਅਗਸਤ ਨੂੰ ਜ਼ਾਤੀ ਤੌਰ 'ਤੇ ਪੇਸ਼ ਹੋਣ ਦੇ ਹੋਏ ਸਨ ਹੁਕਮ

ਹੁਣ ਅਗਲੀ ਸੁਣਵਾਈ 31 ਜੁਲਾਈ ਨੂੰ ਹੋਵੇਗੀ

**ਬਠਿੰਡਾ:** ਫਿਲਹਾਲ ਡੇਰਾ ਮੁਖੀ ਨੂੰ ਬਠਿੰਡਾ ਅਦਾਲਤ ਵਿਚ ਜ਼ਾਤੀ ਤੌਰ 'ਤੇ ਪੇਸ਼ ਨਹੀਂ ਹੋਣਾ ਪਵੇਗਾ। ਜ਼ਿਲ੍ਹਾ ਅਦਾਲਤ ਨੇ ਅਪਰੇਸ਼ਨ ਸਟੇਅ ਕਰ ਦਿੱਤਾ ਹੈ, ਜਿਸ ਕਰਕੇ ਰਿਵੀਜ਼ਨ ਪਟੀਸ਼ਨ ਦਾ ਫੈਸਲਾ ਹੋਣ ਤੱਕ ਡੇਰਾ ਮੁਖੀ ਨੂੰ ਅਦਾਲਤ ਵਿਚ ਜ਼ਾਤੀ ਤੌਰ 'ਤੇ ਪੇਸ਼ ਨਹੀਂ ਹੋਣਾ ਪਵੇਗਾ। ਦੱਸਣਯੋਗ ਹੈ ਕਿ ਚੀਫ ਜੁਡੀਸ਼ਲ ਮੈਜਿਸਟਰੇਟ ਬਠਿੰਡਾ ਨੇ 21 ਮਈ ਨੂੰ ਡੇਰਾ ਮੁਖੀ ਨੂੰ ਧਾਰਾ 295-ਏ ਤਹਿਤ ਦਰਜ ਹੋਏ ਪੁਰਾਣੇ ਕੇਸ ਬਾਰੇ ਅੱਠ ਅਗਸਤ ਨੂੰ ਜ਼ਾਤੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਸਨ।

ਚੀਫ ਜੁਡੀਸ਼ਲ ਮੈਜਿਸਟਰੇਟ ਦੇ ਡੇਰਾ ਮੁਖੀ ਨੂੰ ਸੰਮਨ ਕਰਨ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਸਤੇ ਡੇਰਾ ਸਿਰਸਾ ਵੱਲੋਂ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਵਿਚ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ ਗਈ ਸੀ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਅਪਰੇਸ਼ਨ ਸਟੇਅ ਕਰਕੇ ਅਗਲੀ ਤਰੀਕ 31 ਜੁਲਾਈ ਪਾ ਦਿੱਤੀ ਹੈ। ਡੇਰੇ ਦੇ ਵਕੀਲਾਂ ਦਾ ਕਹਿਣਾ ਸੀ ਕਿ ਪੰਜਾਬ ਪੁਲਿਸ ਨਿਸ਼ਚਿਤ ਸਮੇਂ ਦੇ ਅੰਦਰ ਇਸ ਕੇਸ ਵਿਚ ਚਲਾਨ ਪੇਸ਼ ਨਹੀਂ ਕਰ ਸਕੀ ਹੈ ਤੇ ਹਾਈ ਕੋਰਟ ਨੇ ਵੀ ਜ਼ਿਲ੍ਹਾ ਅਦਾਲਤ ਨੂੰ ਇਸ ਮਾਮਲੇ ਦਾ ਫੈਸਲਾ ਕਰਨ ਦੇ ਆਦੇਸ਼ ਜਾਰੀ ਕੀਤੇ ਸਨ। ਵਕੀਲਾਂ ਨੇ ਅਦਾਲਤ ਵਿਚ ਆਖਿਆ ਕਿ ਇਹ ਮਾਮਲਾ ਅਤਿ ਸੰਵੇਦਨਸ਼ੀਲ ਹੈ, ਜਿਸ ਕਰਕੇ ਪੰਜਾਬ ਸਰਕਾਰ ਦੀ ਪ੍ਰਵਾਨਗੀ ਵੀ ਲਈ ਜਾਣੀ ਬਣਦੀ ਸੀ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਹੁਣ ਸਟੇਟ ਤੇ ਮੁਦਈ ਧਿਰ ਨੂੰ ਨੋਟਿਸ ਜਾਰੀ ਹੋਵੇਗਾ। ਜ਼ਿਲ੍ਹਾ ਅਟਾਰਨੀ ਇਕਬਾਲਜੀਤ ਸਿੰਘ ਕਿੰਗਰਾ ਨੇ ਕਿਹਾ ਕਿ ਅਦਾਲਤ ਨੇ ਅਪਰੇਸ਼ਨ ਸਟੇਅ ਕਰ ਦਿੱਤਾ ਹੈ, ਜਿਸ ਕਰਕੇ ਰਿਵੀਜ਼ਨ ਪਟੀਸ਼ਨ ਦੇ ਫੈਸਲੇ ਤੱਕ ਡੇਰਾ ਮੁਖੀ ਨੂੰ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋਣਾ ਪਵੇਗਾ।

# ਲਿਬਰੇਸ਼ਨ ਨੇ ਕੈਪਟਨ ਦੇ ਬਿਆਨ ਦਾ ਲਿਆ ਸਖਤ ਨੋਟਿਸ

**ਮਾਨਸਾ:** ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਨੇ ਕੈਪਟਨ ਅਮਰਿੰਦਰ ਸਿੰਘ ਦੇ ਉਸ ਬਿਆਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਕਿ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਦੋ ਜੇਤੂ ਸੰਸਦ ਮੈਂਬਰ ਬੀਤੇ ਵਿਚ ਇਸ ਨਕਸਲੀ ਪਾਰਟੀ ਨਾਲ ਜੁੜੇ ਰਹੇ ਹਨ।

ਇਥੇ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਸੂਬਾ ਹੈੱਡਕੁਆਰਟਰ ਬਾਬਾ ਬੂਝਾ ਸਿੰਘ ਭਵਨ ਤੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਕਿਸੇ ਆਗੂ ਦਾ ਪਿਛੋਕੜ ਜੇਕਰ ਕਾਂਗਰਸ ਜਾਂ ਭਾਜਪਾ ਜਿਹੀ ਭ੍ਰਿਸ਼ਟ ਤੇ ਫਿਰਕੂ ਪਾਰਟੀ ਨਾਲ ਜੁੜਦਾ ਹੋਵੇ ਤਾਂ ਉਸ ਨੂੰ ਮਿਹਣਾ ਦਿੱਤਾ ਜਾ ਸਕਦਾ ਹੈ, ਪਰ ਕਿਸੇ ਆਗੂ ਦਾ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਜਿਹੀ ਇਨਕਲਾਬੀ ਤੇ ਲੋਕ ਹਿਤੂ ਪਾਰਟੀ ਨਾਲ ਜੁੜੇ ਹੋਣਾ ਤਾਂ ਇਲਜ਼ਾਮ ਦੀ ਬਜਾਏ ਉਲਟਾ ਸਨਮਾਨ ਵਾਲੀ ਗੱਲ ਹੀ ਹੈ।

ਪਾਰਟੀ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਜਾਂ ਬਾਦਲ ਪਰਿਵਾਰ ਦੇ ਅੰਗਰੇਜ਼ ਸਰਕਾਰਪ੍ਰਸਤ ਤੇ ਜਾਗੀਰੂ ਪਿਛੋਕੜ ਤੋਂ ਐਨ ਉਲਟ ਆਪਣੇ ਹੋਂਦ ਵਿਚ ਆਉਣ ਤੋਂ ਲੈ ਕੇ ਅੱਜ ਤੱਕ ਬੀਤੇ 45 ਸਾਲਾਂ ਦਾ ਸੀ.ਪੀ.ਆਈ. (ਐਮ.ਐਲ.) ਦਾ ਭਾਰਤ ਦੇ ਦੱਬੇ ਕੁਚਲੇ ਲੋਕਾਂ-ਮਜ਼ਦੂਰਾਂ ਕਿਸਾਨਾਂ ਦਲਿਤਾਂ ਆਦਿਵਾਸੀਆਂ, ਔਰਤਾਂ ਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਤੇ ਇਨਕਲਾਬੀ ਸਮਾਜਿਕ ਤਬਦੀਲੀ ਲਈ ਨਿਰੰਤਰ ਸੰਘਰਸ਼ ਕਰਨ ਦਾ ਕੁਰਬਾਨੀਆਂ ਭਰਿਆ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਪੱਧਰ ਦੀ ਸਰਗਰਮ ਸਿਆਸੀ ਪਾਰਟੀ ਹੈ ਤੇ ਇਸ ਦੀ ਇਹ ਜੱਦੋਜਹਿਦ ਅੱਜ ਵੀ ਜਾਰੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਆਮ ਆਦਮੀ ਪਾਰਟੀ ਦੇ ਸਬੰਧਤ ਸੰਸਦ ਮੈਂਬਰਾਂ ਨੂੰ ਤਾਂ ਇਸ ਬਾਰੇ ਆਪਣੀ ਸਥਿਤੀ ਖੁਦ ਸਪਸ਼ਟ ਕਰਨੀ ਚਾਹੀਦੀ ਹੈ, ਪਰ ਸੀ.ਪੀ. ਆਈ. (ਐਮ. ਐਲ.) ਲਿਬਰੇਸ਼ਨ, ਕਾਂਗਰਸ ਪਾਰਟੀ ਦੇ ਆਗੂ ਅਮਰਿੰਦਰ ਸਿੰਘ ਨੂੰ ਕਦਾਚਿਤ ਇਹ ਇਜਾਜ਼ਤ ਨਹੀਂ ਦੇਵੇਗੀ ਕਿ ਉਹ ਦੇਸ਼ ਦੀ ਇਨਕਲਾਬੀ ਲਹਿਰ ਤੇ ਪਾਰਟੀ ਨੂੰ ਬੇਵਜ੍ਹਾ ਬਦਨਾਮ ਕਰੇ।

# ਕੈਪਟਨ ਅਮਰਿੰਦਰ ਸਿੰਘ ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਅੰਮ੍ਰਿਤਸਰ ਸੀਟ ਤੋਂ ਭਾਜਪਾ ਦੇ ਅਰੁਣ ਜੇਤਲੀ ਨੂੰ ਹਰਾਉਣ ਵਾਲੇ ਅਮਰਿੰਦਰ ਸਿੰਘ ਨੂੰ ਲੋਕ ਸਭਾ ਵਿਚ ਕਾਂਗਰਸ ਦਾ ਡਿਪਟੀ ਲੀਡਰ ਬਣਾਇਆ ਗਿਆ ਹੈ ਤੇ ਨੌਜਵਾਨ ਆਗੂ ਜਯੋਤੀਰਾਦਿੱਤਿਆ ਸਿੰਧੀਆ ਨੂੰ ਪਾਰਟੀ ਦਾ ਮੁੱਖ ਵ੍ਹਿੱਪ ਲਾਇਆ ਗਿਆ ਹੈ। ਕਾਂਗਰਸ ਵੱਲੋਂ ਸਿੰਧੀਆ ਨੂੰ ਮੁੱਖ ਵ੍ਹਿੱਪ ਲਾ ਕੇ ਇਹ ਸੁਨੇਹਾ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਪਾਰਟੀ ਨੌਜਵਾਨ ਤੇ ਬੋਲ ਸਕਣ ਵਾਲੇ



ਆਗੂਆਂ ਨੂੰ ਵੀ ਅੱਗੇ ਲਿਆ ਰਹੀ ਹੈ ਕਿਉਂਕਿ ਖੜਗੇ ਤੇ ਕੈਪਟਨ ਅਮਰਿੰਦਰ ਸਿੰਘ ਦੋਵੇਂ ਵੱਡੀ ਉਮਰ ਦੇ ਆਗੂ ਹਨ। ਸਿੰਧੀਆ ਨੂੰ ਰਾਹੁਲ ਗਾਂਧੀ ਦੇ ਨੇੜੇ ਸਮਝਿਆ ਜਾਂਦਾ ਹੈ ਤੇ ਪਿਛਲੇ ਸਾਲ ਮੱਧ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਨੂੰ ਚੋਣ ਮੁਹਿੰਮ ਕਮੇਟੀ ਦਾ ਮੁਖੀ ਲਾਇਆ ਗਿਆ ਸੀ। ਮੱਧ ਪ੍ਰਦੇਸ਼ ਤੋਂ ਦੂਜੇ ਸੰਸਦ ਮੈਂਬਰ ਕਮਲ ਨਾਥ ਹਨ। ਹਰਿਆਣਾ ਦੇ ਇਕੋ-ਇਕ ਸੰਸਦ ਮੈਂਬਰ ਦੀਪਿੰਦਰ ਹੁੱਡਾ ਨੂੰ ਵ੍ਹਿੱਪ ਲਾਇਆ ਗਿਆ ਹੈ।

ਇਸੇ ਦੌਰਾਨ ਕਾਂਗਰਸ ਨੇ ਪਾਰਟੀ ਦੇ ਤਰਜਮਾਨ ਸ਼ਸ਼ੀ ਥਰੂਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖੁੱਲ੍ਹ ਕੇ ਕੀਤੀ ਪ੍ਰਸ਼ੰਸਾ ਦੇ ਬਿਆਨ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ। ਕਾਂਗਰਸ ਤਰਜਮਾਨ ਸ਼ੋਭਾ ਓਜ਼ਾ ਨੇ ਕਿਹਾ ਕਿ ਸ਼ਸ਼ੀ ਥਰੂਰ ਵੱਲੋਂ ਮੋਦੀ ਤੇ ਸਰਕਾਰ ਬਾਰੇ ਜੋ ਵਿਚਾਰ ਪੇਸ਼ ਕੀਤੇ ਗਏ ਹਨ, ਉਹ ਉਨ੍ਹਾਂ ਦੇ ਨਿੱਜੀ ਹਨ। ਪਾਰਟੀ ਵਜੋਂ ਇੰਨੀ ਛੇਤੀ ਰਾਏ ਨਹੀਂ ਦਿੱਤੀ ਜਾ ਸਕਦੀ। ਉਂਜ ਸ਼ੋਭਾ ਓਜ਼ਾ ਨੇ ਥਰੂਰ ਵਿਰੁੱਧ ਸੰਭਾਵੀ ਕਾਰਵਾਈ ਬਾਰੇ ਪੁੱਛੇ ਗਏ ਸਾਰੇ ਸੁਆਲ ਟਾਲ ਦਿੱਤੇ।

# ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਨਹੀਂ ਬਣਨ ਦਿਆਂਗੇ: ਬਾਦਲ

**ਬਠਿੰਡਾ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗੁਆਂਢੀ ਸੂਬੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਏ ਜਾਣ ਦੇ ਦਿੱਤੇ ਗਏ ਬਿਆਨ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਮਾਹੌਲ ਖ਼ਰਾਬ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਕਿਸੇ ਵੀ ਸੂਰਤ ਵਿਚ ਨਹੀਂ ਬਣਾਈ ਜਾਣੀ ਚਾਹੀਦੀ ਹੈ।



ਮੁੱਖ ਮੰਤਰੀ ਨੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਸੰਗਤ ਦਰਸ਼ਨ ਪ੍ਰੋਗਰਾਮ ਮੌਕੇ ਕਿਹਾ ਕਿ ਸਿੱਖ ਕੌਮ ਤੇ ਅਕਾਲੀ ਦਲ ਵੱਲੋਂ ਅੰਗਰੇਜ਼ ਸਰਕਾਰ ਵਿਰੁੱਧ ਲਹੂ ਵਿਹਾਉਣੇ ਸੰਘਰਸ਼ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ।

ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾਂ ਹੀ ਸਿੱਖ ਵਿਰੋਧੀ ਮਸਲੇ ਉਠਾ ਕੇ ਸਿੱਖਾਂ ਵਿਚ ਬੇਚੈਨੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੁਣ ਹਰਿਆਣਾ ਸਰਕਾਰ ਵੱਲੋਂ ਮਾਹੌਲ ਨੂੰ ਖ਼ਰਾਬ ਕਰਨ ਲਈ ਇਹ ਨਵੀਂ ਕੋਝੀ ਹਰਕਤ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਹੁੱਡਾ ਹਰਿਆਣਾ ਵਿਧਾਨ ਸਭਾ ਦੀਆਂ ਆਉਂਦੀਆਂ ਚੋਣਾਂ ਵਿਚ ਲਾਹਾ ਲੈਣ ਲਈ ਲੋਕਾਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕਾਂਗਰਸ ਦੇ ਸੰਸਦ ਮੈਂਬਰ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਅਕਾਲ ਤਖ਼ਤ ਵਿਖੇ ਵਾਪਰੀ ਹਿੰਸਕ ਘਟਨਾ ਦਾ ਦੋਸ਼ ਅਕਾਲੀ ਦਲ 'ਤੇ ਲਾਉਣ ਦੀ ਨਿਖੇਧੀ ਕਰਦਿਆਂ ਸ. ਬਾਦਲ ਨੇ ਕਿਹਾ ਕਿ ਕੈਪਟਨ ਹਮੇਸ਼ਾਂ ਹੀ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ ਤੇ ਝੂਠ ਬੋਲਣਾ ਉਨ੍ਹਾਂ ਦੀ ਸਭ ਤੋਂ ਵੱਡੀ ਕਲਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸਖ਼ਤ ਜੱਦੋਜਹਿਦ ਨਾਲ ਹਾਸਲ ਕੀਤੀ ਗਈ ਸ਼ਾਂਤੀ ਨੂੰ ਭੰਗ ਕਰਨ ਦੀ ਕਿਸੇ ਨੂੰ ਵੀ ਆਗਿਆ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਸੂਬੇ ਦੀ ਤਰੱਕੀ ਹੀ ਸਰਕਾਰ ਦਾ ਇਕੋ-ਇੱਕ ਏਜੰਡਾ ਹੈ ਤੇ ਉਹ ਸੂਬੇ ਦੇ ਵਿਕਾਸ ਲਈ ਹੋਰ ਲੋੜੀਂਦੇ ਅਹਿਮ ਪ੍ਰਾਜੈਕਟਾਂ ਨੂੰ ਮਨਜ਼ੂਰ ਕਰਵਾਉਣ ਤੇ ਸੂਬੇ ਦੀਆਂ ਹੱਕੀ ਮੰਗਾਂ ਬਾਰੇ ਛੇਤੀ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ। ਉਨ੍ਹਾਂ ਨੇ ਵੱਖ-ਵੱਖ ਮਹਿਕਮਿਆਂ ਨੂੰ ਆਪਣੇ ਵਿਕਾਸ ਪ੍ਰਾਜੈਕਟਾਂ ਦੀ ਰੂਪ ਰੇਖਾ ਤਿਆਰ ਕਰਨ ਲਈ ਨਿਰਦੇਸ਼ ਦੇ ਦਿੱਤੇ ਹਨ ਤੇ ਛੇਤੀ ਹੀ ਇਨ੍ਹਾਂ ਪ੍ਰਾਜੈਕਟਾਂ ਦੇ ਖਰੜਿਆਂ ਸਮੇਤ ਉਹ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਗੇ ਤੇ ਉਨ੍ਹਾ ਨੂੰ ਵਿਕਾਸ ਪ੍ਰਾਜੈਕਟ ਮਨਜ਼ੂਰ ਕਰਵਾਉਣ ਲਈ ਅਪੀਲ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲਗਾਤਾਰ ਪੰਜਾਬ ਨੂੰ ਅਣਗੌਲਿਆ ਕਰਨ ਕਰਕੇ ਇਥੋਂ ਦੇ ਵਿਕਾਸ ਕਾਰਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਹੁਣ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ ਸਰਕਾਰ ਬਣਨ ਨਾਲ ਪੰਜਾਬ ਦੇ ਚੰਗੇ ਭਵਿੱਖ ਦੀ ਉਮੀਦ ਬੱਝੀ ਹੈ।

# ਨਾਇਡੂ ਬਣੇ ਨਵੇਂ ਆਂਧਰਾ ਪ੍ਰਦੇਸ਼ ਦੇ ਪਹਿਲੇ ਮੁੱਖ ਮੰਤਰੀ

**ਵਿਜੈਵਾੜਾ:** ਚੰਦਰਬਾਬੂ ਨਾਇਡੂ ਨੇ ਨਵੇਂ ਆਂਧਰਾ ਪ੍ਰਦੇਸ਼ ਦੇ ਪਹਿਲੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਹੈ। ਉਂਜ ਉਹ ਇਕ ਸਤੰਬਰ, 1995 ਤੋਂ 13 ਮਈ, 2004 ਤੱਕ ਆਂਧਰਾ ਪ੍ਰਦੇਸ਼ (ਤੇਲੰਗਾਨਾ ਸਮੇਤ) ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਕਈ ਸੂਬਿਆਂ ਦੇ ਮੁੱਖ ਮੰਤਰੀ, ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਕੇਂਦਰੀ ਮੰਤਰੀ ਰਾਜਨਾਥ ਸਿੰਘ ਵੀ ਹਾਜ਼ਰ ਸਨ।

ਚੰਦਰਬਾਬੂ ਨਾਇਡੂ ਨੂੰ ਰਾਜ ਵਿਚ ਸਭ ਤੋਂ ਘੱਟ ਉਮਰ ਦੇ ਵਿਧਾਇਕ ਤੇ ਸਭ ਤੋਂ ਘੱਟ ਉਮਰ ਦੇ ਮੰਤਰੀ (28 ਸਾਲ) ਬਣਨ ਦਾ ਮਾਣ ਵੀ ਹਾਸਲ ਹੈ, ਉਹ ਸੱਤ ਵਾਰ ਵਿਧਾਇਕ ਬਣੇ ਹਨ।

**ਜ਼ਮੀਨ ਵਿਕਾਊ ਹੈ**

ਮੋਹਾਲੀ ਜਿਲ੍ਹੇ ਵਿਚ ਮੇਨ ਸੜਕ ਦੇ ਨਜ਼ਦੀਕ 5 ਏਕੜ
ਉਪਜਾਊ ਜ਼ਮੀਨ ਸਾਢੇ 12 ਹਾਰਸ ਪਾਵਰ ਦੀ ਮੋਟਰ
ਸਮੇਤ ਵਿਕਾਊ ਹੈ
ਪੈਸੇ ਅਮਰੀਕਾ ਵਿਚ ਵੀ ਦੇ ਸਕਦੇ ਹੋ
ਚਾਹਵਾਨ ਸੰਪਰਕ ਕਰੋ
ਫੋਨ: 209-483-9783

# ਪੰਜਾਬ ਸਰਕਾਰ ਨੇ ਸਿਰਫ ਬੇਵੱਸ ਨਸ਼ੱਈਆਂ ਨੂੰ ਥਾਣੇ ਡੱਕਿਆ: ਅਮਰਿੰਦਰ ਸਿੰਘ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਛੋਟੇ ਬੇਵੱਸ ਨਸ਼ਈਆਂ ਦੀ ਗ੍ਰਿਫ਼ਤਾਰੀ ਕਰਕੇ ਵਾਹ-ਵਾਹ ਖੱਟਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਦੋ ਹਫ਼ਤੇ ਮੁਹਿੰਮ ਚਲਾ ਕੇ ਦਸ ਹਜ਼ਾਰ ਨਸ਼ਈਆਂ ਨੂੰ ਕਾਬੂ ਕੀਤਾ ਹੈ, ਜਦੋਂਕਿ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਕਾਬੂ ਨਹੀਂ ਕੀਤਾ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਵੱਡੇ ਪੱਧਰ 'ਤੇ ਨਸ਼ਾ ਵਪਾਰ ਤੋਂ ਸਪੱਸ਼ਟ ਹੈ ਕਿ ਇਥੇ ਉਤਪਾਦਕ ਤੋਂ ਲੈ ਕੇ ਅਖੀਰਲੇ ਖਪਤਕਾਰ ਤੱਕ ਸਪਲਾਈ ਲੜੀ ਮੌਜੂਦ ਹੈ। ਇਸ ਲੜੀ ਹੇਠ ਪੁਲਿਸ ਨੇ ਖਪਤਕਾਰਾਂ ਨੂੰ ਤਾਂ ਗ੍ਰਿਫ਼ਤਾਰ ਕਰ ਲਿਆ ਹੈ ਪਰ ਹਾਲੇ ਤਕ ਕੋਈ ਸਮਗਲਰ ਤੇ ਉਤਪਾਦਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਸਿਰਫ ਨਸ਼ਈਆਂ ਦੀ ਗ੍ਰਿਫ਼ਤਾਰੀ ਨਾਲ ਸਮੱਸਿਆ ਹੱਲ ਨਹੀਂ ਹੋਣੀ ਕਿਉਂਕਿ ਨਸ਼ਾ ਉਤਪਾਦਕਾਂ ਤੇ ਤਸਕਰਾਂ ਨੂੰ ਕਾਬੂ ਕਰਨਾ ਤੇ ਸਜ਼ਾ ਦੇਣਾ ਜ਼ਰੂਰੀ ਹੈ। ਇਹ ਸਿਰਫ ਚੋਣਾਂ ਵਿਚ ਭਾਰੀ ਹਾਰ ਤੋਂ ਬਾਅਦ ਦੀ ਪ੍ਰਤੀਕ੍ਰਿਆ ਪ੍ਰਤੀਤ ਹੁੰਦੀ ਹੈ ਤੇ ਪੰਜਾਬ ਤੋਂ ਇਸ ਜ਼ਹਿਰ ਦੇ ਸਫ਼ਾਏ ਲਈ ਕੋਈ ਗੰਭੀਰ ਕਦਮ ਨਹੀਂ ਚੁੱਕਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਵੱਡੀਆਂ ਮੱਛੀਆਂ ਨੂੰ ਕਾਬੂ ਨਹੀਂ ਕੀਤਾ ਜਾਂਦਾ, ਨਸ਼ਾਖੋਰੀ ਦੀ ਸਮੱਸਿਆ ਜਾਰੀ ਰਹੇਗੀ। ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨਾਂ ਦੀ ਵੱਡੇ ਪੱਧਰ 'ਤੇ ਗ੍ਰਿਫ਼ਤਾਰੀ ਬਾਰੇ ਉਨ੍ਹਾਂ ਕਿਹਾ ਕਿ ਹਵਾਲਾਤਾਂ ਤੇ ਜੇਲ੍ਹਾਂ ਵਿਚ ਰੱਖਣ ਦੀ ਥਾਂ ਇਨ੍ਹਾਂ ਦਾ ਇਲਾਜ ਤੇ ਪੁਨਰਵਾਸ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਅਜਿਹੇ ਬੱਚਿਆਂ ਦੇ ਮਾਪਿਆਂ ਤੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟਾਉਂਦਿਆਂ ਕਿਹਾ ਕਿ ਪਹਿਲਾਂ ਹੀ ਪਰਿਵਾਰ ਆਪਣੇ ਬੱਚਿਆਂ ਦੀ ਨਸ਼ਿਆਂ ਦੀ ਆਦਤ ਤੋਂ ਤੰਗ ਸਨ ਤੇ ਹੁਣ ਇਨ੍ਹਾਂ ਦੀ ਜ਼ਮਾਨਤ ਲਈ ਥਾਣਿਆਂ ਤੇ ਅਦਾਲਤਾਂ ਦੇ ਚੱਕਰ ਕੱਢਣੇ ਪੈ ਰਹੇ ਹਨ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200

Email: Homeomdicine@yahoo.com
Website: www.Homeopathyatoz.com

Toll Free: 1-877-OK-HOMEO (1-877-654-6636)

# ਕੇਜਰੀਵਾਲ ਉਪਰ ਚੱਲੇਗਾ ਮਾਣਹਾਨੀ ਦਾ ਮੁਕੱਦਮਾ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਭਾਜਪਾ ਆਗੂ ਨਿਤਿਨ ਗਡਕਰੀ ਦੀ ਸ਼ਿਕਾਇਤ ਉਤੇ ਮਾਣਹਾਨੀ ਦੇ ਦੋਸ਼ਾਂ ਤਹਿਤ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਵਿਰੁੱਧ ਮੁਕੱਦਮੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ। ਮੈਟਰੋਪਾਲਿਟਿਨ ਮੈਜਿਸਟਰੇਟ ਗੋਮਤੀ ਮਨੌਮ ਨੇ ਸੀ.ਆਰ.ਪੀ.ਸੀ. ਦੇ ਸੈਕਸ਼ਨ 251 ਅਧੀਨ ਕੇਜਰੀਵਾਲ ਵਿਰੁੱਧ ਦੋਸ਼ ਆਇਦ ਕੀਤੇ ਤੇ ਦੋ ਅਗਸਤ ਨੂੰ ਸੁਣਵਾਈ ਰੱਖ ਦਿੱਤੀ ਹੈ। ਉਸ ਦਿਨ ਗਡਕਰੀ ਤੇ ਉਸ ਦੇ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣਗੇ।



ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਵਿਰੁੱਧ ਅਦਾਲਤ ਨੇ ਉਦੋਂ ਦੋਸ਼ ਆਇਦ ਕੀਤੇ, ਜਦੋਂ ਉਨ੍ਹਾਂ ਨੇ ਮੈਜਿਸਟਰੇਟ ਦੀ ਗਡਕਰੀ ਨਾਲ ਰਲ ਕੇ ਆਪਸ ਵਿਚ ਮਾਮਲਾ ਸੁਲਝਾਉਣ ਦੀ ਤਜਵੀਜ਼ ਮੰਨਣੋਂ ਨਾਂਹ ਕਰ ਦਿੱਤੀ। ਹਾਲਾਂਕਿ ਗਡਕਰੀ ਨੇ ਸੰਕੇਤ ਦਿੱਤੇ ਸਨ ਕਿ ਜੇਕਰ ਆਪ ਆਗੂ ਉਸ (ਗਡਕਰੀ) ਵਿਰੁੱਧ ਬੋਲੇ ਅਪਸ਼ਬਦ ਤੇ ਮਾਣਹਾਨੀ ਵਾਲਾ ਬਿਆਨ ਵਾਪਸ ਲੈ ਲਵੇ ਤਾਂ ਉਹ ਆਪਣੀ ਸ਼ਿਕਾਇਤ ਵਾਪਸ ਲੈ ਲਵੇਗਾ। ਮੈਜਿਸਟਰੇਟ ਨੇ ਆਪਣੇ ਹੁਕਮ ਵਿਚ ਕਿਹਾ "30 ਜਨਵਰੀ 2014 ਨੂੰ ਸ਼ਿਕਾਇਤਕਰਤਾ ਨਿਤਿਨ ਗਡਕਰੀ ਵਿਰੁੱਧ ਬਿਆਨ ਜਾਰੀ ਕਰਕੇ ਉਸ ਨੂੰ ਮੀਡੀਆ ਵਿਚ ਪ੍ਰਕਾਸ਼ਿਤ ਕਰਾਇਆ ਤੇ ਉਸ ਨੂੰ ਭ੍ਰਿਸ਼ਟ ਸਿਆਸਤਦਾਨ ਕਿਹਾ।



# ਵੱਡੇ ਨਸ਼ਾ ਤਸਕਰਾਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ ਸਰਕਾਰ

## ਸਿਰਫ ਅਮਲੀਆਂ ਖਿਲਾਫ ਮੁਹਿੰਮ ਚਲਾ ਕੇ ਕੀਤੀ ਜਾ ਹੈ ਰਸਮੀ ਕਾਰਵਾਈ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਵਿਚ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਭਾਵੇਂ ਪੰਜਾਬ ਸਰਕਾਰ ਨਸ਼ਾ ਤਸਕਰਾਂ ਖ਼ਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਦੇ ਦਾਅਵੇ ਕਰ ਰਹੀ ਹੈ ਪਰ ਸਰਕਾਰ ਇਸ ਧੰਦੇ ਵਿਚ ਸਰਗਰਮ ਵੱਡੇ ਕਾਰੋਬਾਰੀਆਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ। ਪੰਜਾਬ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਗੰਭੀਰਤਾ ਦਾ ਇਸ ਗੱਲੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਬਕਾ ਡੀ.ਜੀ.ਪੀ ਸ਼ਸ਼ੀਕਾਂਤ ਵੱਲੋਂ ਕੁਝ ਮੰਤਰੀਆਂ ਤੇ ਰਸੂਖ ਵਾਲੇ ਲੋਕਾਂ ਦੇ ਨਾਂ ਨਸ਼ਾ ਤਸਕਰੀ ਨਾਲ ਜੋੜਨ ਪਿੱਛੋਂ ਵੀ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਸੱਥਾਂ/ਢਾਣੀਆਂ ਵਿਚੋਂ ਅਮਲੀ ਕਾਬੂ ਕਰਕੇ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਕੁਝ ਮਹੀਨੇ ਪਹਿਲਾਂ ਹੀ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ ਦੇ ਪੁੱਤਰ ਦਮਨਵੀਰ ਸਿੰਘ ਦਾ ਨਾਂ ਪੰਜਾਬ ਪੁਲਿਸ ਦੇ ਬਰਤਰਫ਼ ਡੀ.ਐਸ.ਪੀ. ਜਗਦੀਸ਼ ਸਿੰਘ ਭੋਲਾ ਨੇ ਨਸ਼ਿਆਂ ਦੇ ਕਾਰੋਬਾਰ ਵਿਚ ਲਿਆ ਸੀ। ਭੋਲਾ 6000 ਕਰੋੜ ਰੁਪਏ ਦੇ ਸਿੰਥੈਟਿਕ ਡਰੱਗ ਗਰੋਹ ਦਾ ਸਰਗਨਾ ਹੈ। ਭੋਲੇ ਨੇ ਇਹ ਦੋਸ਼ ਉਸ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਲਾਏ। ਮਜੀਠੀਆ ਤੇ ਦਮਨਵੀਰ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਖਾਰਜ ਕਰਦਿਆਂ ਇਸ ਨੂੰ "ਕਾਂਗਰਸ ਵੱਲੋਂ ਘੜੀ ਸਾਜ਼ਿਸ਼" ਕਰਾਰ ਦਿੱਤਾ ਸੀ।

ਪੰਜਾਬ ਵਿਚ ਬਹੁਤ ਪੁਰਾਣੇ ਤੇ ਰਵਾਇਤੀ ਨਸ਼ੀਲੇ ਪਦਾਰਥਾਂ ਅਫੀਮ, ਭੁੱਕੀ ਤੇ ਅਜਿਹੇ ਹੋਰ ਪਦਾਰਥਾਂ ਦੇ ਕਾਰੋਬਾਰ ਦਾ ਧੰਦਾ ਦਹਾਕਿਆਂ ਤੋਂ ਕੁਝ ਸਿਆਸੀ ਵੱਡਿਆਂ ਦੀ ਸਰਪ੍ਰਸਤੀ ਹੇਠ ਚੱਲਦਾ ਆ ਰਿਹਾ ਹੈ। ਰਵਾਇਤੀ ਨਸ਼ਾ ਅਫੀਮ ਆਦਿ ਤਾਂ ਵੱਡੀ ਮਾਤਰਾ ਵਿਚ ਜਾਂ ਤਾਂ ਪਾਕਿਸਤਾਨ ਤੋਂ ਜਾਂ ਫਿਰ ਅਫੀਮ ਬੀਜਦੇ ਇਲਾਕਿਆਂ ਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਆਉਂਦੀ ਹੈ ਪਰ ਸਿੰਥੈਟਿਕ ਤੇ ਅਰਧ ਸਿੰਥੈਟਿਕ ਨਸ਼ੇ ਜਾਂ ਡਾਕਟਰਾਂ ਵੱਲੋਂ ਲਿਖੀਆਂ ਜਾਂਦੀਆਂ 'ਰਾਹਤ' ਦੇਣ ਵਾਲੀਆਂ ਦਵਾਈਆਂ ਦਾ ਉਭਰ ਰਿਹਾ ਕਾਰੋਬਾਰ ਐਨ ਪੰਜਾਬ ਪੁਲਿਸ ਤੇ ਸਿਹਤ ਵਿਭਾਗ ਦੇ ਨੱਕ ਹੇਠ ਵਧ-ਫੁੱਲ ਰਿਹਾ ਹੈ। ਜੇਕਰ ਮੁਲਕ ਦੀ ਔਸਤਨ ਸ਼ਰਾਬ ਦੀ ਖਪਤ 26 ਫੀਸਦੀ ਹੈ ਤਾਂ ਪੰਜਾਬ ਦੁੱਗਣੇ ਦੇ ਨੇੜੇ-ਤੇੜੇ 46 ਫੀਸਦੀ 'ਤੇ ਹੈ। ਇਸੇ ਤਰ੍ਹਾਂ ਪੂਰੇ ਮੁਲਕ ਦੇ ਮੁਕਾਬਲੇ ਸਿੰਥੈਟਿਕ ਡਰੱਗਜ਼ ਜਿਵੇਂ ਹੈਰੋਇਨ ਤੇ ਸਮੈਕ ਦੀ ਵਰਤੋਂ ਪੰਜਾਬ ਵਿਚ 3.5 ਫੀਸਦੀ ਵੱਧ ਹੈ। ਪਾਰਟੀ ਡਰੱਗਜ਼ ਹੋਰ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੀਆਂ ਹਨ। ਇਹ ਜਾਣਕਾਰੀ ਨਾਰਕੋਟਿਕਸ ਕੰਟਰੋਲ ਬਿਊਰੋ ਦੇ ਚੰਡੀਗੜ੍ਹ ਆਧਾਰਤ ਜ਼ੋਨਲ ਡਾਇਰੈਕਟਰ ਕੌਸਤਭ ਸ਼ਰਮਾ ਤੋਂ ਮਿਲੀ ਹੈ। ਉਨ੍ਹਾਂ ਕਿਹਾ ਕਿ ਸਿੰਥੈਟਿਕ, ਅਰਧ ਸਿੰਥੈਟਿਕ ਤੇ ਡਾਕਟਰਾਂ ਵੱਲੋਂ ਲਿਖੀਆਂ ਜਾਂਦੀਆਂ ਡਰੱਗਜ਼ ਪੰਜਾਬ ਦੇ ਪਿੰਡਾਂ, ਸ਼ਹਿਰਾਂ ਸਭ ਥਾਈਂ ਮਾਰ ਕਰ ਰਹੀਆਂ ਹਨ, ਹਾਲਾਂਕਿ ਇਸ ਬਾਰੇ ਸਹੀ ਅੰਕੜੇ ਉਪਲਬਧ ਨਹੀਂ ਹਨ ਪਰ ਇਹ ਅਲਾਮਤ ਪੰਜਾਬ ਵਿਚ ਜੜ੍ਹਾਂ ਫੈਲਾ ਰਹੀ ਹੈ। ਸਥਿਤੀ ਇੰਨੀ ਭਿਆਨਕ ਹੈ ਕਿ ਮਨੋਵਿਗਿਆਨੀਆਂ ਦੇ ਅੰਦਾਜ਼ੇ ਮੁਤਾਬਕ ਕਾਲਜ ਪੜ੍ਹਦੇ 25 ਫੀਸਦੀ ਤੋਂ 30 ਫੀਸਦੀ ਤੱਕ ਮੁੰਡੇ-ਕੁੜੀਆਂ ਇਹ ਸਿੰਥੈਟਿਕ, ਅਰਧ ਸਿੰਥੈਟਿਕ ਜਾਂ ਡਾਕਟਰਾਂ ਵੱਲੋਂ ਸੁਝਾਈਆਂ ਡਰੱਗਜ਼ ਦੇ ਆਦੀ ਹਨ। ਜਲੰਧਰ ਦੇ ਇਕ ਨਿਊਰੋ-ਸਾਇਕੈਟਰਿਸਟ ਤੇ ਨਸ਼ੀਲੇ ਪਦਾਰਥਾਂ ਦੀ ਲਤ ਛੁਡਾਉਣ ਦੇ ਮਾਹਰ ਹਿਮਾਂਸ਼ੂ ਸਰੀਨ ਮੁਤਾਬਕ ਪੰਜਾਬ ਵਿਚ 'ਟਾਈਮ ਬੰਬ' ਦੀ ਟਿੱਕ-ਟਿੱਕ ਸ਼ੁਰੂ ਹੋ ਗਈ ਹੈ। ਧਮਾਕਾ ਕਿਸੇ ਵੀ ਸਮੇਂ ਹੋ ਸਕਦਾ ਹੈ। ਹਿਮਾਂਸ਼ੂ ਸਰੀਨ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰ ਵਿਚ ਹਰ ਰੋਜ਼ 200 ਤੋਂ 250 ਮਰੀਜ਼ਾਂ (ਓਪੀਡੀ ਵਿਚ) ਦੀ ਜਾਂਚ ਕਰਦੇ ਹਨ। ਉਨ੍ਹਾਂ ਨੂੰ ਜਿਹੜੀ ਗੱਲ ਸਭ ਤੋਂ ਵੱਧ ਤੰਗ ਕਰ ਰਹੀ ਹੈ ਉਹ ਇਹ ਹੈ ਕਿ ਇਨ੍ਹਾਂ ਪਦਾਰਥਾਂ ਦਾ ਸੇਵਨ ਸ਼ੁਰੂ ਕਰਨ ਦੀ ਨੌਜਵਾਨਾਂ ਦੀ ਉਮਰ ਤੇਜ਼ੀ ਨਾਲ ਘਟ ਰਹੀ ਹੈ ਤੇ ਲੜਕੀਆਂ ਵਿਚ ਨਸ਼ੀਲੇ ਟੀਕੇ ਲਾਉਣ ਤੇ ਹੈਰੋਇਨ ਲੈਣ ਦਾ ਰੁਝਾਨ ਵੀ ਤੇਜ਼ੀ ਨਾਲ ਵਧ ਰਿਹਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਅਧਿਆਪਕ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਐਮੀਰੇਟਸ ਪ੍ਰੋ. ਰਣਵਿੰਦਰ ਸਿੰਘ ਦਾ ਕਹਿਣਾ ਹੈ ਕਿ ਇਹ ਕਹਿਣਾ ਔਖਾ ਹੈ ਕਿ ਕੌਣ ਪੱਕਾ ਅਮਲੀ ਹੈ ਤੇ ਕੌਣ ਜਾਂ ਕਿੰਨੇ ਲੋਕ ਕਦੇ ਕਦਾਈਂ ਨਸ਼ਾ ਲੈਣ ਵਾਲੇ ਹਨ। ਪੰਜਾਬ ਵਿਚ ਨਸ਼ਿਆਂ ਦੀ ਲਤ ਬਾਰੇ ਵਿਸਥਾਰਤ ਖੋਜ ਆਧਾਰਤ ਪੁਸਤਕ ਲਿਖਣ ਵਾਲੇ ਪ੍ਰੋ. ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਰਵੇਖਣ ਮੁਤਾਬਕ ਪੰਜਾਬ ਦੇ 20-22 ਫੀਸਦੀ ਨੌਜਵਾਨ ਸਿੰਥੈਟਿਕ ਜਾਂ ਡਾਕਟਰਾਂ ਵੱਲੋਂ ਲਿਖੀਆਂ ਡਰੱਗਜ਼ ਦੇ ਆਦੀ ਹਨ ਤੇ 15-20 ਫੀਸਦੀ ਅਲਕੋਹਲ (ਸ਼ਰਾਬ) ਵਾਲੇ ਹਨ। ਕੁੱਲ ਪੰਜ ਫੀਸਦੀ ਕੁ ਹੈਰੋਇਨ ਜਾਂ ਸਮੈਕ ਦੇ ਆਦੀ ਹਨ। ਪੰਜਾਬ ਦੇ ਪੰਜ ਵਿਚੋਂ ਇਕ ਨੌਜਵਾਨ ਦਾ ਡਰੱਗਜ਼ ਲੈਣ ਦੇ ਆਦੀ ਹੋਣਾ, ਆਪਣੇ ਆਪ ਵਿਚ ਖਤਰੇ ਦੀ ਘੰਟੀ ਹੈ।



# ਨਸ਼ਾ ਤਸਕਰੀ ਬਾਰੇ ਅਕਾਲੀ-ਭਾਜਪਾ ਵਿਚਕਾਰ ਸ਼ਬਦੀ ਜੰਗ ਹੋਰ ਭਖੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਦੇ ਮੁੱਦੇ 'ਤੇ ਹਾਕਮ ਗੱਠਜੋੜ ਦਰਮਿਆਨ ਟਕਰਾਅ ਘਟਣ ਦਾ ਨਾਂਅ ਨਹੀਂ ਲੈ ਰਿਹਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਕਮਲ ਸ਼ਰਮਾ ਦੇ ਬਿਆਨਾਂ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟਾਉਣ ਤੋਂ ਬਾਅਦ ਪਾਰਟੀ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ, ਜੋ ਪੰਜਾਬ ਮਾਮਲਿਆਂ ਦੇ ਇੰਚਾਰਜ ਵੀ ਹਨ, ਨੇ ਕਿਹਾ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਸਮਗਲਿੰਗ ਦਾ ਮਾਮਲਾ ਬੇਹੱਦ ਗੰਭੀਰ ਹੈ ਤੇ ਪ੍ਰਸ਼ਾਸਨ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਨਸ਼ਿਆਂ ਦੀ ਵਧਦੇ ਫੁੱਲਦੇ ਧੰਦੇ ਦੀ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ ਤੇ ਇਸ ਦਾ ਹੱਲ ਕੱਢਿਆ ਜਾਣਾ ਚਾਹੀਦਾ ਹੈ। ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਕਮਲ ਸ਼ਰਮਾ ਦੇ ਬਿਆਨ 'ਤੇ ਮੁੱਖ ਮੰਤਰੀ ਵੱਲੋਂ ਕੀਤੀ ਪ੍ਰਤੀਕਿਰਿਆ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰਦਿਆਂ ਸ੍ਰੀ ਕੁਮਾਰ ਨੇ ਕਿਹਾ ਕਿ ਅਸੀਂ ਕਿਸੇ 'ਤੇ ਦੋਸ਼ ਨਹੀਂ ਲਾ ਰਹੇ, ਗੰਭੀਰ ਹੁੰਦੀ ਸਮੱਸਿਆ 'ਤੇ ਬੋਲ ਰਹੇ ਹਾਂ। ਭਾਜਪਾ ਨੇਤਾ ਨੇ ਕਿਹਾ ਕਿ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਨੂੰ ਹਾਂ ਪੱਖੀ ਤਰੀਕੇ ਨਾਲ ਲੈਣਾ ਚਾਹੀਦਾ ਹੈ। ਗੰਭੀਰਤਾ ਨਾਲ ਸੋਚੇ ਬਿਨਾਂ ਸਮੱਸਿਆ ਦਾ ਹੱਲ ਨਹੀਂ ਹੋਣਾ। ਸ਼ਾਂਤਾ ਕੁਮਾਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸਰਕਾਰ ਦਾ ਜੋ ਅਕਸ ਸਾਹਮਣੇ ਆਇਆ ਹੈ, ਉਸ ਵਿਚ ਕਈ ਤਰ੍ਹਾਂ ਦੀਆਂ ਵੱਡੀਆਂ ਖਾਮੀਆਂ ਦਿਖਾਈ ਦੇ ਰਹੀਆਂ ਹਨ। ਸ਼ਾਂਤਾ ਕੁਮਾਰ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਲਗਾਤਾਰ ਅਕਾਲੀ ਦਲ ਦੇ ਆਗੂਆਂ ਦੀ ਨਸ਼ਿਆਂ ਦੀ ਸਮਗਲਿੰਗ ਤੇ ਰੇਤ ਬੱਜਰੀ ਦੇ ਮਾਮਲੇ 'ਤੇ ਨੁਕਤਾਚੀਨੀ ਕਰਦੇ ਆ ਰਹੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੀ ਵਾਰੀ ਭਾਜਪਾ ਆਗੂ ਦੇ ਬਿਆਨ 'ਤੇ ਪ੍ਰਤੀਕਿਰਿਆ ਪ੍ਰਗਟਾਈ ਹੈ।

## *ਮੈਡੀਕਲ ਨਸ਼ਾ ਸਪਲਾਈ ਕਰਨ ਵਾਲਿਆਂ 'ਤੇ ਤਰਸ?*

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਲਾਇਸੈਂਸਧਾਰੀ ਕੈਮਿਸਟਾਂ ਰਾਹੀਂ ਡਰੱਗਜ਼ ਦੀ ਸਪਲਾਈ ਪੰਜਾਬ ਵਿਚ ਨਸ਼ਿਆਂ ਦਾ ਸਭ ਤੋਂ ਵੱਡਾ ਸਰੋਤ ਹੈ ਤੇ ਇਸ ਮਾਮਲੇ ਵਿਚ 'ਤਰਸ' ਨਹੀਂ ਕੀਤਾ ਜਾ ਸਕਦਾ। ਚੀਫ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪੱਲੀ 'ਤੇ ਆਧਾਰਤ ਡਿਵੀਜ਼ਨ ਬੈਂਚ ਨੇ ਕਿਹਾ ਕਿ ਅਸੀਂ ਅਖੀਰ ਇਹ ਸਿੱਟਾ ਕੱਢਿਆ ਹੈ ਕਿ ਆਦਤ ਬਣ ਜਾਣ ਵਾਲੇ ਨਸ਼ਿਆਂ ਦੀ ਸਪਲਾਈ ਗੰਭੀਰ ਸਮੱਸਿਆ ਹੈ, ਖਾਸ ਕਰਕੇ ਪੰਜਾਬ ਵਿਚ ਜਿਥੇ ਵੱਡੇ ਪੱਧਰ 'ਤੇ ਨਸ਼ਿਆਂ ਦਾ ਕੋਹੜ ਫੈਲਿਆ ਹੋਇਆ ਹੈ। ਅਜਿਹੇ ਨਸ਼ਿਆਂ ਦੀ ਸਪਲਾਈ ਦਾ ਇਕ ਮੁੱਖ ਸਰੋਤ ਲਾਇਸੈਂਸਧਾਰੀ ਕੈਮਿਸਟ ਹਨ।

ਇਹ ਅਜਿਹਾ ਮਾਮਲਾ ਨਹੀਂ ਹੈ, ਜਿਸ ਵਿਚ ਕਿਸੇ ਨੂੰ ਤਰਸ ਦੇ ਆਧਾਰ 'ਤੇ ਛੱਡ ਦਿੱਤਾ ਜਾਵੇ। ਡਿਵੀਜ਼ਨ ਬੈਂਚ ਨੇ ਇਹ ਹੁਕਮ ਇਕ ਕੈਮਿਸਟ ਵੱਲੋਂ ਪੰਜਾਬ ਸਰਕਾਰ ਤੇ ਹੋਰਨਾਂ ਖ਼ਿਲਾਫ਼ ਪਾਈ ਗਈ ਪਟੀਸ਼ਨ 'ਤੇ ਦਿੱਤੇ।

## ਸਰਕਾਰ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ: ਬਾਦਲ



**ਬਠਿੰਡਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬੇ ਵਿਚੋਂ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕਰਨ ਲਈ ਸਰਕਾਰ ਹਰ ਯਤਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਵਿਚੋਂ ਪੋਸਤ ਦਾ ਨਸ਼ਾ ਪੰਜਾਬ ਵਿਚ ਆ ਰਿਹਾ ਹੈ। ਰਾਜਸਥਾਨ ਸਰਕਾਰ ਨੂੰ ਵੀ ਸਖ਼ਤੀ ਕਰਨ ਵਾਸਤੇ ਆਖਿਆ ਜਾਵੇਗਾ।ਉਨ੍ਹਾਂ ਮੰਨਿਆ ਕਿ ਲੋਕ ਸਭਾ ਚੋਣਾਂ ਵਿਚ ਨਸ਼ਾ ਮੁੱਖ ਮੁੱਦੇ ਵਜੋਂ ਉਭਰ ਕੇ ਸਾਹਮਣੇ ਆਇਆ। ਉਨ੍ਹਾਂ ਦੱਸਿਆ ਕਿ ਉਹ ਪੰਜਾਬ ਭਰ ਦੀਆਂ ਜੇਲ੍ਹਾਂ ਦਾ ਖ਼ੁਦ ਦੌਰਾ ਕਰਨਗੇ ਤੇ ਨਸ਼ੇੜੀਆਂ ਨੂੰ ਮਿਲਣਗੇ। ਮੁੱਖ ਮੰਤਰੀ ਨੇ ਦੋ ਨਸ਼ੇੜੀਆਂ ਦੀ ਸ਼ਿਕਾਇਤ ਮਗਰੋਂ ਡੀ.ਆਈ.ਜੀ. ਨੂੰ ਪੜਤਾਲ ਕਰਨ ਦੇ ਹੁਕਮ ਦਿੱਤੇ ਹਨ। ਜੇਲ੍ਹ ਅੰਦਰ ਦੋ ਨਸ਼ੇੜੀਆਂ ਨੇ ਮੁੱਖ ਮੰਤਰੀ ਕੋਲ ਅਪੀਲ ਕੀਤੀ ਕਿ ਪੁਲਿਸ ਨੇ ਉਨ੍ਹਾਂ ਤੋਂ ਪੈਸੇ ਵੀ ਲੈ ਲਏ ਤੇ ਉਪਰੋਂ ਕੇਸ ਵੀ ਦਰਜ ਕਰ ਦਿੱਤੇ।

## ਪ੍ਰਤਾਪ ਬਾਜਵਾ ਵੱਲੋਂ ਸੁਖਬੀਰ ਬਾਦਲ ਨੂੰ ਚੁਣੌਤੀ



**ਚੰਡੀਗੜ੍ਹ:** ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਜਾਇਦਾਦਾਂ ਦੇ ਵੱਡੇ ਪੱਧਰ 'ਤੇ ਹੋਏ ਵਿਕਾਸ ਨੂੰ ਇਮਾਨਦਾਰੀ ਨਾਲ ਕੀਤੇ ਵਪਾਰ ਦਾ ਸਿੱਟਾ ਦੱਸਣ ਦਾ ਮਜ਼ਾਕ ਉਡਾਉਂਦਿਆਂ ਦੋਸ਼ ਲਾਇਆ ਕਿ ਇਹ ਸਭ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਬਣਨ ਦੌਰਾਨ ਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਨਸ਼ੇ ਦੀ ਤਸਕਰੀ ਜ਼ੋਰਾਂ 'ਤੇ ਹੈ ਪਰ ਬਾਦਲ ਸਰਕਾਰ ਇਸ ਨੂੰ ਠੱਲ੍ਹਣ ਲਈ ਬਿਲਕੁਲ ਗੰਭੀਰ ਨਜ਼ਰ ਨਹੀਂ ਆ ਰਹੀ ਕਿਉਂਕਿ ਸਰਕਾਰ ਦੇ ਕਈ ਮੰਤਰੀ ਇਸ ਧੰਦੇ ਵਿਚ ਸਰਗਰਮ ਹਨ।

## ਮੁੱਦਾ ਕੇਂਦਰ ਸਰਕਾਰ ਕੋਲ ਉਠਾਵਾਂਗਾ: ਪ੍ਰੋ. ਸਾਧੂ ਸਿੰਘ



**ਕੋਟਕਪੂਰਾ:** ਪ੍ਰੋ. ਸਾਧੂ ਸਿੰਘ ਨੇ ਆਖਿਆ ਕਿ ਲੋਕ ਸਭਾ ਵਿਚ ਉਹ ਪੰਜਾਬ ਦੇ ਉਨ੍ਹਾਂ ਲੱਖਾਂ ਨੌਜਵਾਨਾਂ ਦੀ ਗੱਲ ਕਰਨਗੇ, ਜਿਨ੍ਹਾਂ ਨੂੰ ਸਰਕਾਰਾਂ ਨੇ ਰੁਜ਼ਗਾਰ ਦੇਣ ਦੀ ਬਜਾਏ ਨਸ਼ੇ ਦੇ ਲੇਖੇ ਲਾ ਕੇ ਨਿਕੰਮਾ ਕਰ ਦਿੱਤਾ ਹੈ।ਉਨ੍ਹਾਂ ਚੋਣਾਂ ਦੌਰਾਨ ਮਹਿਸੂਸ ਕੀਤਾ ਕਿ ਜੇਕਰ ਪੰਜਾਬ ਵਿਚ ਨਸ਼ੇ ਦੇ ਚਲਨ ਨੂੰ ਛੇਤੀ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਸਾਡੀ ਨੌਜਵਾਨੀ ਪੀੜ੍ਹੀ ਦਾ ਭਵਿੱਖ ਖਤਮ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਕੇਂਦਰ ਸਰਕਾਰ ਕੋਲ ਅਪੀਲ ਕਰਨਗੇ ਕਿ ਪੰਜਾਬ ਦੇਸ਼ ਦਾ ਇਹ ਅਹਿਮ ਹਿੱਸਾ ਹੈ, ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਅਣਗੌਲਿਆ ਕੀਤਾ ਹੋਇਆ ਹੈ। ਉਪਰੰਤ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਵਰਕਰਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।

## ਬਾਦਲਾਂ ਨੇ ਕੇਂਦਰ ਦੀ ਹਦਾਇਤ 'ਤੇ ਮੁਹਿੰਮ ਵਿੱਢੀ



**ਜਲੰਧਰ:** ਪੰਜਾਬ ਦੇ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਆਈਆਂ ਹਦਾਇਤਾਂ 'ਤੇ ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਈ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਇਕ ਉੱਚ ਆਰ.ਐਸ.ਐਸ. ਆਗੂ ਨੇ ਉਨ੍ਹਾਂ ਨਾਲ ਰਾਬਤਾ ਕਾਇਮ ਕਰਕੇ ਭਾਜਪਾ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਨੇ ਆਰ.ਐਸ.ਐਸ. ਆਗੂ ਨੂੰ ਕਿਹਾ ਸੀ ਕਿ ਨਸ਼ਿਆਂ ਖ਼ਿਲਾਫ਼ ਮੁਹਿੰਮ ਕੋਈ ਸਿਆਸੀ ਲਾਭ ਲੈਣ ਲਈ ਨਹੀਂ ਹੈ, ਪਰ ਜੇਕਰ ਭਾਜਪਾ ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ ਵਿਚ ਉਨ੍ਹਾਂ ਦਾ ਸਹਿਯੋਗ ਚਾਹੁੰਦੀ ਹੈ ਤਾਂ ਉਹ ਹਰ ਸੰਭਵ ਮਦਦ ਦੇਣ ਨੂੰ ਤਿਆਰ ਹਨ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਵਿਚੋਂ ਕੌਮੀ ਪੱਧਰ ਦੇ ਕੁਝ ਗੈਰ-ਸਰਕਾਰੀ ਸੰਗਠਨ ਤੇ ਸੇਵਾਮੁਕਤ ਨੌਕਰਸ਼ਾਹ ਨਸ਼ਿਆਂ ਦੇ ਖਾਤਮੇ ਲਈ ਇਕ ਮੰਚ 'ਤੇ ਆਏ ਹਨ। ਉਨ੍ਹਾਂ ਦਾ ਪਹਿਲਾ ਕੰਮ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਨਸ਼ਿਆਂ ਦੇ ਸਬੰਧਾਂ ਪਹਿਲੂਆਂ ਬਾਰੇ ਮੈਮੋਰੰਡਮ ਦੇਣਾ ਹੈ ਜਿਸ ਵਿਚ ਸੁਝਾਅ ਦਿੱਤਾ ਜਾਵੇਗਾ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ।

# ਰਾਜਸਥਾਨ 'ਚ ਭੁੱਕੀ ਠੇਕੇ ਬੰਦ ਹੋਣਾ ਪੰਜਾਬ ਲਈ ਰਾਹਤ




**ਚੰਡੀਗੜ੍ਹ:** ਨਸ਼ਿਆਂ ਦੇ ਮਾਰੂ ਪ੍ਰਭਾਵ ਹੇਠ ਆਏ ਪੰਜਾਬ ਲਈ ਰਾਹਤ ਵਾਲੀ ਗੱਲ ਇਹ ਹੈ ਕਿ ਗੁਆਂਢੀ ਸੂਬੇ ਰਾਜਸਥਾਨ ਵਿਚ ਅਗਲੇ ਮਾਲੀ ਵਰ੍ਹੇ ਤੋਂ ਭੁੱਕੀ ਦੇ ਸਰਕਾਰੀ ਠੇਕੇ ਬੰਦ ਹੋਣਗੇ। 31 ਮਾਰਚ, 2015 ਤੋਂ ਮਗਰੋਂ ਭੁੱਕੀ ਦੇ ਠੇਕਿਆਂ ਨੂੰ ਸੂਬੇ ਵਿਚ ਪੱਕੇ ਜਿੰਦਰੇ ਵੱਜ ਜਾਣੇ ਹਨ। ਭੁੱਕੀ ਦੇ ਠੇਕੇ ਬੰਦ ਹੋਣ ਨਾਲ ਮਾਲਵੇ ਨੂੰ ਵੱਡਾ ਧਰਵਾਸ ਮਿਲੇਗਾ।

ਪੰਜਾਬ ਨੂੰ ਭੁੱਕੀ ਦੀ ਵੱਡੀ ਸਪਲਾਈ ਰਾਜਸਥਾਨ ਵਿਚੋਂ ਹੁੰਦੀ ਹੈ ਜਿਸ ਕਰਕੇ ਸੂਬੇ ਨੂੰ ਨਸ਼ਿਆਂ ਦਾ ਵੱਡਾ ਸੰਤਾਪ ਭੋਗਣਾ ਪੈ ਰਿਹਾ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਕਿਹਾ ਹੈ ਕਿ ਪੋਸਤ ਦੀ ਤਸਕਰੀ ਦੇ ਮਾਮਲੇ 'ਤੇ ਉਹ ਰਾਜਸਥਾਨ ਦੀ ਮੁੱਖ ਮੰਤਰੀ ਨਾਲ ਗੱਲ ਕਰਨਗੇ। ਰਾਜਸਥਾਨ ਵਿਚੋਂ ਦੋ ਨੰਬਰ ਦੀ ਭੁੱਕੀ ਬੰਦ ਹੋਣ ਕਰਕੇ ਪੰਜਾਬ ਦੇ ਅਮਲੀ ਨਸ਼ਾ ਛੁਡਾਊ ਕੇਂਦਰਾਂ ਵਿਚ ਪਹਿਲਾਂ ਹੀ ਪੁੱਜ ਰਹੇ ਹਨ। ਵੇਰਵਿਆਂ ਮੁਤਾਬਕ ਰਾਜਸਥਾਨ ਵਿਚ ਪਿਛਲੇ ਕੁਝ ਸਮੇਂ ਤੋਂ ਪੋਸਤ ਦੀ ਕਾਸ਼ਤ ਹੇਠਲਾ ਰਕਬਾ ਘਟ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਹਰ ਵਰ੍ਹੇ ਪੋਸਤ ਦੀ ਕਾਸ਼ਤ ਵਿਚ ਕਟੌਤੀ ਕੀਤੀ ਜਾ ਰਹੀ ਹੈ। ਐਤਕੀਂ ਰਾਜਸਥਾਨ ਵਿਚ ਪੋਸਤ ਦੀ ਕਾਸ਼ਤ ਹੇਠ 2600 ਹੈਕਟੇਅਰ ਰਕਬਾ ਸੀ ਜਦੋਂ ਕਿ ਪਿਛਲੇ ਵਰ੍ਹੇ ਇਹ ਰਕਬਾ 10 ਹਜ਼ਾਰ ਹੈਕਟੇਅਰ ਸੀ।

ਖੁਦ ਰਾਜਸਥਾਨ ਵਿਚ ਨਸ਼ੇੜੀਆਂ ਦੀ ਗਿਣਤੀ ਵਧ ਰਹੀ ਹੈ ਜਦੋਂ ਕਿ ਪਰਮਿਟ ਹੋਲਡਰ ਵਿਅਕਤੀਆਂ ਦੀ ਗਿਣਤੀ ਤਕਰੀਬਨ 22 ਹਜ਼ਾਰ ਹੀ ਹੈ। ਰਾਜਸਥਾਨ ਸਰਕਾਰ ਨੇ ਸਾਲ 2001 ਤੋਂ ਨਸ਼ੇੜੀਆਂ ਦੇ ਪੋਸਤ ਦੇ ਪਰਮਿਟ ਬਣਾਉਣੇ ਬੰਦ ਕਰ ਦਿੱਤੇ ਸਨ। ਰਾਜਸਥਾਨ ਅਸੈਂਬਲੀ ਵਿਚ ਪਿਛਲੇ ਸਾਲ 27 ਅਗਸਤ ਨੂੰ ਪੇਸ਼ ਹੋਈ ਆਡਿਟ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਕਿ ਦੋ ਵਰ੍ਹਿਆਂ ਵਿਚ 160 ਕਰੋੜ ਰੁਪਏ ਦੀ ਭੁੱਕੀ ਦੀ ਰਾਜਸਥਾਨ ਵਿਚ ਗੈਰਕਾਨੂੰਨੀ ਵਿਕਰੀ ਹੋਈ ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੀ ਰਗੜਾ ਲੱਗਿਆ। ਲਾਇਸੈਂਸ ਕਾਸ਼ਤਕਾਰਾਂ ਤੋਂ ਠੇਕੇਦਾਰ ਭੁੱਕੀ 129 ਰੁਪਏ (ਸਰਕਾਰੀ ਭਾਅ) ਵਿਚ ਖਰੀਦ ਸਕਦੇ ਹਨ ਤੇ ਅੱਗੇ 500 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚ ਸਕਦੇ ਹਨ। ਆਬਕਾਰੀ ਵਿਭਾਗ ਰਾਜਸਥਾਨ ਵੱਲੋਂ 24 ਗਰੁੱਪ ਬਣਾ ਕੇ ਪੂਰੇ ਰਾਜਸਥਾਨ ਵਿਚ ਭੁੱਕੀ ਦੇ ਠੇਕੇ ਅਲਾਟ ਕੀਤੇ ਜਾਂਦੇ ਹਨ। ਸਰਕਾਰੀ ਸੂਤਰਾਂ ਮੁਤਾਬਕ ਪੱਛਮੀ ਰਾਜਸਥਾਨ ਵਿਚ ਭੁੱਕੀ ਦੇ ਜ਼ਿਆਦਾ ਠੇਕੇ ਹਨ। ਠੇਕੇ ਬੰਦ ਹੋਣ ਨਾਲ ਰਾਜਸਥਾਨ ਸਰਕਾਰ ਨੂੰ 100 ਕਰੋੜ ਰੁਪਏ ਦੀ ਆਮਦਨ ਦੀ ਸੱਟ ਵੀ ਵੱਜੇਗੀ।

# ਸਿੱਖਿਆ ਵਿਭਾਗ ਦੇ ਡਿਪਟੀ ਡਾਇਰੈਕਟਰ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਪੰਜਾਬ ਸਿੱਖਿਆ ਵਿਭਾਗ ਦੇ ਡਿਪਟੀ ਡਾਇਰੈਕਟਰ ਤੇ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਗੈਰ-ਮਿਆਰੀ ਕਿਤਾਬਾਂ ਖਰੀਦਣ ਦੇ ਸਕੈਂਡਲ ਵਿਚ ਫਸੇ ਡਾਕਟਰ ਵਿਨੋਦ ਕੁਮਾਰ ਸ਼ਰਮਾ ਨੇ ਸੁਖਨਾ ਝੀਲ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕ ਦੇ ਪਰਿਵਾਰ ਮੁਤਾਬਕ ਉਹ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸਨ। ਕੋਈ ਖ਼ੁਦਕੁਸ਼ੀ ਨੋਟ ਨਾ ਮਿਲਣ ਕਾਰਨ ਵਿਨੋਦ ਕੁਮਾਰ ਦੀ ਮੌਤ ਦੇ ਕਾਰਨਾਂ ਦਾ ਭੇਤ ਬਰਕਰਾਰ ਹੈ। ਵਿਨੋਦ ਕੁਮਾਰ ਦੀ ਇਸ ਸਾਲ ਅਕਤੂਬਰ ਵਿਚ ਰਿਟਾਇਰਮੈਂਟ ਸੀ। ਡੀ.ਐਸ.ਪੀ (ਕੇਂਦਰੀ) ਅਸ਼ੀਸ਼ ਕਪੂਰ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਵੱਲੋਂ ਆਪਣੇ ਬਿਆਨਾਂ ਵਿਚ ਜ਼ਿਕਰ ਕੀਤਾ ਹੈ ਕਿ ਵਿਨੋਦ ਕੁਮਾਰ ਪਿਛਲੇ ਸਮੇਂ ਤੋਂ ਪ੍ਰੇਸ਼ਾਨ ਚੱਲ ਰਹੇ ਸਨ। ਪਤਾ ਲੱਗਾ ਹੈ ਕਿ ਪੁਲਿਸ ਉਨ੍ਹਾਂ ਦੇ ਮੋਬਾਈਲ ਫੋਨ ਦੀਆਂ ਕਾਲਾਂ ਵੀ ਖੰਗਾਲੇਗੀ ਜਿਸ ਰਾਹੀਂ ਪਤਾ ਕੀਤਾ ਜਾਵੇਗਾ ਕਿ ਉਹ ਅਖੀਰਲੇ ਸਮੇਂ ਕਿਸ ਦੇ ਸੰਪਰਕ ਵਿਚ ਸਨ।

ਦੱਸਣਯੋਗ ਹੈ ਕਿ ਜਸਟਿਸ ਏ.ਕੇ ਜਿੰਦਲ ਕਮਿਸ਼ਨ ਨੇ ਸਾਢੇ ਨੌਂ ਕਰੋੜ ਰੁਪਏ ਦੀ ਕੀਮਤ ਦੀਆਂ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਖਰੀਦਣ ਦੇ ਸਕੈਂਡਲ ਦੇ ਮਾਮਲੇ ਵਿਚ ਰਿਪੋਰਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ। ਸੂਤਰਾਂ ਮੁਤਾਬਕ ਇਸ ਰਿਪੋਰਟ ਵਿਚ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਕਿਤਾਬਾਂ ਖਰੀਦਣ ਲਈ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਉਪਰ ਹੀ ਕਮਿਸ਼ਨ ਨੇ ਮੁੱਖ ਤੌਰ 'ਤੇ ਉਂਗਲ ਉਠਾਈ ਹੈ। ਇਸ ਕਮੇਟੀ ਵੱਲੋਂ ਗ਼ੈਰ-ਮਿਆਰੀ ਪੁਸਤਕਾਂ ਖਰੀਦਣ ਦੇ ਗੰਭੀਰ ਦੋਸ਼ ਲੱਗੇ ਸਨ। ਮ੍ਰਿਤਕ ਅਧਿਕਾਰੀ ਸਿੱਖਿਆ ਮੰਤਰੀ ਸ. ਮਲੂਕਾ ਦੇ ਖਾਸ ਨਜ਼ਦੀਕੀ ਅਧਿਕਾਰੀਆਂ ਵਜੋਂ ਜਾਣਿਆ ਜਾਂਦਾ ਸੀ।

## ਕਾਂਗਰਸ ਨੇ ਮਲੂਕਾ ਖਿਲਾਫ ਕਾਰਵਾਈ ਮੰਗੀ

ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪੁਸਤਕ ਘੁਟਾਲੇ ਵਿਚ ਫਸੇ ਸਿੱਖਿਆ ਵਿਭਾਗ ਦੇ ਡਿਪਟੀ ਡਾਇਰੈਕਟਰ ਡਾਕਟਰ ਵਿਨੋਦ ਕੁਮਾਰ ਵੱਲੋਂ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਿਚ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਸ. ਬਾਜਵਾ ਨੇ ਮੰਗ ਕੀਤੀ ਕਿ ਸ. ਮਲੂਕਾ ਵਿਰੁੱਧ ਵਿਨੋਦ ਕੁਮਾਰ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਨ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਜਾਵੇ।

# ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦਾ 'ਮੇਲਾ ਗਦਰੀ ਬਾਬਿਆਂ ਦਾ' ਅਕੂਤਬਰ 'ਚ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ-ਕੈਲੀਫੋਰਨੀਆ ਵਲੋਂ ਗਦਰੀ ਬਾਬਿਆਂ ਦਾ ਸਾਲਾਨਾ ਮੇਲਾ ਇਸ ਵਾਰ ਅਕਤੂਬਰ ਦੇ ਪਹਿਲੇ ਹਫਤੇ ਸੈਕਰਾਮੈਂਟੋ ਵਿਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ।


ਜਥੇਬੰਦੀ ਦੀ ਇਥੇ ਹੋਈ ਇਕ ਮੀਟਿੰਗ ਵਿਚ ਸੁਰਿੰਦਰ ਸਿੰਘ ਬਿੰਦਰਾ, ਸੁਮਿੱਤਰ ਸਿੰਘ ਉਪਲ, ਕਸ਼ਮੀਰ ਸਿੰਘ ਕਾਂਗਣਾ ਅਤੇ ਸਵਰਨ ਸਿੰਘ ਸਿੱਧੂ ਨੇ ਜਥੇਬੰਦੀ ਦੀਆਂ ਪਿਛਲੇ ਸਾਲ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜੋ ਉਸਾਰੂ ਚਰਚਾ ਪਿਛੋਂ ਸਰਬਸੰਮਤੀ ਨਾਲ ਪਾਸ ਕੀਤੀ ਗਈ।

ਜਾਰੀ ਬਿਆਨ ਅਨੁਸਾਰ ਜਥੇਬੰਦੀ ਵਲੋਂ ਗਦਰੀ ਬਾਬਿਆਂ ਦਾ ਮੇਲਾ ਪਿਛਲੇ 12 ਸਾਲਾਂ ਤੋਂ ਕਰਵਾਇਆ ਜਾ ਰਿਹਾ ਹੈ ਅਤੇ ਇਸ ਦਾ ਮਨੋਰਥ ਨਵੀਂ ਪੀੜ੍ਹੀ ਨੂੰ ਦੇਸ਼ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਬਾਰੇ ਜਾਣੂੰ ਕਰਵਾਉਣਾ ਹੈ। ਇਸ ਤੋਂ ਇਲਾਵਾ ਗਦਰ ਇਤਿਹਾਸ ਦੀ ਖੋਜ ਅਤੇ ਇਸ ਵਿਚ ਭਾਗ ਲੈਣ ਵਾਲੇ ਸੂਰਮਿਆਂ ਦੇ ਜੀਵਤ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕਰਨਾ ਇਸ ਜਥੇਬੰਦੀ ਦਾ ਯਤਨ ਰਿਹਾ ਹੈ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਵਿਛੜੀਆਂ ਸ਼ਖਸੀਅਤਾਂ-ਪ੍ਰਿਤਪਾਲ ਸਿੰਘ ਭੋਗਲ ਦੇ ਪਿਤਾ ਅਜੀਤ ਸਿੰਘ ਭੋਗਲ, ਗਿਆਨ ਸਿੰਘ ਬਿਲਗਾ ਦੀ ਸੁਪਤਨੀ ਬੀਬੀ ਅਵਤਾਰ ਕੌਰ ਬਿਲਗਾ ਅਤੇ ਸੁਰਿੰਦਰ ਸਿੰਘ ਗਿੱਲ ਦੇ ਭਰਾ ਲਸ਼ਕਰ ਸਿੰਘ ਗਿੱਲ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।

# ਸੁਮਿੱਤਰਾ ਮਹਾਜਨ ਬਣੀ 16ਵੀਂ ਲੋਕ ਸਭਾ ਦੀ ਸਪੀਕਰ

**ਨਵੀਂ ਦਿੱਲੀ:** ਸੀਨੀਅਰ ਭਾਜਪਾ ਆਗੂ ਸੁਮਿੱਤਰਾ ਮਹਾਜਨ ਨੂੰ 16ਵੀਂ ਲੋਕ ਸਭਾ ਦੀ ਸਪੀਕਰ ਚੁਣ ਲਿਆ ਗਿਆ। ਮੀਰਾ ਕੁਮਾਰ ਤੋਂ ਮਗਰੋਂ ਇਹ ਸ਼ਾਨਾਮੱਤਾ ਅਹੁਦਾ ਸੰਭਾਲਣ ਵਾਲੀ ਮਹਾਜਨ ਦੂਜੀ ਔਰਤ ਬਣ ਗਈ ਹੈ। ਸਭ ਤੋਂ ਲੰਮਾ ਸਮਾਂ ਸੰਸਦ ਮੈਂਬਰ ਰਹੀ 71 ਸਾਲਾ ਮਹਾਜਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੇਸ਼ ਮਤੇ ਤੇ ਐਲ.ਕੇ. ਅਡਵਾਨੀ ਵੱਲੋਂ ਇਸ ਦੀ ਤਾਈਦ ਕਰਨ ਮਗਰੋਂ ਸਪੀਕਰ ਚੁਣ ਲਿਆ ਗਿਆ।



ਸੁਮਿੱਤਰਾ ਮਹਾਜਨ ਨੇ ਕਿਹਾ ਕਿ ਉਨ੍ਹਾਂ ਦਾ ਨਵਾਂ ਕਾਰਜ ਚੁਣੌਤੀਆਂ ਭਰਿਆ ਹੈ ਪਰ ਉਹ ਕਿਸੇ ਨੂੰ ਨੀਵਾਂ ਦਿਖਾਉਣ ਦਾ ਯਤਨ ਨਹੀਂ ਕਰਨਗੇ। ਸ੍ਰੀ ਮੋਦੀ ਨੇ ਮਹਾਜਨ ਨੂੰ ਵਧਾਈ ਦਿੱਤੀ ਤੇ ਸਾਰੀਆਂ ਪਾਰਟੀਆਂ ਤੇ ਮੈਂਬਰਾਂ ਦਾ ਸਰਬਸੰਮਤੀ ਨਾਲ ਇਹ ਚੋਣ ਕਰਨ ਲਈ ਧੰਨਵਾਦ ਕੀਤਾ। ਕਾਂਗਰਸ ਪਾਰਲੀਮਾਨੀ ਦਲ ਦੇ ਆਗੂ ਖੜਗੇ ਨੇ ਕਿਹਾ ਕਿ ਆਸ ਹੈ ਕਿ ਮਹਾਜਨ ਸਭ ਨੂੰ ਨਾਲ ਲੈ ਕੇ ਚੱਲਣਗੇ ਤੇ ਉਨ੍ਹਾਂ ਦੀ ਪਾਰਟੀ ਦੀ ਆਸ ਮੁਤਾਬਕ ਉਨ੍ਹਾਂ ਨੂੰ ਵਿਰੋਧੀ ਧਿਰ ਦਾ ਅਹੁਦਾ ਦੇ ਕੇ ਨਿਵਾਜਣਗੇ। ਸੁਮਿੱਤਰਾ ਮਹਾਜਨ ਨੂੰ ਸਪੀਕਰ ਬਣਾਏ ਜਾਣ ਮਗਰੋਂ ਪਾਰਲੀਮਾਨੀ ਮਾਮਲਿਆਂ ਬਾਰੇ ਮੰਤਰੀ ਵੈਂਕਈਆ ਨਾਇਡੂ ਨੇ ਆਰਜ਼ੀ ਸਪੀਕਰ ਕਮਲ ਨਾਥ ਤੇ ਲੋਕ ਸਭਾ ਸਕੱਤਰ ਜਨਰਲ ਪੀ. ਸ੍ਰੀਧਰਨ ਦਾ ਧੰਨਵਾਦ ਕੀਤਾ।

# ਗੁਰਦੁਆਰਾ ਟਾਇਰਾ ਬਿਊਨਾ ਦੀ ਕਾਬਜ਼ ਧਿਰ 'ਤੇ ਅਦਾਲਤ ਵੱਲੋਂ ਰੋਕ

**ਯੂਬਾ ਸਿਟੀ:** ਅਦਾਲਤ ਨੇ ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਦੇ ਕੇਸ ਵਿਚ ਮੋਸ਼ਨ ਜਾਰੀ ਕਰ ਦਿੱਤਾ ਹੈ ਅਤੇ ਇਸ ਦੇ ਨਾਲ ਹੀ ਵਿਰੋਧੀ ਧਿਰ ਨੂੰ ਰਾਹਤ ਦਿੰਦਿਆਂ ਕਾਬਜ਼ ਧਿਰ ਉਤੇ ਕੁਝ ਰੋਕਾਂ ਵੀ ਲਾ ਦਿੱਤੀਆਂ ਹਨ। ਹੁਣ ਕਿਸੇ ਵੀ ਡਾਇਰੈਕਟਰ ਨੂੰ ਕੱਢਿਆ ਨਹੀਂ ਜਾ ਸਕੇਗਾ ਅਤੇ ਨਾ ਹੀ ਕਿਸੇ ਮੈਂਬਰ ਦੀ ਮੈਂਬਰਸ਼ਿਪ ਖਤਮ ਕੀਤੀ ਜਾ ਸਕਦੀ ਹੈ। ਇਹੀ ਨਹੀਂ, ਕਾਬਜ਼ ਧਿਰ ਹੁਣ ਬਾਈਲਾਅਜ਼ ਬਦਲ ਕੇ ਆਪਣੀ ਮਿਆਦ ਵੀ ਨਹੀਂ ਵਧਾ ਸਕੇਗੀ।

ਵਰਣਨਯੋਗ ਹੈ ਕਿ ਕਾਬਜ਼ ਧਿਰ ਪਹਿਲਾਂ ਸੰਗਤ ਦੁਆਰਾ ਚੁਣੇ ਹੋਏ 15 ਡਾਇਰੈਕਟਰਾਂ ਨੂੰ ਕੱਢ ਚੁੱਕੀ ਹੈ ਅਤੇ 25 ਮੈਂਬਰਾਂ ਦੀ ਮੁੱਢਲੀ ਮੈਂਬਰਸ਼ਿਪ ਖ਼ਤਮ ਕਰਨ ਦੀ ਧਮਕੀ ਵੀ ਦੇ ਚੁੱਕੀ ਹੈ।

ਅਦਾਲਤ ਦੇ ਇਸ ਫੈਸਲੇ ਦੀ ਕਾਪੀ ਪ੍ਰੈਸ ਦੇ ਨਾਂ ਜਾਰੀ ਕਰਦਿਆਂ ਸ. ਗੁਰਮੇਜ ਸਿੰਘ ਗਿੱਲ (ਫੋਨ: 530-681-3112) ਨੇ ਦੱਸਿਆ ਕਿ ਤਕਰੀਬਨ ਦੋ ਸਾਲ ਤੋਂ ਗੁਰਦੁਆਰਾ ਟਾਇਰਾ ਬਿਊਨਾ ਵਿਚ ਚੋਣਾਂ ਨੂੰ ਲੈ ਕੇ ਸਟਰ ਕਾਊਂਟੀ ਸੁਪੀਰੀਅਰ ਕੋਰਟ ਵਿਚ ਕੇਸ ਚੱਲ ਰਿਹਾ ਹੈ। ਕਾਬਜ਼ ਧਿਰ ਨੇ ਬਾਈਲਾਅਜ਼ ਬਦਲ ਕੇ ਆਪਣੀ ਮਿਆਦ 2 ਸਾਲ ਵਧਾ ਲਈ। ਇਸੇ ਕਰ ਕੇ ਦਸੰਬਰ 2012 ਵਿਚ ਹੋਣ ਵਾਲੀਆਂ ਚੋਣਾਂ ਦਸੰਬਰ 2014 ਵਿਚ ਹੋਣਗੀਆਂ। ਸੰਗਤ ਨੂੰ ਇਹ ਵੀ ਸੂਹ ਮਿਲੀ ਸੀ ਕਿ ਕਾਬਜ਼ ਧਿਰ 2-2 ਸਾਲ ਕਰ ਕੇ ਆਪਣੀ ਮਿਆਦ ਵਧਾਉਣ ਦੇ ਮਤੇ ਪਕਾ ਰਹੀ ਸੀ। ਇਸ ਖਿਲਾਫ ਕੁਝ ਡਾਇਰੈਕਟਰਾਂ ਨੇ ਤਕਰੀਬਨ 35 ਡਾਇਰੈਕਟਰਾਂ ਦੀ ਮੱਦਦ ਲੈ ਕੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਸੰਗਤ ਦਾ ਵੱਡਾ ਹਿੱਸਾ ਵੀ ਇਨ੍ਹਾਂ ਡਾਇਰੈਟਰਾਂ ਦੀ ਮੱਦਦ 'ਤੇ ਆ ਗਿਆ।

ਹੁਣ ਸਟਰ ਕਾਊਂਟੀ ਸੁਪੀਰੀਅਰ ਕੋਰਟ ਵਲੋਂ 21 ਮਈ 2014 ਦੀ ਪੇਸ਼ੀ ਮੌਕੇ ਜਾਰੀ ਮੋਸ਼ਨ ਮੁਤਾਬਕ ਇਸ ਕੇਸ ਵਿਚ ਅਗਲੀ ਕਾਰਵਾਈ ਲਈ ਤਰੀਕਾਂ ਮਿਥ ਦਿੱਤੀ ਗਈਆਂ ਹਨ। ਇਸ ਮੁਤਾਬਕ 12 ਅਗਸਤ 2014 ਨੂੰ ਸਟੇਟਸ ਕਾਨਫਰੰਸ ਅਤੇ ਫਿਰ 12 ਸਤੰਬਰ 2014 ਨੂੰ ਟਰਾਇਲ ਰੈਡੀਨੈਸ ਕਾਨਫਰੰਸ ਹੋਵੇਗੀ। ਇਸ ਤੋਂ ਬਾਅਦ 7 ਅਕਤੂਬਰ 2014 ਨੂੰ ਕੋਰਟ ਟਰਾਇਲ ਅਰੰਭ ਹੋ ਜਾਵੇਗਾ ਜੋ ਤਕਰੀਬਨ ਚਾਰ ਦਿਨ ਚੱਲੇਗਾ।

ਇਸ ਦੇ ਨਾਲ ਹੀ ਮਾਣਯੋਗ ਜੱਜ ਨੇ ਵਿਰੋਧੀ ਧਿਰ ਨੂੰ ਰਾਹਤ ਦਿੰਦਿਆਂ ਕਾਬਜ਼ ਧਿਰ ਉਤੇ ਰੋਕਾਂ ਲਾਈਆਂ ਹਨ। ਹੁਣ ਕਾਬਜ਼ ਧਿਰ ਮਰਜ਼ੀ ਨਾਲ ਕਿਸੇ ਵੀ ਡਾਇਰੈਕਟਰ ਨੂੰ ਕੱਢ ਨਹੀਂ ਸਕੇਗੀ। ਦੂਜੇ, ਕਾਬਜ਼ ਧਿਰ ਕਿਸੇ ਮੈਂਬਰ ਦੀ ਮੈਂਬਰਸ਼ਿਪ ਵੀ ਖ਼ਤਮ ਨਹੀਂ ਕਰ ਸਕੇਗੀ। ਤੀਜੇ, ਕਾਬਜ਼ ਧਿਰ ਬਾਈਲਾਅਜ਼ ਬਦਲ ਕੇ ਆਪਣੀ ਮਿਆਦ ਨਹੀਂ ਵਧਾ ਸਕੇਗੀ।

## Matrimonial

### ਕੰਨਿਆ ਦੀ ਲੋੜ

ਸੈਣੀ ਵੈਸ਼ਨੂੰ, ਉਮਰ 25 ਸਾਲ, ਕੱਦ 5'-9" ਕੈਨੇਡੀਅਨ ਲੜਕੇ ਲਈ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿ ਰਹੀ ਯੋਗ ਲੜਕੀ ਚਾਹੀਦੀ ਹੈ। ਸੰਪਰਕ ਕਰੋ: 443-889-2177

*21 to 24*

### ਵਰ ਦੀ ਲੋੜ


ਵਿਜ਼ਿਟਰ ਵੀਜ਼ੇ 'ਤੇ ਆਈ ਜੱਟ ਸਿੱਖ, ਉਮਰ 35 ਸਾਲ, ਕੱਦ 5'-5" ਕੁਆਰੀ ਲੜਕੀ ਲਈ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271, ਈਮੇਲ: dhaliwalrupinder18@yahoo.com

*20 to 23*

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com





FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫ਼ਤਰ ਵਲੋਂ ਮਨਜ਼ੂਰੀ ਹੈ।



ਪੰਜਾਬ ਟਾਈਮਜ਼

*ਸਨਿਚਰਵਾਰ, 14 ਜੂਨ 2014*

## ਸੁੱਚੀ ਸਿਆਸਤ ਦੇ ਸਨਮੁਖ ਸਵਾਲ

ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਕਰਵਾਏ ਜਾ ਰਹੇ ਸਮਾਗਮ ਮੌਕੇ ਹੋਈਆਂ ਹਿੰਸਕ ਘਟਨਾਵਾਂ ਨੇ ਸਮੁੱਚੇ ਸਿੱਖ ਜਗਤ ਨੂੰ ਹਲੂਣ ਕੇ ਰੱਖ ਦਿੱਤਾ ਹੈ। ਐਤਕੀਂ 30ਵੀਂ ਬਰਸੀ ਹੋਣ ਕਰ ਕੇ ਆਮ ਨਾਲੋਂ ਵੱਧ ਸ਼ਰਧਾਲੂ ਉਥੇ ਆਪੋ-ਆਪਣਾ ਦਰਦ ਵੰਡਾਉਣ ਅਤੇ ਨਤ-ਮਸਤਕ ਹੋਣ ਪੁੱਜੇ ਹੋਏ ਸਨ। ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਇਹ ਬਰਸੀ ਮਨਾਉਣ ਸਬੰਧੀ ਬਾਕਾਇਦਾ ਲਾਮਬੰਦੀ ਵੀ ਕੀਤੀ ਸੀ। ਇਸ ਬਰਸੀ ਮੌਕੇ ਪੰਜਾਬ ਅਤੇ ਸਿੱਖਾਂ ਨਾਲ ਸਬੰਧਤ ਮਸਲੇ ਉਭਾਰਨ ਦਾ ਬੜਾ ਚੰਗਾ ਮੌਕਾ ਸੀ ਅਤੇ ਸਭ ਧਿਰਾਂ ਨੂੰ ਚਾਹੀਦਾ ਸੀ ਕਿ ਉਸ ਇਨ੍ਹਾਂ ਮੁੱਦਿਆਂ ਉਤੇ ਆਪਣਾ ਧਿਆਨ ਕੇਂਦਰਤ ਕਰਦੀਆਂ, ਕਿਉਂਕਿ ਜਿਨ੍ਹਾਂ ਮੁੱਦਿਆਂ ਕਾਰਨ 30 ਸਾਲ ਪਹਿਲਾਂ ਪੰਜਾਬ ਸਿਰ ਸੰਕਟ ਪਿਆ ਸੀ, ਉਹ ਮੁੱਦੇ ਤਾਂ ਅੱਜ ਵੀ ਜਿਉਂ ਦੇ ਤਿਉਂ ਮੂੰਹ ਅੱਡੀ ਖੜ੍ਹੇ ਹਨ ਅਤੇ ਇਨ੍ਹਾਂ ਮੁੱਦਿਆਂ ਨੂੰ ਜਾਣ-ਬੁੱਝ ਕੇ ਤਾਕ ਵਿਚ ਰੱਖ ਦਿੱਤਾ ਗਿਆ ਹੈ। ਇਸ ਤਰ੍ਹਾਂ ਅਜਿਹੇ ਮੌਕੇ ਆਪਣੀ ਗੱਲ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਵਧੀਆ ਜ਼ਰੀਆ ਬਣ ਸਕਦੇ ਹਨ ਪਰ ਅਫਸੋਸ! ਧੜੇਬੰਦਕ ਅਤੇ ਸੌੜੀ ਸਿਆਸਤ ਤੇ ਸੋਚ ਨੇ ਇਸ ਸਮਾਗਮ ਦੀ ਚਰਚਾ ਸਾਰੇ ਸੰਸਾਰ ਵਿਚ ਹੋਰ ਹੀ ਢੰਗ ਨਾਲ ਕਰਵਾ ਦਿੱਤੀ। ਹਰ ਸੰਜੀਦਾ ਸ਼ਖਸ ਨੇ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ ਹੈ।

ਇਹ ਸਹੀ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਨ੍ਹਾਂ ਦਾ ਫਰਜ਼ੰਦ ਸੁਖਬੀਰ ਸਿੰਘ ਬਾਦਲ ਅਤੇ ਪਰਿਵਾਰ ਦੇ ਹੋਰ ਮੈਂਬਰ ਸਿੱਧੇ-ਅਸਿੱਧੇ ਢੰਗ ਨਾਲ ਸਿੱਖ ਸੰਸਥਾਵਾਂ ਉਤੇ ਕਬਜ਼ਾ ਕਰੀ ਬੈਠੇ ਹਨ ਅਤੇ ਬਹੁਤ ਮਾਮਲਿਆਂ ਉਤੇ ਆਪਣੀ ਮਨ-ਮਰਜ਼ੀ ਵੀ ਕਰਦੇ ਹਨ, ਪਰ ਉਨ੍ਹਾਂ ਦੇ ਇਸ ਆਪ-ਹੁਦਰੇਪਣ ਦਾ ਜਵਾਬ ਅਜਿਹੀਆਂ ਕਾਰਵਾਈਆਂ ਨਾਲ ਨਹੀਂ ਦਿੱਤਾ ਜਾਣਾ ਚਾਹੀਦਾ ਜਿਸ ਨਾਲ ਸਮੁੱਚੇ ਭਾਈਚਾਰੇ ਲਈ ਹੀ ਨਵੇਂ ਸੰਕਟ ਖੜ੍ਹੇ ਹੋ ਜਾਣ। ਸਭ ਮੰਨਦੇ ਹਨ ਕਿ ਸ. ਬਾਦਲ ਬਹੁਤ ਗਿਣ-ਮਿਣ ਕੇ ਆਪਣੀ ਸਿਆਸਤ ਚਲਾ ਰਹੇ ਹਨ। ਫਿਰ ਕੀ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੀ ਇਸ ਕਥਿਤ ਗਿਣਤੀ-ਮਿਣਤੀ ਦੇ ਬਰਾਬਰ ਦੀ ਸਿਆਸਤ ਕੀਤੀ ਜਾਵੇ ਅਤੇ ਰੜ੍ਹੇ ਮੈਦਾਨ ਵਿਚ ਉਨ੍ਹਾਂ ਨੂੰ ਪਛਾੜਿਆ ਜਾਵੇ। ਅਸਲ ਵਿਚ ਜਿਸ ਪ੍ਰਸੰਗ ਵਿਚ ਅਤੇ ਜਿਸ ਢੰਗ ਨਾਲ ਇਹ ਘਟਨਾਵਾਂ ਹੋਈਆਂ, ਉਹ ਤਾਂ ਹੋਰ ਵੀ ਨਿਰਾਸ਼ ਕਰਨ ਵਾਲੀ ਗੱਲ ਹੈ। ਤੀਹ ਵਰ੍ਹੇ ਪਹਿਲਾਂ ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਸਾਕਾ ਵਰਤਾ ਕੇ ਸਿੱਖਾਂ ਦੇ ਦਿਲਾਂ ਉਤੇ ਚੋਟ ਪਹੁੰਚਾਈ ਸੀ, ਉਸ ਦੀ ਭਰਪਾਈ ਕਦੀ ਵੀ ਹੋ ਨਹੀਂ ਸਕਣੀ। ਸਭ ਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਕੇਂਦਰ ਸਰਕਾਰ ਨੇ ਹਿੰਸਾ ਦੀਆਂ ਊਜਾਂ ਲਾ ਕੇ ਹੀ ਸ੍ਰੀ ਅਕਾਲ ਤਖਤ ਉਤੇ ਫੌਜੀ ਹਮਲੇ ਦਾ ਬਹਾਨਾ ਬਣਾ ਲਿਆ ਸੀ। ਸੋ, ਤਾਜ਼ਾ ਘਟਨਾਵਾਂ ਨੇ ਹਾਲਾਤ ਨੂੰ ਵਿਗਾੜਿਆ ਹੀ ਹੈ, ਹੱਲ ਕੱਢਣ ਵੱਲ ਕੋਈ ਪੇਸ਼ਕਦਮੀ ਨਹੀਂ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਜੀਤ ਸਿੰਘ ਮਾਨ ਦਾ ਇਹ ਰੋਸਾ ਬਿਲਕੁਲ ਜਾਇਜ਼ ਹੈ ਕਿ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ ਪਰ ਜਿਸ ਢੰਗ ਨਾਲ ਹਾਲਾਤ ਹਿੰਸਾ ਵੱਲ ਖਿੱਚੇ ਗਏ, ਉਨ੍ਹਾਂ ਨੂੰ ਕਿਸੇ ਵੀ ਪੱਖ ਤੋਂ ਜਾਇਜ਼ ਕਰਾਰ ਨਹੀਂ ਦਿੱਤਾ ਜਾ ਸਕਦਾ। ਜਿਸ ਤਰ੍ਹਾਂ ਦੇ ਵੀ ਮੁੱਦੇ ਸ. ਮਾਨ ਉਥੇ ਉਠਾਉਣਾ ਚਾਹ ਰਹੇ ਸਨ, ਉਹ ਸਿਰਫ ਅਕਾਲ ਤਖਤ ਤੋਂ ਹੀ ਨਹੀਂ, ਸਗੋਂ ਪੰਜਾਬ ਦੇ ਹਰ ਮੰਚ ਤੋਂ ਉਠਾਏ ਜਾਣੇ ਚਾਹੀਦੇ ਹਨ ਅਤੇ ਲਗਾਤਾਰ ਉਠਾਏ ਜਾਣੇ ਚਾਹੀਦੇ ਹਨ। ਆਪਣਾ ਸੁਨੇਹਾ ਕਿਸੇ ਵੀ ਥਾਂ ਤੋਂ ਅਤੇ ਕਿਸੇ ਵੀ ਢੰਗ ਨਾਲ ਦਿੱਤਾ ਜਾ ਸਕਦਾ ਹੈ ਪਰ ਅਜਿਹਾ ਤਦ ਹੀ ਸੰਭਵ ਹੁੰਦਾ ਹੈ ਜਦੋਂ ਸਿਆਸਤ ਸੁੱਚੀ ਹੋਵੇ ਅਤੇ ਮੁਫਾਦਾਂ ਨੂੰ ਅਹਿਮੀਅਤ ਨਾ ਦਿੱਤੀ ਜਾਂਦੀ ਹੋਵੇ। ਇਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਸ. ਮਾਨ ਨੂੰ ਪੰਜਾਬ ਦੇ ਸਮੁੱਚੇ ਅਕਾਲੀ ਹਲਕਿਆਂ ਨੇ ਆਪਣੀ ਕਮਾਨ ਸੌਂਪ ਦਿੱਤੀ ਸੀ। ਉਦੋਂ ਉਨ੍ਹਾਂ ਨੂੰ ਲੋਕਾਂ ਵੱਲੋਂ ਜਿਸ ਤਰ੍ਹਾਂ ਦਾ ਸਮਰਥਨ ਅਤੇ ਸਹਿਯੋਗ ਮਿਲਿਆ ਸੀ, ਉਹ ਸਿੱਖ ਸਿਆਸਤ ਵਿਚ ਨਵੀਂਆਂ ਲੀਹਾਂ ਪਾੜ ਸਕਦੇ ਸਨ, ਪਰ ਉਸ ਵਕਤ ਉਹ ਸ਼ਾਇਦ ਆਪਣੀਆਂ ਤਰਜੀਹਾਂ ਮਿਥਣ ਵਿਚ ਸਫਲ ਨਹੀਂ ਹੋ ਸਕੇ। ਅਜਿਹੇ ਵੇਲਿਆਂ ਉਤੇ ਪਬਲਿਕ ਕਦੀ ਵੀ ਉਡੀਕ ਨਹੀਂ ਕਰਦੀ ਹੁੰਦੀ। ਉਹ ਹੌਲੀ-ਹੌਲੀ ਪਿਛਾਂਹ ਪੈਂਦੇ ਗਏ ਅਤੇ ਹੁਣ ਨਤੀਜਾ ਸਭ ਦੇ ਸਾਹਮਣੇ ਹੈ। ਉਦੋਂ ਦੇ ਖੁੰਝੇ ਸ. ਮਾਨ ਅੱਜ ਤੱਕ ਸਿਆਸੀ ਪਿੜ ਵਿਚ ਪਛੜ ਰਹੇ ਹਨ। ਇਹ ਕੌੜਾ ਸੱਚ ਸਿਰਫ ਸ. ਮਾਨ ਤੱਕ ਹੀ ਮਹਿਦੂਦ ਨਹੀਂ ਹੈ, ਇਹ ਉਨ੍ਹਾਂ ਸਭ ਧਿਰਾਂ ਉਤੇ ਵੀ ਲਾਗੂ ਹੁੰਦਾ ਹੈ ਜੋ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਫਿਕਰ ਜ਼ਾਹਿਰ ਕਰਦੀਆਂ ਰਹੀਆਂ ਹਨ।

ਰਤਾ ਕੁ ਘੋਖ ਕੇ ਦੇਖਿਆਂ ਪਤਾ ਲਗਦਾ ਹੈ ਕਿ ਪਿਛਲੇ ਤਿੰਨ ਦਹਾਕਿਆਂ ਦੌਰਾਨ ਵੱਖ-ਵੱਖ ਮੌਕਿਆਂ ਉਤੇ ਪੰਜਾਬ ਦੀਆਂ ਵੱਖ-ਵੱਖ ਧਿਰਾਂ ਨੂੰ ਕੁਝ ਕਰ ਗੁਜ਼ਰਨ ਦਾ ਮੌਕਾ ਮਿਲਿਆ, ਪਰ ਇਹ ਸਾਰੀਆਂ ਧਿਰਾਂ ਸੂਬੇ ਦੀ ਸਿਆਸਤ ਦਾ ਮੁਹਾਣ ਮੋੜਨ ਵਿਚ ਬੁਰੀ ਤਰ੍ਹਾਂ ਅਸਫਲ ਰਹੀਆਂ। ਇਸ ਅਸਫਲਤਾ ਕਾਰਨ ਹੀ ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਲੀਡਰਾਂ ਦਾ ਸਫਲ ਹੋਣ ਦਾ ਦਾਅ ਲੱਗ ਗਿਆ। ਜ਼ਾਹਿਰ ਹੈ ਕਿ ਬਾਦਲਾਂ ਵੱਲੋਂ ਕਿਸੇ ਵੀ ਤਰੀਕੇ ਨਾਲ ਹਾਸਲ ਕੀਤੀ ਸਫਲਤਾ, ਦੂਜੀਆਂ ਧਿਰਾਂ ਦੀ ਅਸਫਲਤਾ ਵਿਚੋਂ ਹੀ ਨਿਕਲੀ ਹੈ। ਇਸ ਲਈ ਇਨ੍ਹਾਂ ਨੂੰ ਅਸਫਲ ਕਰਨ ਲਈ ਸੁੱਚੀ ਸਿਆਸਤ ਵੀ ਦੂਜੀਆਂ ਧਿਰਾਂ ਨੂੰ ਹੀ ਕਰਨੀ ਪੈਣੀ ਹੈ। ਇਸ ਤੋਂ ਬਿਨਾਂ ਨਾ ਤਾਂ ਕੋਈ ਹੋਰ ਰਾਹ ਹੈ ਅਤੇ ਨਾ ਹੀ ਕੋਈ ਚਾਰਾ; ਸਗੋਂ ਦੂਜੀਆਂ ਧਿਰਾਂ ਨੂੰ ਤਾਂ ਸੁੱਚੀ ਸਿਆਸਤ ਨੂੰ ਇੰਨਾ ਬੁਲੰਦ ਕਰਨਾ ਪਵੇਗਾ ਕਿ ਲੋਕ ਬਾਦਲਾਂ ਦੀ ਸਿਆਸਤ ਨੂੰ ਪਾਸੇ ਕਰਨ ਲਈ ਸੋਚਣ ਲੱਗ ਪੈਣ। ਐਤਕੀਂ ਦੀਆਂ ਲੋਕ ਸਭਾ ਚੋਣਾਂ ਨੇ ਥੋੜ੍ਹਾ ਜਿਹਾ ਰਾਹ ਦਿਖਾਇਆ ਵੀ ਹੈ। ਪੈਸਾ ਅਤੇ ਹਰ ਤਰ੍ਹਾਂ ਦੀ ਤਾਕਤ ਦੇ ਬਾਵਜੂਦ ਬਾਦਲਾਂ ਨੂੰ ਇਨ੍ਹਾਂ ਚੋਣਾਂ ਵਿਚ ਪਛਾੜ ਖਾਣੀ ਪਈ ਹੈ। ਇਸ ਤਰ੍ਹਾਂ ਦੇ ਸਮੁੱਚੇ ਹਾਲਾਤ ਨੂੰ ਸਮਝ ਕੇ ਹੀ ਝੂਠੀ ਸਿਆਸਤ ਦੇ ਪੈਰ ਉਖਾੜੇ ਜਾ ਸਕਦੇ ਹਨ। ਇਹੀ ਵਕਤ ਦਾ ਤਕਾਜ਼ਾ ਵੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਮੇਂ ਦੇ ਰੰਗ!*

ਹੈ ਸੀ ਅਣਖ ਤੇ ਜੋਸ਼ ਵਿਚ ਰਹਿੰਦੀਆਂ ਜੋ, ਫੌਜਾਂ ਨਾਲ ਗੱਦਾਰੀਆਂ ਢਾਇ ਲਈਆਂ।
ਛੇ ਛੇ ਫੁੱਟੀਆਂ ਸੂਰਤਾਂ ਦਰਸ਼ਨੀ ਜੋ, ਘੁਣ ਵਾਂਗਰਾਂ ਅੰਦਰੋਂ ਖਾਇ ਲਈਆਂ।
ਰੋਹ ਵਿਚ ਗਰਜਣਾ ਸ਼ੇਰਾਂ ਨੂੰ ਭੁੱਲਿਆ ਏ, ਗਧੇ-ਗਿੱਦੜਾਂ ਕਾਠੀਆਂ ਪਾਇ ਲਈਆਂ।
ਫੜੇ 'ਦਾਤਿਆਂ' ਦੇਖ ਕੇ 'ਮੰਗ-ਪੱਤਰ', ਹਉਕੇ ਭਰਦੀਆਂ ਗੈਰਤਾਂ ਹਾਇ ਲਈਆਂ!
'ਹੀਰੋ' ਸਮੇਂ ਦੇ ਫੇਰ ਵਿਚ ਬਣਨ 'ਜ਼ੀਰੋ', ਬੇ-ਦਰਦ ਇਤਿਹਾਸ ਵਿਚ ਭਾਲ ਦੇਖੋ।
ਦੱਰਾ ਖੈਬਰ ਤੱਕ ਤੇਗਾਂ ਜੋ ਵਾਹੁਣ ਵਾਲੇ, ਲੈ ਕੇ ਫਿਰਦੇ ਨੇ ਹੱਥਾਂ ਵਿਚ ਢਾਲ ਦੇਖੋ!

# ਨਸ਼ਿਆਂ ਖਿਲਾਫ ਅਵਾਮੀ ਚੇਤਨਾ ਦੀ ਅੰਗੜਾਈ

ਨਸ਼ਿਆਂ ਨੂੰ ਪੰਜਾਬ ਦਾ ਕਿੰਨਵਾਂ ਦਰਿਆ ਕਿਹਾ ਜਾਵੇ, ਇਹ ਉਨਾ ਮਾਇਨੇ ਨਹੀਂ ਰੱਖਦਾ ਜਿੰਨਾ ਇਹ ਸਵਾਲ ਕਿ ਇਹ ਦਰਿਆ ਵਗਾਉਣ ਵਾਲੀਆਂ ਮਨਹੂਸ ਤਾਕਤਾਂ ਕਿਹੜੀਆਂ ਹਨ ਅਤੇ ਇਨ੍ਹਾਂ ਨੂੰ ਬੰਨ੍ਹ ਕਿਵੇਂ ਮਾਰਿਆ ਜਾ ਸਕਦਾ ਹੈ। ਐਪਰ ਇਹ ਤੱਥ ਬਹੁਤ ਚਿੰਤਾਜਨਕ ਹੈ ਕਿ ਪੰਜਾਬ ਦੇ ਸਰਹੱਦੀ ਖੇਤਰਾਂ ਵਿਚ 15 ਤੋਂ 25 ਸਾਲ ਦੀ ਉਮਰ ਦੇ 75 ਫ਼ੀਸਦੀ ਨੌਜਵਾਨ ਅਤੇ ਬਾਕੀ ਖੇਤਰਾਂ ਵਿਚ 73 ਫ਼ੀਸਦੀ ਨੌਜਵਾਨ ਹੈਰੋਇਨ ਦੀ ਲਪੇਟ ਵਿਚ ਹਨ। ਸਮਾਜ ਸੁਰੱਖਿਆ ਮਹਿਕਮੇ ਦੀ ਰਿਪੋਰਟ ਕਹਿੰਦੀ ਹੈ ਕਿ ਘੱਟੋ-ਘੱਟ 67 ਫ਼ੀਸਦੀ ਪਰਿਵਾਰਾਂ ਦਾ ਇਕ ਮੈਂਬਰ ਨਸ਼ੇ ਕਰਦਾ ਹੈ। ਨਸ਼ਾਖੋਰੀ ਦਾ ਅਸਰ ਉਸ ਪਰਿਵਾਰ ਦੇ ਸਬੰਧਤ ਜੀਅ ਦੀ ਬਰਬਾਦੀ ਤਕ ਮਹਿਦੂਦ ਨਹੀਂ ਹੁੰਦਾ, ਸਗੋਂ ਉਸ ਦਾ ਪੂਰਾ ਪਰਿਵਾਰ ਅਤੇ ਸਮਾਜ ਕਿਸੇ ਨਾ ਕਿਸੇ ਰੂਪ 'ਚ ਇਹ ਸੰਤਾਪ ਹੰਢਾਉਂਦਾ ਹੈ, ਪਰ ਸੱਤਾਧਾਰੀਆਂ ਲਈ ਨਸ਼ੇ ਸੁਪਰ ਮੁਨਾਫ਼ੇ ਕਮਾਉਣ ਦਾ ਸੁਖ਼ਾਲਾ ਸਾਧਨ ਹੋਣ ਕਾਰਨ ਨਸ਼ਾ ਤਸਕਰਾਂ, ਪੁਲਿਸ ਅਤੇ ਮੁੱਖਧਾਰਾ ਸਿਆਸਤਦਾਨਾਂ ਦਾ ਗੱਠਜੋੜ ਜਵਾਨੀ ਦੀ ਬਰਬਾਦੀ ਤੋਂ ਪੂਰੀ ਤਰ੍ਹਾਂ ਬੇਪ੍ਰਵਾਹ ਹੋ ਕੇ ਤਸਕਰੀ ਦੀ ਸਲਤਨਤ ਚਲਾ ਰਿਹਾ ਹੈ।

ਜੇ ਸ਼ਸ਼ੀਕਾਂਤ ਵਰਗਾ ਤਜਰਬੇਕਾਰ ਅਧਿਕਾਰੀ ਇਸ ਨਾਪਾਕ ਗੱਠਜੋੜ ਦੇ ਸਿਆਸੀ ਬੌਸਾਂ ਦੇ ਨਾਂ ਨਸ਼ਰ ਕਰਨ ਵਿਚ ਕਈ ਮਹੀਨੇ ਲੰਘਾ ਕੇ ਅਧੂਰੀ ਸੂਚੀ ਜਾਰੀ ਕਰਦਾ ਹੈ, ਤਾਂ ਉਸ ਦੀ ਮਜਬੂਰੀ ਤੇ ਗਿਣਤੀ-ਮਿਣਤੀ ਸਾਫ਼ ਸਮਝ ਆਉਂਦੀ ਹੈ। ਜਾਰੀ ਰਿਪੋਰਟ ਵਿਚ ਗੁਲਜ਼ਾਰ ਸਿੰਘ ਰਣੀਕੇ, ਸਰਵਣ ਸਿੰਘ ਫਿਲੌਰ ਦੇ ਫਰਜ਼ੰਦ, ਅਜੀਤ ਸਿੰਘ ਕੋਹਾੜ, ਵੀਰ ਸਿੰਘ ਲੋਪੋਕੇ ਵਰਗੇ ਅਹਿਮ ਸਿਆਸਤਦਾਨਾਂ ਦੇ ਨਾਂ ਤਾਂ ਸ਼ਾਮਲ ਹਨ, ਪਰ ਇਨ੍ਹਾਂ ਦਾ ਰਿਮੋਟ ਕੰਟਰੋਲ ਸੁਖਬੀਰ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਕੈਪਟਨ ਅਮਰਿੰਦਰ ਸਿੰਘ ਵਰਗੇ ਜਿਨ੍ਹਾਂ ਸਿਆਸੀ ਬੌਸਾਂ ਦੇ ਹੱਥ ਵਿਚ ਹੈ, ਰਿਪੋਰਟ ਵਿਚ ਉਨ੍ਹਾਂ ਦੇ ਨਾਂ ਗ਼ਾਇਬ ਹੋਣਾ ਦਰਸਾਉਂਦਾ ਹੈ ਕਿ ਤੱਥਾਂ ਨੂੰ 'ਮੈਨੇਜ' ਕਰਨ ਦੇ ਪੱਖੋਂ ਸੱਤਾਧਾਰੀ ਲਾਣਾ ਕਿੰਨਾ ਸਮਰੱਥ ਹੈ। ਇਸ ਰਾਜ-ਢਾਂਚੇ ਦੀ ਸਭ ਤੋਂ ਵੱਡੀ ਖ਼ੂਬੀ ਇਹੀ ਹੈ ਕਿ ਇਸ ਦੇ ਕਾਨੂੰਨ ਦੇ 'ਲੰਮੇ ਹੱਥ' ਅਜਿਹੇ ਘਿਨਾਉਣੇ ਜੁਰਮਾਂ ਦੇ ਮੁੱਖ ਸਿਆਸੀ ਸੂਤਰਧਾਰਾਂ ਵੱਲ ਜਾਂਦਿਆਂ ਹਮੇਸ਼ਾ ਅਪਾਹਜ ਨਜ਼ਰ ਆਉਂਦੇ ਹਨ ਅਤੇ ਇਨ੍ਹਾਂ ਹੱਥਾਂ ਦੀ ਲੰਬਾਈ ਦੋਇਮ ਦਰਜੇ ਦੇ ਮੁਜਰਮਾਂ ਖ਼ਿਲਾਫ਼ ਮੁਕੱਦਮੇਬਾਜ਼ੀ ਦੀ ਕੰਟਰੋਲ-ਰੇਖਾ ਤੋਂ ਪਾਰ ਕਦੇ ਨਹੀਂ ਜਾਂਦੀ।

ਪਿਛਲੇ ਸਾਲਾਂ ਤੋਂ ਹੈਰੋਇਨ, ਸਮੈਕ ਅਤੇ ਚਿੱਟੇ ਵਰਗੇ ਨਸ਼ਿਆਂ ਦੀ ਤਸਕਰੀ ਮੀਡੀਆ ਵਿਚ ਚਰਚਾ ਦਾ ਆਮ ਵਿਸ਼ਾ ਹੈ। ਕੁਝ ਇਕ ਗ੍ਰਾਮ ਤੋਂ ਲੈ ਕੇ ਵੀਹ-ਪੰਜਾਹ ਕਰੋੜ ਰੁਪਏ ਦੇ ਮੁੱਲ ਦੀ ਹੈਰੋਇਨ ਦੀਆਂ ਖੇਪਾਂ ਕਾਬੂ ਕਰਨ ਵਾਲੀ ਪੁਲਿਸ ਦੀ 'ਬਹਾਦਰੀ' ਵੀ ਹਰ ਦੂਜੇ-ਚੌਥੇ ਦਿਨ ਮੀਡੀਆ ਦੀਆਂ ਸੁਰਖ਼ੀਆਂ ਬਣਦੀ ਹੈ, ਪਰ ਇਤਨੇ ਸਨਸਨੀਖੇਜ਼ ਖ਼ੁਲਾਸੇ ਹੁੰਦੇ ਰਹਿਣ ਦੇ ਬਾਵਜੂਦ ਇਨ੍ਹਾਂ ਮਾਮਲਿਆਂ ਦੀ ਡੂੰਘਾਈ ਵਿਚ ਤਫ਼ਤੀਸ਼ ਕਰ ਕੇ ਆਹਲਾ ਪੁਲਿਸ ਅਧਿਕਾਰੀਆਂ ਨੇ ਇਹ ਕਦੇ ਨਹੀਂ ਦੱਸਿਆ ਕਿ ਇਨ੍ਹਾਂ ਪ੍ਰਚੂਨ ਤਸਕਰਾਂ ਦੇ ਪਿੱਛੇ ਬੈਠੇ ਥੋਕ ਦੇ ਵਪਾਰੀ ਕੌਣ-ਕੌਣ ਹਨ। ਬੇਸ਼ਕ ਹੈਰੋਇਨ ਵਰਗੇ ਇਹ ਨਸ਼ੇ ਬਹੁਤ ਘਾਤਕ ਹਨ, ਪਰ ਇਨ੍ਹਾਂ ਬਾਰੇ ਸਨਸਨੀਖੇਜ਼ ਪ੍ਰਚਾਰ ਦੇ ਗ਼ਰਦ-ਗ਼ੁਬਾਰ ਵਿਚ ਇਹ ਤੱਥ ਛੁਪਾ ਦਿੱਤਾ ਜਾਂਦਾ ਹੈ ਕਿ ਗੁਰੂਆਂ ਦੀ ਧਰਤੀ ਨੂੰ ਸ਼ਰਾਬ ਅਤੇ ਭੁੱਕੀ ਵਿਚ ਡੋਬਣ ਦਾ ਇਤਿਹਾਸ ਬਹੁਤ ਲੰਮਾ ਹੈ। ਇੱਥੇ ਹੁਣ ਪ੍ਰਤੀ ਵਿਅਕਤੀ ਸ਼ਰਾਬ ਦੀ ਔਸਤ ਖ਼ਪਤ 7.9 ਲੀਟਰ ਨੂੰ ਪਹੁੰਚ ਚੁੱਕੀ ਹੈ। ਸ਼ਰਾਬ ਦੀ ਖ਼ਪਤ ਪੱਖੋਂ ਪੂਰੇ ਮੁਲਕ ਵਿਚ ਪੰਜਾਬ ਦਾ ਨੰਬਰ (ਕੇਰਲਾ ਪਹਿਲੇ ਨੰਬਰ 'ਤੇ ਹੈ) ਦੂਜਾ ਹੈ। ਪੰਜਾਬ ਨੂੰ ਇਸ 'ਤਰੱਕੀ' ਦੀਆਂ ਸਿਖ਼ਰਾਂ ਉਪਰ ਪਹੁੰਚਾਉਣ ਵਾਲੀਆਂ ਕਾਂਗਰਸੀ ਅਤੇ ਅਕਾਲੀ ਹਕੂਮਤਾਂ ਦੀ ਸ਼ਨਾਖ਼ਤ ਕਰਨੀ ਜ਼ਰੂਰੀ ਹੈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਪੰਜਾਬ ਵਿਚ ਨਸ਼ਿਆਂ ਨੂੰ ਫੈਲਾਉਣ ਵਿਚ ਅਖੌਤੀ ਗੀਤਕਾਰਾਂ/ਗਾਇਕਾਂ ਅਤੇ ਟੀ.ਵੀ.ਚੈਨਲਾਂ ਦਾ ਵੀ ਹੱਥ ਹੈ ਜੋ ਨਸ਼ਿਆਂ ਨੂੰ ਪੰਜਾਬੀ ਸਭਿਆਚਾਰ ਦਾ ਅਨਿੱਖੜ ਹਿੱਸਾ ਬਣਾ ਕੇ ਪੇਸ਼ ਕਰਦੇ ਹਨ ਅਤੇ ਇਸ ਤਰ੍ਹਾਂ ਦੀ ਗਾਇਕੀ ਤੇ ਇਸ ਦੇ ਪ੍ਰਸਾਰਨ ਜ਼ਰੀਏ ਮੋਟੀ ਕਮਾਈ ਕਰਦੇ ਹਨ। 29 ਕਰੋੜ ਬੋਤਲਾਂ ਹਜ਼ਮ ਕਰਨ ਦੀ ਪੰਜਾਬੀਆਂ ਦੀ ਸਮਰੱਥਾ ਅਤੇ ਨਸ਼ਿਆਂ ਦੀ ਐਨੀ ਵਿਆਪਕ ਮੰਡੀ ਨੂੰ ਦੇਖ ਕੇ ਹੀ 2011 ਵਿਚ 'ਪੰਥ ਰਤਨ' ਪ੍ਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਨੇ ਇਕ ਸਾਲ ਵਿਚ ਸ਼ਰਾਬ ਦੀਆਂ 30.60 ਕਰੋੜ ਬੋਤਲਾਂ ਸਪਲਾਈ ਕਰਨ ਦਾ ਟੀਚਾ ਮਿੱਥਿਆ ਸੀ। ਸ਼ਾਇਦ ਹੀ ਹੋਰ ਕੋਈ ਸੂਬਾ ਇਸ ਰਿਕਾਰਡ ਨੂੰ ਨੇੜ-ਭਵਿੱਖ ਵਿਚ ਤੋੜ ਸਕੇ! ਹੁਣ ਇਸੇ ਹਕੂਮਤ ਨੇ ਸ਼ਰਾਬ ਦੀਆਂ 19 ਨਵੀਆਂ ਫੈਕਟਰੀਆਂ ਲਾਉਣ ਦੀ ਮਨਜ਼ੂਰੀ ਦੇ ਕੇ ਇਸ 'ਵਿਕਾਸ' ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ ਹੈ। 1995-96 'ਚ ਪੰਜਾਬ ਸਰਕਾਰ ਨੂੰ ਸ਼ਰਾਬ ਦੇ ਠੇਕਿਆਂ ਤੋਂ 766 ਕਰੋੜ ਦੀ 'ਆਮਦਨ' ਸੀ ਪਰ 2014-15 ਵਿਚ ਇਹ 4700 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ! ਇਨ੍ਹਾਂ ਹਾਲਾਤ ਵਿਚ ਇਸ ਵਕਤ ਸਧਾਰਨ ਲੋਕਾਂ ਲਈ ਆਪਣੇ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਕਿਸੇ ਮੁਰਾਤਬੇ 'ਤੇ ਪਹੁੰਚਾਉਣ ਤੋਂ ਵੀ ਵੱਧ ਅਹਿਮ ਨਸ਼ਿਆਂ ਤੋਂ ਬਚਾਉਣ ਦਾ ਸਵਾਲ ਬਣ ਚੁੱਕਾ ਹੈ।

ਪੰਜਾਬ ਦੀ ਜਵਾਨੀ ਦੀਆਂ ਅੱਖਾਂ ਵਿਚ ਜ਼ਿੰਦਗੀ ਦਾ ਕੋਈ ਸੁਪਨਾ ਨਾ ਹੋਣ ਤੋਂ ਉਪਜੀ ਘੋਰ ਮਾਯੂਸੀ ਹੀ ਉਨ੍ਹਾਂ ਦੇ ਨਸ਼ਿਆਂ ਦਾ ਸ਼ਿਕਾਰ ਹੋਣ ਦੀ ਮੁੱਖ ਵਜ੍ਹਾ ਹੈ। ਰੁਜ਼ਗਾਰ ਦਾ ਮੁੱਖ ਰਵਾਇਤੀ ਖੇਤਰ ਖੇਤੀਬਾੜੀ ਘੋਰ ਸੰਕਟ ਦੀ ਲਪੇਟ ਵਿਚ ਹੈ ਜਿਸ ਵਿਚ ਨਵਾਂ ਰੁਜ਼ਗਾਰ ਦੇਣ ਦੀ ਸਮਰੱਥਾ ਚਿਰੋਕਣੀ ਖ਼ਤਮ ਹੋ ਚੁੱਕੀ ਹੈ।

ਬੂਟਾ ਸਿੰਘ
ਫੋਨ: 91-94634-74342

5000 ਕਿਸਾਨ ਘੋਰ ਸੰਕਟ ਵਿਚੋਂ ਪੈਦਾ ਹੋਈ ਨਿਰਾਸ਼ਾ ਦਾ ਸ਼ਿਕਾਰ ਹੋ ਕੇ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਨਵੀਂ ਪੀੜ੍ਹੀ ਖੇਤੀ ਵਿਚੋਂ ਨਿਕਲ ਕੇ ਹੋਰ ਕਿਤੇ ਆਪਣਾ ਭਵਿੱਖ ਤਲਾਸ਼ਣਾ ਚਾਹੁੰਦੀ ਹੈ ਪਰ ਬਦਲ ਕੋਈ ਨਹੀਂ ਹੈ। ਉਦਾਰੀਕਰਨ ਤੇ ਆਲਮੀਕਰਨ ਦੀਆਂ ਨੀਤੀਆਂ ਨੇ ਦਰਮਿਆਨੀ ਤੇ ਛੋਟੀ ਸਨਅਤ ਦਾ ਬੇਹਿਸਾਬਾ ਉਜਾੜਾ ਕਰ ਦਿੱਤਾ ਹੈ ਜਿਸ ਨਾਲ ਰੁਜ਼ਗਾਰ 'ਤੇ ਲੱਗੇ ਕਾਮੇ ਵੀ ਬੇਰੁਜ਼ਗਾਰਾਂ ਦੀ ਕਤਾਰ ਵਿਚ ਸ਼ਾਮਲ ਹੋ ਚੁੱਕੇ ਹਨ। 2007 ਤੋਂ 2014 ਦੇ ਸੱਤ ਸਾਲਾਂ ਵਿਚ ਪੰਜਾਬ ਵਿਚ 18770 ਫੈਕਟਰੀਆਂ ਬੰਦ ਹੋਈਆਂ ਹਨ ਜਿਨ੍ਹਾਂ ਵਿਚ ਮੰਡੀ ਗੋਬਿੰਦਗੜ੍ਹ ਦੀਆਂ 2800 ਫੈਕਰੀਆਂ ਵੀ ਸ਼ਾਮਲ ਹਨ। ਇਹ ਖ਼ੁਲਾਸਾ ਸੂਬੇ ਦੇ ਇੰਡਸਟੀਰੀਜ਼ ਵਿਭਾਗ ਕੋਲੋਂ ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਜਾਣਕਾਰੀ ਜ਼ਰੀਏ ਹੋਇਆ ਹੈ। ਨਿੱਜੀਕਰਨ ਦੇ ਰਾਹੀਂ, ਅਤੇ ਇਸ ਦੇ ਹਿੱਸੇ ਵਜੋਂ ਸਰਕਾਰੀ ਮਹਿਕਮਿਆਂ ਵਿਚ ਨਵੀਂ ਭਰਤੀ ਠੇਕਾ ਆਧਾਰਤ ਹੋਣ ਨਾਲ ਸਰਕਾਰੀ ਨੌਕਰੀਆਂ ਲਗਭਗ ਖ਼ਤਮ ਹੋ ਚੁੱਕੀਆਂ ਹਨ। ਠੇਕੇਦਾਰੀ ਪ੍ਰਬੰਧ ਤਹਿਤ ਇਹ ਤੁਛ ਨੌਕਰੀਆਂ ਹਾਸਲ ਕਰਨ ਲਈ ਵੀ ਪੰਜਾਬ ਦੀ ਜਵਾਨੀ ਨਿੱਤ ਹੁਕਮਰਾਨਾਂ ਹੱਥੋਂ ਸੜਕਾਂ 'ਤੇ ਜ਼ਲੀਲ ਹੋ ਰਹੀ ਹੈ ਅਤੇ ਡਾਂਗਾਂ ਖਾ ਰਹੀ ਹੈ। ਉਸਾਰੀ ਦਾ ਕੰਮ ਕਰਨ ਵਾਲੇ ਹੱਥ ਬਾਦਲਾਂ ਦੇ ਰੇਤ ਮਾਫ਼ੀਆ ਵਲੋਂ ਰੇਤ-ਬੱਜਰੀ ਉਪਰ ਕੀਤੇ ਕਬਜ਼ੇ ਨੇ ਬੇਕਾਰ ਕਰ ਦਿੱਤੇ ਹਨ। ਬੇਚੈਨ ਅਵਾਮ ਨੂੰ ਡਾਂਗਾਂ ਨਾਲ ਕੁੱਟਣ ਲਈ ਪੁਲਿਸ ਦੀ ਨਫ਼ਰੀ ਵਧਾਉਂਦੇ ਜਾਣ ਦੀ ਸਥਾਪਤੀ ਦੀ ਜ਼ਰੂਰਤ ਕਾਰਨ ਪੁਲਿਸ ਦੀ ਭਰਤੀ ਹੀ ਨੌਕਰੀਆਂ ਦਾ ਇਕੋ ਇਕ ਵਸੀਲਾ ਬਚਿਆ ਹੈ। ਉੱਥੋਂ ਭਲਾ ਕਿੰਨੇ ਕੁ ਨੌਜਵਾਨ ਭਰਤੀ ਹੋ ਸਕਦੇ ਹਨ? ਇਨ੍ਹਾਂ ਹਾਲਾਤ ਵਿਚ ਨੌਜਵਾਨਾਂ ਦੀ ਅੱਖਾਂ ਵਿਚ ਸੁਪਨੇ ਕਿਵੇਂ ਹੋ ਸਕਦੇ ਹਨ?

ਨਸ਼ਿਆਂ ਬਾਰੇ ਆਮ ਪ੍ਰਵਚਨ ਵਿਚ ਸਮਾਜੀ ਮਸਲੇ ਦੀਆਂ ਇਨ੍ਹਾਂ ਬੁਨਿਆਦੀ ਤਹਿਆਂ ਦੀ ਚਰਚਾ ਨਹੀਂ ਹੁੰਦੀ। ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲ ਤਖ਼ਤ ਦੇ ਜਥੇਦਾਰ ਅਕਾਲੀ ਸਿਆਸਤਦਾਨਾਂ ਦੀ ਇਸ ਘਿਨਾਉਣੀ ਭੂਮਿਕਾ ਬਾਰੇ ਕਦੇ ਮੂੰਹ ਨਹੀਂ ਖੋਲ੍ਹਦੇ। ਇਤਿਹਾਸ ਬਾਰੇ ਵੱਖਰੇ ਵਿਚਾਰ ਰੱਖਣ ਵਾਲੇ ਖੋਜੀ ਵਿਦਵਾਨਾਂ ਬਾਰੇ ਫਤਵੇ ਜਾਰੀ ਕਰਨ ਵਾਲੇ ਜਥੇਦਾਰ, ਬਾਦਲ ਹਕੂਮਤ ਦੇ ਇਨ੍ਹਾਂ ਘੋਰ ਜੁਰਮਾਂ ਬਾਰੇ ਸਾਜ਼ਿਸ਼ੀ ਚੁੱਪ ਧਾਰੀ ਰੱਖਦੇ ਹਨ ਅਤੇ ਪੂਰੀ ਬੇਹਯਾਈ ਨਾਲ ਨਸੀਹਤਨੁਮਾ ਬਿਆਨ ਦੇ ਛੱਡਦੇ ਹਨ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਹ ਇਹ ਕਦੇ ਨਹੀਂ ਦੱਸਦੇ ਕਿ ਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਵਾਲੇ ਕੌਣ ਹਨ। ਹੁਣ ਜਦੋਂ ਅਵਾਮ ਅੰਦਰ ਨਸ਼ਿਆਂ ਪ੍ਰਤੀ ਵਧ ਰਹੀ ਫ਼ਿਕਰਮੰਦੀ ਅਤੇ ਸਰੋਕਾਰ ਨੇ ਸੱਤਾਧਾਰੀ ਬਾਦਲ ਦਲ ਨੂੰ 16ਵੀਂ ਲੋਕ ਸਭਾ ਦੀਆਂ ਚੋਣਾਂ ਵਿਚ ਸਬਕ ਸਿਖਾਇਆ ਤਾਂ ਸ਼੍ਰੋਮਣੀ ਕਮੇਟੀ ਨੂੰ ਵੀ ਨਸ਼ਿਆਂ ਦਾ ਮਸਲਾ ਚੇਤੇ ਆ ਗਿਆ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਬਾਦਲ ਆਪੋ-ਆਪਣੇ ਨਿਜ਼ਾਮ ਵਿਚ ਪੌਂਟੀ ਚੱਢਾ ਦੀ ਸ਼ਰਾਬ ਸਲਤਨਤ ਦੀ ਸਿਆਸੀ ਪੁਸ਼ਤ-ਪਨਾਹੀ ਕਰਦਿਆਂ ਉਸ ਨਾਲ ਯਾਰਾਨੇ ਪਾਲ ਰਹੇ ਸਨ ਅਤੇ ਸ਼ਰਾਬ ਦੇ ਲਾਇਸੰਸਸ਼ੁਦਾ ਧੰਦੇ ਤੋਂ ਸਰਕਾਰੀ ਆਮਦਨ ਨੂੰ ਜ਼ਰਬਾਂ ਆ ਰਹੀਆਂ ਸਨ, ਉਦੋਂ ਇਨ੍ਹਾਂ 'ਜਥੇਦਾਰਾਂ' ਲਈ ਨਸ਼ੇ ਕੋਈ ਮਸਲਾ ਨਹੀਂ ਸੀ। ਉਦੋਂ ਵੀ ਨਹੀਂ, ਜਦੋਂ ਫ਼ਰੀਦਕੋਟ ਸੰਸਦੀ ਹਲਕੇ ਤੋਂ ਅਕਾਲੀ ਉਮੀਦਵਾਰ ਬੀਬੀ ਪਰਮਜੀਤ ਕੌਰ ਗੁਲਸ਼ਨ ਨੇ ਸ਼ਰਾਬ ਵਾਂਗ ਭੁੱਕੀ ਦੇ ਲਾਇਸੰਸਸ਼ੁਦਾ ਠੇਕੇ ਖੋਲ੍ਹਣ ਦੀ ਸ਼ਰੇਆਮ ਵਕਾਲਤ ਕੀਤੀ।

ਜਿਸ ਪ੍ਰਬੰਧ ਦੀਆਂ ਹਾਕਮ ਜਮਾਤਾਂ ਪੂਰੇ ਪੰਜ ਸਾਲ ਰਾਜ ਨੂੰ ਨਿੱਜੀ ਸਲਤਨਤ ਬਣਾ ਕੇ ਚਲਾਉਂਦੀਆਂ ਹੋਣ ਅਤੇ ਜਿਨ੍ਹਾਂ ਨੂੰ ਚੋਣਾਂ ਦੇ ਚਾਰ ਦਿਹਾੜੇ ਹੀ ਵੋਟਰ ਚੇਤੇ ਰਹਿੰਦਾ ਹੈ, ਉਸ ਦੇ ਪੱਲੇ ਰਾਜ ਕਰਨ ਲਈ ਸਿਆਸੀ ਇਖ਼ਲਾਕੀ ਤਾਕਤ ਨਹੀਂ ਹੁੰਦੀ। ਉਸ ਦੀ ਟੇਕ ਮਹਿਜ਼ ਲੱਠਮਾਰਾਂ, ਬਦਮਾਸ਼ਾਂ ਤੇ ਮੁਜਰਮ ਗਰੋਹਾਂ ਦੀ ਤਾਕਤ ਹੀ ਹੋ ਸਕਦੀ ਹੈ। ਰੋਜ਼ਗਾਰ ਦੀ ਲਗਭਗ ਅਣਹੋਂਦ, ਜ਼ਿੰਦਗੀ ਦੀ ਨਿਰਾਸ਼ਾ ਅਤੇ ਦੂਜੇ ਪਾਸੇ ਮੰਡੀ ਦੀ ਭਾਰੀ ਚਕਾਚੌਂਧ ਦੇ ਹਾਲਾਤ 'ਚ ਜਵਾਨੀ ਨੂੰ ਕੁਰਾਹੇ ਪਾਉਣਾ ਤੇ ਮੁਜਰਮਾਂ 'ਚ ਬਦਲਣਾ ਬਹੁਤ ਸੁਖਾਲਾ ਹੈ। ਨਸ਼ਿਆਂ ਦੇ ਦਰਿਆ ਅਤੇ ਸਭਿਆਚਾਰ ਦੇ ਨਾਂ ਹੇਠ ਅਸ਼ਲੀਲਤਾ ਤੇ ਲੱਚਰਤਾ ਦੇ ਹੜ੍ਹ ਨੂੰ ਖੁੱਲ੍ਹੀ ਹਕੂਮਤੀ ਪ੍ਰਵਾਨਗੀ ਇਸੇ ਨੀਤੀ ਦਾ ਹਿੱਸਾ ਹੈ। ਇਉਂ ਜਵਾਨੀ ਨੂੰ ਕੁਰਾਹੇ ਪਾ ਕੇ ਅਤੇ ਉਨ੍ਹਾਂ ਨੂੰ ਬਿਮਾਰ ਜ਼ਹਿਨੀਅਤ ਵਾਲੇ ਮੁਜਰਮਾਂ 'ਚ ਬਦਲ ਕੇ ਹੀ ਇਹ ਲੋਕ ਵਿਰੋਧੀ ਨਿਜ਼ਾਮ ਜਿਉਂਦਾ ਰਹਿ ਸਕਦਾ ਹੈ ਜੋ ਨੰਗੇ ਅਨਿਆਂ, ਘੋਰ ਨਾਬਰਾਬਰੀ ਤੇ ਵਾਅਦਾ ਖ਼ਿਲਾਫ਼ੀ 'ਤੇ ਟਿਕਿਆ ਹੋਇਆ ਹੈ।

ਪਿੰਡਾਂ ਅਤੇ ਸ਼ਹਿਰਾਂ ਦੇ ਗ਼ਰੀਬ ਮੁਹੱਲਿਆਂ ਵਿਚ ਸਿਆਸੀ ਪੁਸ਼ਤ-ਪਨਾਹੀ ਵਾਲੇ ਨਸ਼ਾ ਤਸਕਰ ਮਨਮਾਨੀਆਂ ਕਰ ਰਹੇ ਹਨ ਅਤੇ ਸਥਾਨਕ ਲੋਕਾਂ ਦੇ ਵਿਰੋਧ ਦੇ ਬਾਵਜੂਦ ਬਹੁਤ ਸਾਰੇ ਥਾਈਂ ਗੁੰਡਾ ਤਾਕਤ ਦੇ ਜ਼ੋਰ ਧੱਕੇ ਨਾਲ ਨਸ਼ੇ ਵੇਚਦੇ ਹਨ। ਅੱਕੇ-ਸਤੇ ਅਵਾਮ ਨੇ ਤਸਕਰਾਂ ਦੇ ਗਰੋਹਾਂ ਨੂੰ ਰੋਕਣ ਅਤੇ ਰਿਹਾਇਸ਼ੀ ਇਲਾਕਿਆਂ ਦੇ ਨੇੜੇ ਖੋਲ੍ਹੇ ਠੇਕੇ ਚੁਕਵਾਉਣ ਲਈ ਲਾਮਬੰਦੀ ਕਰਨੀ ਸ਼ੁਰੂ ਕੀਤੀ ਹੈ। ਪੰਜਾਬ ਦੇ ਅਵਾਮ ਨੂੰ ਹੁਣ ਹਾਲਤ ਦੀ ਨਜ਼ਾਕਤ ਨੇ ਹਲੂਣ ਦਿੱਤਾ ਹੈ। ਉਨ੍ਹਾਂ ਨੇ ਮਹਿਸੂਸ ਕਰ ਲਿਆ ਹੈ ਕਿ ਨਸ਼ਾ ਮਾਫ਼ੀਆ-ਪੁਲਿਸ ਅਤੇ ਮੁੱਖਧਾਰਾ ਸਿਆਸਤਦਾਨਾਂ ਦੇ ਨਾਪਾਕ ਗੱਠਜੋੜ ਤੋਂ ਨਸ਼ਾ ਤਸਕਰੀ ਨੂੰ ਨੱਥ ਪਾਉਣ ਦੀ ਉਮੀਦ ਰੱਖਣਾ ਝੋਟਿਆਂ ਵਾਲੇ ਘਰੋਂ ਲੱਸੀ ਭਾਲਣ ਬਰਾਬਰ ਹੈ। ਇਸ ਬਦਕਾਰ ਧੰਦੇ ਨੂੰ ਭਾਈਚਾਰਕ ਏਕਤਾ ਅਤੇ ਆਪਣੀ ਤਾਕਤ ਦੇ ਜ਼ੋਰ ਠੱਲ ਪਾਉਣ ਦੀ ਚੇਤਨਾ ਅੰਗੜਾਈ ਲੈਣ ਲੱਗੀ ਹੈ। ਇਹ ਸੁਲੱਖਣਾ ਰੁਝਾਨ ਹੈ ਅਤੇ ਪੰਜਾਬ ਦੀ ਫ਼ਿਜ਼ਾ ਵਿਚ ਗਿਣਨਯੋਗ ਬਦਲਾਅ ਦਾ ਸੰਕੇਤ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਬਿਲਾਸਪੁਰ ਵਿਚ ਔਰਤਾਂ ਨੇ ਰਾਤਾਂ ਨੂੰ ਪਹਿਰੇ ਲਾ ਕੇ ਨਸ਼ਾ ਤਸਕਰਾਂ ਦੀਆਂ ਪੁਦੀੜਾਂ ਪਵਾ ਦਿੱਤੀਆਂ ਅਤੇ ਬਾਕੀ ਪੰਜਾਬ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੀ ਪਹਿਲਕਦਮੀ ਨੇ ਮਾਈ ਭਾਗੋ ਦੀ ਵਿਰਾਸਤ ਨੂੰ ਮੁੜ ਚੇਤੇ ਕਰਾ ਦਿੱਤਾ ਹੈ। ਨੌਜਵਾਨ ਭਾਰਤ ਸਭਾ ਨੇ ਪੰਜਾਬ ਪੱਧਰ 'ਤੇ ਅਤੇ ਬਹੁਤ ਸਾਰੇ ਸਥਾਨਕ ਕਲੱਬਾਂ ਅਤੇ ਪੰਚਾਇਤਾਂ ਨੇ ਆਪਣੇ ਪਿੰਡਾਂ ਵਿਚ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਦੇ ਉਪਰਾਲੇ ਵਿੱਢ ਦਿੱਤੇ ਹਨ। ਨਿਸ਼ਚੇ ਹੀ ਨਸ਼ਿਆਂ ਦੇ ਹੜ੍ਹ ਨੂੰ ਬੰਨ੍ਹ ਲਾਉਣ ਅਤੇ ਨਸ਼ਾ ਮਾਫ਼ੀਆ-ਪੁਲਿਸ ਤੇ ਮੁੱਖਧਾਰਾ ਸਿਆਸਤਦਾਨਾਂ ਦੇ ਨਾਪਾਕ ਗੱਠਜੋੜ ਦੇ ਖ਼ਿਲਾਫ਼ ਆਰ-ਪਾਰ ਦੀ ਲੜਾਈ ਵਿੱਢਣ ਦਾ ਵਕਤ ਹੁਣ ਆ ਗਿਆ ਹੈ।

# ਵਿਕਾਸ ਦਾ ਗੁਜਰਾਤੀ ਮਾਡਲ ਤੇ ਜਮਹੂਰੀਅਤ

*ਲੋਕ ਸਭਾ ਚੋਣਾਂ ਤੋਂ ਪਹਿਲਾਂ ਗੁਜਰਾਤ ਦੇ ਵਿਕਾਸ ਮਾਡਲ ਬਾਰੇ ਭਾਜਪਾ ਵੱਲੋਂ ਲਗਾਤਾਰ ਗੱਲ ਕੀਤੀ ਜਾ ਰਹੀ ਸੀ, ਪਰ ਚੋਣਾਂ ਤੋਂ ਬਾਅਦ ਪਾਰਟੀ ਨੇ ਇਸ ਸਬੰਧੀ ਚਰਚਾ ਹੁਣ ਤਾਕ ਵਿਚ ਰੱਖ ਦਿੱਤੀ ਹੈ। ਗੁਜਰਾਤ ਦੇ ਵਿਕਾਸ ਮਾਡਲ ਦੀ ਹਕੀਕਤ ਬਾਰੇ ਪਹਿਲਾਂ ਵੀ ਕਈ ਵਿਦਵਾਨ ਆਪੋ-ਆਪਣੀ ਰਾਏ ਰੱਖ ਚੁੱਕੇ ਹਨ ਅਤੇ ਇਸ ਸਬੰਧ ਵਿਚ ਭਾਜਪਾ ਦੀ ਅਸਲੀਅਤ ਜ਼ਾਹਿਰ ਕਰ ਚੁੱਕੇ ਹਨ। ਇਸ ਲੇਖ ਵਿਚ ਕੁਲਦੀਪ ਕੌਰ ਨੇ ਗੁਜਰਾਤ ਮਾਡਲ ਦੀ ਅਸਲੀਅਤ ਬਾਰੇ ਕੁਝ ਟਿੱਪਣੀਆਂ ਕੀਤੀਆਂ ਹਨ ਜੋ ਗੌਲਣਯੋਗ ਹਨ।*

ਕੁਲਦੀਪ ਕੌਰ
ਫੋਨ: 91-98554-04330

ਜਮਹੂਰੀਅਤ ਕਦੇ ਵੀ ਇੱਕ-ਨੁਕਤੀ ਅਤੇ ਇਕ ਧਰੁਵੀ ਨਹੀਂ ਹੋ ਸਕਦੀ। ਇਹ ਇਸ ਦੇ ਸਿਧਾਂਤਕ ਖਾਸੇ ਦੇ ਖਿਲਾਫ਼ ਭੁਗਤਦਾ ਹੈ। ਲੋਕ ਸਭਾ ਦੀਆਂ ਚੋਣਾਂ ਜਮਹੂਰੀ ਮੁੱਲਾਂ ਤੇ ਕਦਰਾਂ-ਕੀਮਤਾਂ ਦੀ ਬਜਾਏ ਨਾਅਰਿਆਂ, ਦਾਅਵਿਆਂ ਅਤੇ ਕੁਨਬਾਪਰਸਤੀ ਦੇ ਆਧਾਰ ਤੇ ਲੜੀਆਂ ਗਈਆਂ। ਜਿੱਥੇ ਲੋਕਾਈ ਦੀ ਸ਼ਮੂਲੀਅਤ ਤੇ ਉਨ੍ਹਾਂ ਦੇ ਜਮਹੂਰੀ ਹੱਕਾਂ ਦੀ ਗੱਲ ਹਾਸ਼ੀਏ 'ਤੇ ਜਾ ਪਈ ਹੈ, ਉੱਥੇ ਇੱਕੀਵੀਂ ਸਦੀ ਦਾ ਭਾਰਤ ਇਤਿਹਾਸ ਨੂੰ ਪੁੱਠਾ ਮੋੜ ਦਿੰਦਿਆਂ ਫਿਰਕੂ ਨਫ਼ਰਤ, ਧਾਰਮਿਕ ਅਸ਼ਹਿਣਸ਼ੀਲਤਾ, ਖੇਤਰਵਾਦ, ਸ਼ਖਸੀ ਪੂਜਾ ਅਤੇ ਸਿਆਸੀ ਖਾਨਾਜੰਗੀ ਦੇ ਕਾਗਾਰ 'ਤੇ ਖੜ੍ਹਾ ਹੈ। ਉਪਰੋਂ ਦੇਖਿਆ ਲੱਗਦਾ ਹੈ ਕਿ ਨੇਤਾ ਵਿਕਾਸ ਤੇ ਆਧੁਨਿਕਤਾ ਦੀ ਗੱਲ ਕਰ ਰਹੇ ਹਨ, ਥੋੜ੍ਹੀ ਗਹਿਰਾਈ ਵਿਚ ਗਿਆਂ ਸਮਝ ਆਉਂਦੀ ਹੈ ਕਿ ਸੱਤਾ ਪ੍ਰਾਪਤੀ ਕਿਵੇਂ ਵੀ, ਕਿਸੇ ਵੀ ਹਾਲਾਤ ਵਿਚ ਇਨ੍ਹਾਂ ਦਾ ਅੰਤਿਮ ਨਿਸ਼ਾਨਾ ਬਣ ਚੁੱਕਿਆ ਹੈ। ਜਮਹੂਰੀਅਤ ਦੀ ਧਾਰਨਾ ਹਾਸ਼ੀਏ 'ਤੇ ਚਲੀ ਗਈ ਹੈ ਅਤੇ ਮੁੱਖ ਏਜੰਡਾ ਗੁਜਰਾਤ ਦੀ ਤਰਜ਼ 'ਤੇ ਭਾਰਤ ਨੂੰ ਕੱਟੜ ਰਾਸ਼ਟਰਵਾਦ ਵੱਲ ਧੱਕਣਾ ਬਣ ਗਿਆ ਹੈ।

ਗੁਜਰਾਤ ਹਮੇਸ਼ਾ ਤੋਂ ਭਾਰਤ ਦੇ ਅਮੀਰ ਪ੍ਰਾਂਤਾਂ ਵਿਚੋਂ ਇੱਕ ਰਿਹਾ ਹੈ। ਜਿਨ੍ਹਾਂ ਸਾਲਾਂ ਵਿਚ ਗੁਜਰਾਤ ਦੇ ਵਿਕਾਸ ਨੂੰ ਮੋਦੀ ਦੀ ਬਿਹਤਰੀਨ ਕਾਰਗੁਜ਼ਾਰੀ ਨਾਲ ਜੋੜਿਆ ਜਾ ਰਿਹਾ ਸੀ, ਉਹ ਅਸਲ ਵਿਚ ਆਲਮੀਕਰਨ ਦਾ ਦੂਜਾ ਦੌਰ ਹੈ। ਇਨ੍ਹਾਂ ਸਾਲਾਂ ਦੌਰਾਨ ਖੁੱਲੀ ਮੰਡੀ ਤੇ ਨਿੱਜੀਕਰਨ ਦੇ ਦੌਰ ਕਾਰਨ ਸਿਰਫ਼ ਗੁਜਰਾਤ ਹੀ ਨਹੀਂ, ਬਲਕਿ ਭਾਰਤ ਦੇ ਉਹ ਸੂਬੇ ਜਿਨ੍ਹਾਂ ਵਿਚ ਨਵ-ਪੂੰਜੀਵਾਦ ਦੁਬਾਰਾ ਤੋਂ ਮਜ਼ਬੂਤ ਹੋ ਰਿਹਾ ਹੈ, ਉਨ੍ਹਾਂ ਦੀ ਪ੍ਰਤੀ ਜੀਅ ਆਮਦਨ ਤੋਂ ਲੈ ਕੇ ਹਰ ਤਰ੍ਹਾਂ ਦੇ ਵਿਕਾਸ-ਸੂਚਕਾਂ ਵਿਚ ਵਾਧੇ ਦੀ ਦਰ ਦਰਜ ਕੀਤੀ ਗਈ ਹੈ ਪਰ ਇਸ ਵਿਕਾਸ ਦਾ ਲੋਕਾਈ 'ਤੇ ਅਸਲ ਵਿਚ ਕੀ ਪ੍ਰਭਾਵ ਪਿਆ ਹੈ? ਇਸ ਸੰਬੰਧ ਵਿਚ ਸਿਹਤ, ਸਿੱਖਿਆ, ਔਰਤਾਂ ਲਈ ਨੀਤੀਆਂ, ਦਲਿਤਾਂ ਲਈ ਨੀਤੀਆਂ, ਗਰੀਬ ਤਬਕਿਆ ਲਈ ਨੀਤੀਆਂ, ਪੇਂਡੂ ਖੇਤਰਾਂ ਲਈ ਨੀਤੀਆਂ ਤੇ ਸਮਾਜਕ ਸੁਰੱਖਿਆ ਦੀਆਂ ਨੀਤੀਆਂ ਦੀ ਪੜਤਾਲ ਕਰ ਕੇ ਜਾਣਿਆ ਜਾ ਸਕਦਾ ਹੈ।

ਗੁਜਰਾਤ ਦਾ ਵਿਕਾਸ ਮਾਡਲ ਨਿੱਜੀਕਰਨ ਦੀਆਂ ਨੀਤੀਆਂ ਤੇ ਖੜ੍ਹਾ ਹੈ। ਇਸ ਦੇ ਅਰਥ ਜ਼ਮੀਨ ਨੂੰ ਕਿਸਾਨਾਂ ਤੋਂ ਵਿਕਾਸ ਦੇ ਨਾਮ ਤੇ ਸਰਕਾਰੀ ਕੰਟਰੋਲ ਹੇਠ ਵੱਡੇ ਘਰਾਣਿਆਂ ਨੂੰ ਸਸਤੇ ਰੇਟਾਂ ਤੇ ਅਲਾਟ ਕਰਨਾ ਹੈ। ਇਨ੍ਹਾਂ ਨੀਤੀਆਂ ਲਈ ਅਜਿਹੇ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਸ ਤਹਿਤ ਕੁੱਝ ਖਾਸ ਕਾਰੋਬਾਰੀ ਗਰੁੱਪਾਂ ਨੂੰ ਹੀ ਫ਼ਾਇਦਾ ਪਹੁੰਚੇ। ਨੀਤੀਆਂ ਆਮ ਲੋਕਾਂ ਦੀ ਵਰਤੋਂ ਵਿਚ ਆਉਣ ਵਾਲੀਆਂ ਸਹੂਲਤਾਂ ਜਿਵੇਂ ਸਰਕਾਰੀ ਸੰਸਥਾਵਾਂ, ਹਸਪਤਾਲ , ਸਕੂਲ, ਸਾਂਝੇ ਸਥਾਨਾਂ ਆਦਿ ਦੀ ਬਜਾਏ ਉੱਚ ਵਰਗ ਦੇ ਮਨੋਰੰਜਨ ਅਤੇ ਵਰਤੋਂ ਨਾਲ ਸਬੰਧਿਤ ਸਹੂਲਤਾਂ ਜਿਵੇਂ ਗੋਲਫ਼ ਕੋਰਸ, ਰੇਸ ਕੋਰਸ, ਕਰੋੜਾਂ ਦੀ ਕੀਮਤ ਦੇ ਬੰਗਲੇ-ਫਲੈਟ, ਬਾਰ, ਡਿਸਕੋ ਘਰਾਂ, ਸ਼ੌਪਿੰਗ ਮਾਲਾਂ ਦੀ ਉਸਾਰੀ ਨੂੰ ਉਤਸ਼ਾਹਿਤ ਕਰਦੀਆਂ ਹਨ। ਕਾਮਿਆਂ ਦੇ ਕੰਮ ਕਰਨ ਦੇ ਹਾਲਾਤ ਤੇ ਉਜਰਤਾਂ ਦੇ ਮਸਲੇ ਠੇਕੇਦਾਰਾਂ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ। ਖੇਤੀ ਵਰਗਾ ਅਹਿਮ ਕਿੱਤਾ ਠੇਕੇਦਾਰੀ ਤੇ ਕਾਰਪੋਰੇਟ ਘਰਾਣਿਆਂ ਦੀ ਸਮਝ 'ਤੇ ਛੱਡ ਦਿੱਤਾ ਜਾਂਦਾ ਹੈ। ਜਿਸ ਵਿਚ ਸਿਰਫ਼ ਵੱਡੀਆਂ ਮੱਛੀਆਂ ਤੇ ਮਗਰਮੱਛ ਹੀ ਸਾਹ ਲੈ ਸਕਦੇ ਹਨ, ਛੋਟਾ ਕਿਸਾਨ ਤੇ ਮਜ਼ਦੂਰ ਸਖ਼ਤ ਮਿਹਨਤ ਦੇ ਬਾਵਜੂਦ ਮੌਤ ਦੇ ਮੂੰਹ ਵਿਚ ਧੱਕ ਦਿੱਤਾ ਜਾਂਦਾ ਹੈ। ਬਜ਼ਾਰ ਖਾਣ-ਪੀਣ ਦੀਆਂ ਵਸਤੂਆਂ ਨਾਲ ਤੂੜੇ ਪਏ ਹੋਣ ਦੇ ਬਾਵਜੂਦ ਲੋਕਾਈ ਕਪੋਸ਼ਣ ਦੀ ਜ਼ੱਦ ਵਿਚ ਆ ਜਾਂਦੀ ਹੈ। ਹਸਪਤਾਲਾਂ ਵਿਚ ਦੁਨੀਆਂ ਦੀਆਂ ਬਿਹਤਰੀਨ ਸਹੂਲਤਾਂ ਤੇ ਦਵਾਈਆਂ ਹੋਣ ਦੇ ਬਾਵਜੂਦ ਬੱਚੇ ਸੜਕਾਂ 'ਤੇ ਜੰਮਦੇ ਹਨ, ਤੇ ਹਰ ਤੀਜਾ ਬਸ਼ਿੰਦਾ ਕਰਜ਼ੇ ਚੁੱਕ ਕੇ ਇਲਾਜ ਕਰਵਾਉਣ ਲਈ ਮਜਬੂਰ ਹੁੰਦਾ ਹੈ। ਚਮਚਮਾਉਂਦੀਆਂ ਇਮਾਰਤਾਂ ਵਾਲੀਆਂ ਉੱਚ ਪੱਧਰੀ ਵਿੱਦਿਅਕ ਸੰਸਥਾਵਾਂ ਦੇ ਬਾਵਜੂਦ ਨਾ ਤਾਂ ਜ਼ਿੰਦਗੀ ਸੰਵਾਰਨ ਵਾਲੀ ਲੋੜੀਂਦੀ ਜਾਂਚ ਤੇ ਸਿਖਲਾਈ ਮਿਲਦੀ ਹੈ, ਤੇ ਨਾ ਹੀ ਇਨ੍ਹਾਂ ਡਿਗਰੀਆਂ ਦਾ ਕਾਰੋਬਾਰੀ ਮੰਡੀ ਵਿਚ ਕੋਈ ਮੁੱਲ ਪੈਂਦਾ ਹੈ। ਸਜੇ ਬਜ਼ਾਰਾਂ, ਰੌਸ਼ਨ ਘਰਾਂ ਤੇ ਰੰਗ-ਬਰੰਗੇ ਕੱਪੜਿਆਂ ਵਿਚ ਲਪੇਟੇ ਲੋਕ ਮਾਨਸਿਕ ਤੌਰ 'ਤੇ ਹੀਣ, ਖਾਲੀ ਤੇ ਉਦਾਸ ਮਹਿਸੂਸ ਕਰਦੇ ਹਨ। ਵਿਕਾਸ ਦਾ ਸਾਰਾ ਉਪਰੋਕਤ ਵਰਤਾਰਾ ਉਨ੍ਹਾਂ ਦੀ ਰੂਹ ਵਿਚ ਛਿੱਲਤਰ ਵਾਂਗ ਚੁੱਭ ਜਾਂਦਾ ਹੈ। ਜੇ 2011 ਦੇ ਭਾਰਤ ਸਰਕਾਰ ਦੇ ਆਰਥਿਕ ਸਰਵੇਖਣਾਂ ਦੀਆਂ ਰਿਪੋਰਟਾਂ ਇਹ ਕਹਿੰਦੀਆਂ ਹਨ ਕਿ ਗੁਜਰਾਤ ਕਾਮਿਆਂ ਵਿਚ ਫ਼ੈਲੀ ਬੇਕਸੀ ਤੇ ਬੇਵਸੀ ਦੇ ਮਾਮਲੇ ਵਿਚ ਨੰਬਰ ਵੰਨ ਹੈ, ਤਾਂ ਉੱਥੇ ਵਿਕਾਸ ਦਾ ਪੂਰਾ ਲਾਹਾ ਤਾਂ ਨਿਵੇਸ਼ਕਾਰ ਦੇ ਹਿੱਸੇ ਆ ਰਿਹਾ ਹੈ। ਨਿਵੇਸ਼ਕਾਰ ਉਥੇ ਹੀ ਖੁਸ਼ ਹੋ ਸਕਦਾ ਹੈ ਜਿੱਥੇ ਰਾਜਤੰਤਰ ਉਸ ਨੂੰ ਕੰਟਰੋਲ ਕਰਨ ਵਾਲੀ ਅਥਾਰਟੀ ਦੀ ਥਾਂ ਉਸ ਦੀ ਸੱਜੀ ਬਾਂਹ ਬਣ ਕੇ ਵਿਚਰੇ। ਇਹੀ ਗੁਜਰਾਤ ਦੇ ਵਿਕਾਸ ਮਾਡਲ ਦਾ ਸੱਚ ਹੋ ਨਿਬੜਿਆ ਹੈ।

ਨੈਸ਼ਨਲ ਸੈਂਪਲ ਸਰਵੇ ਦੀਆਂ 2004-2005 ਅਤੇ 2009-2010 ਦੀਆਂ ਰਿਪੋਰਟਾਂ ਅਨੁਸਾਰ ਜਿੱਥੇ ਗੁਜਰਾਤ ਦੇ ਸ਼ਹਿਰੀ ਖੇਤਰ ਵਿਚ ਰੋਜ਼ਗਾਰ ਦੀ ਦਰ ਸਿਰਫ਼ ਸੇਵਾਵਾਂ ਦੇ ਖੇਤਰ ਵਿਚ ਵਧੀ ਹੈ, ਉਥੇ ਕੰਮ ਦਾ ਸੁਭਾਅ ਲਗਾਤਾਰ ਦੀ ਬਜਾਏ ਟੁੱਟਣਾ ਮਿਲਣਾ, ਲੁਪਤ ਬੇਰੁਜ਼ਗਾਰੀ, ਸਾਲਾਂ ਵਿਚੋਂ ਕੁਝ ਮਹੀਨਿਆਂ ਤੱਕ ਮਿਲਣ ਵਾਲਾ ਤੇ ਉੱਕਾ-ਪੁੱਕਾ ਤਨਖ਼ਾਹ ਵਾਲਾ ਹੋ ਗਿਆ ਹੈ। ਗੁਜਰਾਤ ਦਾ ਸਨਅਤੀ ਵਿਕਾਸ ਮਨੁੱਖੀ ਪੂੰਜੀ ਦੀ ਬਜਾਏ ਪੂੰਜੀ ਤੋਂ ਹੋਰ ਪੂੰਜੀ ਬਣਾਉਣ ਵਾਲਾ ਹੈ। ਉਪਰੋਂ ਇਹ ਵਿਕਾਸ ਸਾਵਾਂ ਨਹੀਂ, ਬਲਕਿ ਕੁੱਝ ਖੇਤਰਾਂ ਤੱਕ ਤੇ ਖਾਸ ਆਮਦਨ ਵਰਗ ਵਾਲੇ ਲੋਕਾਂ ਨੂੰ ਰਾਸ ਆਉਣ ਵਾਲਾ ਹੈ। ਦੂਜੇ ਪਾਸੇ ਉਹ ਲੋਕ ਜਿਹੜੇ ਇਸ ਸਨਅਤੀ ਵਿਕਾਸ ਦੇ ਘੇਰੇ ਅੰਦਰ ਨਹੀਂ ਆ ਸਕੇ, ਉਹ ਫ਼ੇਲ੍ਹ ਹੋ ਰਹੇ ਖੇਤੀ ਸੈਕਟਰ 'ਤੇ ਨਿਰਭਰ ਹੋਣ ਲਈ ਮਜਬੂਰ ਹਨ। ਇਸ ਨੂੰ ਅੰਕੜਿਆਂ ਰਾਹੀਂ ਸਮਝਣਾ ਹੋਵੇ ਤਾਂ ਗੁਜਰਾਤ ਵਿਚ ਪਿਛੜੇ ਕਬੀਲਿਆਂ ਵਿਚ ਰੁਜ਼ਗਾਰ ਦੀ ਦਰ ਪਹਿਲਾਂ ਵੀ (1993-94 ਵਿਚ) 7 ਪ੍ਰਤੀਸ਼ਤ ਸੀ, ਅੱਜ ਵੀ 7 ਪ੍ਰਤੀਸ਼ਤ ਹੀ ਹੈ। ਇਸੇ ਤਰ੍ਹਾਂ ਧਾਰਮਿਕ ਘੱਟ-ਗਿਣਤੀਆਂ ਖਾਸ ਕਰ ਕੇ ਮੁਸਲਮਾਨਾਂ ਵਿਚ ਇਹ ਦਰ 15 ਪ੍ਰਤੀਸ਼ਤ (1993-94 ਵਿਚ) ਸੀ, ਅੱਜ 14 ਪ੍ਰਤੀਸ਼ਤ ਹੈ। ਜੇ ਕੁੱਲ ਅੰਕੜੇ ਦੇਖੇ ਜਾਣ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਵਿਕਾਸ ਦਾ ਟੀਚਾ ਕਿੰਨਾ ਟੀਰਾ ਹੈ।

ਗੁਜਰਾਤ ਅਮੀਰ ਸੂਬਾ ਹੈ ਪਰ ਜੇ ਇਸ ਦੇ ਸਿਹਤ ਤੇ ਸਿੱਖਿਆ ਨਾਲ ਸਬੰਧਿਤ ਸੂਚਕਾਂ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਭਾਰਤ ਦੇ ਅਤਿ ਗਰੀਬ ਸੂਬਿਆਂ ਵਿਚ ਸ਼ੁਮਾਰ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਸਕੂਲ ਵਿਚ ਦਾਖਲ (ਰਜਿਸਟਰੇਸ਼ਨ) ਹੋਣ ਵਾਲੇ ਬੱਚਿਆਂ ਦੀ ਕੌਮੀ ਦਰ ਜਿੱਥੇ 23 ਤੋਂ 30 ਹੈ, ਉੱਥੇ ਗੁਜਰਾਤ ਵਿਚ 19, 21 ਜਾਂ 26 ਹੀ ਰਹੀ ਹੈ। ਇਸ ਦਰ ਦਾ ਧਾਰਮਿਕ ਅਤੇ ਜਾਤ ਦੇ ਆਧਾਰ 'ਤੇ ਜਦੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਬੱਚਿਆਂ ਦੇ ਕਿਹੜੇ ਵਰਗ/ਤਬਕੇ ਦੀ ਸਿੱਖਿਆ ਤੱਕ ਪਹੁੰਚ ਲਗਾਤਾਰ ਘਟੀ ਹੈ। ਸਿਹਤ ਦੇ ਖੇਤਰ ਵਿਚ ਦੇਖਿਆ ਜਾਵੇ ਤਾਂ ਨਵ-ਜਨਮੇ ਸ਼ਿਸ਼ੂਆਂ ਦੀ ਮੌਤ ਦਰ ਘਟਣ ਦੇ ਮਾਮਲੇ ਵਿਚ ਗੁਜਰਾਤ ਭਾਰਤ ਵਿਚੋਂ 10ਵੇਂ ਨੰਬਰ 'ਤੇ ਹੈ। ਇਹ ਦਰ ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਵਿਚ ਵੱਧ ਹੈ। ਇਹ ਮੌਤ ਦਰ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਵਿਚ ਵੱਧ ਹੈ; ਅਰਥਾਤ ਲਿੰਗ ਦੇ ਆਧਾਰ 'ਤੇ ਕੁੜੀਆਂ ਨਾਲ ਭੇਦ-ਭਾਵ ਦਾ ਸੂਚਕ ਮੌਜੂਦ ਹੈ। ਇੱਕ ਦਿਲਚਸਪ ਅੰਕੜਾ ਕੁਪੋਸ਼ਣ ਦੀ ਦਰ ਨਾਲ ਸਬੰਧਿਤ ਹੈ ਜਿਸ ਅਨੁਸਾਰ 1988-99 ਵਿਚ ਜਿੱਥੇ ਗੁਜਰਾਤ ਵਿਚ ਕੁਪੋਸ਼ਣ ਦੀ ਦਰ ਕੌਮੀ ਦਰ ਨਾਲੋਂ ਘੱਟ ਸੀ, ਉਥੇ 2005-2006 ਵਿਚ ਇਹ ਕੌਮੀ ਦਰ ਨਾਲੋਂ ਵੱਧ ਹੈ। ਇਸ ਤੋਂ ਬਿਨਾਂ ਸਾਰੇ ਭਾਰਤੀ ਪ੍ਰਾਂਤਾਂ ਵਾਂਗ ਸਰਕਾਰੀ ਸਿਹਤ ਸੇਵਾਵਾਂ ਨੂੰ ਲਗਾਤਾਰ ਖੋਰਾ ਲੱਗਾ ਹੈ ਜਿਸ ਕਾਰਨ ਇਨ੍ਹਾਂ ਦੀ ਵਰਤੋਂ ਦਰ ਵਿਚ ਕਮੀ ਦਰਜ ਕੀਤੀ ਗਈ ਹੈ।

ਭਾਰਤੀ ਪ੍ਰਸੰਗ ਵਿਚ ਵਿਕਾਸ ਅਤੇ ਭ੍ਰਿਸ਼ਟਾਚਾਰ ਨਿਖੇੜ ਕੇ ਨਹੀਂ ਸਮਝੇ ਜਾ ਸਕਦੇ। ਸੂਚਨਾ ਦਾ ਅਧਿਕਾਰ 2005 ਦੇ ਤਹਿਤ ਇਹ ਵਰਨਣਯੋਗ ਹੈ ਕਿ ਮੁਲਕ ਦੀ ਸਿਰਫ਼ 5 ਪ੍ਰਤੀਸ਼ਤ ਆਬਾਦੀ ਹੋਣ ਦੇ ਬਾਵਜੂਦ 22 ਪ੍ਰਤੀਸ਼ਤ ਸੂਚਨਾ ਅਧਿਕਾਰ ਕਾਰਜ-ਕਰਤਾਵਾਂ ਦੇ ਕਤਲ ਅਤੇ ਇਸ ਜਾਗਰੂਕ ਵਰਗ ਉਪਰ 20% ਘਾਤਕ ਹਮਲੇ ਗੁਜਰਾਤ ਵਿਚ ਹੋਏ ਹਨ। ਜਦੋਂ 2003 ਵਿਚ ਰਾਜਪਾਲ ਅਤੇ ਗੁਜਰਾਤ ਦੇ ਚੀਫ ਜਸਟਿਸ ਨੇ ਲੋਕਾਯੁਕਤ ਦੀ ਨਿਯੁਕਤੀ ਕੀਤੀ ਤਾਂ ਇਸ ਦੇ ਵਿਰੁੱਧ ਕਾਨੂੰਨੀ ਲੜਾਈ ਲੜਨ ਲਈ ਮੋਦੀ ਸਰਕਾਰ ਨੇ 45 ਕਰੋੜ ਰੁਪਏ ਖਰਚੇ ਤੇ ਸੁਪਰੀਮ ਕੋਰਟ ਤੱਕ ਕੇਸ ਲੜਿਆ। ਸੁਪਰੀਮ ਕੋਰਟ ਦੁਆਰਾ ਨਿਯੁਕਤੀ ਰੱਦ ਨਾ ਕੀਤੇ ਜਾਣ ਦੀ ਸੂਰਤ ਵਿਚ ਸਰਕਾਰ ਨੇ ਲੋਕਾਯੁਕਤ ਨੂੰ ਸਹਿਯੋਗ ਦੇਣਾ ਬੰਦ ਕਰ ਦਿੱਤਾ ਜਿਸ ਕਾਰਨ ਇਸ ਪਦਵੀ ਦਾ ਕੋਈ ਅਰਥ ਹੀ ਨਹੀਂ ਰਹਿ ਗਿਆ। ਗੁਜਰਾਤ ਦੇ ਵਿਕਾਸ ਦੀ ਗੁਜਰਾਤੀਆਂ ਨੇ ਵੱਡੀ ਕੀਮਤ ਅਦਾ ਕੀਤੀ ਹੈ। ਅਜਿਹਾ ਕੋਈ ਅਧਿਐਨ ਸਾਹਮਣੇ ਨਹੀਂ ਆਇਆ ਜਿਸ ਤੋਂ ਪਤਾ ਲੱਗ ਸਕੇ ਕਿ ਕਿੰਨੇ ਕਿਸਾਨ, ਮਛੇਰੇ, ਖੇਤੀ ਮਜ਼ਦੂਰ ਤੇ ਭੇਡਾਂ-ਬੱਕਰੀਆਂ ਚਾਰਨ ਵਾਲੇ ਜ਼ਮੀਨਾਂ ਉਦਯੋਗਪਤੀਆਂ ਦੇ ਹੱਥਾਂ ਵਿਚ ਜਾਣ ਕਾਰਨ ਬੇਘਰ-ਬੇਦਰ ਹੋਏ ਹਨ। 2011 ਤੱਕ ਗੁਜਰਾਤ ਵਿਚ 16,000 ਮਜ਼ਦੂਰਾਂ, ਕਿਸਾਨਾਂ ਤੇ ਖੇਤੀ ਧੰਦਿਆਂ ਨਾਲ ਜੁੜੇ ਲੋਕਾਂ ਨੇ ਖੁਦਕੁਸ਼ੀ ਕੀਤੀ ਹੈ। ਮਨਰੇਗਾ ਲਾਗੂ ਕਰਨ ਦੀ ਦਰ ਬੇਹੱਦ ਮਾਮੂਲੀ ਰਹੀ ਹੈ। 2012 ਵਿਚ ਹੋਏ ਅਧਿਐਨ ਅਨੁਸਾਰ ਸੂਬੇ ਦੇ 65% ਪ੍ਰਤੀਸ਼ਤ ਲੋਕਾਂ ਕੋਲ ਸੀਵਰੇਜ ਤੇ ਟਾਇਲਟ ਵਰਗੀਆਂ ਸਹੂਲਤਾਂ ਨਾ ਹੋਣ ਕਾਰਨ ਪੀਲੀਆ, ਪੇਚਸ, ਮਲੇਰੀਆਂ ਤੇ ਚਮੜੀ ਦੇ ਰੋਗਾਂ ਦੀ ਦਰ ਉਚੀ ਹੈ।

ਵਿਕਾਸ ਦਾ ਗੁਜਰਾਤ ਮਾਡਲ ਅਸਲ ਵਿਚ ਕਾਂਗਰਸ ਦੇ ਆਰਥਿਕ ਸੁਧਾਰਾਂ ਦਾ ਹੀ ਜ਼ਿਆਦਾ ਅਮਲੀ ਮਾਡਲ ਹੈ ਜਿਸ ਦੇ ਬਾਕੀ ਸਿੱਟੇ ਅਗਲੇ ਦਿਨਾਂ ਵਿਚ ਸਾਹਮਣੇ ਆਉਣ ਦੀ ਸੰਭਾਵਨਾ ਹੈ। ਵਿਕਾਸ ਦੀ ਓਟ ਵਿਚ ਆਰਥਿਕ ਖਾਈਆਂ, ਸਮਾਜਕ ਵਿਤਕਰੇ, ਧਾਰਮਿਕ ਭੇਦ-ਭਾਵ, ਜਾਤੀ, ਨਸਲਵਾਦ ਸਭ ਢਕੇ ਗਏ ਹਨ। ਤਦ ਤੱਕ ਭਾਰਤ ਨੂੰ ਗੁਜਰਾਤ ਦੀ 'ਖੁਸ਼ਹਾਲੀ' ਤੇ 'ਵਿਕਾਸ' ਦਾ ਲਾਰਾ ਲਗਾ ਕੇ ਉਦਾਰਵਾਦ ਲਈ ਵੱਡੀ ਮੰਡੀ ਤਿਆਰ ਕਰਨ ਦੀ ਕੋਸ਼ਿਸ਼ ਜਾਰੀ ਹੈ। ਅਜਿਹੀ ਹਾਲਤ ਵਿਚ ਜਮਹੂਰੀਅਤ ਦਾ ਰੰਗ ਇੰਨਾ ਧੁੰਦਲਾ ਹੈ ਕਿ ਇਸ ਵਿਚ ਲੋਕਾਂ ਦੇ ਸੁਪਨਿਆਂ ਦਾ ਰੰਗ ਵੀ ਖੁਰ ਗਿਆ ਹੈ।

# ਕਾਂਗਰਸ ਅਤੇ ਕਾਮਰੇਡਾਂ ਲਈ ਸਬਕ

ਪ੍ਰਫੁੱਲ ਬਿਦਵਈ

ਹੁਣ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਆਪਣੇ ਸਲਾਹਕਾਰਾਂ ਅਤੇ ਹੋਰ ਸਿਖਰਲੇ ਨੌਕਰਸ਼ਾਹਾਂ ਦੀ ਚੋਣ ਕੀਤੀ ਜਾ ਰਹੀ ਹੈ ਤਾਂ ਕੁਝ ਟਿੱਪਣੀਕਾਰ ਉਨ੍ਹਾਂ ਨੂੰ ਸਲਾਹ ਦੇ ਰਹੇ ਹਨ ਕਿ ਅਜਿਹਾ ਕਰਦਿਆਂ ਉਹ ਨਿਯੁਕਤੀਆਂ ਸਬੰਧੀ ਢੁਕਵੀਆਂ ਪ੍ਰਕਿਰਿਆਵਾਂ ਅਪਨਾਉਣ, ਸਮੂਹਿਕ ਸ਼ਮੂਲੀਅਤ ਦੇ 'ਧਰਮ' ਦੀ ਪਾਲਣਾ ਕਰਨ, ਉਨ੍ਹਾਂ 69 ਫ਼ੀਸਦੀ ਵੋਟਰਾਂ ਤੱਕ ਵੀ ਆਪਣੀ ਰਸਾਈ ਬਣਾਉਣ ਜਿਨ੍ਹਾਂ ਨੇ ਭਾਜਪਾ ਨੂੰ ਵੋਟਾਂ ਨਹੀਂ ਪਾਈਆਂ ਅਤੇ ਮੁਸਲਮਾਨਾਂ ਨੂੰ ਯਕੀਨਦਹਾਨੀ ਕਰਾਉਣ ਕਿ ਗੁਜਰਾਤ ਦੰਗਿਆਂ ਦੇ ਬਾਵਜੂਦ ਉਹ ਉਨ੍ਹਾਂ ਦੀ ਅਗਵਾਈ ਹੇਠ ਸੁਰੱਖਿਅਤ ਹਨ; ਪਰ ਇਹ ਟਿੱਪਣੀਕਾਰ ਸ੍ਰੀ ਮੋਦੀ ਨੂੰ ਜੋ ਕੁਝ ਕਰਨ ਲਈ ਕਹਿ ਰਹੇ ਹਨ, ਮੋਦੀ ਆਪਣੇ ਵਿਹਾਰ ਵਿਚ ਉਸ ਤੋਂ ਉਲਟ ਹਨ। ਜੇ ਉਹ ਮੁਸਲਮਾਨਾਂ ਤੱਕ ਆਪਣੀ ਰਸਾਈ ਕਰਨ ਦੇ ਚਾਹਵਾਨ ਹੁੰਦੇ ਤਾਂ ਉਨ੍ਹਾਂ ਨੇ ਹੁਣ ਤੋਂ ਕਾਫ਼ੀ ਸਮਾਂ ਪਹਿਲਾਂ ਹੀ 2002 ਦੇ ਗੁਜਰਾਤ ਕਤਲੇਆਮ ਸਬੰਧੀ ਸੰਜੀਦਗੀ ਨਾਲ ਪਛਤਾਵਾ ਜ਼ਾਹਿਰ ਕਰ ਦੇਣਾ ਸੀ। ਚੋਣ ਪ੍ਰਚਾਰ ਮੁਹਿੰਮ ਦੌਰਾਨ ਉਨ੍ਹਾਂ ਨੇ ਪਗੜੀ ਤੋਂ ਲੈ ਕੇ ਸਿੰਗਾਂ ਅਤੇ ਖੰਭਾਂ ਵਾਲੇ ਅਰੁਣਾਚਲੀ ਟੋਪ ਤੱਕ ਹਰ ਤਰ੍ਹਾਂ ਦਾ ਪਹਿਰਾਵਾ ਸਿਰ 'ਤੇ ਪਾਇਆ ਪਰ ਗੋਲ ਟੋਪੀ ਪਾਉਣ ਤੋਂ ਉਹ ਵਾਰ-ਵਾਰ ਇਨਕਾਰ ਕਰਦੇ ਰਹੇ ਹਨ।

ਮੁਸਲਮਾਨਾਂ ਪ੍ਰਤੀ ਮੋਦੀ ਸਰਕਾਰ ਦਾ ਰੁੱਖਾਪਣ ਮੰਤਰੀ ਮੰਡਲ ਦੀ ਇਕੋ ਇਕ ਮੁਸਲਿਮ ਮੰਤਰੀ ਨਜ਼ਮਾ ਹੈਪਤੁੱਲਾ ਜਿਨ੍ਹਾਂ ਨੂੰ ਘੱਟ-ਗਿਣਤੀ ਮਾਮਲਿਆਂ ਦੀ ਮੰਤਰੀ ਬਣਾਇਆ ਗਿਆ ਹੈ, ਨੇ ਆਪਣੇ ਪਹਿਲੇ ਬਿਆਨ ਰਾਹੀਂ ਹੀ ਜ਼ਾਹਿਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਦੇ ਮੁਸਲਮਾਨ ਘੱਟ-ਗਿਣਤੀ ਸ਼ਬਦ ਲਾਗੂ ਕਰਨ ਪੱਖੋਂ ਕਿਤੇ ਵਧੇਰੇ ਗਿਣਤੀ ਵਿਚ ਹਨ। ਅਜਿਹਾ ਬਿਆਨ ਇਕ ਤਰ੍ਹਾਂ ਨਾਲ ਉਸ ਪੂਰੇ ਵਿਚਾਰ ਦਾ ਹੀ ਮਜ਼ਾਕ ਉਡਾਉਣ ਵਾਲੀ ਗੱਲ ਹੈ ਜਿਸ ਤਹਿਤ ਵਾਂਝੇਪਣ ਦੇ ਸ਼ਿਕਾਰ ਧਾਰਮਿਕ ਘੱਟ-ਗਿਣਤੀ ਸਮੂਹਾਂ ਨੂੰ ਬਹੁ-ਗਿਣਤੀਵਾਦ ਤੋਂ ਸੁਰੱਖਿਆ ਮੁਹੱਈਆ ਕਰਾਈ ਜਾਂਦੀ ਹੈ।

ਮੋਦੀ ਸਰਕਾਰ ਦੇ ਮੰਤਰੀ ਮੰਡਲ ਵਿਚ ਕੀਤੀਆਂ ਗਈਆਂ ਨਿਯੁਕਤੀਆਂ ਦੇ ਅਮਲ ਦੌਰਾਨ ਵੀ ਮੁਢਲੇ ਜਮਹੂਰੀ ਨਿਯਮਾਂ ਪ੍ਰਤੀ ਸਤਿਕਾਰ ਨਜ਼ਰ ਨਹੀਂ ਆਇਆ। ਮਨੁੱਖੀ ਸਰੋਤਾਂ ਦੇ ਵਿਕਾਸ ਬਾਰੇ ਮੰਤਰਾਲਾ ਸਾਬਕਾ ਅਦਾਕਾਰਾ ਸਮ੍ਰਿਤੀ ਇਰਾਨੀ ਨੂੰ ਸੌਂਪਿਆ ਗਿਆ। ਸਮ੍ਰਿਤੀ ਇਰਾਨੀ ਨੇ ਆਪਣੀ ਖੁਦ ਦੀ ਵਿਦਿਅਕ ਯੋਗਤਾ ਬਾਰੇ ਹੀ ਸਵੈ-ਵਿਰੋਧੀ ਹਲਫ਼ਨਾਮੇ ਦਾਖਲ ਕੀਤੇ ਸਨ।


'ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ' (ਟਰਾਈ) ਦੇ ਸਾਬਕਾ ਚੇਅਰਮੈਨ ਨਿਰਪਿੰਦਰ ਮਿਸ਼ਰਾ ਨੂੰ ਆਪਣਾ ਮੁੱਖ ਸਕੱਤਰ ਨਿਯੁਕਤ ਕਰਨ ਲਈ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਐਕਟ ਨੂੰ ਪ੍ਰਭਾਵਹੀਣ ਕਰਨ ਵਾਸਤੇ ਸ੍ਰੀ ਮੋਦੀ ਨੇ ਆਰਡੀਨੈਂਸ ਦੀ ਵਰਤੋਂ ਵਾਲਾ ਰਾਹ ਅਪਣਾਇਆ। ਇਸ ਐਕਟ ਤਹਿਤ ਟਰਾਈ ਦੇ ਕਿਸੇ ਚੇਅਰਮੈਨ ਨੂੰ ਮੁਕਤੀ ਤੋਂ ਬਾਅਦ ਕੋਈ ਵੀ ਸਰਕਾਰੀ ਅਹੁਦਾ ਲੈਣ ਤੋਂ ਮਨਾਹੀ ਕੀਤੀ ਗਈ ਸੀ। ਐਕਟ ਵਿਚ ਸੋਧ ਕਰਨ ਵਾਸਤੇ ਸੰਸਦ ਦਾ ਸੈਸ਼ਨ ਸ਼ੁਰੂ ਹੋਣ ਦੀ ਵੀ ਉਡੀਕ ਨਹੀਂ ਕੀਤੀ ਗਈ। ਇਸ ਢੰਗ ਨਾਲ ਆਰਡੀਨੈਂਸ ਜਾਰੀ ਕਰਨਾ ਸੁਪਰੀਮ ਕੋਰਟ ਵੱਲੋਂ 1987 'ਚ ਡੀ.ਸੀ. ਵਧਵਾ ਕੇਸ 'ਚ ਸੁਣਾਏ ਫ਼ੈਸਲੇ ਦੀ ਵੀ ਭਾਵਨਾ ਦੇ ਖਿਲਾਫ਼ ਹੈ ਜਿਸ ਵਿਚ ਕਿਹਾ ਗਿਆ ਸੀ ਕਿ 'ਸਿਆਸੀ ਹਿਤਾਂ ਦੀ ਪੂਰਤੀ ਲਈ' ਆਰਡੀਨੈਂਸ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਸ੍ਰੀ ਮਿਸ਼ਰਾ ਦੀ ਨਿਯੁਕਤੀ ਪੂਰੀ ਤਰ੍ਹਾਂ ਸਿਆਸੀ ਨਿਯੁਕਤੀ ਹੈ। ਉਹ ਹਾਲ ਹੀ ਤੱਕ ਦਿੱਲੀ ਵਿਚਲੇ ਮੁੱਖ ਸੱਜੇ ਪੱਖੀ 'ਥਿੰਕ ਟੈਂਕ' ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਦੀ ਐਗਜ਼ੈਕਟਿਵ ਕੌਂਸਲ ਵਿਚ ਸਨ। ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਅਸਲ ਵਿਚ 1972 ਵਿਚ ਆਰ.ਐਸ.ਐਸ. ਦੇ ਸਾਬਕਾ ਜਨਰਲ ਸਕੱਤਰ ਏਕਨਾਥ ਰਾਨਾਡੇ ਵੱਲੋਂ ਸ਼ੁਰੂ ਕੀਤੇ ਗਏ ਵਿਵਾਕਨੰਦ ਕੇਂਦਰ ਦਾ ਹੀ ਬਦਲਿਆ ਹੋਇਆ ਰੂਪ ਹੈ। ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਨੇ 2011 ਵਿਚ ਬਾਬਾ ਰਾਮਦੇਵ ਅਤੇ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੋਧੀ ਰੋਸ ਮੁਜ਼ਾਹਰਿਆਂ ਵਿਚ ਅਹਿਮ ਪਰ ਖ਼ਾਮੋਸ਼ ਭੂਮਿਕਾ ਨਿਭਾਈ ਸੀ। ਇਹ ਫਾਊਂਡੇਸ਼ਨ ਸੁਰੱਖਿਆ, ਵਿਦੇਸ਼ ਨੀਤੀ ਅਤੇ ਸਭਿਆਚਾਰਕ, ਸਿੱਖਿਆ ਆਦਿ ਨਾਲ ਸਬੰਧਤ ਕਈ ਪ੍ਰੋਗਰਾਮ ਚਲਾਉਂਦੀ ਹੈ। ਫਾਊਂਡੇਸ਼ਨ ਦੇ ਨਿਰਦੇਸ਼ਕ ਖੁਫ਼ੀਆ ਬਿਊਰੋ ਦੇ ਸਾਬਕਾ ਮੁਖੀ ਅਜੀਤ ਡੋਵਾਲ ਹਨ ਜਿਨ੍ਹਾਂ ਨੂੰ ਮੌਜੂਦਾ ਸਮੇਂ ਕੌਮੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਕ ਟੈਲੀਵਿਜ਼ਨ ਬਹਿਸ ਦੌਰਾਨ ਇਹ ਤੱਥ ਉਜਾਗਰ ਹੋਇਆ ਕਿ ਸ੍ਰੀ ਡੋਵਾਲ ਉਸ 'ਪੁਲਿਸਿੰਗ ਸਕੂਲ' ਨਾਲ ਸਬੰਧ ਰੱਖਦੇ ਹਨ ਜਿਸ ਦਾ ਮੰਨਣਾ ਹੈ ਕਿ 'ਪਹਿਲਾਂ ਗੋਲੀ ਮਾਰਨੀ ਅਤੇ ਫਿਰ ਸਵਾਲ ਪੁੱਛਣਾ ਹੀ ਅਤਿਵਾਦੀਆਂ ਨਾਲ ਨਜਿੱਠਣ ਦਾ ਇਕੋ ਇਕ ਤਰੀਕਾ ਹੈ।' ਉਹ ਭਾਰਤ ਦੀ ਸੁਰੱਖਿਆ ਨੂੰ 'ਨੁਕਸਾਨ ਪਹੁੰਚਾਉਣ ਵਾਲੇ' ਗੁਆਂਢੀ ਦੇਸ਼ਾਂ ਪ੍ਰਤੀ ਸਖ਼ਤ ਤੋਂ ਸਖ਼ਤ ਰੁਖ਼ ਅਪਨਾਉਣ ਦੀ ਗੱਲ ਕਰਦੇ ਹਨ। ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਵਿਚਲੇ ਚਿੰਤਕ ਮੰਗ ਕਰਦੇ ਹਨ ਕਿ ਭਾਰਤ ਨੂੰ ਆਰਥਿਕ ਸਹਿਯੋਗ, ਵਪਾਰ ਅਤੇ ਇਥੋਂ ਤੱਕ ਕਿ ਪਾਣੀ ਦੀ ਭਾਈਵਾਲੀ ਆਦਿ ਸਬੰਧੀ ਆਪਣੇ ਗੁਆਂਢੀ ਦੇਸ਼ਾਂ ਪ੍ਰਤੀ ਬਹੁਤਾ 'ਉਦਾਰ' ਨਹੀਂ ਹੋਣਾ ਚਾਹੀਦਾ।

ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਵੱਲੋਂ ਦੀਨਦਿਆਲ ਰਿਸਰਚ ਇੰਸਟੀਚਿਊਟ, ਨੀਤੀ ਸੈਂਟਰਲ, ਪਬਲਿਕ ਪਾਲਿਸੀ ਰਿਸਰਚ ਸੈਂਟਰ, ਫਰੈਂਡਜ਼ ਆਫ ਬੀ.ਜੇ.ਪੀ., ਸੈਂਟਰ ਫਾਰ ਪਾਲਿਸੀ ਸਟੱਡੀਜ਼ ਅਤੇ ਰਾਸ਼ਟਰੀਆ ਸੇਵਾ ਭਾਰਤੀ ਵਰਗੀਆਂ ਹੋਰ ਸੰਘ ਪਰਿਵਾਰ ਪੱਖੀ ਸੰਸਥਾਵਾਂ ਨਾਲ ਮਿਲ ਕੇ ਸ੍ਰੀ ਮੋਦੀ ਨੂੰ ਨੀਤੀ ਸਬੰਧੀ ਸਲਾਹਾਂ ਮੁਹੱਈਆ ਕਰਾਈਆਂ ਜਾਣਗੀਆਂ। ਸੋ, ਸੰਭਾਵਨਾ ਇਹੀ ਹੈ ਕਿ ਭਾਰਤ ਦੀਆਂ ਵਿਦੇਸ਼, ਸੁਰੱਖਿਆ, ਆਰਥਿਕ, ਸਮਾਜਕ ਅਤੇ ਸਭਿਆਚਾਰਕ ਨੀਤੀਆਂ ਵਿਚ ਧੁਰ ਸੱਜੇ ਪੱਖੀ ਤਬਦੀਲੀ ਲਿਆਉਣ ਦੀ ਜ਼ੋਰਦਾਰ ਮੁਹਿੰਮ ਵੇਖਣ ਨੂੰ ਮਿਲੇਗੀ। ਭਾਰਤ ਦੀ ਕਮਜ਼ੋਰ ਅਤੇ ਹੌਸਲਾ ਵਿਹੂਣੀ ਹੋ ਚੁੱਕੀ ਸੰਸਦੀ ਵਿਰੋਧੀ ਧਿਰ ਅਜਿਹੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਨਜ਼ਰ ਨਹੀਂ ਆ ਰਹੀ।

ਇਸ ਸਾਰੇ ਕੁਝ ਤੋਂ ਬਾਅਦ ਸਵਾਲ ਇਹ ਵੀ ਹੈ ਕਿ ਕਾਂਗਰਸ, ਖੱਬੇ ਪੱਖੀ, ਬਸਪਾ ਅਤੇ ਆਮ ਆਦਮੀ ਪਾਰਟੀ ਵਰਗੀਆਂ ਧਿਰਾਂ ਇਸ ਸਮੇਂ ਕਿੱਥੇ ਖੜ੍ਹੀਆਂ ਹਨ ਜਿਨ੍ਹਾਂ ਨੂੰ ਇਨ੍ਹਾਂ ਚੋਣਾਂ 'ਚ ਸਭ ਤੋਂ ਵੱਡੀ ਹਾਰ ਹੋਈ ਹੈ? ਕਾਂਗਰਸ ਅਜੇ ਵੀ ਇਸ ਭੁਲੇਖੇ ਵਿਚ ਹੈ ਕਿ ਗਾਂਧੀ ਪਰਿਵਾਰ ਕਿਸੇ ਨਾ ਕਿਸੇ ਤਰ੍ਹਾਂ ਇਸ ਦੀ ਮੁਕਤੀ ਕਰ ਦੇਵੇਗਾ। ਗਾਂਧੀ ਪਰਿਵਾਰ ਆਪਣੀ ਲੀਡਰਸ਼ਿਪ ਦੀ ਅਸਫ਼ਲਤਾ ਕਬੂਲਣ ਤੋਂ ਇਨਕਾਰੀ ਹੈ। ਜੇ ਕਾਂਗਰਸ ਦਲਿਤਾਂ, ਆਦਿਵਾਸੀਆਂ, ਹੋਰ ਪਛੜੇ ਵਰਗਾਂ ਅਤੇ ਸ਼ਹਿਰੀ ਗਰੀਬਾਂ ਦੀ ਰੋਜ਼ੀ-ਰੋਟੀ ਦੇ ਹੱਕਾਂ ਲਈ ਅੰਦੋਲਨ ਕਰਕੇ ਇਨ੍ਹਾਂ ਵਰਗਾਂ ਵਿਚ ਆਪਣਾ ਆਧਾਰ ਮੁੜ ਨਹੀਂ ਉਸਾਰਦੀ ਤਾਂ ਇਹ ਛੇਕੜਲੇ ਪਤਨ ਵੱਲ ਧੱਕੀ ਜਾਵੇਗੀ। ਖੱਬੇ ਪੱਖੀਆਂ ਦੇ ਆਧਾਰ ਨੂੰ ਹਰ ਥਾਂ ਖੋਰਾ ਲੱਗਾ ਹੈ। ਇਨ੍ਹਾਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ। ਆਮ ਆਦਮੀ ਪਾਰਟੀ ਨੂੰ ਖੁਦ ਨੂੰ ਸਿਆਸੀ ਪਾਰਟੀ ਵਜੋਂ ਨਹੀਂ, ਸਗੋਂ ਸਮੂਹਿਕ ਸਰਗਰਮੀ 'ਤੇ ਆਧਾਰਤ ਸਿਆਸੀ ਲਹਿਰ ਵਜੋਂ ਢਾਲਣ ਦੀ ਲੋੜ ਹੈ ਜੋ ਸੌੜੇ ਢੰਗ ਨਾਲ ਸਿਰਫ਼ ਭ੍ਰਿਸ਼ਟਾਚਾਰ 'ਤੇ ਹੀ ਕੇਂਦਰਿਤ ਨਾ ਹੋਵੇ। 'ਆਪ' ਜਿਨ੍ਹਾਂ ਚੀਜ਼ਾਂ ਦੀ ਸਿੱਖਿਆ ਦਿੰਦੀ ਹੈ, ਉਸ 'ਤੇ ਇਸ ਨੂੰ ਅਮਲ ਵੀ ਕਰਨਾ ਚਾਹੀਦਾ ਹੈ ਜਿਵੇਂ ਪਾਰਦਰਸ਼ਤਾ, ਇਮਾਨਦਾਰੀ ਅਤੇ ਅੰਦਰੂਨੀ ਸਲਾਹ-ਮਸ਼ਵਰਾ। ਇਨ੍ਹਾਂ ਗੱਲਾਂ ਦੀ ਘਾਟ ਕਰਕੇ ਪਾਰਟੀ ਦਾ ਸੰਕਟ ਹੋਰ ਵਧ ਰਿਹਾ ਹੈ ਜਿਸ ਦਾ ਨਤੀਜਾ ਯੋਗੇਂਦਰ ਯਾਦਵ ਵੱਲੋਂ ਪਾਰਟੀ ਦੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਅਤੇ ਅਰਵਿੰਦ ਕੇਜਰੀਵਾਲ ਨੂੰ ਆਗੂ ਵਜੋਂ ਰੱਦੇ ਜਾਣ ਦੇ ਰੂਪ ਵਿਚ ਨਿਕਲਦਾ ਅਸੀਂ ਵੇਖ ਚੁੱਕੇ ਹਾਂ।

# ਬਾਗ-ਬਗੀਚੇ, ਬੰਦਾ ਤੇ ਬਾਂਦਰ


ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268


ਰਾਤ ਦਾ ਘੁੱਪ ਹਨੇਰਾ ਸਮਾਪਤ ਹੋ ਰਿਹਾ ਹੈ ਤੇ ਪਹੁ-ਫੁਟਾਲਾ ਹੋ ਚੁੱਕਾ ਹੈ। ਕੁਝ ਪਲਾਂ ਬਾਅਦ ਪਹਾੜ ਦੀ ਗੁੱਠੋਂ ਸੂਰਜ ਦੀ ਸੰਧੂਰੀ ਟਿੱਕੀ ਨਿਕਲਦੀ ਦਿਖਾਈ ਦੇਵੇਗੀ। ਇਥੋਂ ਦੋ ਕੁ ਮੀਲਾਂ ਦੇ ਫਾਸਲੇ 'ਤੇ ਦੱਖਣ ਵਲ ਵਗਦੇ ਸਤਲੁਜ ਦਰਿਆ ਵੱਲੋਂ ਮੱਠੀ-ਮੱਠੀ ਹਵਾ ਰੁਮਕ ਰਹੀ ਹੈ। ਅਠਖੇਲੀਆਂ ਕਰਦੇ ਹਵਾ ਦੇ ਕਿਸੇ-ਕਿਸੇ ਬੁੱਲੇ ਵਿਚ ਜਾਮਣਾਂ ਦੇ ਬੂਰ ਅਤੇ ਨਿੰਮ ਦੇ ਨਿੱਕੇ-ਨਿੱਕੇ ਚਿੱਟੇ ਫੁੱਲਾਂ ਦੀ ਰਲਵੀਂ-ਮਿਲਵੀਂ ਭਿੰਨੀ-ਭਿੰਨੀ ਖੁਸ਼ਬੋਈ ਵਿਸਮਾਦੀ ਤਰੰਗਾਂ ਛੇੜ ਰਹੀ ਹੈ। ਵੱਡੇ ਤੜਕੇ ਤੋਂ ਚਾਰ-ਚੁਫੇਰੇ ਪਿੰਡਾਂ ਵਿਚ ਵੱਜਦੇ ਨਹੀਂ, ਸਗੋਂ ਗਰਜਦੇ ਲਾਊਡ ਸਪੀਕਰ ਹੁਣ ਖਾਮੋਸ਼ ਹੋ ਚੁੱਕੇ ਨੇ। ਅੰਮ੍ਰਿਤ ਵੇਲੇ ਆਪਣੀ ਰਸੀਲੀ ਜ਼ੁਬਾਨ ਵਿਚ 'ਭਗਵਾਨ ਤੇਰੀ ਕੁਦਰਤ' ਦਾ ਰਾਗ ਗਾਉਣ ਵਾਲੇ ਪੰਛੀਆਂ-ਜਨੌਰਾਂ ਨੇ ਸੁੱਖ ਦਾ ਸਾਹ ਲਿਆ ਹੋਵੇਗਾ ਕਿ ਸ਼ੁਕਰ ਹੈ, ਸਾਨੂੰ ਹੁਣ ਦਿਨ ਦੇ ਚੜ੍ਹਾਅ ਦੇ ਆਗਮਨ-ਗੀਤ ਗਾਉਣ ਦਾ ਮੌਕਾ ਮਿਲਿਆ ਹੈ! ਹਰੇ-ਕਚੂਰ ਦਰਖਤਾਂ ਦੇ ਟਾਹਣੀਆਂ-ਪੱਤੀਆਂ ਵਿਚੋਂ 'ਚੀਂ...ਚੀਂ... ਚੂੰ...ਚੂੰ...ਗੁਟਰ-ਗੂੰ' ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਹਨ।

ਉਚੇ ਨੀਵੇਂ ਦਰਖਤਾਂ, ਫਲਾਂ, ਫੁੱਲਾਂ ਵਾਲੇ ਵੇਲ-ਬੂਟਿਆਂ ਦੇ ਝੁਰਮਟ ਵਿਚ ਘਿਰੇ ਹੋਏ ਆਪਣੇ ਘਰ ਦੀ ਉਪਰਲੀ ਮੰਜ਼ਿਲ ਦੇ ਜਿਸ ਕਮਰੇ ਵਿਚ ਬੈਠਾ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਇਸ ਤੋਂ ਕੁਝ ਘਰ ਹਟਵੇਂ ਇਕ ਮਕਾਨ ਦੀ ਛੱਤ ਉਪਰ ਮੋਰ ਆਣ ਬੈਠਾ ਹੈ। ਜੈਕਾਰਾ ਗਜਾਉਣ ਵਾਂਗ ਪਹਿਲਾਂ ਇਸ ਨੇ ਗਰਜਵੀਂ ਸੁਰ 'ਚ 'ਕੁ...ਰੇ...ਰ, ਕੋ...ਕੋ...ਕੋ' ਦਾ ਰਾਗ ਅਲਾਪਿਆ। ਮੁੜਦੀ ਸਰਗਮ 'ਕਿਆਉਂ...ਕਿਆਉਂ...ਕਿਆਉਂ' ਅਲਾਉਂਦਿਆਂ ਇਸ ਨੇ ਪੈਲ ਪਾਉਣੀ ਆਰੰਭ ਦਿੱਤੀ ਹੈ। ਮੇਰੇ ਦੇਖਦਿਆਂ-ਦੇਖਦਿਆਂ ਉਸ ਨੇ ਪੂਰੇ ਖੰਭ ਫੈਲਾ ਕੇ ਪੈਲ ਪਾ ਲਈ ਹੈ। ਇਉਂ ਜਾਪ ਰਿਹਾ ਹੈ ਕਿ ਉਹ ਪ੍ਰਭਾਤ ਦੇ ਸਵਾਗਤ ਲਈ ਨੱਚ ਰਿਹਾ ਹੋਵੇ।

ਘੁਸ-ਮੁਸਾ ਨਿਖਰਦਾ ਜਾ ਰਿਹਾ ਹੈ। ਪਲ-ਪਲ ਵਧਦੀ ਜਾ ਰਹੀ ਊਸ਼ਾ ਦੀ ਲਾਲੀ ਹੁਣ ਸਾਹਮਣੇ ਬੋਗਨਵਿਲੀਏ ਦੀਆਂ ਵੇਲਾਂ ਦੇ ਗੁਲਾਬੀ ਫੁੱਲਾਂ 'ਤੇ ਪੈ ਰਹੀ ਹੈ। ਜਾਮਣ ਦੇ ਦਰਖਤ ਤੋਂ ਕੋਇਲ 'ਕੂਹ...ਕੂਹ' ਕਰ ਕੇ ਚੌਗਿਰਦੇ ਨੂੰ ਇਲਾਹੀ ਸੰਗੀਤ ਨਾਲ ਸਰਸ਼ਾਰ ਕਰ ਰਹੀ ਹੈ। ਗੂੜ੍ਹੀਆਂ ਲਾਲ ਚੁੰਝਾਂ ਵਾਲੇ ਤੋਤੇ ਅਤੇ 'ਚੀਂ...ਚੀਂ' ਕਰਦੀਆਂ ਚਿੜੀਆਂ ਵੀ ਉਡਾਰੀਆ ਮਾਰਨ ਲੱਗ ਪਈਆਂ ਹਨ।

ਕੁਦਰਤ ਵਲੋਂ ਸਾਜੇ ਹੋਏ ਇਸ ਬਹਿਸ਼ਤ ਜੈਸੇ ਮਾਹੌਲ ਵਿਚ ਰਚਮਿਚ ਕੇ ਇਹਦਾ ਅਨੰਦ ਮਾਣਨ ਲਈ ਮੈਂ ਥੱਲੇ ਉਤਰ ਕੇ ਸੈਰ ਲਈ ਤਿਆਰ ਹੋਇਆ। ਜੇ ਮੈਂ ਆਪਣੀ ਬਗੀਚੀ ਵਿਚ ਖਿੜੇ ਗੁਲਾਬ, ਡੇਲੀਏ, ਕਲੀ ਅਤੇ ਗੁਲਦਾਊਦੀ ਦੇ ਫੁੱਲਾਂ ਉਤੇ ਮੰਡਰਾਉਂਦੀਆਂ ਰੰਗ-ਬਰੰਗੀਆਂ ਤਿਤਲੀਆਂ ਅਤੇ ਭੌਰਿਆਂ ਦੀਆਂ ਬਾਤਾਂ ਪਾਉਣ ਲੱਗ ਪਿਆ, ਜਾਂ ਆਪਣੇ ਹਰਿਆਵਲ ਪ੍ਰੇਮੀ ਬੇਟਿਆਂ ਵੱਲੋਂ ਘਰ ਦੇ ਖੁੱਲ੍ਹੇ-ਡੁੱਲ੍ਹੇ ਚੌਗਿਰਦੇ ਵਿਚ ਲਗਾਏ ਅੰਬ, ਜਾਮਣ, ਤੂਣ, ਅਰਜਣ, ਬਿੱਲ, ਕਦਮ, ਹਰੜ, ਔਲਾ, ਰੀਠੇ, ਗੁਲੱਕੜ, ਗੁਲਮੋਹਰ, ਮੌਲਸਰੀ, ਪਿੰਕਰੇਸ਼ੀਆ, ਨਿੰਮ, ਫਲਾਹੀ, ਸ਼ਰੀਂਹ, ਸੁਹਾਜਣਾ ਅਤੇ ਬਬੂਲ ਵਗੈਰਾ ਭੂਲ ਰਹੇ ਦਰਖਤਾਂ ਦੀ ਸੋਭਾ ਕਰਨ ਲਗ ਪਿਆ, ਤਦ ਮੇਰੇ 'ਤੇ 'ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਣ' ਵਾਲਾ ਦੋਸ਼ ਆਇਦ ਹੋ ਜਾਵੇਗਾ। ਜਿਥੇ ਭਲਾ 99 ਆਰੀਆਂ ਅਤੇ 90 ਕੁਹਾੜੇ ਹਰਿਆਲੀ ਦੀ ਨਸਲਕੁਸ਼ੀ ਕਰਨ ਜੁਟੇ ਹੋਏ ਹੋਣ, ਉਥੇ ਨਵੇਂ ਬੂਟੇ ਲਾਉਣ ਵਾਲੇ ਦਹੂੰ-ਚਹੂੰ ਹੱਥਾਂ ਦੀ ਕੀ ਵਟੀਂਦੀ ਹੈ?

ਮੇਰੇ ਪਿੰਡ ਦਾ ਦੱਖਣੀ ਪਾਸਾ ਦੇਖੋ ਜ਼ਰਾ। ਪਿੰਡ ਦੇ ਬਜ਼ੁਰਗ ਦੱਸਦੇ ਨੇ ਕਿ ਹੁਣ ਉਥੋਂ ਦੋ-ਢਾਈ ਮੀਲ ਦੂਰ ਵਗਦਾ ਸਤਲੁਜ ਦਰਿਆ, ਕਿਸੇ ਸਮੇਂ ਪਿੰਡ ਦੀਆਂ ਕੰਧਾਂ ਨਾਲ ਖਹਿ ਕੇ ਵਹਿੰਦਾ ਹੁੰਦਾ ਸੀ। ਸਮੇਂ ਦੇ ਫੇਰ ਨਾਲ ਦੂਰ ਹਟਦਾ-ਹਟਦਾ ਇਹ ਆਪਣੇ ਪਿੱਛੇ ਇਕ 'ਨਿਸ਼ਾਨੀ' ਛੱਡ ਗਿਆ। ਸਾਫ਼-ਸਵੱਛ ਪਾਣੀ ਦਾ ਸਦਾ ਬਹਾਰ ਵਗਦਾ ਇਕ ਨਾਲਾ ਜੋ ਕਈ ਪਿੰਡਾਂ ਦੇ ਨਾਲ-ਨਾਲ ਵਹਿੰਦਾ, ਅਖੀਰ ਰਾਹੋਂ ਦੇ ਹੇਠ ਜਾ ਕੇ ਸਤਲੁਜ ਵਿਚ ਹੀ ਸਮਾਉਂਦਾ ਹੈ। ਸਾਡੇ ਇਲਾਕੇ ਵਿਚ ਇਸ ਨੂੰ 'ਨੈੜੀ' ਕਿਹਾ ਜਾਂਦਾ ਹੈ। ਬਾਰਾਂ ਮਹੀਨੇ ਵਗਦੀ ਰਹਿੰਦੀ ਇਹ ਨੈੜੀ ਹੁਣ ਸਿਰਫ ਸੁੱਕ ਹੀ ਨਹੀਂ ਗਈ, ਸਗੋਂ ਲੋਪ ਹੋਣ ਦੇ ਨੇੜੇ ਜਾ ਢੁੱਕੀ ਹੈ। ਹਰੇ ਇਨਕਲਾਬ ਨੇ ਇਹਦਾ ਭੋਗ ਪਾ ਦਿੱਤਾ ਹੈ।

ਇਸ ਦੇ ਕੰਢੇ 'ਤੇ ਬਹੁਤ ਭਾਰੀ ਝਿੜੀ ਹੁੰਦੀ ਸੀ। ਪੰਦਰਾਂ-ਵੀਹ ਕਿੱਲਿਆਂ ਵਿਚ ਫੈਲੀ ਹੋਈ ਇਸ ਝਿੜੀ ਵਿਚ ਐਨੇ ਸੰਘਣੇ ਦਰਖ਼ਤ ਹੁੰਦੇ ਸਨ ਕਿ ਬੰਦਾ ਘੁੰਮਦਾ ਨਜ਼ਰ ਨਹੀਂ ਸੀ ਆਉਂਦਾ ਹੁੰਦਾ। ਉਥੇ ਭਾਵੇਂ ਪਿੱਪਲ, ਕਿੱਕਰਾਂ, ਖਜੂਰਾਂ ਦੇ ਦਰਖਤ ਵੀ ਹੁੰਦੇ ਸਨ, ਪਰ ਫਲਾਹੀ ਦੇ ਵਿੰਗੇ-ਟੇਢੇ ਦਰਖਤਾਂ ਦੀ ਬਹੁਤਾਤ ਹੋਣ ਕਰ ਕੇ ਇਸ ਝਿੜੀ ਨੂੰ 'ਫਲਾਹੀਆਂ' ਹੀ ਕਿਹਾ ਜਾਂਦਾ ਸੀ। ਛੋਟੇ ਹੁੰਦੇ ਆਪਣੇ ਹਾਣੀਆਂ ਨਾਲ ਅਸੀਂ ਉਥੇ ਨੰਗੇ ਪੈਰੀਂ ਪਸ਼ੂ ਚਰਾਉਣ ਗਏ ਹੋਏ ਰੱਜ-ਰੱਜ ਖਜੂਰਾਂ ਖਾਂਦੇ ਹੁੰਦੇ ਸਾਂ। ਲੈਰਾ-ਲੈਰਾ ਘਾਹ ਚੁਗਣ ਤੋਂ ਬਾਅਦ ਪਸ਼ੂ ਨੈੜੀ 'ਚ ਪਾਣੀ ਪੀਂਦੇ ਅਤੇ ਤਾਰੀਆਂ ਲਾਉਂਦੇ। ਪਾਣੀ 'ਚ ਵੜ ਕੇ ਅਸੀਂ ਮੱਝਾਂ ਨੂੰ ਮਲ-ਮਲ ਨਲ੍ਹਾਉਂਦੇ ਰਹਿੰਦੇ। ਹੁਣ 'ਵਿਕਾਸ' ਦੀ ਹਨੇਰੀ ਨੇ ਉਥੋਂ ਸਭ ਕੁਝ ਉਡਾ ਦਿੱਤਾ ਹੈ। ਇਸ ਥਾਂ ਦੀ ਮਾਲਕੀ ਸਬੰਧੀ ਕੋਰਟ-ਕਚਹਿਰੀਆਂ 'ਚ ਮੁਕੱਦਮੇ ਚੱਲਦੇ ਹਨ।

ਉਹ ਵੀ ਦਿਨ ਸਨ, ਜਦ ਸਾਡੇ ਪਿੰਡ ਦੇ ਲੋਕ ਇਨ੍ਹਾਂ ਫਲਾਹੀਆਂ ਵਿਚੋਂ ਦਾਤਣ ਤੋੜਨ ਤੋਂ ਵੀ ਡਰਦੇ ਸਨ; ਕਿਉਂਕਿ ਉਥੇ ਪੰਜ ਪੀਰਾਂ ਦੀ ਕਬਰ ਹੋਣ ਕਰ ਕੇ ਇਸ ਨੂੰ ਕਰੜੀ ਜਗ੍ਹਾ ਮੰਨਿਆ ਜਾਂਦਾ ਸੀ। ਇਸ ਵਹਿਮ ਨੂੰ ਪੱਕਿਆਂ ਕਰਨ ਵਾਲੀਆਂ ਕਈ ਮਨ-ਘੜਤ ਦੰਦ-ਕਥਾਵਾਂ ਪ੍ਰਚਲਿਤ ਸਨ, ਪਰ ਹੁਣ ਝਿੜੀ ਦੀ ਇਕ ਵਾਢਿਉਂ ਸਫਾਈ ਕਰਨ ਵਾਲੇ ਨੂੰ ਨਾ ਪੰਜਾਂ ਪੀਰਾਂ ਨੇ ਕੁਝ ਕਿਹਾ ਅਤੇ ਨਾ ਹੀ ਸਖਤ ਜਗ੍ਹਾ ਨੇ ਕੋਈ ਕਰਾਮਾਤ ਦਿਖਾਈ। ਬਚਪਨ ਤੋਂ ਲੈ ਕੇ ਸਾਡੇ ਜਵਾਨ ਹੋਣ ਤੱਕ ਪੰਜਾਂ ਪੀਰਾਂ ਦੀ ਇਹ ਕਬਰ ਲਾਵਾਰਸ ਜਿਹੀ ਹੀ ਰਹੀ, ਪਰ ਹੁਣ ਇਸ ਨੂੰ ਇਕ ਬਾਬਾ ਮਿਲਿਆ ਹੋਇਆ ਹੈ। ਬਾਕੀ ਸਾਰਾ ਸਾਲ ਤਾਂ ਭਾਵੇਂ ਪੰਜ ਪੀਰ ਜੀ ਸ਼ਾਇਦ ਉਥੇ ਈ ਰਹਿੰਦੇ ਹੋਣ, ਪਰ ਜਾਪਦਾ ਐ ਉਹ ਅੱਠ ਹਾੜ੍ਹ ਵਾਲੇ ਦਿਨ ਉਥੋਂ ਜ਼ਰੂਰ ਆਸੇ-ਪਾਸੇ ਚਲੇ ਜਾਂਦੇ ਹੋਣੇ ਨੇ, ਕਿਉਂਕਿ ਉਸ ਦਿਨ ਹਰ ਸਾਲ ਉਥੇ 'ਲੋਕ ਗਾਇਕ ਬਣੇ ਮਸ਼ਟੰਡੇ, ਤੂੰਬੀ ਵਿਚ ਫਸਾਏ ਡੰਡੇ', ਮੁਤਾਬਕ ਡੱਬ-ਖੜੱਬੇ ਕਲਾਕਾਰ ਖੂਬ ਅ-ਸਭਿਆਚਾਰ ਫੈਲਾਉਂਦੇ ਹਨ ਜਿਨ੍ਹਾਂ ਨੂੰ ਸੁਣ ਕੇ ਸ਼ਰਧਾਲੂ ਬੇਸ਼ੱਕ ਝੂੰਮਦੇ ਰਹਿੰਦੇ ਨੇ, ਪਰ ਪੰਜਾਂ ਪੀਰਾਂ ਨੂੰ ਤਾਂ ਆਪਣੇ ਪੀਰ-ਫਕੀਰ ਹੋਣ ਦੀ ਲਾਜ ਨਿਭਾਉਣੀ ਹੀ ਪੈਂਦੀ ਹੋਵੇਗੀ।

ਮੇਰੇ ਪਿੰਡ ਦੇ ਉਤਰ ਵੱਲ ਡੇਢ ਕੁ ਮੀਲ ਦੀ ਵਿੱਥ 'ਤੇ ਨੀਲੇ ਪਾਣੀਆਂ ਵਾਲੀ ਬਿਸਤ ਦੁਆਬ ਨਹਿਰ ਵਗਦੀ ਹੈ ਜਿਸ ਦੇ ਕੰਢੇ ਦੇ ਨਾਲ-ਨਾਲ ਖੜ੍ਹੇ ਘਣੇ-ਸੰਘਣੇ ਤੂਤਾਂ-ਟਾਹਲੀਆਂ ਦੀ ਗੂੜ੍ਹੀ ਛਾਂਵੇਂ ਸਾਈਕਲ ਚਲਾਉਂਦੇ ਹੋਏ ਅਸੀਂ ਨਵਾਂ ਸ਼ਹਿਰ ਸਕੂਲੇ ਪੜ੍ਹਨ ਜਾਂਦੇ ਹੁੰਦੇ ਸੀ। ਉਛਲ-ਉਛਲ ਵਗਦੀ ਉਹੀ ਨਹਿਰ ਹੁਣ ਪਾਣੀ ਨੂੰ ਤਰਸਦੀ ਹੈ। ਵਰ੍ਹੀਂ-ਛਿਮਾਹੀ ਜਦ ਕਦੇ ਪਾਣੀ ਆਉਂਦਾ ਵੀ ਹੈ, ਤਾਂ ਉਹ ਨੀਲਾ ਨਹੀਂ ਸਗੋਂ ਚਿੱਕੜ ਵਰਗਾ ਘਸਮੈਲਾ ਹੁੰਦਾ ਹੈ। ਨਹਿਰ ਦੀ ਪਟੜੀ 'ਤੇ ਛਾਂ ਲਈ ਛਤਰੀ ਬਣਨ ਵਾਲੇ ਉਹ ਤੂਤ ਜਿਨ੍ਹਾਂ ਤੋਂ ਮਿੱਠੀਆਂ ਤੂਤੀਆਂ ਤੋੜ ਅਸੀਂ ਰੱਜਦੇ ਹੁੰਦੇ ਸਾਂ, ਸਭ ਗਾਇਬ ਨੇ। ਗਰਮੀਆਂ 'ਚ ਠੰਢੀ ਠਾਰ ਹਵਾ ਦੇਣ ਵਾਲੀਆਂ ਹਰੀਆਂ-ਕਚੂਰ ਟਾਹਲੀਆਂ ਕਿਤੇ-ਕਿਤੇ ਖੜਸੁੱਕ ਹੋਈਆਂ ਖੜ੍ਹੀਆਂ ਨੇ। ਲਗਦੈ ਹੇਠ ਲਿਖੀਆਂ ਸਤਰਾਂ, ਸਿਖਰ ਦੁਪਹਿਰੇ ਨਹਿਰ ਦੀ ਪਟੜੀ 'ਤੇ ਸਫ਼ਰ ਕਰਨ ਵਾਲੇ ਕਿਸੇ ਰਾਹੀਂ ਮੁਸਾਫਰ ਨੇ ਗਾਈਆਂ ਹੋਣਗੀਆਂ,

ਨਜ਼ਰ ਆਉਂਦਾ ਸਫੈਦਾ ਹੀ ਸਫੈਦਾ
ਹੁਣ ਹੈ ਹਰ ਪਾਸੇ
ਕਿ ਲੱਭਦੀ ਬੋਹੜ, ਪਿੱਪਲ, ਤੂਤ ਵਰਗੀ
ਛਾਂ ਨਹੀਂ ਯਾਰਾ!

ਇਕ ਉਹ ਸਮਾਂ ਸੀ ਜਦ ਪੰਜਾਬ ਦੇ ਕਿਸੇ ਪਿੰਡ ਵੱਲ ਵੀ ਨਜ਼ਰ ਮਾਰਦਿਆਂ, ਹਰੇ-ਭਰੇ ਦਰਖ਼ਤਾਂ ਦਾ ਝੁਰਮਟ ਹੀ ਦਿਖਾਈ ਦਿੰਦਾ ਹੁੰਦਾ ਸੀ। ਹੁਣ ਸ਼ਹਿਰਾਂ ਵਾਂਗ ਪਿੰਡਾਂ ਵਿਚ ਵੀ ਹਰਿਆਲੀ ਹਾਰ ਗਈ ਹੈ ਅਤੇ ਸੰਗਮਰਮਰੀ ਕੋਠੀਆਂ ਦੀ ਚਿਟਿਆਈ ਜਿੱਤ ਗਈ ਹੈ। ਉਚੀਆਂ-ਉਚੀਆਂ ਕੋਠੀਆਂ ਦੇ ਗੇਟ ਸਦਾ ਬੰਦ ਰਹਿੰਦੇ ਨੇ ਅਤੇ ਸਿਖਰ ਉਪਰ ਬਣੀਆਂ ਜਹਾਜ਼ਾਂ ਤੇ ਕਾਰਾਂ ਸ਼ੇਪ ਟੈਂਕੀਆਂ ਦੂਰੋਂ ਗਵਾਹੀਆਂ ਦਿੰਦੀਆਂ ਨੇ ਕਿ ਇਹ 'ਬਾਹਰਲਿਆਂ' ਦੇ ਬੰਗਲੇ ਨੇ। ਪਿੰਡਾਂ ਵਿਚ ਇਹੋ ਜਿਹੇ 'ਮਕਾਨ' ਤਾਂ ਬਥੇਰੇ ਹਨ, ਪਰ ਹੁਣ 'ਘਰ' ਵਿਰਲੇ ਹੀ ਲੱਭਦੇ ਹਨ। ਪੱਥਰ ਹੀ ਪੱਥਰ ਥੱਪਣ ਦਾ ਰਿਵਾਜ਼ ਹੁਣ ਪਿੰਡਾਂ ਵਿਚ ਵੀ ਬੇਤਹਾਸ਼ਾ ਵਧ ਗਿਆ ਹੈ ਪਰ ਚੌਗਿਰਦੇ ਨੂੰ ਹਰਿਆ-ਭਰਿਆ ਬਣਾਉਣ ਵਾਲੇ ਵੇਲ-ਬੂਟੇ-ਦਰਖ਼ਤ ਲਾਉਣ ਦਾ ਸ਼ੌਕ ਨਾ ਹੋਇਆਂ ਬਰਾਬਰ ਹੀ ਹੈ।

ਦੂਰ ਭਵਿੱਖ ਦੀਆਂ ਸੂਹਾਂ ਦੇਣ ਵਾਲੇ ਸਮਾਜ ਸ਼ਾਸਤਰੀਆਂ ਵਲੋਂ ਬੜੇ ਤਰਲੇ ਕੱਢੇ ਜਾ ਰਹੇ ਹਨ, ਦੁਹੱਥੜਾਂ ਮਾਰੀਆਂ ਜਾ ਰਹੀਆਂ ਨੇ ਕਿ 'ਗਲੋਬਲ ਵਾਰਮਿੰਗ ਦੇ ਦੈਂਤ' ਨਾਲ ਨਜਿੱਠਣ ਲਈ ਦਰਖ਼ਤਾਂ ਦੀ ਕਟਾਈ ਤੁਰੰਤ ਬੰਦ ਕਰੋ। ਨਾੜ ਪਰਾਲੀ ਨੂੰ ਅੱਗ ਲਾ ਕੇ ਨਾ ਸਾੜੋ। ਮੌਸਮੀ ਸੰਤੁਲਨ ਬਣਾਈ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉ ਪਰ ਇਨ੍ਹਾਂ ਉਪਦੇਸ਼ਕਾਂ ਦੀਆਂ ਨਸੀਹਤਾਂ ਨੂੰ ਬੰਦਾ ਮੰਨ ਕਿਉਂ ਨਹੀਂ ਰਿਹਾ? ਆਖਰ ਬੰਦੇ ਦੀ ਕਿਹੜੀ ਖਸਲਤ ਹੈ ਜੋ ਉਸ ਨੂੰ ਵਿਨਾਸ਼ ਵੱਲ ਧੂਹੀ ਲਈ ਜਾਂਦੀ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਵੀ ਸੁਣ ਲਓ...

ਮੰਨੀ ਹੋਈ ਸੱਚਾਈ ਹੈ ਕਿ ਹਰ ਚੀਜ਼ ਆਪਣੇ ਮੂਲ ਅਸਲੇ ਵੱਲ ਭੱਜਦੀ ਹੈ। ਡੋਲ੍ਹਿਆ ਪਾਣੀ, ਸਮੁੰਦਰ ਵੱਲ ਵਗਦਾ ਹੈ। ਅੱਗ ਦੀ ਲਾਟ ਦਾ ਮੂੰਹ ਸੂਰਜ ਵੱਲ ਰਹਿੰਦਾ ਹੈ। ਡਾਰਵਿਨ ਦੇ ਸਿਧਾਂਤ ਅਨੁਸਾਰ ਬੰਦੇ ਦੀ ਅੰਸ-ਬੰਸ ਬਾਂਦਰ ਨਾਲ ਜਾ ਮਿਲਦੀ ਹੈ। ਆਪਾਂ ਬੰਦਿਆਂ ਦੇ ਇਸ ਵਡਾਰੂ ਦੀ ਇਕ ਖਾਸ ਸਿਫਤ ਦੱਸਦੀ ਇਹ ਨੀਤੀ ਕਥਾ ਵੀ ਪੜ੍ਹ ਲਈਏ,

ਪੋਹ ਦੀ ਸਾਰਦ ਰੁੱਤੇ ਭਾਰੀ ਵਰਖਾ ਹੋ ਰਹੀ ਸੀ। ਸਭ ਜੀਆ-ਜੰਤ ਆਪੋ-ਆਪਣੇ ਘੁਰਨਿਆਂ-ਆਲ੍ਹਣਿਆਂ ਵਿਚ ਵੜਿਆ ਬੈਠਾ ਸੀ। ਸਾਰੇ ਪੰਛੀਆਂ ਵਿਚੋਂ ਮਜ਼ਬੂਤ ਅਤੇ ਸੁਰੱਖਿਅਤ ਆਲ੍ਹਣਾ ਬਣਾਉਣ ਲਈ ਮਸ਼ਹੂਰ ਬਿੱਜੜਾ ਆਪਣੇ ਬੱਚਿਆਂ ਸਮੇਤ ਆਲ੍ਹਣੇ 'ਚ ਬੈਠਾ ਸੀ। ਜਿਸ ਦਰਖ਼ਤ ਦੀਆਂ ਟਾਹਣੀਆਂ ਨਾਲ ਇਸ ਦਾ ਆਲ੍ਹਣਾ ਲਟਕ ਰਿਹਾ ਸੀ, ਉਸ ਦਰਖ਼ਤ ਦੇ ਥੱਲੇ ਤਾਣੇ ਨਾਲ ਲੱਗ ਕੇ ਖੜ੍ਹਾ ਬਾਂਦਰ ਪਾਲੇ ਨਾਲ ਠੁਰ-ਠੁਰ ਕਰ ਰਿਹਾ ਸੀ। ਨਿੱਘੇ ਆਲ੍ਹਣੇ 'ਚ ਬੈਠੇ ਬਿੱਜੜੇ ਦੇ ਬੱਚੇ ਆਪਣੇ ਬਾਪ ਨੂੰ ਪੁੱਛਣ ਲੱਗੇ ਕਿ ਐਨੇ ਭਾਰੀ ਮੀਂਹ ਵਿਚ ਇਹ ਕੌਣ ਹੈ ਜੋ ਭਿੱਜ ਰਿਹਾ ਹੈ। ਇਸ ਦਾ ਕੋਈ ਘਰ-ਘਾਟ ਨਹੀਂ ਹੋਵੇਗਾ? ਬਿੱਜੜੇ ਨੇ ਥੱਲੇ ਵੱਲ ਝਾਕ ਕੇ ਬਾਂਦਰ ਨੂੰ ਪੁੱਛਿਆ,

ਦਵੈ ਕਰੁ, ਦਵੈ ਪਗੁ ਆਹਿ ਤੁਵ,
ਦਿਸੀਅਤ ਪੁਰਖ ਅਕਾਰ।
ਸੀਤ ਵਾਤ ਕੇ ਘਾਤ ਹਿਤ,
ਕਿਉਂ ਨਾ ਰਚਹਿ ਅਗਾਰਾ?

...ਸੱਜਣਾ! ਤੇਰੇ ਦੋ ਹੱਥ ਦੋ ਪੈਰ ਹਨ। ਤੇਰੀ ਸ਼ਕਲ ਵੀ ਬੰਦਿਆਂ ਜੈਸੀ ਹੈ ਪਰ ਤੂੰ ਗਰਮੀ ਸਰਦੀ ਤੋਂ ਬਚਾਅ ਲਈ ਆਪਣਾ ਘਰ ਕਿਉਂ ਨਹੀਂ ਬਣਾਇਆ ਹੋਇਆ?

ਮੀਂਹ 'ਚ ਭਿੱਜੇ ਪਏ ਬਾਂਦਰ ਨੇ 'ਤਾਂਹ ਨੂੰ ਮੂੰਹ ਚੁੱਕ ਕੇ ਬਿੱਜੜੇ ਦਾ ਸਵਾਲ ਸੁਣਿਆ। ਦੇਖਦਿਆਂ ਹੀ ਦਰਖ਼ਤ 'ਤੇ ਜਾ ਚੜ੍ਹਿਆ। ਬਿੱਜੜੇ ਦੇ ਆਲ੍ਹਣੇ ਨੂੰ ਜਾ ਹੱਥ ਪਾਇਆ, ਤੇ ਪਲਾਂ 'ਚ ਕਰ'ਤਾ ਤੀਲਾ-ਤੀਲਾ!! ਫਿਰ ਲਾਲ ਅੱਖਾਂ ਕਰ ਕੇ ਬਾਂਦਰ, ਬਿੱਜੜੇ ਨੂੰ ਕਹਿਣ ਲੱਗਾ,

ਸੂਚੀ-ਮੁੱਖੀ, ਵਿਭਚਾਰਨੀ,
ਰੰਡੇ! ਪੰਡਿਤ ਰਾਰ?
ਨਹਿ ਸਮੱਰਥ ਨਿਜ-ਗ੍ਰਿਹ ਰਚਨ,
ਸਮਰੱਥ ਹੱਥ ਤਵ-ਦੁਆਰ!!

...ਸੂਈ ਦੇ ਨੱਕੇ ਜਿਹੇ ਮੂੰਹ ਵਾਲੀਏ ਬਦਮਾਸ਼ੇ! ਤੂੰ ਮੇਰੇ ਜਿਹੇ ਵਿਦਵਾਨ ਨਾਲ ਵਾਦ-ਵਿਵਾਦ ਕਰ ਰਹੀ ਹੈਂ? ਮੈਂ ਆਪਣੇ ਘਰ ਬੇਸ਼ੱਕ ਨਹੀਂ ਬਣਾ ਸਕਦਾ, ਪਰ ਬਣੇ ਹੋਏ ਘਰਾਂ ਦੀ ਇਹੀ-ਤਹੀ ਜ਼ਰੂਰ ਫੇਰ ਸਕਦਾਂ।

ਜਿਥੇ ਕਿਤੇ ਵੀ ਕੋਈ ਬੰਦਾ ਚੌਗਿਰਦੇ ਦੇ ਵਿਨਾਸ਼ ਵਿਚ, ਕਿਸੇ ਤਰ੍ਹਾਂ ਦਾ ਵੀ 'ਯੋਗਦਾਨ' ਪਾ ਰਿਹਾ ਹੋਵੇ, ਤਦ ਸਮਝੋ ਬੰਦੇ ਦਾ ਵਡਾਰੂ ਹੀ ਆਪਣੀ ਕਰਤੂਤ ਦਿਖਾ ਰਿਹਾ ਹੈ!

# ਅਮਰੀਕਨ ਸਿੱਖਾਂ ਵਲੋਂ ਗਦਰ ਦੇ ਬਿਗਲ ਦੀ ਸ਼ਤਾਬਦੀ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com



ਮਈ ਮਹੀਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਵੈਨਕੂਵਰ (ਕੈਨੇਡਾ) ਦੀ ਬੰਦਰਗਾਹ ਉਤੇ ਰੋਕ ਲੈਣ ਦੀ ਵਾਰਦਾਤ ਨੂੰ ਸੌ ਸਾਲ ਹੋ ਗਏ ਹਨ। ਇਸ ਵਾਰ ਅਮਰੀਕਾ ਵਿਚ ਗਦਰ ਪਾਰਟੀ ਦੀ ਸਥਾਪਨਾ ਦੇ ਸੌ ਸਾਲਾਂ ਦੇ ਸਮਾਗਮ ਰਚਾ ਹੀ ਰਹੇ ਹਨ ਕਿ ਇਹ ਵਾਰਦਾਤ ਵੀ ਉਨ੍ਹਾਂ ਨਾਲ ਆ ਜੁੜੀ ਹੈ। ਚੇਤੇ ਰਹੇ ਕਿ ਕੈਨੇਡਾ ਦੀ ਸਰਕਾਰ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਆਪਣੇ ਸਮੁੰਦਰੀ ਤੱਟ ਉਤੇ ਦੋ ਮਹੀਨੇ ਖੱਜਲ ਖੁਆਰ ਕਰਕੇ ਵਾਪਸ ਭੇਜਣ ਨੇ ਦੁਨੀਆਂ ਭਰ ਦੇ ਪੰਜਾਬੀਆਂ ਵਿਚ ਰੋਸ ਪੈਦਾ ਕਰ ਦਿੱਤਾ ਸੀ, ਖਾਸ ਕਰਕੇ ਉਤਰੀ ਅਮਰੀਕਾ ਦੇ ਪੱਛਮੀ ਤੱਟ ਤੇ ਵੱਸੇ ਸਿੱਖਾਂ ਦੇ ਮਨ ਵਿਚ। ਉਹ ਗੋਰਿਆਂ ਦੇ ਦੁਰਵਿਹਾਰ ਤੋਂ ਪਹਿਲਾਂ ਹੀ ਏਨੇ ਦੁਖੀ ਸਨ ਕਿ ਉਨ੍ਹਾਂ ਨੇ ਗਦਰ ਪਾਰਟੀ ਦੀ ਸਥਾਪਨਾ ਕਰਕੇ ਆਪਣੇ ਦੇਸ਼ ਪਰਤ ਕੇ ਬਰਤਾਨਵੀ ਸਰਕਾਰ ਵਿਰੁਧ ਹਥਿਆਰਬੰਦ ਘੋਲ ਕਰਨ ਦਾ ਪੱਕਾ ਨਿਸ਼ਚਾ ਕਰ ਰਖਿਆ ਸੀ। ਇਸ ਜਹਾਜ਼ ਦੀ ਵਾਪਸੀ ਸਮੇਂ ਵੀ ਰਸਤੇ ਵਿਚ ਆਉਂਦੇ ਸਭ ਦੇਸ਼ਾਂ ਦੇ ਗਦਰੀ ਸੋਚ ਰੱਖਣ ਵਾਲੇ ਭਾਰਤੀ ਇਸ ਵਿਚ ਕੁੱਦ ਪਏ ਸਨ। ਮੰਤਵ ਗੋਰੀ ਸਰਕਾਰ ਤੋਂ ਮੁਕਤੀ ਪ੍ਰਾਪਤ ਕਰਨਾ ਹੀ ਸੀ।

1912 ਵਿਚ ਗਦਰ ਪਾਰਟੀ ਦੀ ਸਥਾਪਨਾ ਤੇ ਕਾਮਾਗਾਟਾ ਮਾਰੂ ਦੀ ਵਾਰਦਾਤ ਦਾ ਹਲੂਣਾ ਉਤਰੀ ਅਮਰੀਕਾ ਦੇ ਪੱਛਮੀ ਤੱਟ ਉਤੇ ਵਸੇ ਅਜੋਕੇ ਪੰਜਾਬੀਆਂ ਲਈ ਏਨਾ ਮਹੱਤਵ ਰੱਖਦਾ ਹੈ ਕਿ ਉਨ੍ਹਾਂ ਨੇ ਸਟਾਕਟਨ (ਅਮਰੀਕਾ) ਦੇ ਗੁਰਦੁਆਰੇ ਦੀ ਇਤਿਹਾਸਕ ਇਮਾਰਤ ਨੂੰ 2012 ਦੇ ਸਤੰਬਰ ਮਹੀਨੇ ਗਦਰੀ ਅਜਾਇਬ ਘਰ ਵਿਚ ਬਦਲ ਕੇ ਇਥੇ ਸਿੱਖ ਅਮਰੀਕਨ ਖੋਜ ਕੇਂਦਰ ਸਥਾਪਤ ਕੀਤਾ ਹੈ। ਇਸ ਖੋਜ ਕੇਂਦਰ ਵਲੋਂ ਜਿਹੜੇ ਸੈਮੀਨਾਰ ਕਰਵਾਏ ਉਨ੍ਹਾਂ ਵਿਚ ਦੁਨੀਆਂ ਭਰ ਦੇ ਸਿੱਖ ਚਿੰਤਕਾਂ ਤੋਂ ਬਿਨਾ ਉਘੇ ਗੈਰ ਭਾਰਤੀ ਵਿਦਵਾਨਾਂ ਨੂੰ ਵੀ ਖੁੱਲ੍ਹਾ ਸੱਦਾ ਦਿੱਤਾ। ਡਾ. ਬਰੂਸ ਬਰਾਕ, ਡਾ. ਹਿਊ ਜਾਨਸਟਨ, ਡਾ. ਹੈਰਲਡ ਗੋਲਡ, ਡਾ. ਕੇਰਨ ਲਿਓਨਾਰਡ, ਡਾ. ਪਾਲ ਏਂਗਲਜ਼ਬਰਗ ਹੀ ਨਹੀਂ ਡਾ. ਜਸਪਾਲ ਸਿੰਘ ਚੰਡੀਗੜ੍ਹ, ਡਾ. ਤੇਜਵੰਤ ਸਿੰਘ ਗਿੱਲ, ਡਾ. ਗੁਰੂਮੇਲ ਸਿੱਧੂ, ਡਾ. ਮਾਲਵਿੰਦਰਜੀਤ ਸਿੰਘ ਵੜੈਚ, ਡਾ. ਬਲਕਾਰ ਸਿੰਘ, ਡਾ. ਜੇ ਐਸ ਗਰੇਵਾਲ, ਡਾ. ਪ੍ਰਿਥੀਪਾਲ ਸਿੰਘ ਕਪੂਰ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਅਜਮੇਰ ਸਿੰਘ, ਡਾ. ਗੁਰਨਾਮ ਕੌਰ, ਡਾ. ਇਕਤਦਾਰ ਕਦਾਮਤ ਚੀਮਾ, ਡਾ. ਤਰਲੋਚਨ ਸਿੰਘ ਨਾਹਲ, ਪ੍ਰੋ. ਸੋਹਣ ਸਿੰਘ ਪੂਨੀ, ਡਾ. ਅਮਰੀਕ ਸਿੰਘ ਅਤੇ ਡਾ. ਜਸਬੀਰ ਸਿੰਘ ਮਾਨ ਨੇ ਇਨ੍ਹਾਂ ਸੈਮੀਨਾਰਾਂ ਵਿਚ ਹਾਜ਼ਰੀ ਭਰੀ ਜਾਂ ਲਿਖਤੀ ਪਰਚੇ ਭੇਜੇ। ਡਾ. ਜਸਪਾਲ ਸਿੰਘ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ) ਉਚੇਚੇ ਪਹੁੰਚੇ। ਡਾ. ਹਿਊ ਜਾਨਸਟਨ ਨੇ ਦੋਨਾਂ ਸੈਮੀਨਾਰਾਂ ਵਿਚ ਗੱਜ ਵੱਜ ਕੇ ਹਿੱਸਾ ਲਿਆ।

ਉਪਰੋਕਤ ਭਾਰਤੀ ਤੇ ਗੈਰ ਭਾਰਤੀ ਵਿਦਵਾਨਾਂ ਨੇ ਭਾਰਤ ਸੁਤੰਤਰਤਾ ਸੰਗ੍ਰਾਮ ਵਿਚ ਗਦਰ ਪਾਰਟੀ ਲਹਿਰ ਦੇ ਸਿੱਧੇ ਅਤੇ ਅਸਿੱਧੇ ਯੋਗਦਾਨ ਨੂੰ ਯੋਗ ਮਹੱਤਤਾ ਦੇ ਕੇ ਅਦੁਤੀ ਕੰਮ ਕੀਤਾ ਹੈ। ਇਹ ਲੇਖ ਦਸਦੇ ਹਨ ਕਿ ਗਦਰੀ ਬਾਬਿਆਂ ਵਜੋਂ ਜਾਣੇ ਜਾਂਦੇ ਇਨ੍ਹਾਂ ਯੋਧਿਆਂ ਨੇ ਸੁਤੰਤਰਤਾ ਸੰਗ੍ਰਾਮ ਵਿਚ ਕੁੱਦਣ ਸਮੇਂ ਇਹ ਨਹੀਂ ਦੇਖਿਆ ਕਿ ਉਹ ਆਪਣੇ ਪਰਵਾਸ ਸਮੇਂ ਦੀਆਂ ਵੱਡੀਆਂ ਜਾਇਦਾਦਾਂ ਛੱਡ ਕੇ ਜਾ ਰਹੇ ਹਨ। ਉਨ੍ਹਾਂ ਦਾ ਯੋਗਦਾਨ ਭਾਰਤੀ ਸੰਗ੍ਰਾਮੀਆਂ ਨਾਲੋਂ ਉਤਮ ਤੇ ਨਵੇਕਲਾ ਸੀ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਯੋਧਿਆਂ ਨੇ ਬਰਤਾਨਵੀ ਸਰਕਾਰ ਸਮੇਂ ਮੁੜ ਆਪਣੀ ਮਾਤ ਭੂਮੀ ਦੇ ਦਰਸ਼ਨ ਵੀ ਨਹੀਂ ਕੀਤੇ। ਕਈਆਂ ਨੂੰ ਫਾਂਸੀ ਲਟਕਾ ਦਿੱਤਾ ਤੇ ਕਈ ਕਾਲੇ ਪਾਣੀ ਦੇ ਜੰਗਲਾਂ ਵਿਚ ਰੁਲਦੇ ਰਹੇ।

ਸਿੱਖ ਅਮਰੀਕਨ ਰਿਸਰਚ ਸੈਂਟਰ, ਸਟਾਕਟਨ ਨੇ ਸੈਮੀਨਾਰ ਦੇ ਇਨ੍ਹਾਂ ਸਾਰੇ ਭਾਸ਼ਣਾਂ ਨੂੰ ਡਾ. ਜਸਬੀਰ ਸਿੰਘ ਮਾਨ, ਡਾ.ਜਸਪਾਲ ਸਿੰਘ ਤੇ ਡਾ. ਅਮਰੀਕ ਸਿੰਘ ਦੇ ਸੰਕਲਨ ਤੇ ਸੰਪਾਦਨ ਅਧੀਨ ਯੂਨੀਸਟਾਰ ਬੁਕਸ-ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਦੋ ਵਡ ਅਕਾਰੀ ਪੁਸਤਕਾਂ ਦੇ ਰੂਪ ਵਿਚ ਛਪਵਾ ਕੇ ਵਧੀਆ ਕੰਮ ਕੀਤਾ ਹੈ। ਮੇਰੇ ਵਿਚਾਰ ਅਨੁਸਾਰ ਇਹ ਕੰਮ ਯੁਗਾਂਤਰ ਆਸ਼ਰਮ, ਸੈਨ ਫਰਾਂਸਿਸਕੋ ਨੂੰ ਕਰਨਾ ਚਾਹੀਦਾ ਸੀ, ਜਿਹੜਾ ਭਾਰਤ ਸਰਕਾਰ ਦੇ ਅਧੀਨ ਕੰਮ ਕਰਦਾ ਹੈ। ਜਦੋਂ ਸਰਕਾਰਾਂ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੀਆਂ ਤਾਂ ਅਜਿਹਾ ਬੀੜਾ ਗੈਰ ਸਰਕਾਰੀ ਸੰਸਥਾਵਾਂ ਹੀ ਚੁਕਦੀਆਂ ਹਨ। ਸਿੱਖ ਸੈਂਟਰ ਦੀ ਪ੍ਰਕਾਸ਼ਨਾ ਹੋਣ ਦੇ ਬਾਵਜੂਦ ਇਨ੍ਹਾਂ ਵਿਚੋਂ ਖੱਬੀ, ਸੱਜੀ ਤੇ ਵਿਚਕਾਰਲੀ ਸੋਚ ਦੇ ਪਾਠਕਾਂ ਤੇ ਵਿਦਿਆਰਥੀਆਂ ਲਈ ਸੰਤੁਲਿਤ ਸਮਗਰੀ ਮਿਲਦੀ ਹੈ।

**ਕਾਂਗਰਸ ਪ੍ਰਧਾਨ ਦੇ ਰੰਗ ਦਾ ਨਵਾਂ ਪੱਤਾ:** ਤਾਸ਼ ਦੀ ਖੇਡ ਦਾ ਗਿਆਨ ਰੱਖਣ ਵਾਲੇ ਜਾਣਦੇ ਹਨ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਰੰਗ ਦੱਬਣ ਦੀ ਮਾਹਰ ਹੈ। ਜਦੋਂ ਉਸ ਨੇ ਭਾਰਤੀ ਆਰਥਕਤਾ ਦੀ ਡਾਵਾਂਡੋਲ ਬੇੜੀ ਨੂੰ ਡੁੱਬਣ ਤੋਂ ਬਚਾਉਣਾ ਸੀ ਤਾਂ ਆਰਥਕਤਾ ਦੇ ਮਾਹਰ ਡਾ. ਮਨਮੋਹਨ ਸਿੰਘ ਨੂੰ ਖੂਬ ਵਰਤਿਆ। ਹੁਣ ਜਦਕਿ ਦੇਸ਼ ਦੀ ਰਾਜਨੀਤੀ ਸੁਨਾਮੀ ਦੀ ਲਪੇਟ ਵਿਚ ਆ ਚੁੱਕੀ ਹੈ ਤਾਂ ਦੂਰ ਦੱਖਣ ਤੋਂ ਮਲਿਕ ਅਰਜਨ ਖੜਗੇ ਨੂੰ ਭਾਰਤੀ ਸੰਸਦ ਵਿਚ ਵਿਰੋਧੀ ਧਿਰ ਦੇ ਪੱਤੇ ਵਜੋਂ ਵਰਤਣ ਦਾ ਫੈਸਲਾ ਕਰ ਲਿਆ ਹੈ। ਉਹ ਜਾਣਦੀ ਹੈ ਕਿ ਖੜਗੇ ਨੇ ਆਪਣੇ 46 ਸਾਲ ਦੇ ਰਾਜਨੀਤਕ ਜੀਵਨ ਵਿਚ ਕਦੀ ਹਾਰ ਦਾ ਮੂੰਹ ਨਹੀਂ ਦੇਖਿਆ। ਉਹ ਤਿੰਨ ਵਾਰ ਆਪਣੇ ਰਾਜ ਦਾ ਮੁੱਖ ਮੰਤਰੀ ਬਣਦਾ ਬਣਦਾ ਰਹਿ ਗਿਆ ਸੀ। ਇਸ ਵਾਰ ਮੈਡਮ ਨੇ ਦਲਿਤ ਰੰਗ ਦੱਬਿਆ ਹੈ।



ਮਲਿਕ ਅਰਜਨ ਖੜਗੇ

ਨਹੀਂ ਤਾਂ ਉਸ ਦੇ ਪੁੱਤਰ ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਨ ਤੋਂ ਰੋਕਣ ਵਾਲਾ ਉਕਾ ਹੀ ਕੋਈ ਨਹੀਂ ਸੀ ਜੰਮਿਆ ਪਰ ਇਹ ਰੰਗ ਚੱਲਣ ਵਾਲਾ ਨਹੀਂ ਸੀ।

ਉਹ ਕਾਂਸ਼ੀ ਰਾਮ ਦੇ ਹੁੰਦਿਆਂ ਦਲਿਤ ਰੰਗ ਦੀ ਸ਼ਕਤੀ ਦੇਖ ਚੁੱਕੀ ਹੈ। ਉਹ ਜਾਣਦੀ ਹੈ ਕਿ ਉਤਰ ਪ੍ਰਦੇਸ਼ ਵਿਚ ਮਾਇਆਵਤੀ ਨੇ ਵੀ ਇਸ ਹੀ ਰੰਗ ਦੀ ਖੱਟੀ ਖਾਧੀ ਹੈ। ਕੋਈ ਕਾਰਨ ਨਹੀਂ ਕਿ ਇਹ ਵਾਲਾ ਰੰਗ ਉਸ ਦੀ ਖੇਰੂੰ ਖੇਰੂੰ ਹੋ ਚੁੱਕੀ ਪਾਰਟੀ ਨੂੰ ਰਾਸ ਨਾ ਆਵੇ। ਇਹ ਖੀਰ ਫਟਾ ਫਟ ਰਿੱਝਣ ਵਾਲੀ ਨਾ ਵੀ ਹੋਵੇ ਇਸ ਦੇ ਕੱਚੀ ਰਹਿ ਜਾਣ ਦੀ ਕੋਈ ਸੰਭਾਵਨਾ ਨਹੀਂ। ਖੜਗੇ ਦਾ ਹੁੰਗਾਰਾ ਭਰਨਾ ਵੀ ਸਮਝ ਆਉਂਦਾ ਹੈ। ਡੋਲਦੇ ਪਾਣੀਆਂ ਵਿਚ ਕੁੱਦਣ ਵਾਲੇ ਇਹ ਨਹੀਂ ਦੇਖਦੇ ਹੁੰਦੇ ਕਿ ਉਨ੍ਹਾਂ ਨੂੰ ਕੰਢੇ ਲੱਗਣ ਵਿਚ ਕਿੰਨਾ ਸਮਾਂ ਲਗਦਾ ਹੈ। ਸੋਨੀਆ ਗਾਂਧੀ ਨੂੰ ਨਵਾਂ ਰੰਗ ਮੁਬਾਰਕ!

**ਅੰਤਿਕਾ:** (ਹਰਿਭਜਨ ਸਿੰਘ)
ਮੈਂ ਚੁੰਮ ਹੀ ਲਿਆ ਜਾ ਕੇ ਲਹਿਰਾਂ ਦਾ ਜੋਬਨ
ਅਤੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

# ਅਮਰੀਕਾ ਹੋਵੇ ਜਾਂ ਪਾਕਿਸਤਾਨ: ਸਬੰਧਾਂ 'ਚ ਪ੍ਰਪੱਕਤਾ ਦੀ ਲੋੜ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚਿੱਤ ਚਾਹੁੰਦਾ ਹੈ ਕਿ ਇਸ ਵਕਤ ਉਸ ਅਪਰੇਸ਼ਨ ਬਲਿਊ ਸਟਾਰ ਦੀ ਚਰਚਾ ਵੀ ਕੀਤੀ ਜਾਵੇ, ਜਿਸ ਦੇ ਨਾਲ ਜੋੜ ਕੇ ਹਰ ਸਾਲ ਹੁੰਦੇ ਸਮਾਗਮਾਂ ਮੌਕੇ ਅੰਮ੍ਰਿਤਸਰ ਵਿਚ ਧਮੱਚੜ ਪੈਂਦਾ ਅਤੇ 'ਜਾਤ-ਗੋਤ ਸਿੰਘਨ ਕੀ ਦੰਗਾ' ਵਾਲੀ ਪੁਰਾਣੀ ਕਹਾਵਤ ਸੱਚੀ ਸਾਬਤ ਹੁੰਦੀ ਲੱਭਦੀ ਹੈ, ਪਰ ਅਸੀਂ ਇਸ ਵੇਲੇ ਇਸ ਨੂੰ ਛੇੜ ਨਹੀਂ ਰਹੇ। ਇਸ ਪਿੱਛੇ ਕਾਰਨ ਇਹ ਹੈ ਕਿ ਹੁਣ ਤੱਕ ਅਕਾਲੀ ਆਗੂ ਹਰ ਗੱਲ ਵਿਚ ਕਹਿੰਦੇ ਸਨ ਕਿ ਸਾਰਾ ਕੁਝ ਕਾਂਗਰਸ ਪਾਰਟੀ ਦਾ ਕੀਤਾ ਪਾਪ ਸੀ। ਭਾਰਤੀ ਜਨਤਾ ਪਾਰਟੀ ਵਾਲੇ ਦਿੱਲੀ ਵਿਚ ਓਸੇ ਅਪਰੇਸ਼ਨ ਬਲਿਊ ਸਟਾਰ ਦੀ ਹਮਾਇਤ ਕਰ ਕੇ ਪੰਜਾਬ ਅੰਦਰ ਹੋਰ ਬੋਲੀ ਬੋਲਦੇ ਸਨ ਤੇ ਕਾਂਗਰਸੀ ਆਗੂਆਂ ਦੀ ਸੱਚ ਦੱਸਣ ਵੇਲੇ ਦੰਦਲ ਨਹੀਂ ਸੀ ਟੁੱਟਦੀ। ਇਸ ਵਾਰੀ ਲੋਕ ਸਭਾ ਚੋਣਾਂ ਵਿਚ ਉਹ ਗੱਲਾਂ ਫਿਰ ਚਰਚਾ ਦਾ ਵਿਸ਼ਾ ਬਣੀਆਂ ਸਨ ਅਤੇ ਅਕਾਲੀ ਲੀਡਰਾਂ ਨੇ ਕਿਹਾ ਸੀ ਕਿ ਜਦੋਂ ਕੇਂਦਰ ਦੀ ਸਰਕਾਰ ਭਾਜਪਾ ਦੀ ਕਮਾਨ ਹੇਠ ਬਣ ਗਈ, ਅਸੀਂ ਉਦੋਂ ਅਪਰੇਸ਼ਨ ਬਲਿਊ ਸਟਾਰ ਦਾ ਸਾਰਾ ਸੱਚ ਲੋਕਾਂ ਅੱਗੇ ਧਰ ਦਿਆਂਗੇ ਤੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਵੀ ਦਿਵਾ ਦਿਆਂਗੇ। ਹੁਣ ਕੇਂਦਰ ਦੀ ਸਰਕਾਰ ਭਾਜਪਾ ਦੇ ਆਗੂ ਨਰਿੰਦਰ ਮੋਦੀ ਦੀ ਅਗਵਾਈ ਹੇਠ ਬਣ ਚੁੱਕੀ ਹੈ, ਤਰਲਾ ਮਾਰ ਕੇ ਲਈ ਹੋਈ ਇੱਕ ਵਜ਼ੀਰੀ ਅਕਾਲੀਆਂ ਕੋਲ ਵੀ ਹੈ ਤੇ ਜਿਹੜੇ ਸੱਚ ਸਾਹਮਣੇ ਲਿਆਉਣ ਦੇ ਦਾਅਵੇ ਕੀਤੇ ਗਏ ਹਨ, ਉਨ੍ਹਾਂ ਨੂੰ ਹੁਣ ਪੂਰੇ ਕਰਨ ਦਾ ਵਕਤ ਆ ਗਿਆ ਹੈ। ਸਾਨੂੰ ਇਹ ਵੀ ਯਕੀਨ ਹੈ ਕਿ ਇਸ ਵਿਚੋਂ ਕੁਝ ਨਹੀਂ ਨਿਕਲਣ ਲੱਗਾ, ਕਿਉਂਕਿ 'ਝੱਗਾ ਚੁੱਕਿਆਂ ਆਪਣਾ ਢਿੱਡ ਨੰਗਾ ਹੁੰਦਾ' ਦੇ ਅਖਾਣ ਵਾਂਗ ਇਹ ਕੰਮ ਉਨ੍ਹਾਂ ਦੇ ਆਪਣੇ ਲਈ ਘਾਟੇਵੰਦਾ ਸਾਬਤ ਹੋ ਸਕਦਾ ਹੈ, ਫਿਰ ਵੀ ਅਸੀਂ ਉਨ੍ਹਾਂ ਨੂੰ ਵਕਤ ਦੇਣਾ ਚਾਹਾਂਗੇ ਅਤੇ ਉਡੀਕ ਕਰਾਂਗੇ ਕਿ ਉਹ ਪਟਾਰੀ ਵਿਚੋਂ ਕਿਹੜਾ ਨਾਗ ਕੱਢਦੇ ਹਨ?

ਇਸ ਪਾਸੇ ਮਗਜ਼-ਪੱਚੀ ਕਰਨ ਦੀ ਥਾਂ ਅਸੀਂ ਨਵੀਂ ਬਣੀ ਸਰਕਾਰ ਦੇ ਵਿਦੇਸ਼ ਨੀਤੀ ਦੇ ਉਨ੍ਹਾਂ ਅਹਿਮ ਪੱਖਾਂ ਦੀ ਗੱਲ ਕਰਨੀ ਚਾਹੁੰਦੇ ਹਾਂ, ਜਿਨ੍ਹਾਂ ਦਾ ਸਿੱਧਾ ਸਬੰਧ ਪਾਕਿਸਤਾਨ ਤੇ ਅਮਰੀਕਾ ਦੇ ਨਾਲ ਹੈ।

ਪਹਿਲੀ ਗੱਲ ਤਾਂ ਇਹ ਕਿ ਇਸ ਸਰਕਾਰ ਦੇ ਅੰਦਰੋਂ ਇਸ ਗੱਲ ਦੀ ਖੁਸ਼ੀ ਲੁਕਾਈ ਨਹੀਂ ਜਾ ਰਹੀ ਕਿ ਜਿਸ ਅਮਰੀਕਾ ਨੇ ਕਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵੀਜ਼ਾ ਨਹੀਂ ਸੀ ਦਿੱਤਾ, ਉਹ ਓਸੇ ਨਰਿੰਦਰ ਮੋਦੀ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਮਿਲਣ ਨੂੰ ਕਾਹਲਾ ਪਿਆ ਹੋਇਆ ਹੈ। ਅਮਰੀਕਾ ਵੱਲੋਂ ਜਿੰਨੀ ਕਾਹਲ-ਕਦਮੀ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ, ਉਹ ਕਿਸੇ ਤੋਂ ਲੁਕਿਆ ਨਹੀਂ। ਬਿਨਾਂ ਸ਼ੱਕ ਰਾਸ਼ਟਰਪਤੀ ਬਰਾਕ ਓਬਾਮਾ ਦੀ ਇਹ ਇੱਛਾ ਬੜੀ ਤੀਬਰਤਾ ਨਾਲ ਪੇਸ਼ ਕੀਤੀ ਗਈ ਹੈ ਤੇ ਭਾਰਤ ਨੇ ਵੀ ਕਾਹਲੀ ਵਿਖਾਏ ਬਿਨਾ ਇਹ ਕਹਿ ਦਿੱਤਾ ਕਿ ਜਦੋਂ ਯੂ ਐਨ ਓ ਦੇ ਸਮਾਗਮ ਵਿਚ ਨਰਿੰਦਰ ਮੋਦੀ ਉਥੇ ਆਉਣਗੇ, ਰੂਸ, ਚੀਨ, ਬਰਾਜ਼ੀਲ ਆਦਿ ਦੇ ਮੁਖੀਆਂ ਨਾਲ ਮਿਲਣ ਮੌਕੇ ਬਰਾਕ ਓਬਾਮਾ ਨੂੰ ਵੀ ਮਿਲ ਲੈਣਗੇ। ਸ਼ੁਕਰ ਹੈ ਕਿ ਨਰਿੰਦਰ ਮੋਦੀ ਉਸ ਡਾ. ਮਨਮੋਹਨ ਸਿੰਘ ਦੇ ਵਾਂਗ ਇਹੋ ਜਿਹਾ ਸੱਦਾ ਸੁਣ ਕੇ ਬਾਗੋ-ਬਾਗ ਨਹੀਂ ਹੋ ਗਿਆ, ਜਿਸ ਨੇ ਜਾਰਜ ਬੁੱਸ਼ ਨੂੰ ਮਿਲਣ ਪਿੱਛੋਂ ਕਹਿ ਦਿੱਤਾ ਸੀ ਕਿ ਭਾਰਤ ਦੇ ਲੋਕ ਜਾਰਜ ਬੁੱਸ਼ ਨੂੰ ਪਿਆਰ ਹੀ ਬਹੁਤ ਕਰਦੇ ਹਨ। ਨਰਿੰਦਰ ਮੋਦੀ ਨੇ ਵਾਜਪਾਈ ਵਾਲਾ ਕਾਹਲਾਪਣ ਵੀ ਨਹੀਂ ਵਿਖਾਇਆ, ਜਿਸ ਨੇ ਅਫਗਾਨਿਸਤਾਨ ਦੀ ਜੰਗ ਵੇਲੇ ਜਾਰਜ ਬੁੱਸ਼ ਨੂੰ ਬਿਨਾਂ ਮੰਗੀ ਹਮਾਇਤ ਦੇਂਦਿਆਂ ਇਹ ਕਹਿ ਦਿੱਤਾ ਸੀ ਕਿ ਭਾਰਤ ਦਾ ਬੱਚਾ-ਬੱਚਾ ਤੁਹਾਡੇ ਨਾਲ ਖੜਾ ਹੈ। ਅੱਗੋਂ ਜਾਰਜ ਬੁੱਸ਼ ਨੇ ਹਮਾਇਤ ਦਾ ਧੰਨਵਾਦ ਵੀ ਨਹੀਂ ਸੀ ਕੀਤਾ ਤੇ ਪਾਕਿਸਤਾਨ ਦੀਆਂ ਛਾਉਣੀਆਂ ਅਤੇ ਏਅਰਪੋਰਟ ਆਪਣੀ ਫੌਜ ਲਈ ਵਰਤਣ ਦੀ ਆਗਿਆ ਦੇਣ ਵਾਲੇ ਜਨਰਲ ਮੁਸ਼ੱਰਫ ਦੀ ਪਿੱਠ ਥਾਪੜਦਾ ਰਿਹਾ ਸੀ। ਅਮਰੀਕਾ ਨਾਲ ਰਿਸ਼ਤਿਆਂ ਵਿਚ ਏਦਾਂ ਦਾ ਕਾਹਲਾਪਣ ਨਹੀਂ ਵਿਖਾਇਆ ਜਾ ਰਿਹਾ, ਪਰ ਜਿੰਨਾ ਵਿਖਾਇਆ ਜਾ ਰਿਹਾ ਹੈ, ਉਹ ਵੀ ਹੱਦੋਂ ਜ਼ਿਆਦਾ ਹੈ।

***ਜਿਹੜੇ ਹਾਲਾਤ ਵਿਚ ਭਾਰਤ ਦੀ ਸਰਕਾਰ ਅਮਰੀਕਾ ਨਾਲ ਮਿਲਣ ਦੀ ਚਾਹਵਾਨ ਵੀ ਹੈ ਤੇ ਆਪਣੀ ਹਿੰਡ ਵੀ ਰੱਖਣਾ ਚਾਹੁੰਦੀ ਹੈ ਕਿ ਸਾਨੂੰ ਉਸ ਦੀ ਬਹੁਤੀ ਪਰਵਾਹ ਨਹੀਂ, ਉਨ੍ਹਾਂ ਹਾਲਾਤ ਦੌਰਾਨ ਇਸ ਨੇ ਪਾਕਿਸਤਾਨ ਵਾਲੇ ਪੱਖ ਦੀ ਕੂਟਨੀਤੀ ਵੀ ਸਰਗਰਮ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕਣ ਵੇਲੇ ਸੱਤਾਂ ਦੇਸ਼ਾਂ ਦੇ ਮੁਖੀ ਸੱਦੇ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦ ਲਿਆ, ਫਿਰ ਉਸ ਨਾਲ ਇੱਕ ਮੀਟਿੰਗ ਵੀ ਕੀਤੀ ਤੇ ਇਹ ਪ੍ਰਭਾਵ ਦੇ ਦਿੱਤਾ ਕਿ ਹੁਣ ਸਬੰਧਾਂ ਵਿਚ ਸੁਧਾਰ ਹੋ ਜਾਵੇਗਾ। ਦੇਸ਼ਾਂ ਦੇ ਸਬੰਧਾਂ ਵਿਚ ਇਸ ਤਰ੍ਹਾਂ ਸੁਧਾਰ ਨਹੀਂ ਹੋਇਆ ਕਰਦਾ। ਜਿਹੜੀ ਪ੍ਰਪੱਕਤਾ ਦੀ ਲੋੜ ਹੈ, ਉਹ ਨਹੀਂ ਦਿਖਾਈ ਜਾ ਸਕੀ।***

ਅਮਰੀਕਾ ਨਾਲ ਰਿਸ਼ਤਿਆਂ ਵਿਚ ਕਾਹਲਾਪਣ ਭਾਜਪਾ ਅਤੇ ਇਸ ਦੇ ਪਿੱਛੇ ਖੜੇ ਸੰਘ ਪਰਿਵਾਰ ਦੀ ਲੋੜ ਇਸ ਕਰ ਕੇ ਹੈ ਕਿ ਉਨ੍ਹਾਂ ਨੂੰ ਇਸਲਾਮੀ ਜਹਾਦ ਵਾਲੀ ਦਹਿਸ਼ਤਗਰਦੀ ਦੇ ਖਿਲਾਫ ਸਾਂਝਾ ਮੋਰਚਾ ਬਣਨ ਦੀ ਝਾਕ ਜਾਪਦੀ ਹੈ, ਪਰ ਸੰਸਾਰ ਕੂਟਨੀਤੀ ਦੇ ਮਾਹਰ ਇਹੋ ਜਿਹੀ ਕੋਈ ਆਸ ਨਹੀਂ ਰੱਖਦੇ। ਦਹਿਸ਼ਤਗਰਦੀ ਇੱਕ ਸੰਸਾਰ ਪੱਧਰ ਦਾ ਵਰਤਾਰਾ ਹੈ, ਜਿਸ ਦੀ ਮਾਰ ਕਿਸੇ ਵੇਲੇ ਕਿਸੇ ਵੀ ਦੇਸ਼ ਨੂੰ ਪੈ ਸਕਦੀ ਹੈ, ਪਰ ਇਸ ਵਿਚ ਜਿਸ ਅਮਰੀਕਾ ਦਾ ਇਹ ਐਲਾਨ ਹੈ ਕਿ ਉਹ ਇਸ ਲੜਾਈ ਦਾ ਮੋਹਰੀ ਹੈ, ਸਭ ਤੋਂ ਵੱਧ ਮੌਕਾਪ੍ਰਸਤ ਨੀਤੀ ਉਸੇ ਦੀ ਹੈ। ਰੂਸ ਦੇ ਨੇੜੇ ਕੋਸੋਵੋ ਰਾਜ ਜਦੋਂ ਉਬਲਦਾ ਪਿਆ ਸੀ, ਉਥੇ ਇਸਲਾਮੀ ਦਹਿਸ਼ਤਗਰਦੀ ਨੂੰ ਅਮਰੀਕਾ ਦੀ ਸ਼ਹਿ ਸੀ ਅਤੇ ਰੂਸ ਦੀ ਫੌਜ ਨੇ ਜਦੋਂ ਝੰਬਣਾ ਸ਼ੁਰੂ ਕੀਤਾ ਤਾਂ ਜਾਰਜ ਬੁੱਸ਼ ਨੇ ਬਿਆਨ ਦੇ ਦਿੱਤਾ ਸੀ ਕਿ ਲੜਨ ਦੀ ਥਾਂ ਕੋਸੋਵੋ ਦੇ ਅਤਿਵਾਦੀਆਂ ਨਾਲ ਰੂਸ ਨੂੰ ਗੱਲਬਾਤ ਸ਼ੁਰੂ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਅੱਗੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਕਿਹਾ ਸੀ ਕਿ ਅਫਗਾਨਿਸਤਾਨ ਵਿਚ ਫੌਜਾਂ ਭੇਜਣ ਦੀ ਕੀ ਲੋੜ ਸੀ, ਜਾਰਜ ਬੁੱਸ਼ ਨੂੰ ਵੀ ਓਸਾਮਾ ਬਿਨ ਲਾਦੇਨ ਨਾਲ ਇੱਕ ਡਿਨਰ-ਮੀਟਿੰਗ ਲਾ ਲੈਣੀ ਚਾਹੀਦੀ ਸੀ। ਪੂਤਿਨ ਨੇ ਇਹ ਵੀ ਕਿਹਾ ਸੀ ਕਿ ਅਮਰੀਕਾ ਅੱਗ ਨਾਲ ਖੇਡਣ ਵਾਲੇ ਚੱਕਰ ਵਿਚ ਇੱਕ ਦੇਸ਼ ਵਿਚ ਦਹਿਸ਼ਤਗਰਦਾਂ ਦੀ ਮਦਦ ਤੇ ਦੂਸਰੇ ਵਿਚ ਉਨ੍ਹਾਂ ਨਾਲ ਲੜਾਈ ਕਰਦਾ ਹੈ, ਇੱਕ ਦਿਨ ਉਸ ਨੂੰ ਇਹ ਖੇਡ ਮਹਿੰਗੀ ਪਵੇਗੀ। ਫਿਰ ਇਹੋ ਹੋਇਆ ਸੀ। ਇੱਕ ਦਿਨ ਅਮਰੀਕਾ ਵਿਚ ਮੈਰਾਥਨ ਦੌੜ ਵੇਲੇ ਬੰਬ ਚੱਲ ਗਏ ਤੇ ਜਿਹੜੇ ਦਹਿਸ਼ਤਗਰਦ ਇਸ ਮਾਮਲੇ ਵਿਚ ਦੋਸ਼ੀ ਨਿਕਲੇ, ਉਹ ਉਸੇ ਕੋਸੋਵੋ ਤੋਂ ਆਏ ਸਨ, ਜਿਨ੍ਹਾਂ ਨੂੰ ਰੂਸ ਨਾਲ ਲੜਦੇ ਵੇਖ ਕੇ ਅਮਰੀਕਾ ਦਾ ਰਾਸ਼ਟਰਪਤੀ ਜਾਰਜ ਬੁੱਸ਼ ਖੁਸ਼ ਹੁੰਦਾ ਰਿਹਾ ਸੀ।

ਇਸ ਧਾਰਨਾ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਅਮਰੀਕਾ ਤੋਂ ਇਸਲਾਮੀ ਦਹਿਸ਼ਤਗਰਦੀ ਵਿਰੁਧ ਮੋਰਚੇ ਦੀ ਸਾਂਝ ਦੀ ਆਸ ਰੱਖਣਾ ਬਚਕਾਨੀ ਸੋਚ ਹੈ। ਉਹ ਤਾਂ ਆਪਣੀ ਲੋੜ ਨੂੰ ਮਿਲਣਾ ਚਾਹੁੰਦਾ ਹੈ। ਪਿਛਲੇ ਦਿਨੀਂ ਵਪਾਰ ਦੇ ਚੈਨਲਾਂ ਨੇ ਇਹ ਖਬਰ ਦਿੱਤੀ ਹੈ ਕਿ ਭਾਰਤ ਵਿਚ ਪਿਛਲੇ ਇੱਕ ਸਾਲ ਵਿਚ ਇਨੇ ਸਮਾਰਟ ਫੋਨ ਵਿਕੇ ਹਨ, ਜਿੰਨੇ ਕਿਸੇ ਵੀ ਹੋਰ ਦੇਸ਼ ਵਿਚ ਨਹੀਂ ਵਿਕ ਸਕੇ। ਅਮਰੀਕਾ ਦਾ ਰਾਸ਼ਟਰਪਤੀ ਜਦੋਂ ਨਰਿੰਦਰ ਮੋਦੀ ਨੂੰ ਮਿਲਣਾ ਚਾਹੁੰਦਾ ਹੈ ਤਾਂ ਇਸ ਲਈ ਨਹੀਂ ਕਿ ਉਹ ਸੰਘ ਪਰਿਵਾਰ ਨਾਲ ਤਿੜਕੇ ਰਿਸ਼ਤੇ ਬਹਾਲ ਕਰਨਾ ਚਾਹੁੰਦਾ ਹੈ, ਇਸ ਲਈ ਮਿਲਣਾ ਚਾਹੁੰਦਾ ਹੈ ਕਿ ਭਾਰਤ ਵਿਚ ਇੱਕ ਸੌ ਪੰਝੀ ਕਰੋੜ ਇਨਸਾਨ ਨਹੀਂ, ਇੱਕ ਸੌ ਪੰਝੀ ਕਰੋੜ ਉਹ ਗਾਹਕ ਫਿਰਦੇ ਹਨ, ਜਿਨ੍ਹਾਂ ਨੂੰ ਅਮਰੀਕਾ ਦੀਆਂ ਕਾਰਪੋਰੇਸ਼ਨਾਂ ਆਪਣਾ ਮਾਲ ਵੇਚਣਾ ਚਾਹੁੰਦੀਆਂ ਹਨ। ਉਨ੍ਹਾਂ ਵਾਸਤੇ ਨਰਿੰਦਰ ਮੋਦੀ ਇੱਕ ਦੇਸ਼ ਦਾ ਪ੍ਰਧਾਨ ਮੰਤਰੀ ਘੱਟ ਅਤੇ ਇੱਕ ਵੱਡੀ ਮਾਰਕੀਟ ਕਮੇਟੀ ਦਾ ਚੇਅਰਮੈਨ ਵੱਧ ਹੋ ਸਕਦਾ ਹੈ।

ਜਿਹੜੇ ਹਾਲਾਤ ਵਿਚ ਭਾਰਤ ਦੀ ਸਰਕਾਰ ਅਮਰੀਕਾ ਨਾਲ ਮਿਲਣ ਦੀ ਚਾਹਵਾਨ ਵੀ ਹੈ ਤੇ ਆਪਣੀ ਹਿੰਡ ਵੀ ਰੱਖਣਾ ਚਾਹੁੰਦੀ ਹੈ ਕਿ ਸਾਨੂੰ ਉਸ ਦੀ ਬਹੁਤੀ ਪਰਵਾਹ ਨਹੀਂ, ਉਨ੍ਹਾਂ ਹਾਲਾਤ ਦੌਰਾਨ ਇਸ ਨੇ ਪਾਕਿਸਤਾਨ ਵਾਲੇ ਪੱਖ ਦੀ ਕੂਟਨੀਤੀ ਵੀ ਸਰਗਰਮ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕਣ ਵੇਲੇ ਸੱਤਾਂ ਦੇਸ਼ਾਂ ਦੇ ਮੁਖੀ ਸੱਦੇ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦ ਲਿਆ, ਫਿਰ ਉਸ ਨਾਲ ਇੱਕ ਮੀਟਿੰਗ ਵੀ ਕੀਤੀ ਤੇ ਇਹ ਪ੍ਰਭਾਵ ਦੇ ਦਿੱਤਾ ਕਿ ਹੁਣ ਸਬੰਧਾਂ ਵਿਚ ਸੁਧਾਰ ਹੋ ਜਾਵੇਗਾ। ਦੇਸ਼ਾਂ ਦੇ ਸਬੰਧਾਂ ਵਿਚ ਇਸ ਤਰ੍ਹਾਂ ਸੁਧਾਰ ਨਹੀਂ ਹੋਇਆ ਕਰਦਾ। ਜਿਹੜੀ ਪ੍ਰਪੱਕਤਾ ਦੀ ਲੋੜ ਹੈ, ਉਹ ਨਹੀਂ ਦਿਖਾਈ ਜਾ ਸਕੀ। ਨਵਾਜ਼ ਸ਼ਰੀਫ ਦੇ ਜਾਂਦੇ ਸਾਰ ਦਿੱਲੀ ਤੋਂ ਇਹ ਬਿਆਨ ਬੜੀ ਕਾਹਲੀ ਵਿਚ ਜਾਰੀ ਕਰ ਦਿੱਤਾ ਗਿਆ ਕਿ ਹੁਣ ਤੱਕ ਪਾਕਿਸਤਾਨ ਦੇ ਸਾਰੇ ਲੀਡਰ ਇਥੇ ਆ ਕੇ ਆਪਣੀ ਗੱਲ ਕਸ਼ਮੀਰ ਦੇ ਮਸਲੇ ਤੋਂ ਸ਼ੁਰੂ ਕਰਦੇ ਹੁੰਦੇ ਸਨ ਤੇ ਨਵਾਜ਼ ਸ਼ਰੀਫ ਸਾਹਿਬ ਇਨੇ 'ਸ਼ਰੀਫ' ਨਿਕਲੇ ਹਨ ਕਿ ਉਨ੍ਹਾਂ ਨੇ ਕਸ਼ਮੀਰ ਮਸਲੇ ਦੀ ਗੱਲ ਹੀ ਨਹੀਂ ਛੇੜੀ। ਜੇ ਇਦਾਂ ਵੀ ਹੋਇਆ ਸੀ ਤਾਂ ਇਹ ਗੱਲ ਜਨਤਕ ਤੌਰ ਉਤੇ ਦੱਸਣ ਵਾਲੀ ਨਹੀਂ ਸੀ, ਕਿਉਂਕਿ ਇਸ ਨਾਲ ਸਬੰਧਾਂ ਦੇ ਸੁਧਾਰ ਲਈ ਜੇ ਨਵਾਜ਼ ਸ਼ਰੀਫ ਦਿਲੋਂ ਚਾਹਵਾਨ ਵੀ ਹੋਵੇ ਤਾਂ ਉਸ ਲਈ ਮੁਸ਼ਕਲ ਪੈਦਾ ਹੋ ਜਾਣੀ ਸੀ। ਹੋਇਆ ਵੀ ਇਹੋ ਹੀ। ਇਹ ਗੱਲ ਉਸ ਲਈ ਇਨੀ ਘਾਟੇ ਵਾਲੀ ਸੀ ਕਿ ਉਸ ਦੇ ਸੁਰੱਖਿਆ ਸਲਾਹਕਾਰ ਨੂੰ ਖੜੇ ਪੈਰ ਇਹ ਗੱਲ ਪ੍ਰੈਸ ਨੂੰ ਦੱਸਣੀ ਪਈ ਕਿ ਨਵਾਜ਼ ਸ਼ਰੀਫ ਨੇ ਭਾਰਤ ਜਾ ਕੇ ਕਸ਼ਮੀਰ ਦੀ ਗੱਲ ਛੱਡੀ ਨਹੀਂ, ਸਗੋਂ ਪੂਰੀ ਗੰਭੀਰਤਾ ਨਾਲ ਛੇੜੀ ਸੀ। ਦੋਵਾਂ ਦੇਸ਼ਾਂ ਦੇ ਲੋਕਾਂ ਵਿਚ ਇਸ ਨਾਲ ਇਸ ਗੱਲ ਦਾ ਭੰਬਲਭੂਸਾ ਪੈਦਾ ਹੋ ਗਿਆ ਕਿ ਭਾਰਤ ਦਾ ਵਿਦੇਸ਼ ਮੰਤਰਾਲਾ ਠੀਕ ਕਹਿੰਦਾ ਹੈ ਕਿ ਪਾਕਿਸਤਾਨ ਦਾ?

ਹੁਣ ਨਵਾਜ਼ ਸ਼ਰੀਫ ਆਪਣੇ ਮੁਲਕ ਵਿਚ ਚੁਫੇਰੇ ਦੀ ਚਾਂਦਮਾਰੀ ਦਾ ਨਿਸ਼ਾਨਾ ਬਣਿਆ ਪਿਆ ਹੈ ਤੇ ਸਾਰੀਆਂ ਰਾਜਸੀ ਅਤੇ ਫੌਜ ਦੇ ਨੇੜ ਵਾਲੀਆਂ ਧਿਰਾਂ ਉਸ ਨੂੰ ਭਾਰਤ ਅੱਗੇ ਕਮਜ਼ੋਰੀ ਜ਼ਾਹਰ ਕਰਨ ਦਾ ਦੋਸ਼ੀ ਆਖ ਕੇ ਨਿਖੇਧੀ ਕਰ ਰਹੀਆਂ ਹਨ। ਸਾਰਿਆਂ ਨੂੰ ਪਤਾ ਹੈ ਕਿ ਜਦੋਂ ਉਸ ਨੇ ਆਉਣਾ ਸੀ, ਉਦੋਂ ਵੀ ਉਥੋਂ ਦੀ ਫੌਜ ਤੇ ਖੁਫੀਆ ਏਜੰਸੀ ਵਾਲੇ ਇਸ ਨਾਲ ਸਹਿਮਤ ਨਹੀਂ ਸਨ ਅਤੇ ਉਨ੍ਹਾਂ ਨੂੰ ਮਨਾਉਣ ਲਈ ਨਵਾਜ਼ ਸ਼ਰੀਫ ਨੂੰ ਆਪਣੇ ਭਰਾ ਅਤੇ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਫੌਜ ਦੇ ਮੁਖੀ ਕੋਲ ਭੇਜਣਾ ਪਿਆ ਸੀ। ਜਦੋਂ ਉਹ ਦੌਰਾ ਕਰ ਕੇ ਵਾਪਸ ਪਾਕਿਸਤਾਨ ਗਿਆ ਤਾਂ ਫੌਜ ਦੇ ਮੁਖੀ ਅਤੇ ਆਈ ਐਸ ਆਈ ਵਾਲੇ ਫਿਰ ਮੂੰਹ ਵਿੰਗਾ ਕਰ ਬੈਠੇ ਤੇ ਪਤਾ ਇਹ ਲੱਗਾ ਹੈ ਕਿ ਹੁਣ ਨਵਾਜ਼ ਸ਼ਰੀਫ ਫਿਰ ਮਨਾਉਣ ਵਾਲੇ ਵਿਚੋਲੇ ਭਾਲ ਰਿਹਾ ਹੈ। ਭਾਰਤ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਮਤਲਬ ਨਹੀਂ, ਏਧਰ ਇਸ ਗੱਲ ਦੀ ਖੁਸ਼ੀ ਹੀ ਕਾਫੀ ਹੈ ਕਿ ਨਵਾਜ਼ ਸ਼ਰੀਫ ਨੇ ਮੋੜਵੀਂ ਭਾਜੀ ਭੇਜ ਦਿੱਤੀ ਹੈ।

ਦਿੱਲੀ ਵਿਚ ਆਏ ਨਵਾਜ਼ ਸ਼ਰੀਫ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੱਸਿਆ ਸੀ ਕਿ ਜਦੋਂ ਤੁਸੀਂ ਆਪਣੀ ਮਾਤਾ ਨੂੰ ਮਿਲੇ ਸੀ, ਮੇਰੀ ਮਾਂ ਵੀ ਬੜੀ ਭਾਵੁਕ ਹੋ ਗਈ ਸੀ। ਮੋਦੀ ਸਾਹਿਬ ਵੀ ਭਾਵੁਕ ਹੋ ਗਏ। ਉਨ੍ਹਾਂ ਨੇ ਜਾਣ ਲੱਗੇ ਨਵਾਜ਼ ਸ਼ਰੀਫ ਦੇ ਹੱਥ ਉਸ ਦੀ ਮਾਤਾ ਲਈ ਇੱਕ ਸ਼ਾਲ ਭੇਜ ਦਿੱਤੀ। ਹੁਣ ਭਾਜੀ ਮੋੜਨ ਲਈ ਉਨ੍ਹਾਂ ਨੇ ਮੋਦੀ ਸਾਹਿਬ ਦੀ ਮਾਤਾ ਲਈ ਇੱਕ ਸਾੜ੍ਹੀ ਭੇਜ ਦਿੱਤੀ ਹੈ। ਇਹ ਇੱਕ ਪੱਖ ਹੈ, ਸਿਰਫ ਇੱਕ ਪੱਖ ਹੈ।

ਦੂਸਰਾ ਪੱਖ ਕੰਧਾਰ ਵਿਚ ਪੰਜ ਬੰਦੇ ਛੱਡ ਕੇ ਬਦਲੇ ਵਿਚ ਛੁਡਾ ਕੇ ਲਿਆਂਦੇ ਜਹਾਜ਼ ਦੇ ਮੁਸਾਫਰਾਂ ਦੀ ਵਾਪਸੀ ਨਾਲ ਜੁੜੀ ਯਾਦ ਵਾਲਾ ਹੈ। ਉਥੇ ਦਹਿਸ਼ਤਗਰਦਾਂ ਨੇ ਇੱਕ ਸੱਜ-ਵਿਆਹੇ ਨੌਜਵਾਨ ਨੂੰ ਬਾਕੀਆਂ ਤੋਂ ਵੱਖਰੇ ਕੱਢਿਆ ਤੇ ਲਿਜਾ ਕੇ ਗੋਲੀ ਮਾਰ ਦਿੱਤੀ ਸੀ। ਅਗਲੇ ਦਿਨ ਇੱਕ ਮੁਸਾਫਰ ਕੁੜੀ ਦਾ ਜਨਮ ਦਿਨ ਸੀ। ਪਤਾ ਲੱਗਾ ਤਾਂ ਉਨ੍ਹਾਂ ਹੀ ਦਹਿਸ਼ਤਗਰਦਾਂ ਨੇ ਉਸ ਕੁੜੀ ਨੂੰ ਜਨਮ ਦਿਨ ਦੇ ਤੋਹਫੇ ਵਜੋਂ ਇੱਕ ਸ਼ਾਲ ਦੇ ਦਿੱਤੀ। ਜਦੋਂ ਜਹਾਜ਼ ਦਿੱਲੀ ਮੁੜਿਆ ਤਾਂ ਉਸ ਵਿਚ ਇੱਕ ਚੂੜੇ ਵਾਲੀ ਉਹ ਕੁੜੀ ਸੀ, ਜਿਹੜੀ ਪਤੀ ਨਾਲ ਜਹਾਜ਼ ਵਿਚ ਚੜ੍ਹੀ ਸੀ ਤੇ ਮੁੜਨ ਵੇਲੇ ਬਕਸੇ ਵਿਚ ਪਤੀ ਦੀ ਲਾਸ਼ ਲਿਆਈ ਸੀ ਅਤੇ ਉਸ ਨੂੰ ਗੱਸ਼ਾਂ ਪੈ ਰਹੀਆਂ ਸਨ ਤੇ ਦੂਸਰੀ ਉਹ ਕੁੜੀ ਸੀ, ਜਿਸ ਕੋਲੋਂ ਜਨਮ ਦਿਨ ਮੌਕੇ ਮਿਲੇ ਸ਼ਾਲ ਦਾ ਚਾਅ ਨਹੀਂ ਸੀ ਸੰਭਾਲਿਆ ਜਾ ਰਿਹਾ। ਭਾਵੁਕ ਦੋਵੇਂ ਕੁੜੀਆਂ ਸਨ, ਪਰ ਭਾਵ ਵੱਖੋ-ਵੱਖ ਸਨ। ਹੁਣ ਵੀ ਇੱਕ ਜਜ਼ਬਾ ਰਾਜ ਕਰਨ ਵਾਲਿਆਂ ਦਾ ਹੈ, ਦੂਸਰਾ ਮਥਰਾ ਨੇੜੇ ਗਰੀਬੀ ਹੰਢਾ ਰਹੀ ਹੇਮ ਰਾਜ ਨਾਂ ਦੇ ਫੌਜੀ ਦੀ ਵਿਧਵਾ ਦਾ, ਜਿਸ ਨਾਲ ਵਾਅਦਾ ਕੀਤਾ ਗਿਆ ਸੀ ਕਿ ਪਾਕਿਸਤਾਨ ਨਾਲ ਗੱਲ ਕਰਨ ਵੇਲੇ ਤੇਰੇ ਪਤੀ ਦੇ ਸਿਰ ਦਾ ਚੇਤਾ ਰੱਖਿਆ ਜਾਵੇਗਾ।

ਅਸੀਂ ਤਾਂ ਹਮੇਸ਼ਾ ਤੋਂ ਪਾਕਿਸਤਾਨ ਨਾਲ ਸੁਖਾਵੇਂ ਸਬੰਧਾਂ ਦੇ ਹਾਮੀ ਰਹੇ ਹਾਂ, ਹੁਣ ਵੀ ਸੁਖਾਵੇਂ ਸਬੰਧਾਂ ਦੇ ਹੀ ਹਾਮੀ ਹਾਂ, ਪਰ ਸੁਖਾਵੇਂ ਸਬੰਧ ਕੰਧ ਉਤੇ ਲੱਗੀ ਘੜੀ ਦੇ ਹੇਠਾਂ ਲਮਕਦੇ ਪੈਂਡਲਮ ਵਾਂਗ ਨਹੀਂ ਬਣ ਸਕਦੇ, ਜਿਹੜਾ ਕਿਤੇ ਟਿਕਦਾ ਹੀ ਨਹੀਂ, ਕਦੀ ਸੱਜੇ ਤੇ ਕਦੀ ਖੱਬੇ ਪਾਸੇ ਝੂਲਣ ਲੱਗਾ ਰਹਿੰਦਾ ਹੈ। ਅਮਰੀਕਾ ਹੋਵੇ ਜਾਂ ਪਾਕਿਸਤਾਨ, ਭਾਰਤ ਦੀ ਨਵੀਂ ਸਰਕਾਰ ਜਿਹੜੇ ਵੀ ਸਬੰਧ ਬਣਾਵੇਗੀ, ਦੇਸ਼ ਦੇ ਇੱਕ ਸੌ ਪੰਝੀ ਕਰੋੜ ਲੋਕ ਉਸ ਦੇ ਨਾਲ ਖੜੋਣਗੇ, ਪਰ ਇਨ੍ਹਾਂ ਸਬੰਧਾਂ ਵਿਚ ਕੁਝ ਨਾ ਕੁਝ ਪ੍ਰਪੱਕਤਾ ਦਿੱਸਣੀ ਚਾਹੀਦੀ ਹੈ।

## ਕੈਨੇਡਾ ਵਿਚ ਚਿੱਟੇ ਨਸ਼ੇ ਦੀ ਵਰਤੋਂ ਵਿਰੁਧ ਚਿਤਾਵਨੀ

**ਵੈਨਕੂਵਰ:** ਬੀਸੀ ਕੋਰੋਨਰ ਸਰਵਿਸ ਦੇ ਅਧਿਕਾਰੀਆਂ ਵੱਲੋਂ ਸੂਬੇ ਦੇ ਨਸ਼ੇੜੀਆਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਫੈਂਟਨਿਲ ਨਾਂ ਦੇ ਨਸ਼ੇ ਦੀ ਵਰਤੋਂ ਤੋਂ ਸੰਕੋਚ ਕਰਨ ਕਿਉਂਕਿ ਇਹ ਨਸ਼ਾ ਬਹੁਤ ਘਾਤਕ ਹੈ ਤੇ ਛੇਤੀ ਹੀ ਮਨੁੱਖ ਨੂੰ ਮੌਤ ਦੇ ਨੇੜੇ ਪਹੁੰਚਾ ਦਿੰਦਾ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਰਸਾਇਣਾਂ ਤੋਂ ਤਿਆਰ ਨਸ਼ੇ, ਅਫ਼ੀਮ ਆਦਿ ਵਰਗੇ ਨਸ਼ਿਆਂ ਤੋਂ 100 ਗੁਣਾਂ ਵੱਧ ਘਾਤਕ ਤੇ ਜਾਨਲੇਵਾ ਹਨ। ਉਨ੍ਹਾਂ ਆਪਣੀ ਦਲੀਲ ਨੂੰ ਸਹੀ ਸਾਬਤ ਕਰਨ ਲਈ ਕੁਝ ਉਦਾਹਰਣਾਂ ਵੀ ਦਿੱਤੀਆਂ ਜਿਥੇ ਚਿੱਟੇ ਕਾਰਨ ਨਸ਼ੇੜੀਆਂ ਨੂੰ ਜਾਨ ਤੋਂ ਹੱਥ ਧੋਣੇ ਪਏ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ ਅੱਗੇ ਰੋਸ ਪ੍ਰਦਰਸ਼ਨ

**ਸੈਨ ਫਰਾਂਸਿਸਕੋ (ਬਿਊਰੋ):** ਭਾਰਤੀ ਹਕੂਮਤ ਵਲੋਂ 30 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਉਤੇ ਕੀਤੇ ਹਮਲੇ ਅਤੇ ਸਿੱਖ ਕੌਮ ਵੱਲੋਂ ਆਪਣੇ ਇਤਿਹਾਸਕ ਸਥਾਨਾਂ ਦੀ ਰਖਿਆ ਲਈ ਭਾਰਤੀ ਫੌਜ ਨਾਲ ਹੋਈ ਜੰਗ ਵਿਚ ਸ਼ਹੀਦ ਹੋਏ ਹੋਈਆਂ ਜਿਨ੍ਹਾਂ ਨੇ ਖਾਲਿਸਤਾਨੀ ਝੰਡੇ ਅਤੇ ਵਿਰੋਧ ਲਈ ਕਾਲੇ ਝੰਡੇ ਚੁੱਕੇ ਹੋਏ ਸਨ।

ਵੱਖ ਵੱਖ ਜਥੇਬੰਦੀਆਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਬੁਲਾਰਿਆਂ ਨੇ ਸਿੱਖ ਸੰਗਤਾਂ ਤੇ ਭਾਰਤੀ ਹਾਕਮਾਂ ਨੂੰ ਸੰਬੋਧਨ ਕੀਤਾ। ਹੋਰ ਕੋਈ ਚਾਰਾ ਨਾ ਚਲਦਿਆਂ ਵੇਖ ਕੇ ਹੀ ਖਾਲਿਸਤਾਨ ਦੀ ਮੰਗ ਰਖੀ ਹੈ ਜੋ ਅੰਤਰ-ਰਾਸ਼ਟਰੀ ਕਾਨੂੰਨਾਂ ਦੇ ਅਨੁਸਾਰ ਹੈ।

ਬੁਲਾਰਿਆਂ ਨੇ ਕਿਹਾ ਕਿ ਭਾਰਤੀ ਲੋਕਤੰਤਰ ਇਕ ਪਾਖੰਡ ਹੈ, ਜਿਸ ਦੇ ਹਾਕਮ ਸਿਰਫ



ਹਜ਼ਾਰਾਂ ਸਿੰਘ-ਸਿੰਘਣੀਆਂ, ਬਜ਼ੁਰਗ, ਬੱਚੇ-ਬੀਬੀਆਂ ਦੀ ਯਾਦ ਵਿਚ ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲੇਟ ਅੱਗੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਰੋਸ ਪ੍ਰਦਰਸ਼ਨ ਵਿਚ ਇਹ ਗੱਲ ਦੁਹਰਾਈ ਗਈ ਕਿ ਸਿੱਖ ਕੌਮ ਅੰਮ੍ਰਿਤਸਰ ਅਤੇ ਪੰਜਾਬ ਭਰ ਵਿਚ ਕੀਤੇ ਗਏ ਸਿੱਖ ਨਸਲਘਾਤ ਨੂੰ ਕਦੇ ਨਹੀਂ ਭੁੱਲ ਸਕਦੀ ਤੇ ਖਾਲਿਸਤਾਨ ਬਣਾ ਕੇ ਰਹੇਗੀ।

ਰੋਸ ਮੁਜ਼ਾਹਰੇ ਵਿਚ ਸੈਕਰਾਮੈਂਟੋ, ਸਟਾਕਟਨ, ਲੈਥਰੋਪ, ਟਰੇਸੀ, ਸੈਨ ਹੋਜ਼ੇ, ਮਾਡੈਸਟੋ, ਟਰਲਕ, ਮਨਟੀਕਾ, ਮਿਲਪੀਟਸ ਤੇ ਬੇ-ਏਰੀਏ ਦੇ ਸ਼ਹਿਰਾਂ ਵਿਚੋਂ ਸਿੱਖ ਸੰਗਤਾਂ ਸ਼ਾਮਲ ਬੁਲਾਰਿਆਂ ਵਿਚ ਗੁਰਦੁਆਰਾ ਸੈਨ ਫਰਾਂਸਿਸਕੋ ਵਲੋਂ ਜਗਪਾਲ ਸਿੰਘ, ਕਵੀਸ਼ਰ ਸਰਵਨ ਸਿੰਘ, ਜਸਪ੍ਰੀਤ ਸਿੰਘ ਲਵਲਾ, ਡਾ. ਪ੍ਰਿਤਪਾਲ ਸਿੰਘ, ਅਜੈ ਸਿੰਘ, ਕੰਵਲਜੀਤ ਸਿੰਘ, ਬੀਬੀ ਤਰੁਨੀਤ ਕੌਰ, ਹਨੀ ਚੱਬਾ, ਰਾਜਦੀਪ ਸਿੰਘ ਪੰਨੂ, ਬੀਬੀ ਜਸਵਿੰਦਰ ਕੌਰ ਖਾਲਸਾ, ਜਗਤਾਰ ਸਿੰਘ ਅਨੰਦਪੁਰੀ, ਦਰਸ਼ਨ ਸਿੰਘ, ਦਵਿੰਦਰ ਸਿੰਘ ਬੱਬਰ, ਕੁਲਜੀਤ ਸਿੰਘ ਨਿੱਝਰ ਤੇ ਬਲਵਿੰਦਰਪਾਲ ਸਿੰਘ ਖਾਲਸਾ ਸ਼ਾਮਲ ਸਨ। ਬੁਲਾਰਿਆਂ ਨੇ ਭਾਰਤੀ ਹਾਕਮਾਂ ਦੇ ਸਿੱਖ ਕੌਮ ਅਤੇ ਹੋਰ ਘੱਟ ਗਿਣਤੀਆਂ ਉਤੇ ਕੀਤੇ ਜ਼ੁਲਮਾਂ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਸਿੱਖ ਕੌਮ ਨੇ ਬਹੁਗਿਣਤੀ ਦੇ ਹੱਕਾਂ ਦੀ ਹੀ ਰਾਖੀ ਕਰਨਾ ਚਾਹੁੰਦੇ ਹਨ ਤੇ ਬਾਕੀ ਘੱਟਗਿਣਤੀਆਂ ਦੇ ਗਲ ਹੌਲੀ ਹੌਲੀ ਘੁੱਟ ਰਹੇ ਹਨ, ਜਿਸ ਦਾ ਹਰ ਹਾਲਤ ਵਿਚ ਅੰਤਰਰਾਸ਼ਟਰੀ ਪੱਧਰ ਉਤੇ ਵਿਰੋਧ ਕੀਤਾ ਜਾਵੇਗਾ। ਮੁਜ਼ਾਹਰੇ ਵਿਚ ਲੰਗਰ-ਪਾਣੀ ਦੀ ਸੇਵਾ ਗੁਰਦੁਆਰਾ ਫਰੀਮਾਂਟ ਤੋਂ ਪਹੁੰਚੀ।

ਇਸ ਰੋਸ ਮੁਜ਼ਾਹਰੇ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਕੈਲੀਫੋਰਨੀਆ ਗਤਕਾ ਦਲ, ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਏਜੀਪੀਸੀ ਤੇ ਖਾਲਸਾ ਜਾਗ੍ਰਿਤੀ ਲਹਿਰ ਜਥੇਬੰਦੀਆਂ ਨੇ ਅਹਿਮ ਭੂਮਿਕਾ ਨਿਭਾਈ।

# ਵਿਪਸਾਅ ਵਲੋਂ ਸ਼ਾਇਰ ਰੇਸ਼ਮ ਸਿੱਧੂ ਨਾਲ ਰੂਬਰੂ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਵਲੋਂ ਇਨਕਲਾਬੀ ਸ਼ਾਇਰ ਰੇਸ਼ਮ ਸਿੱਧੂ ਨਾਲ ਬੀਤੇ ਦਿਨੀਂ ਇਕ ਰੂਬਰੂ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਰੇਸ਼ਮ ਸਿੱਧੂ ਨੇ ਆਪਣੇ ਜੀਵਨ ਤੇ ਰਚਨਾ ਪ੍ਰਕਿਰਿਆ ਬਾਰੇ ਬੋਲਦਿਆਂ ਕਿਹਾ ਕਿ ਉਹ ਸਾਹਿਤ ਹੀ ਹਮੇਸ਼ਾ ਜਿਉਂਦਾ ਰਹਿੰਦਾ ਹੈ ਜੋ ਮਨੁਖਤਾ ਦੀ ਭਲਾਈ ਦੇ ਘੇਰੇ ਵਿਚ ਆਉਂਦਾ ਹੈ। ਇਸ ਉਪਰੰਤ ਉਸ ਨੇ ਆਪਣੀਆਂ ਕਵਿਤਾਵਾਂ ਅਨੁਭਵ ਭਾਵੇਂ ਕੋਈ ਹੋਵੇ, ਜਿੰਨਾ ਚਿਰ ਉਹ ਉਦਾਤ ਭਾਵਾਂ ਦਾ ਵਿਰੇਚਨ ਨਹੀਂ ਕਰਦੀ, ਮਹਾਨ ਕਵਿਤਾ ਨਹੀਂ ਹੋ ਸਕਦੀ।

ਇਸ ਮੌਕੇ ਨੀਲਮ ਸੈਣੀ ਨੇ ਕਿਹਾ ਕਿ ਇਹ ਵਰਕਸ਼ਾਪ ਉਸ ਵਾਸਤੇ ਪ੍ਰੇਰਨਾ ਸਰੋਤ ਹੈ ਅਤੇ ਰੇਸ਼ਮ ਦੀ ਕਵਿਤਾ ਲਾਸਾਨੀ ਕਵਿਤਾ ਹੈ। ਕਮਲਦੇਵ ਪਾਲ ਨੇ ਕਿਹਾ ਕਿ ਉਚਾ ਸਾਹਿਤ ਹਮੇਸ਼ਾ ਹੀ ਜੀਵਨ ਦੀਆਂ ਚੰਗੀਆਂ ਕੀਮਤਾਂ ਦੀ ਰਖਵਾਲੀ ਕਰਦਾ ਹੈ ਅਤੇ ਆਮ ਮਨੁੱਖਾਂ ਦੇ ਦਰਦ



ਦਾ ਪਾਠ ਕੀਤਾ।

ਅਕੈਡਮੀ ਦੇ ਮੈਬਰਾਂ ਵਲੋਂ ਰੇਸ਼ਮ ਸਿੱਧੂ ਨੂੰ ਉਸ ਦੀ ਰਚਨਾ ਪ੍ਰਕਿਰਿਆ ਅਤੇ ਕਵਿਤਾਵਾਂ ਉਤੇ ਵਖ ਵਖ ਸਵਾਲ ਕੀਤੇ, ਜਿਨ੍ਹਾਂ ਦੇ ਰੇਸ਼ਮ ਨੇ ਭਾਵਪੂਰਕ ਤਰੀਕੇ ਨਾਲ ਜਵਾਬ ਦਿਤੇ। ਅਕੈਡਮੀ ਦੇ ਜਨਰਲ ਸਕੱਤਰ ਸ਼ਾਇਰ ਕੁਲਵਿੰਦਰ ਨੇ ਸਤਰ ਦੀ ਮਹੱਤਤਾ ਬਾਰੇ ਕਿਹਾ ਕਿ ਭਾਵੇਂ ਖੁੱਲ੍ਹੀ ਕਵਿਤਾ ਛੰਦਾਂ-ਬੰਦਾਂ ਤੋਂ ਮੁਕਤ ਹੰਦੀ ਹੈ ਪਰ ਸਤਰ ਦੀ ਵਿਉਂਤਬੰਦੀ ਵਿਚ ਬੁਣਤੀ ਤੇ ਬਣਤਰ ਦੀ ਖਾਸ ਮਹੱਤਤਾ ਹੈ।

ਸੁਰਿੰਦਰ ਸੀਰਤ ਨੇ ਕਿਹਾ ਕਿ ਕਵਿਤਾ ਵਿਚ ਇਕ ਹੀ ਕੇਂਦਰੀ ਵਿਸ਼ਾ ਪ੍ਰਧਾਨ ਹੋਣਾ ਚਾਹੀਦਾ ਹੈ, ਜਦੋਂ ਅਸੀਂ ਵਿਸ਼ਿਆਂ ਦੀ ਵਿਭਿੰਨਤਾ ਲੈ ਆਉਂਦੇ ਹਾਂ ਤਾਂ ਕਵਿਤਾ ਦਾ ਕੇਂਦਰੀ ਭਾਵ ਖੰਡਿਤ ਹੋ ਜਾਂਦਾ ਹੈ। ਜਗਜੀਤ ਨੌਸ਼ਹਿਰਵੀ ਨੇ ਕਿਹਾ ਕਿ ਕਵੀ ਦਾ ਨੂੰ ਪੇਸ਼ ਕਰਦਾ ਹੈ। ਜਸਪਾਲ ਸੂਸ ਨੇ ਕਿਹਾ ਕਿ ਅਕੈਡਮੀ ਵਿਚ ਸੱਚ ਹੀ ਸਿੱਖਣ-ਸਿਖਾਉਣ ਦਾ ਵਧੀਆ ਢੰਗ ਵੇਖਣ ਨੂੰ ਮਿਲਦਾ ਹੈ ਤੇ ਡਾਇਲਾਗ ਦਾ ਪੱਧਰ ਉਤਕ੍ਰਿਸ਼ਟ ਕਿਸਮ ਦਾ ਹੁੰਦਾ ਹੈ। ਗੁਲਸ਼ਨ ਦਿਆਲ ਤੇ ਅਕੈਡਮੀ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਵੀ ਰੇਸ਼ਮ ਦੀ ਕਵਿਤਾ ਦੀ ਪ੍ਰਸ਼ੰਸਾ ਕੀਤੀ।

ਉਪਰੰਤ ਇਕ ਛੋਟਾ ਜਿਹਾ ਕਵੀ ਦਰਬਾਰ ਵੀ ਕੀਤਾ ਗਿਆ ਜਿਸ ਵਿਚ ਮਿਆਰੀ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਪ੍ਰੋਗਰਾਮ ਦੇ ਅਖੀਰ 'ਚ ਗਾਇਕ ਸੁਖਦੇਵ ਸਾਹਿਲ ਨੇ ਰੇਸ਼ਮ ਅਤੇ ਕੁਲਵਿੰਦਰ ਦੀਆਂ ਕਵਿਤਾਵਾਂ ਦਾ ਗਾਇਨ ਕਰਕੇ ਸਰੋਤਿਆਂ ਤੋਂ ਵਾਹ ਵਾਹ ਖੱਟੀ। ਅਕੈਡਮੀ ਦੀ ਅਗਲੀ ਵਰਕਸ਼ਾਪ ਵਿਚ ਕਵਿਤਰੀ ਨੀਲਮ ਸੈਣੀ ਨਾਲ ਰੂਬਰੂ ਕਰਨ ਦਾ ਫੈਸਲਾ ਕੀਤਾ ਗਿਆ।


ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)



ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥

ਸ੍ਰੀ ਗੁਰੂ ਅਰਜਨ ਦੇਵ ਦੀ ਮਹਾਰਾਜ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ

ਸ਼ਹੀਦੀ ਕੀਰਤਨ ਦਰਬਾਰ

14 ਜੂਨ 2014, ਸਨਿਚਰਵਾਰ

ਸ਼ਾਮ 7 ਵਜੇ ਤੋਂ ਰਾਤ 11:30 ਵਜੇ ਤੱਕ



ਰਾਗੀ ਜਥੇ

ਭਾਈ ਤਜਿੰਦਰ ਸਿੰਘ ਖੰਨੇ ਵਾਲੇ
ਭਾਈ ਅਵਤਾਰ ਸਿੰਘ ਜਲੰਧਰ ਵਾਲੇ
ਭਾਈ ਤਾਜਵਿੰਦਰ ਸਿੰਘ, ਸ੍ਰੀ ਦਰਬਾਰ ਸਾਹਿਬ
ਭਾਈ ਪਰਪਾਲ ਸਿੰਘ, ਸ੍ਰੀ ਦਰਬਾਰ ਸਾਹਿਬ

ਹਜ਼ੂਰੀ ਰਾਗੀ ਜਥਾ-ਗੁਰਦੁਆਰਾ ਸੈਨ ਹੋਜ਼ੇ

ਭਾਈ ਜਗਤਾਰ ਸਿੰਘ, ਭਾਈ ਰਛਪਾਲ ਸਿੰਘ
ਅਤੇ ਭਾਈ ਸੁਬੇਗ ਸਿੰਘ



ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰਦੁਆਰਾ ਸਾਹਿਬ 408-274-9373

ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org, Facebook "San Jose Gurdwara"

## ਸਾਲਾਨਾ ਕੈਂਪ ਤੇ ਅੰਤਰ ਰਾਸ਼ਟਰੀ ਯੁਵਕ ਮੇਲੇ ਸਬੰਧੀ ਮੀਟਿੰਗ

**ਫਰਿਜ਼ਨੋ (ਬਿਊਰੋ):** ਜੀ ਐਚ ਜੀ ਸੰਗੀਤ ਤੇ ਡਾਂਸ ਅਕੈਡਮੀ ਵਲੋਂ 11 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਛੇਵੇਂ ਸਾਲਾਨਾ ਕੈਂਪ ਅਤੇ 26 ਜੁਲਾਈ ਨੂੰ ਹੋਣ ਵਾਲੇ ਅੰਤਰ ਰਾਸ਼ਟਰੀ ਯੁਵਕ ਮੇਲੇ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਕੀਤੀ ਗਈ। ਅਕੈਡਮੀ ਵਲੋਂ ਜਾਰੀ ਬਿਆਨ ਅਨੁਸਾਰ ਕੈਂਪ ਲਈ ਦਾਖਲਾ ਫਾਰਮ ਪੰਜਾਬੀ ਸਟੋਰਾਂ 'ਤੇ ਉਪਲਬਧ ਹਨ। ਦਾਖਲਾ ਫਾਰਮ ਐਤਵਾਰ 11 ਵਜੇ ਤੋਂ 2 ਵਜੇ ਤੱਕ ਪੰਜਾਬੀ ਸਕੂਲ ਫਰਿਜ਼ਨੋ ਤੋਂ ਵੀ ਲਏ ਜਾ ਸਕਦੇ ਹਨ। ਕੈਂਪ ਦੀ ਕੋਈ ਫੀਸ ਨਹੀਂ ਹੈ।

ਇਸ ਤੋਂ ਇਲਾਵਾ ਰੋਇਡਿੰਗ ਪਾਰਕ ਵਿਚ ਹੋਣ ਵਾਲੇ ਅੰਤਰ ਰਾਸ਼ਟਰੀ ਯੁਵਕ ਮੇਲੇ ਲਈ ਵੀ ਦਾਖਲਾ ਮੁਫਤ ਹੈ। ਅਕੈਡਮੀ ਨੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਂਪ ਅਤੇ ਯੁਵਕ ਮੇਲੇ ਵਿਚ ਜ਼ਰੂਰ ਲੈ ਕੇ ਆਉਣ। ਹੋਰ ਜਾਣਕਾਰੀ ਲਈ ਗੁਰਦੀਪ ਸਿੰਘ ਸ਼ੇਰਗਿਲ ਫੋਨ: 559-349-1481 ਜਾਂ ਉਦੇਦੀਪ ਸਿੱਧੂ ਫੋਨ: 559-355-4065 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Harmit Toor
Professional Real Estate Services
For a Real Estate Broker with an in-depth knowledge of both the area and market, contact Harmit Toor!
925.202.7027 hdtoor@gmail.com
Broker Associate
BRE Lic. #01462579
NMLS #358820
WWW.MissionPeakBrokers.Com
For Buying/Selling Home, Business & Loans
550 Credit Scores FHA Purchase Loans Available
Serving Bay Area and Central Valley Over 10 Years!

# ਪੀ ਸੀ ਐਸ ਸੈਕਰਾਮੈਂਟੋ ਦਾ ਤੀਆਂ ਦਾ ਮੇਲਾ 17 ਅਗਸਤ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਪਣਾ ਤੀਆਂ ਦਾ 14ਵਾਂ ਮੇਲਾ ਇਸ ਸਾਲ 17 ਅਗਸਤ,



ਐਤਵਾਰ ਨੂੰ ਦੁਪਹਿਰ ਇਕ ਵਜੇ ਤੋਂ ਐਸ ਈ ਐਸ ਹਾਲ, ਐਲਕ ਗਰੂਵ ਵਿਚ ਕਰਵਾਇਆ ਜਾਵੇਗਾ।

ਸੁਸਾਇਟੀ ਵਲੋਂ ਜਾਰੀ ਬਿਆਨ ਅਨੁਸਾਰ ਤੀਆਂ ਦੇ ਮੇਲੇ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾਵੇਗਾ। ਪਹਿਲੇ ਹਿੱਸੇ ਵਿਚ ਬੈਠ ਕੇ ਗੀਤ ਗਾਏ ਜਾਣਗੇ, ਦੂਜੇ ਹਿੱਸੇ 'ਚ ਸਟੇਜ ਕੀਤੀ ਜਾਵੇਗੀ ਤੇ ਤੀਜੇ ਹਿੱਸੇ ਵਿਚ ਬੋਲੀਆਂ ਪਾਈਆਂ ਜਾਣਗੀਆਂ ਜਦਕਿ ਮੇਲੇ ਦੇ ਚੌਥੇ ਹਿੱਸੇ ਵਿਚ ਡੀ ਜੇ 'ਤੇ ਗਿੱਧਾ ਤੇ ਹੋਰ ਨ੍ਰਿਤ ਆਈਟਮਾਂ ਹੋਣਗੀਆਂ। ਮੇਲੇ ਵਿਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਵੱਡੀ ਉਮਰ ਤੱਕ ਦੀਆਂ ਬੀਬੀਆਂ ਹਿੱਸਾ ਲੈ ਸਕਦੀਆਂ ਹਨ। ਮੇਲੇ ਦੀ ਕੋਈ ਦਾਖਲਾ ਫੀਸ ਨਹੀਂ ਰੱਖੀ ਗਈ।

ਜ਼ਿਕਰਯੋਗ ਹੈ ਕਿ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਹਰ ਸਾਲ ਦੋ ਸਭਿਆਚਾਰਕ ਮੇਲੇ ਕਰਵਾਉਂਦੀ ਹੈ-ਵਿਸਾਖੀ ਮੇਲਾ ਅਤੇ ਤੀਆਂ ਦਾ ਮੇਲਾ।

ਸੁਸਾਇਟੀ ਵਲੋਂ ਇਹ ਮੇਲੇ ਕਰਵਾਉਣ ਦਾ ਮਕਸਦ ਬੱਚਿਆਂ ਨੂੰ ਆਪਣੇ ਸਭਿਆਚਾਰ, ਬੋਲੀ, ਲੋਕ ਗੀਤਾਂ ਅਤੇ ਪਹਿਰਾਵੇ ਬਾਰੇ ਜਾਣੂੰ ਕਰਵਾਉਣਾ ਹੈ।


ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ ਫੋਨ: 916-212-1826, ਬਲਦੇਵ ਕੌਰ ਫੋਨ: 916-996-2010 ਅਤੇ ਰਸ਼ਪਾਲ ਪਰਹਾਰ ਫੋਨ: 916-730-7191 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

HD IP
Security Solution
ULTRA High Resolution
Gas stations, Liquor Store, Hotel/Motels, Homes
or
Any Kind Of Business
-Cash Register Interface.
-Fully Trained Tech.Staff.
-16 Year Satisfied Custmer.
Licence Plate Reader

HD-SDI
2 Year Warranty
Vista CCTV TECHNOLOGY
Call Mr. Sukhpal
1-661-586-5080

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# 'ਪੰਜਾਬ ਟਾਈਮਜ਼ ਦੇ ਨਾਮ ਰੰਗਲੀ ਸ਼ਾਮ' ਯਾਦਗਾਰੀ ਹੋ ਨਿੱਬੜੀ

**ਹੇਵਰਡ, ਕੈਲੀਫੋਰਨੀਆ (ਬਿਊਰੋ):** ਇਥੇ ਗੋਲਡਨ ਪੰਜਾਬ ਕਲੱਬ ਯੂ.ਐਸ.ਏ. (ਨਾਨ ਪਰਾਫਿਟ) ਵਲੋਂ ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ ਵਿਚ 'ਪੰਜਾਬ ਟਾਈਮਜ਼ ਦੇ ਨਾਮ ਰੰਗਲੀ ਸ਼ਾਮ' ਕਰਵਾਈ ਗਈ ਜਿਸ ਨੂੰ 'ਪੰਜਾਬ ਟਾਈਮਜ਼' ਦੇ ਸਮਰਥਕਾਂ, ਪਾਠਕਾਂ ਅਤੇ ਪ੍ਰਸ਼ੰਸਕਾਂ ਵਲੋਂ ਪੱਤਰਕਾਰੀ ਵਾਲਾ ਕਿਲ੍ਹਾ ਸ. ਜੰਮੂ ਨੇ ਉਸਾਰਿਆ ਹੈ, ਉਹ ਇੱਥੇ ਵਸਦੇ ਸੁਹਿਰਦ ਪੰਜਾਬੀਆਂ ਦੇ ਚੇਤੇ ਵਿਚੋਂ ਕਦੇ ਨਹੀਂ ਖਿਸਕ ਸਕਦਾ।

ਇਸ ਉਚੇਚੇ ਪ੍ਰੋਗਰਾਮ ਦਾ ਸੰਚਾਲਨ ਨੀਲਮ ਸੈਣੀ ਨੇ ਕੀਤਾ। ਉਨ੍ਹਾਂ ਗੋਲਡਨ ਪੰਜਾਬ ਕਲੱਬ, 'ਪੰਜਾਬ ਟਾਈਮਜ਼' ਅਤੇ ਰਾਜਾ ਸਵੀਟਸ ਐਂਡ ਅਗਵਾਈ ਹੇਠ ਤਿਆਰ ਕੀਤੀਆਂ ਟੀਮਾਂ ਨੇ ਸ਼ਾਮ ਨੂੰ ਰੰਗੀਨ ਕਰ ਦਿੱਤਾ। ਸਟਾਕਟਨ ਤੋਂ ਪੁੱਜੇ 6 ਸਾਲ ਦੇ ਬੱਚੇ ਪ੍ਰਭਸਿਮਰਨ ਸਿੰਘ ਨੇ 'ਮਾਂ ਹੁੰਦੀ ਏ ਮਾਂ ਉਹ ਦੁਨੀਆਂ ਵਾਲਿਓ' ਗਾ ਕੇ ਸਭ ਦਾ ਮਨ ਮੋਹ ਲਿਆ। ਅਜੇ ਅਕੈਡਮੀ (ਸੈਨ ਹੋਜ਼ੇ) ਤੋਂ ਗੋਗੀ ਅਤੇ ਜਸਪਾਲ ਸਿੰਘ ਦੀ ਦੇਖ ਰੇਖ ਵਿਚ ਮਹੇੜੂ ਨੇ ਮੰਚ ਤੋਂ ਕਿਹਾ ਕਿ 'ਪੰਜਾਬ ਟਾਈਮਜ਼' ਵਿਚ ਆਖੀ ਗੱਲ ਸਮੁੱਚੇ ਅਮਰੀਕਾ ਵਿਚ ਪੁੱਜਦੀ ਹੈ। ਉਨ੍ਹਾਂ ਕਿਹਾ ਕਿ ਇਹ ਪਾਠਕਾਂ ਨੂੰ ਬਹੁਤ ਹੀ ਉਚ ਕੁਆਲਿਟੀ ਦੀ ਪੜ੍ਹਨ ਸਮੱਗਰੀ ਮੁਹੱਈਆ ਕਰਦਾ ਹੈ। ਇਸ ਸਭ ਪਿਛੇ ਅਖਬਾਰ ਦੇ ਸੰਸਥਾਪਕ ਅਤੇ ਸੰਪਾਦਕ ਅਮੋਲਕ ਸਿੰਘ ਜੰਮੂ ਨੇ ਕਿਹਾ ਕਿ ਮਿਆਰੀ ਸਾਹਿਤਕ ਮੈਟਰ ਦੇਣ ਦੇ ਮਾਮਲੇ ਵਿਚ ਪੰਜਾਬ ਦੀਆਂ ਮੁੱਖ ਅਖਬਾਰਾਂ ਵੀ 'ਪੰਜਾਬ ਟਾਈਮਜ਼' ਨਾਲੋਂ ਪਛੜ ਰਹੀਆਂ ਹਨ। ਕਾਮਰੇਡ ਮਹਿੰਗਾ ਸਿੰਘ ਸਰਪੰਚ ਨੇ ਕਿਹਾ ਕਿ ਅਮੋਲਕ ਸਿੰਘ ਜੰਮੂ ਨੇ ਪੰਜਾਬ ਟਾਈਮਜ਼ ਦੇ ਜ਼ਰੀਏ ਪੰਜਾਬੀ ਭਾਈਚਾਰੇ ਨੂੰ ਜੋ ਕੁਝ ਦਿੱਤਾ ਹੈ,

















ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਪਿਛਲੇ 14 ਵਰ੍ਹਿਆਂ ਤੋਂ ਅਮਰੀਕਾ ਦੇ ਪੰਜਾਬੀ ਮੀਡੀਆ ਵਿਚ 'ਪੰਜਾਬ ਟਾਈਮਜ਼' ਨੇ ਜਿਸ ਤਰ੍ਹਾਂ ਸੰਤੁਲਤ, ਨਿਰਪੱਖ ਅਤੇ ਦਲੇਰਾਨਾ ਪੱਤਰਕਾਰੀ ਵਾਲੀ ਭੂਮਿਕਾ ਨਿਭਾਈ ਹੈ, ਅੱਜ ਉਸੇ ਦਾ ਸਿੱਟਾ ਹੈ ਕਿ ਇਹ ਅਖਬਾਰ ਨਾ ਸਿਰਫ ਇੰਡੀਅਨ ਕੁਜ਼ੀਨ ਵਲੋਂ ਦੂਰੋਂ-ਨੇੜਿਓਂ ਚੱਲ ਕੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਇਕ ਸਿਆਸੀ ਆਗੂ ਦੇ ਹਵਾਲੇ ਨਾਲ ਕਿਹਾ ਕਿ ਕਿਸੇ ਵੀ ਅਖਬਾਰ ਦਾ ਮੁਲੰਕਣ ਉਸ ਦੀ ਕਵਰੇਜ ਅਤੇ ਸੰਪਾਦਕੀ ਟਿੱਪਣੀਆਂ ਤੋਂ ਕੀਤਾ ਜਾ ਸਕਦਾ ਹੈ; ਇਸ ਮਾਮਲੇ ਵਿਚ 'ਪੰਜਾਬ ਟਾਈਮਜ਼' ਦੀ ਤਿਆਰ ਸ਼ਾਨਦਾਰ ਆਈਟਮ ਪੇਸ਼ ਕਰ ਕੇ ਅਜੇ ਅਤੇ ਪੂਜਾ ਨੇ 'ਵਿਸਾਖੀ ਮੇਲੇ' ਵਰਗਾ ਮਾਹੌਲ ਬਣਾ ਦਿੱਤਾ। ਸੰਜੀਦਾ ਗਾਇਕ ਸੁਖਦੇਵ ਸਾਹਿਲ ਨੇ ਸਰੋਤਿਆਂ ਨੂੰ ਸਾਹਿਤਕ, ਪਰਿਵਾਰਕ ਅਤੇ ਸਮਾਜਕ ਗੀਤਾਂ ਨਾਲ ਮੰਤਰ ਮੁਗਧ ਕੀਤਾ। ਸੁਲਤਾਨ ਅਖਤਰ, ਦਰਸ਼ਨ ਸਿੰਘ ਔਜਲਾ ਅਤੇ ਦੀ ਲਿਆਕਤ ਅਤੇ ਮਿਹਨਤ ਹੈ। ਇਹ ਪਰਚਾ ਪੰਜਾਬੀ ਜਗਤ ਨੂੰ ਅਗਵਾਈ ਦੇਣ ਦੀ ਭੂਮਿਕਾ ਨਿਭਾ ਰਿਹਾ ਹੈ।

ਰੇਡੀਓ ਚੜ੍ਹਦੀ ਕਲਾ ਦੇ ਗੁਰਚਰਨ ਸਿੰਘ ਮਾਨ ਨੇ ਕਿਹਾ ਕਿ ਉਹ ਪਹਿਲੇ ਦਿਨ ਤੋਂ ਹੀ ਸ. ਜੰਮੂ ਦੇ ਨਾਲ ਹਨ। ਰਾਜਾ ਸਵੀਟਸ ਦੇ ਮਾਲਕ ਉਹ ਬੇਮਿਸਾਲ ਹੈ। ਕੁਲਵੰਤ ਸਿੰਘ ਨਿੱਝਰ, ਪਲਵਿੰਦਰ ਸਿੰਘ ਅਤੇ ਜੇ. ਜੌਹਲ ਨੇ ਵੀ ਨਾਲ ਤੁਰੇ ਰਹਿਣ ਦੀ ਹਾਮੀ ਭਰੀ।

'ਪੰਜਾਬ ਟਾਈਮਜ਼' ਦੇ ਕਾਲਮਨਵੀਸ ਮੇਜਰ ਕੁਲਾਰ ਜੋ ਪਰਿਵਾਰ ਸਮੇਤ ਪੁੱਜੇ ਹੋਏ ਸਨ, ਨੇ ਅਮੋਲਕ ਸਿੰਘ ਜੰਮੂ ਨਾਲ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ 'ਪੰਜਾਬ ਟਾਈਮਜ਼' ਦੇ ਜ਼ਰੀਏ ਹੀ ਮੇਰੀ ਪਹੁੰਚ ਪਾਠਕਾਂ ਤੱਕ ਹੋਈ ਹੈ, ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਲੰਬੇ ਸਮੇਂ ਤੋਂ 'ਪੰਜਾਬ ਟਾਈਮਜ਼' ਵਿਚ ਛਪਦੇ ਆ ਰਹੇ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਗੋਲਡਨ ਪੰਜਾਬ ਕਲੱਬ ਨੇ ਇਹ ਦੀਵਾ ਉਸ ਵਕਤ ਬਾਲਿਆ ਹੈ ਜਿਸ ਵਕਤ ਇਸ ਦੀ ਲੋੜ ਸੀ। ਸ਼ਿਕਾਗੋ ਤੋਂ ਛੋਟੇ ਜਿਹੇ ਮੈਗਜ਼ੀਨ ਸਾਈਜ਼ ਪਰਚੇ ਤੋਂ ਸ਼ੁਰੂ ਹੋ ਕੇ ਅੱਜ ਇਹ ਸ਼ਿਕਾਗੋ, ਨਿਊ ਯਾਰਕ ਅਤੇ ਕੈਲੀਫੋਰਨੀਆ ਤੋਂ ਤਿੰਨ ਐਡੀਸ਼ਨਾਂ ਵਿਚ ਨਾਲੋ-ਨਾਲ ਛਪਦਾ ਹੈ। ਇਸ ਅਰਸੇ ਦੌਰਾਨ ਇਸ ਦੇ ਪਾਠਕਾਂ ਅਤੇ ਪ੍ਰਸ਼ੰਸਕਾਂ ਦੀ ਗਿਣਤੀ ਨਿਰੰਤਰ ਵਧੀ ਹੈ।

ਸ. ਮਝੈਲ ਸਿੰਘ ਸਰਾਂ ਨੇ ਕਿਹਾ ਕਿ







ਮੋਹਰੀ ਸਫਾਂ ਵਿਚ ਹੈ, ਸਗੋਂ ਹਰ ਸੁਚੇਤ ਪੰਜਾਬੀ ਦੇ ਮਨ ਵਿਚ ਖਾਸ ਥਾਂ ਵੀ ਬਣਾਈ ਬੈਠਾ ਹੈ। ਇਸ ਦਾ ਸਿਹਰਾ ਪਰਚੇ ਦੇ ਨਿਧੜਕ ਸੰਪਾਦਕ ਅਮੋਲਕ ਸਿੰਘ ਜੰਮੂ ਦੇ ਸਿਰ ਬੱਝਦਾ ਹੈ ਜੋ ਸਿਹਤ ਦੀਆਂ ਔਕੜਾਂ ਹੋਣ ਦੇ ਬਾਵਜੂਦ ਪੰਜਾਬੀ ਸਾਹਿਤ, ਭਾਸ਼ਾ, ਸਭਿਆਚਾਰ ਅਤੇ ਜ਼ੁਬਾਨ ਦੀਆਂ ਕਦਰਾਂ-ਕੀਮਤਾਂ ਨੂੰ ਜਿਉਂਦਾ ਰੱਖਣ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਅਖਬਾਰਾਂ ਭਾਵੇਂ ਅਗਲੇ ਦਿਨ ਰੱਦੀ ਹੀ ਹੁੰਦੀਆਂ ਹਨ, ਪਰ 'ਪੰਜਾਬ ਟਾਈਮਜ਼' ਸਾਂਭਣਯੋਗ ਵੀ ਹੁੰਦੀ ਹੈ। ਜਿਸ ਤਰ੍ਹਾਂ ਦੀ ਸਮੱਗਰੀ ਪਰਚੇ ਵਿਚ ਛਪਦੀ ਹੈ, ਉਹ ਸ਼ਾਇਦ ਪੰਜਾਬ ਵਿਚ ਰੋਜ਼ਾਨਾ ਛਪਦੀਆਂ ਅਖਬਾਰਾਂ ਵੀ ਨਾ ਦੇ ਸਕਦੀਆਂ ਹੋਣ। 'ਪੰਜਾਬੀ ਟ੍ਰਿਬਿਊਨ' ਵਰਗੇ ਮਿਆਰੀ ਅਖਬਾਰ ਵਿਚੋਂ ਆ ਕੇ ਜਿਸ ਤਰ੍ਹਾਂ ਦਾ ਸਿਹਤਮੰਦ ਕੋਈ ਰੀਸ ਨਹੀਂ। ਇਸ ਦਾ ਸਿਹਰਾ ਪੰਜਾਬ ਵਿਚ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਸਟਾਫ ਵਿਚ ਲੰਮਾ ਸਮਾਂ ਰਹੇ ਪਰਚੇ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੇ ਸਿਰ ਬੱਝਦਾ ਹੈ। ਇਸ ਮੌਕੇ ਉਨ੍ਹਾਂ ਡਾ. ਜਗਤਾਰ ਦਾ ਇਹ ਸ਼ੇਅਰ ਸ. ਅਮੋਲਕ ਸਿੰਘ ਜੰਮੂ ਦੇ ਨਾਂ ਕੀਤਾ,

ਹਰ ਮੋੜ 'ਤੇ ਸਲੀਬਾਂ
ਹਰ ਪੈਰ 'ਤੇ ਹਨੇਰਾ,
ਫਿਰ ਵੀ ਅਸੀਂ ਰੁਕੇ
ਨਾ ਸਾਡਾ ਵੀ ਦੇਖ ਜੇਰਾ।

ਸਮੁੱਚਾ ਪ੍ਰੋਗਰਾਮ ਸੁਚੱਜੇ ਢੰਗ ਨਾਲ ਲਗਾਤਾਰ 8:00 ਵਜੇ ਤੱਕ ਚਲਦਾ ਰਿਹਾ। ਰੰਗਾਰੰਗ ਪ੍ਰੋਗਰਾਮ ਵਿਚ ਪੰਜਾਬੀ ਫੁਲਵਾੜੀ (ਮਿਸ਼ਨ ਲਰਨਿੰਗ ਅਕੈਡਮੀ) ਦਿਲਪ੍ਰੀਤ ਦੀ






ਹਰਜੀਤ ਜੀਤੀ ਨੇ ਖੂਬ ਰੰਗ ਬੰਨ੍ਹਿਆ। ਮੰਗਜੀਤ ਸਿੰਘ ਮੰਗਾ ਅਤੇ ਤਰਸੇਮ ਸਿੰਘ ਅਟਵਾਲ ਨੇ ਰੰਗਲੇ ਪੰਜਾਬ ਦਾ ਚਿੱਤਰ ਖਿੱਚਿਆ। ਵਿਜੇ ਨੇ ਕਾਮੇਡੀ ਨਾਲ ਆਪਣਾ ਲੋਹਾ ਮੰਨਵਾਇਆ। ਜਤਿੰਦਰ ਜਰਗੀਆ, ਅਮਰਜੀਤ ਜੌਹਲ, ਜੀਵਨ ਰੱਤੂ ਅਤੇ ਗੋਗੀ ਸੰਧੂ ਨੇ ਵੀ ਵਧੀਆ ਗੀਤ ਪੇਸ਼ ਕੀਤੇ।

ਸਮਾਗਮ ਵਿਚ ਜਿਥੇ ਰੰਗਾ-ਰੰਗ ਪ੍ਰੋਗਰਾਮ ਸਰੋਤਿਆਂ ਦਾ ਮਨੋਰੰਜਨ ਕਰ ਰਿਹਾ ਸੀ, ਉਥੇ ਨਾਲ-ਨਾਲ 'ਪੰਜਾਬ ਟਾਈਮਜ਼' ਦੇ ਮਿਆਰ ਅਤੇ ਪੱਤਰਕਾਰੀ ਦੀ ਗੱਲ ਵੀ ਬੁਲਾਰੇ ਕਰਦੇ ਰਹੇ। ਸ. ਜੰਮੂ ਦੇ ਜਿਗਰੀ ਯਾਰ ਅਮਲੋਕ ਸਿੰਘ ਗਾਖਲ ਨੇ ਰਾਜਾ ਸਵੀਟਸ ਦੇ ਖੁੱਲ੍ਹੇ ਆਂਗਣ ਵਿਚ ਬੈਠਿਆਂ ਕਿਹਾ ਕਿ ਉਹ ਅਖਬਾਰ ਅਤੇ ਯਾਰ, ਦੋਹਾਂ ਲਈ ਕੁਰਬਾਨ ਹੋਣ ਲਈ ਤਿਆਰ ਹਨ। ਸਮੁੱਚਾ ਯੂਨਾਈਟਿਡ ਸਪੋਰਟਸ ਕੱਲਬ ਉਨ੍ਹਾਂ ਦੇ ਨਾਲ ਹੈ। ਕਲੱਬ ਦੇ ਜਨਰਲ ਸਕੱਤਰ ਗੁਰਦਾਵਰ ਸਿੰਘ ਮੱਖਣ ਬੈਂਸ ਨੇ ਕਿਹਾ ਕਿ ਉਨ੍ਹਾਂ ਅਮੋਲਕ ਸਿੰਘ ਜੰਮੂ ਤੋਂ ਸਿੱਖਿਆ ਹੈ ਕਿ ਹਿੰਮਤਾਂ ਐਵੇਂ ਨਹੀਂ ਹਾਰੀਦੀਆਂ। ਗੋਲਡਨ ਸਟੇਟ ਰਿਆਲਟੀ ਦੇ ਜੱਸੀ ਗਿੱਲ ਨੇ ਕਿਹਾ ਕਿ ਉਹ ਸਦਾ ਪਰਚੇ ਦੇ ਨਾਲ ਖੜ੍ਹੇ ਹਨ। ਸ਼ਾਇਰ ਰੇਸ਼ਮ ਸਿੰਘ ਅਤੇ ਕੁਲਵਿੰਦਰ 'ਪੰਜਾਬ ਟਾਈਮਜ਼' ਨਾ ਸਿਰਫ ਅਮਰੀਕਾ ਵਿਚ ਹੀ ਪੰਜਾਬੀ ਪਰਚਿਆਂ ਵਿਚ ਸਭ ਤੋਂ ਅੱਗੇ ਹੈ ਸਗੋਂ ਇੰਟਰਨੈਟ ਉਤੇ ਪੜ੍ਹੇ ਜਾਂਦੇ ਹਫਤਾਵਾਰੀ

(ਅਗਲੇ ਸਫੇ 'ਤੇ ਜਾਰੀ)




ਪੰਜਾਬੀ ਅਖਬਾਰਾਂ ਵਿਚ ਵੀ ਮੋਹਰੀ ਹੈ। ਸਾਡਾ ਸਹਿਯੋਗ ਹਮੇਸ਼ਾ ਇਸ ਦੇ ਨਾਲ ਰਹੇਗਾ।

ਉਥੇ ਸ਼ਾਇਰ ਸੁਖਵਿੰਦਰ ਕੰਬੋਜ ਨੇ ਪੰਜਾਬੀ ਪੱਤਰਕਾਰੀ ਵਿਚ 'ਪੰਜਾਬ ਟਾਈਮਜ਼' ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਨੇ ਤਾਜ਼ਾ ਅਤੇ ਨਰੋਈ ਪੜ੍ਹਨ ਸਮੱਗਰੀ ਪਾਠਕਾਂ ਦੀ ਨਜ਼ਰ ਕਰਨ ਦੇ ਨਾਲ-ਨਾਲ ਅਮਰੀਕਾ ਵਿਚ ਪੱਤਰਕਾਰੀ ਦੇ ਉਚੇ ਮਿਆਰ ਕਾਇਮ ਕੀਤੇ ਹਨ। ਸਾਰੀਆਂ ਅਖਬਾਰਾਂ ਦੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹਾਂ ਕਿ ਅਮੋਲਕ ਸਿੰਘ ਜੰਮੂ ਨੂੰ ਪੱਤਰਕਾਰੀ ਵਿਚ ਪੂਰੀ ਮੁਹਾਰਤ ਹਾਸਲ ਹੈ। ਉਨ੍ਹਾਂ ਕਿਹਾ, "ਮੈਂ ਸ. ਜੰਮੂ ਦੀ ਸਿਫ਼ਤ ਇਸ ਕਰ ਕੇ ਨਹੀਂ ਕਰ ਰਿਹਾ ਕਿ ਉਹ ਮੇਰਾ ਜਮਾਤੀ ਹੈ, ਸਗੋਂ ਇਸ ਲਈ ਕਿਉਂਕਿ ਉਸ ਨੇ ਆਪਣੀ ਸਮਾਜਕ ਜ਼ਿੰਮੇਵਾਰੀ ਸਮਝਦਿਆਂ ਹਮੇਸ਼ਾ ਪੱਖਪਾਤੀ ਪਹੁੰਚ ਅਪਨਾਉਣ ਤੋਂ ਤਾਂ ਪਰਹੇਜ ਕੀਤਾ ਹੀ ਹੈ, ਨਾਲ ਹੀ ਆਪਣੇ ਪਾਠਕਾਂ ਦੀ ਆਸ ਉਤੇ ਪੂਰਾ ਉਤਰਦਿਆਂ ਹਮੇਸ਼ਾ ਨਿਰਪੱਖ, ਨਿਧੜਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਅਸੂਲ ਉਤੇ ਪਹਿਰਾ ਵੀ ਦਿਤਾ ਹੈ।"



ਇਸ ਮੌਕੇ ਹਰਜਿੰਦਰ ਸਿੰਘ ਜੌਹਲ ਨੇ ਕਿਹਾ ਕਿ 'ਪੰਜਾਬ ਟਾਈਮਜ਼' ਵਿਚ ਉਹ ਕਲਾਤਮਿਕਤਾ ਹੈ ਜੋ ਅਖਬਾਰ ਵਿਚ ਹੋਣੀ ਚਾਹੀਦੀ ਹੈ। ਸ. ਮਨਿੰਦਰ ਚਾਹਲ ਨੇ ਕਿਹਾ ਕਿ 'ਪੰਜਾਬ ਟਾਈਮਜ਼' ਇਸ ਫੰਡ ਰੇਜ਼ਿੰਗ ਦਾ ਹੱਕਦਾਰ ਹੈ ਅਤੇ ਸਭ ਦਾ ਫਰਜ਼ ਹੈ ਕਿ ਬਣਦਾ ਯੋਗਦਾਨ ਪਾਈਏ। ਡਾ. ਚਰਨਜੀਤ ਸਿੰਘ ਉਪਲ ਨੇ ਕਿਹਾ ਕਿ 'ਪੰਜਾਬ ਟਾਈਮਜ਼' ਨੇ ਹਮੇਸ਼ਾ ਨਿਰਪੱਖ ਅਤੇ ਨਿਧੜਕ ਸੋਚ ਦੀ ਪੈਰਵੀ ਕਰਦਿਆਂ ਜ਼ਿੰਮੇਵਾਰ ਪੱਤਰਕਾਰੀ ਉਤੇ ਪਹਿਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਗੋਲਡਨ ਪੰਜਾਬ ਕਲੱਬ ਨੇ ਅੱਜ ਇਹ ਉਪਰਾਲਾ ਕਰਕੇ ਅਮੋਲਕ ਸਿੰਘ ਜੰਮੂ ਦੀ 14 ਵਰ੍ਹਿਆਂ ਦੀ ਅਣਥੱਕ ਮਿਹਨਤ ਨੂੰ ਸਜਦਾ ਕੀਤਾ ਹੈ।

ਉਚੇਚੇ ਤੌਰ 'ਤੇ ਪਹੁੰਚੇ ਸ. ਦਰਸ਼ਨ ਸਿੰਘ ਸਰਪੰਚ (ਇੰਡੀਆ) ਨੇ ਅਮੋਲਕ ਸਿੰਘ ਜੰਮੂ ਦੀ ਸਿਹਤਯਾਬੀ ਲਈ ਅਰਦਾਸ ਕਰਦਿਆਂ ਰੱਬ ਨੂੰ ਉਲ੍ਹਾਮਾ ਦਿੱਤਾ ਕਿ ਰੱਬ ਨੇ ਘਾਤਕ ਰੋਗ ਲਾ ਕੇ ਉਸ ਨੂੰ ਵੱਡੇ ਸੰਕਟ ਵਿਚ ਪਾਇਆ ਹੈ।

ਇਸ ਵਿਸ਼ੇਸ਼ ਮੌਕੇ 'ਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਯਤਨਸ਼ੀਲ ਜੇਮਜ਼ ਲੋਗਨ ਹਾਈ ਸਕੂਲ ਦੇ ਅਧਿਆਪਕ ਹਰਪਾਲ ਸਿੰਘ ਰਾਣਾ ਨੂੰ ਸਨਮਾਨਿਤ ਕੀਤਾ ਗਿਆ। ਸਮੂਹ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਕਲਾਸ ਵਿਚ ਦਾਖਲ ਕਰਾਉਣ ਦੀ ਬੇਨਤੀ ਵੀ ਕੀਤੀ ਗਈ। ਡਾ. ਬਲਜੀਤ ਜੰਮੂ ਅਤੇ ਸ਼ਾਇਰ ਤਾਰਾ ਸਿੰਘ ਸਾਗਰ ਵਲੋਂ ਲਗਾਤਾਰ ਫੰਡ ਇੱਕਠਾ ਕੀਤਾ ਗਿਆ ਅਤੇ ਤਾਰਾ ਸਿੰਘ ਸਾਗਰ ਨੇ ਅਖੀਰ ਵਿਚ ਆਏ ਸਾਰੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਇਸ ਉਦਮ ਲਈ ਗੋਲਡਨ ਪੰਜਾਬ ਕਲੱਬ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ।

ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਪੰਜਾਬੀ ਫੁਲਵਾੜੀ ਕੋਰਪ ਦੀ ਆਰਗੇਨਾਈਜ਼ਰ ਕੁਲਮੀਤ ਜੱਜ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਜਸਵੀਰ ਸਿੰਘ ਭੰਵਰਾ ਨੇ ਇਸ ਸਮੁੱਚੇ ਪ੍ਰੋਗਰਾਮ ਦੀ ਮੂਵੀ ਬਣਾਈ ਅਤੇ ਕਹਾਣੀਕਾਰ ਰਾਠੇਸ਼ਵਰ ਸਿੰਘ ਸੂਰਾਪਰੀ ਅਤੇ ਗੋਲਡਨ ਪੰਜਾਬ ਕਲੱਬ ਦੇ ਵੈਬ ਐਡਮਿਨ ਸ਼ਾਹਬਾਜ਼ ਸੰਧੂ ਨੇ ਫੋਟੋਗ੍ਰਾਫੀ ਕੀਤੀ। ਡੀ.ਜੇ. ਰਾਜੂ ਢੋਲੀ ਦਾ ਸੀ। ਰੰਗਮੰਚ ਨਿਰਦੇਸ਼ਕ ਅਸ਼ੋਕ ਟਾਂਗਰੀ ਵੀ ਉਚੇਚਾ ਪਹੁੰਚੇ।




ਇਸ ਫੰਡ ਰੇਜ਼ਿੰਗ ਸਮਾਗਮ ਵਿਚ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਦਲਵੀਰ ਦਿਲ ਨਿੱਜਰ, ਮੁਹਿੰਦਰ ਸਿੰਘ ਘੱਗ, ਜੱਸ ਫਿਜ਼ਾ, ਰਾਠੇਸ਼ਵਰ ਸਿੰਘ ਸੂਰਾਪਰੀ ਤੇ ਇੰਦਰਜੀਤ ਗਰੇਵਾਲ, ਗੋਲਡਨ ਪੰਜਾਬ ਕਲੱਬ ਵਲੋਂ ਪ੍ਰੋ. ਦਰਸ਼ਨ ਸਿੰਘ ਔਜਲਾ, ਬਲਜਿੰਦਰ ਸਿੰਘ ਸਵੈਚ, ਸੰਤੋਖ ਸਿੰਘ ਤੱਖਰ, ਲਾਜ ਸੈਣੀ ਅਤੇ ਨੀਲਮ ਸੈਣੀ, ਡਾ. ਬਲਜੀਤ ਜੰਮੂ ਤੇ ਤਾਰਾ ਸਿੰਘ ਸਾਗਰ ਨੇ ਵਧ-ਚੜ੍ਹ ਕੇ ਹਿੱਸਾ ਲਿਆ।



ਹੋਰ ਮਹਿਮਾਨਾਂ ਵਿਚ ਅਵਤਾਰ ਸਿੰਘ ਧਾਮੀ, ਸਿਮਰਨਜੀਤ ਕੌਰ, ਪੰਜਾਬੀ ਫੁਲਵਾੜੀ ਕੋਰਪ ਵਲੋਂ ਨਾਡੀਆ ਢਿੱਲੋਂ, ਟੀਨਾ ਢਿੱਲੋਂ, ਪੰਜਾਬ ਢਿੱਲੋਂ, ਦਰਸ਼ਨ ਪਾਲ ਢਿੱਲੋਂ, ਜੇ.ਕੇ. ਬਰੋਕਰਜ਼ ਜਗਰੂਪ ਜੱਜ ਤੇ ਕੁਲਮੀਤ ਜੱਜ, ਸੁਖਦੇਵ ਸਿੰਘ, ਕਮਲਜੀਤ ਕੌਰ, ਜਗਦੀਸ਼ ਫਗਵਾੜਾ, ਸੁਖਨਿੰਦਰ ਕੌਰ ਭੰਗਾਲ, ਸਰਬਜੀਤ ਸਿੰਘ ਸਰਾਏ, ਕੁਲਵੰਤ ਸਿੰਘ, ਮਲਵਿੰਦਰ ਸਿੰਘ ਮੰਡ ਅਤੇ ਬਲਵਿੰਦਰ ਕੌਰ ਮੰਡ, ਰਣਬੀਰ ਸਿੰਘ ਗਿੱਲ, ਪਰਮਜੀਤ ਰੰਧਾਵਾ, ਅਮਰਜੀਤ ਸਿੰਘ ਬਰਾੜ, ਚਮਕੌਰ ਧਾਲੀਵਾਲ, ਰਣਧੀਰ ਸਿੰਘ, ਸੰਜੀਵ ਸਿੰਘ ਤੂਰ, ਵਿਕਰਮਜੀਤ ਸਿੰਘ, ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕ), ਹਰਮਿੰਦਰ ਸਿੰਘ ਸੋਢੀ, ਬਲਬੀਰ ਸਿੰਘ ਭਾਟੀਆ, ਜਸਵੰਤ ਸਿੰਘ, ਬਲਬੀਰ ਕੌਰ ਸੰਧੂ, ਸਰਬਜੀਤ ਸਿੰਘ ਨਾਗੀ, ਮਿਸਟਰ ਐਂਡ ਮਿਸਟਰ ਯੂ.ਐਸ.ਏ. ਪੇਜੈਂਟ ਦੀ ਆਰਗੇਨਾਈਜ਼ਰ ਪਰਮੀਤ ਰੰਧਾਵਾ ਹਾਜ਼ਰ ਸਨ।







# ਜੂਨ '84 ਦੇ ਘੱਲੂਘਾਰੇ ਦੀ ਵਰ੍ਹੇਗੰਢ ਮੌਕੇ ਸਮਾਗਮ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਇਲਾਕੇ ਦੇ ਸਿੱਖ ਨੌਜਵਾਨਾਂ ਅਤੇ ਸੰਗਤ ਵਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਅਤੇ ਜੂਨ '84 ਦੇ ਘੱਲੂਘਾਰੇ ਨੂੰ ਸਮਰਪਿਤ ਸਮਾਗਮ ਕੀਤਾ ਗਿਆ। ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਭਾਈ ਮਨਜੀਤ ਸਿੰਘ ਪੱਤੜ ਅਤੇ ਭਾਈ ਸੁਖਚੈਨ ਸਿੰਘ ਢੇਹਰੀਵਾਲ ਦੇ ਕਵੀਸ਼ਰੀ ਜਥੇ ਨੇ ਜੋਸ਼ੀਲੀਆਂ ਵਾਰਾਂ ਪੇਸ਼ ਕੀਤੀਆਂ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਲਸ਼ਮਣ ਸਿੰਘ ਰਠੌੜ, ਸੈਨਵਾਕੀਨ ਸਿਟੀ ਦੀ ਮੇਅਰ ਰੂਬੀ ਧਾਲੀਵਾਲ, ਅਰਵਿੰਦਰ ਸਿੰਘ ਲਾਖਨ, ਹਰਬਲਾਸ ਸਿੰਘ ਝਿੰਗੜ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਤੋਂ ਸਾਨੂੰ ਸੇਧ ਲੈਣੀ ਚਾਹੀਦੀ ਹੈ ਜਿਨ੍ਹਾਂ ਨੇ ਸ਼ਾਂਤੀ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ। ਜੂਨ '84 ਦੇ ਘੱਲੂਘਾਰੇ ਬਾਰੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਇਹ ਸਿੱਖ ਕੌਮ ਦੇ ਖਿਲਾਫ ਕੀਤੀ ਗਈ ਘਿਨਾਉਣੀ ਕਾਰਵਾਈ ਸੀ ਜਿਸ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰਵਿੰਦਰ ਸਿੰਘ ਬੋਇਲ ਮਕਸੂਦਪੁਰ ਵਲੋਂ ਨਿਭਾਈ ਗਈ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਅਤੇ ਸਿੱਖ ਨੌਜਵਾਨਾਂ ਵਲੋਂ ਭਾਈ ਮਨਜੀਤ ਸਿੰਘ ਪੱਤੜ ਦੇ ਜਥੇ ਅਤੇ ਰੂਬੀ ਧਾਲੀਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਲਾਈ ਗਈ।

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਸੁਰ ਤੇ ਸਰੋਦ ਦੀ ਜੁਗਲਬੰਦੀ




## ਹੌਲੇ ਹੌਲੇ

## ...ਦੇਵਿਕਾ ਚਾਵਲਾ



### ਕਲਾ ਪਰਿਕਰਮਾ

ਸਰੋਦ ਵਾਦਕ ਅਮਾਨ ਅਲੀ ਖਾਨ ਅਤੇ ਅੱਯਾਨ ਅਲੀ ਖਾਨ ਸਾਂ ਫਰਾਂਸਿਸਕੋ ਵੱਸਦੀ ਗਾਇਕਾ ਦੇਵਿਕਾ ਚਾਵਲਾ ਨਾਲ ਨਵਾਂ ਗੀਤ 'ਹੌਲੇ ਹੌਲੇ' ਤਿਆਰ ਕਰ ਰਹੇ ਹਨ। ਇਸ ਗੀਤ ਲਈ ਆਵਾਜ਼ ਦੇਵਿਕਾ ਦੀ ਹੋਵੇਗੀ ਅਤੇ ਦੋਵੇਂ ਅਲੀ ਭਰਾ ਇਸ ਗੀਤ ਲਈ ਸਰੋਦ ਵਾਦਨ ਕਰਨਗੇ। ਇਸ ਗੀਤ ਦੀ ਰੂਪ ਰੇਖਾ ਉਸ ਵੇਲੇ ਬਣਨੀ ਸ਼ੁਰੂ ਹੋਈ ਸੀ ਜਦੋਂ ਦੋਵੇਂ ਭਰਾ ਆਪਣੀ ਅਮਰੀਕਾ ਫੇਰੀ ਦੌਰਾਨ ਸਾਂ ਫਰਾਂਸਿਸਕੋ ਆਏ ਸਨ। ਇਸ ਗੀਤ ਦੀ ਰਿਕਾਰਡਿੰਗ ਸਾਂ ਫਰਾਂਸਿਸਕੋ ਵਿਚ ਹੋ ਚੁੱਕੀ ਹੈ ਅਤੇ ਇਹ ਜਲਦੀ ਹੀ ਰਿਲੀਜ਼ ਕੀਤਾ ਜਾ ਰਿਹਾ ਹੈ।

ਦੇਵਿਕਾ ਚਾਵਲਾ ਭਾਰਤੀ ਪੌਪ ਗਾਇਕਾ ਵਜੋਂ ਪਹਿਲਾਂ ਹੀ ਮਸ਼ਹੂਰ ਹੈ ਅਤੇ ਉਹ ਖੁਦ ਗੀਤ ਵੀ ਲਿਖਦੀ ਹੈ। ਉਹ ਉਦੋਂ ਸਿਰਫ਼ 8 ਸਾਲ ਦੀ ਸੀ ਜਦੋਂ ਨਵੀਂ ਦਿੱਲੀ ਵਿਚ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕਰ ਦਿੱਤੀ ਸੀ। ਉਸ ਨੇ ਹਿੰਦੋਸਤਾਨੀ ਕਲਾਸੀਕਲ ਸੰਗੀਤ ਦਾ ਨਿੱਠ ਕੇ ਅਧਿਆਨ ਕੀਤਾ ਅਤੇ ਫਿਰ ਉਹ ਕੰਪਿਊਟਰ ਸਾਇੰਸ ਦੀ ਪੜ੍ਹਾਈ ਲਈ ਅਮਰੀਕਾ ਦੀ ਜਾਰਜਟਾਊਨ ਯੂਨੀਵਰਸਿਟੀ ਵਿਖੇ ਆਣ ਪੁੱਜੀ। ਇਸ ਯੂਨੀਵਰਸਿਟੀ ਵਿਚ ਆਉਣ ਤੋਂ ਬਾਅਦ ਉਸ ਨੇ ਸੰਗੀਤ ਵੱਲ ਪਹਿਲਾਂ ਨਾਲੋਂ ਰਤਾ ਕੁ ਵੱਧ ਧਿਆਨ ਦਿੱਤਾ ਅਤੇ ਫਿਰ ਛੇਤੀ ਹੀ ਉਹ ਸੰਗੀਤ ਦੇ ਅੰਬਰ ਵਿਚ ਉਚੀਆਂ ਉਡਾਰੀਆਂ ਲਾਉਣ ਲੱਗ ਪਈ। ਉਸ ਨੇ ਭਾਰਤੀ ਕਲਾਸੀਕਲ ਸੰਗੀਤ ਅਤੇ ਪੱਛਮੀ ਧੁਨਾਂ ਦਾ ਆਪਣੇ ਹੀ ਢੰਗ ਨਾਲ ਫਿਊਜ਼ਨ (ਸੁਮੇਲ) ਪੇਸ਼ ਕੀਤਾ ਅਤੇ ਇਸ ਸੰਗੀਤ-ਸੁਮੇਲ ਰਾਹੀਂ ਉਹ ਸਰੋਤਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਰਹੀ।

ਸਭ ਤੋਂ ਪਹਿਲਾਂ ਦੇਵਿਕਾ ਚਾਵਲਾ ਨੇ ਸ਼ਾਹਜ਼ਾਦ ਹਸਨ ਸ਼ਾਹੀ ਨਾਲ ਐਲਬਮ ਰਿਕਾਰਡ ਕੀਤੀ ਸੀ। ਇਸ ਤੋਂ ਬਾਅਦ ਨੂਰ ਲੋਧੀ, ਮਨੇਸ਼ ਜੱਜ ਅਤੇ ਆਂਸ਼ੂਮਨ ਚੰਦਰ ਨਾਲ ਵੀ ਜੁਗਲਬੰਦੀ ਵੀ ਕੀਤੀ। 'ਕਹਿੰਦੇ ਨੇ ਨੈਣਾਂ' ਗੀਤ ਨਾਲ ਉਹ ਬੜੀ ਚਰਚਿਤ ਹੋਈ। ਉਸ ਨੇ ਪ੍ਰਸਿੱਧ ਪੰਜਾਬੀ ਰੈਪਰ ਬੋਹੇਮੀਆ ਦੀ ਐਲਬਮ 'ਦਿ ਰੈਪ ਸਟਾਰ' ਵਿਚ ਚਾਰ ਗੀਤਾਂ ਵਿਚ ਸ਼ਿਰਕਤ ਕੀਤੀ। ਇਨ੍ਹਾਂ ਵਿਚ 'ਏਕ ਤੇਰਾ ਪਿਆਰ' ਬਹੁਤ ਮਸ਼ਹੂਰ ਹੋਇਆ। 2009 ਵਿਚ ਦੇਵਿਕਾ ਦੀ ਦੂਜੀ ਐਲਬਮ 'ਸਾਰੀ ਰਾਤ' ਰਿਲੀਜ਼ ਹੋਈ ਅਤੇ ਹਿੱਟ ਰਹੀ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਨੇ ਵੇਖਿਆ।

> *ਦੇਵਿਕਾ ਚਾਵਲਾ ਭਾਰਤੀ ਪੌਪ ਗਾਇਕਾ ਵਜੋਂ ਪਹਿਲਾਂ ਹੀ ਮਸ਼ਹੂਰ ਹੈ ਅਤੇ ਉਹ ਖੁਦ ਗੀਤ ਵੀ ਲਿਖਦੀ ਹੈ। ਉਹ ਉਦੋਂ ਸਿਰਫ਼ 8 ਸਾਲ ਦੀ ਸੀ ਜਦੋਂ ਨਵੀਂ ਦਿੱਲੀ ਵਿਚ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕਰ ਦਿੱਤੀ ਸੀ। ਉਸ ਨੇ ਹਿੰਦੋਸਤਾਨੀ ਕਲਾਸੀਕਲ ਸੰਗੀਤ ਦਾ ਨਿੱਠ ਕੇ ਅਧਿਆਨ ਕੀਤਾ ਅਤੇ ਫਿਰ ਉਹ ਪੜ੍ਹਾਈ ਲਈ ਅਮਰੀਕਾ ਦੀ ਜਾਰਜਟਾਊਨ ਯੂਨੀਵਰਸਿਟੀ ਆਣ ਪੁੱਜੀ। ਇਸ ਯੂਨੀਵਰਸਿਟੀ ਵਿਚ ਉਸ ਨੇ ਸੰਗੀਤ ਵੱਲ ਪਹਿਲਾਂ ਨਾਲੋਂ ਰਤਾ ਕੁ ਵੱਧ ਧਿਆਨ ਦਿੱਤਾ।*

ਅਮਾਨ ਅਲੀ ਖਾਨ ਉਸਤਾਦ ਅਮਜਦ ਅਲੀ ਖਾਨ ਦੇ ਵੱਡੇ ਪੁੱਤਰ ਹਨ। ਉਹਦਾ ਜਨਮ 1977 ਵਿਚ ਹੋਇਆ ਸੀ। ਉਹ ਵੀ ਛੋਟੀ ਉਮਰ ਵਿਚ ਹੀ ਸਰੋਦ ਸਿੱਖਣ ਲੱਗ ਪਿਆ ਸੀ ਅਤੇ 8 ਸਾਲ ਦੀ ਉਮਰ ਵਿਚ ਉਸ ਨੇ ਪ੍ਰੋਗਰਾਮ ਵੀ ਪੇਸ਼ ਕਰ ਦਿੱਤਾ ਸੀ। ਅੱਯਾਨ ਅਲੀ ਖਾਨ ਦਾ ਜਨਮ ਸਾਲ 1979 ਦਾ ਹੈ। ਉਸ ਨੇ ਵੀ ਬਚਪਨ ਵਿਚ ਹੀ ਸਰੋਦ ਦੀਆਂ ਤਾਰਾਂ ਛੇੜਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਫਿਰ ਉਹ ਆਪਣੇ ਵਾਲਿਦ ਉਸਤਾਦ ਅਮਜਦ ਅਲੀ ਖਾਨ ਦੇ ਪ੍ਰੋਗਰਾਮਾਂ ਵਿਚ ਸਰੋਦ ਵਜਾਉਣ ਲੱਗ ਪਿਆ। ਹੁਣ ਤੱਕ ਦੋਹਾਂ ਭਰਾਵਾਂ ਨੇ ਰਲ ਕੇ ਅਣਗਿਣਤ ਪ੍ਰੋਗਰਾਮ ਪੇਸ਼ ਕੀਤੇ ਹਨ। ਉਨ੍ਹਾਂ ਦੀ ਸੂਫੀ ਸੰਗੀਤ ਵਾਲੀ ਐਲਬਮ 'ਰੰਗ' 2012 ਵਿਚ ਆਈ ਸੀ। ਪਿਛਲੇ ਸਾਲ ਅਕਤੂਬਰ ਵਿਚ ਹੀ ਉਨ੍ਹਾਂ ਦੀ ਇਕ ਹੋਰ ਐਲਬਮ 'ਹੈੱਡ ਵਾਟਰਜ਼' ਰਿਲੀਜ਼ ਹੋਈ ਹੈ।

ਦੋਹਾਂ ਭਰਾਵਾਂ ਨੇ ਆਪਣੇ ਸੰਗੀਤਕ ਸਫਰ ਦੀ ਸ਼ੁਰੂਆਤ ਵਿਚ ਹੀ ਜਿਸ ਢੰਗ ਨਾਲ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ, ਸਰੋਤਿਆਂ ਨੇ ਉਨ੍ਹਾਂ ਦੀ ਫਰਮਾਇਸ਼ ਕਰਨੀ ਆਰੰਭ ਕਰ ਦਿੱਤੀ। ਇਸ ਨਾਲ ਦੋਹਾਂ ਨੂੰ ਬਹੁਤ ਉਤਸ਼ਾਹ ਮਿਲਿਆ ਅਤੇ ਉਨ੍ਹਾਂ ਨੇ ਵੱਖਰੇ ਤੌਰ 'ਤੇ ਪ੍ਰੋਗਰਾਮਾਂ ਵਿਚ ਸ਼ਿਰਕਤ ਕੀਤੀ। ਉਹ ਆਖਦੇ ਹਨ ਕਿ ਇਹ ਉਨ੍ਹਾਂ ਦੀ ਲਗਨ ਅਤੇ ਮਿਹਨਤ ਦਾ ਹੀ ਸਿੱਟਾ ਹੈ। ਦੂਜੇ, ਉਨ੍ਹਾਂ ਨੂੰ ਉਸਤਾਦ ਅਮਜਦ ਅਲੀ ਖਾਨ ਦੇ ਰੂਪ ਵਿਚ ਰਾਹ-ਦਸੇਰਾ ਮਿਲ ਗਿਆ ਜਿਨ੍ਹਾਂ ਨੇ ਉਂਗਲੀ ਫੜ ਕੇ ਉਨ੍ਹਾਂ ਨੂੰ ਸੰਗੀਤ ਦੀ ਗਲੀ ਵਿਚ ਤੋਰਿਆ। ਇਸ ਪੱਖ ਤੋਂ ਉਹ ਖੁਦ ਨੂੰ ਖੁਸ਼ਕਿਸਮਤ ਸਮਝਦੇ ਹਨ।

## ਉਸਤਾਦ ਅਮਜਦ ਅਲੀ ਖਾਨ ਦੀ ਉਸਤਾਦੀ

*ਉਸਤਾਦ ਅਮਜਦ ਅਲੀ ਖਾਨ (9 ਅਕਤੂਬਰ 1945) ਦੇ ਪਰਿਵਾਰ ਦਾ ਸੰਗੀਤ ਨਾਲ ਸਬੰਧ 1960ਵਿਆਂ ਤੋਂ ਹੈ। ਉਨ੍ਹਾਂ ਖੁਦ ਆਪਣੇ ਪੁੱਤਰਾਂ ਨੂੰ ਸਰੋਦ ਵਾਦਨ ਲਈ ਤਿਆਰ ਕੀਤਾ। ਪਹਿਲਾਂ-ਪਹਿਲ ਉਹ ਦੋਹਾਂ ਨੂੰ ਆਪਣੇ ਨਾਲ ਲੈ ਕੇ ਜਾਂਦੇ ਸਨ ਅਤੇ ਫਿਰ ਦੋਵੇਂ ਉਡਾਰ ਹੋ ਗਏ ਤੇ ਆਪੋ-ਆਪਣੇ ਪ੍ਰੋਗਰਾਮ ਕਰਨ ਲੱਗੇ।*



# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਜੂਨ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-121



*ਮੋਰ, ਕੁੱਕੜ, ਕੁਕੜੀ ਰੇਤਾ ਭਾਲਦੇ,*
*ਡਰਦੇ ਰਾਖੀ ਕੁੱਤਾ ਲੋਕ ਬਹਾਲਦੇ !*

## ਕੈਪਸ਼ਨ ਮੁਕਾਬਲਾ-119



ਨਵੀਂ ਨਵੇਲੀ ਸੂਹਾ ਚੂੜਾ
ਸੂਹਾ ਸੂਟ ਸੁਹਾਵੇ।
ਮਨ ਵੀ ਹੱਸੇ, ਤਨ ਵੀ ਹੱਸੇ
ਜੁੱਤੀ ਮਖ਼ਮਲੀ ਪੈਰੀਂ ਪਾਵੇ।
ਸ਼ਗਨਾਂ ਵਾਲੇ ਦਿਨ ਆਏ ਨੇ
ਚਾਅ ਨਾ ਚੁੱਕਿਆ ਜਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਸੂਟ ਪਟਿਆਲਾ ਸ਼ਾਹੀ,
ਪੈਰੀਂ ਹੈ ਪੰਜਾਬੀ ਜੁੱਤੀ,
ਨਾਲੇ ਮੁਟਿਆਰ ਪਾਈਆਂ
ਪੈਰਾਂ ਵਿਚ ਝਾਂਜਰਾਂ।
ਤੁਰਦੀ ਏ ਜਦੋਂ ਪੈਂਦੀ
ਧਮਕ ਕੈਨੇਡਾ ਤੀਕ,
ਲੱਗਦੀ ਹੈ ਨੱਢੀ ਦੇਖੋ
ਪਰੀਆਂ ਦੇ ਵਾਂਗਰਾ।
ਅੱਜ ਕੱਲ੍ਹ ਕੁੜੀਆਂ ਦੀ
ਜੀਨਾਂ ਨੇ ਹੈ ਮੱਤ ਮਾਰੀ।
ਸੂਟ ਪੰਜਾਬੀ ਦੀ ਹੈ
ਟੌਹਰ ਵੱਖਰੀ ਤੇ ਨਿਆਰੀ।

***-ਗੋਰਾ ਪ੍ਰਜਾਪਤ***
***ਫੋਨ: 718-690-8403***

---

ਜੁੱਤੀ ਕਸੂਰੀ ਪੈਰੀਂ ਨਾ ਪੂਰੀ,
ਪਰ ਫੇਸਬੁੱਕ 'ਤੇ ਪਾਉਣ ਲਈ,
ਫੋਟੋ ਖਿਚਵਾਉਣੀ ਵੀ ਜ਼ਰੂਰੀ।
ਜਲਦੀ ਜਲਦੀ ਫੋਟੋ ਖਿੱਚ ਕੇ
ਕਰ ਲਈ ਮੈਂ ਸੱਧਰ ਪੂਰੀ।

***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਸੁਘੜ ਸਿਆਣੀ ਪੰਜਾਬ ਦੀ ਧੀ ਹਾਂ
ਗਿੱਧੇ ਦੀ ਮੈਂ ਖਿੱਚਾਂ ਤਿਆਰੀ।
ਪੈਰੀਂ ਪੰਜੇਬਾਂ ਪਾ ਮੈਚਿੰਗ ਜੁੱਤੀ
ਫੱਬੂੰ ਮੈਂ ਤੇ ਲੱਗੂੰ ਨਿਆਰੀ।
ਨੱਚ ਨੱਚ ਅੱਜ ਪਾਊਂ ਧਮਾਲਾਂ
ਲਾਜ ਰੱਖੂੰ ਬਾਬਲ ਦੇ ਚੀਰੇ ਦੀ।
ਸਾਰੀਆਂ ਸੱਧਰਾਂ ਕਰੂੰ ਪੂਰੀਆਂ
ਸ਼ਾਦੀ ਹੈ ਅੱਜ ਮੇਰੇ ਵੀਰੇ ਦੀ।

***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਪੈਰੀਂ ਲਾਲ ਜੁੱਤੀ
ਤੇ ਹੱਥੀ ਲਾਲ ਚੂੜਾ,
ਛਣਕਾ ਕੇ ਝਾਂਜਰ
ਉਹ ਮਸਤ ਚਾਲ ਲੰਘ ਗਏ।
ਤੰਗ ਜੁੱਤੀ ਨੇ ਆਖਰ
ਤੰਗ ਬੜਾ ਕੀਤਾ,
ਜੀਭ ਦੰਦਾਂ ਥੱਲੇ ਲੈ
ਹਾਲੋਂ ਬੇ-ਹਾਲ ਲੰਘ ਗਏ।

***-ਅਮਰਜੀਤ ਅਮਰ***
***ਫੋਨ: 408-401-4034***

---

ਜੁੱਤੀ ਜਰਕੇ, ਝਾਂਜਰ ਛਣਕੇ
ਟੌਹਰ ਸ਼ੌਕੀਨਣ ਦੀ।
ਮਾਤ ਮੋਰਾਂ ਨੂੰ ਜਾਵੇ ਪਾਉਂਦੀ
ਤੋਰ ਸ਼ੌਕੀਨਣ ਦੀ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਪਾਇਆ ਲਾਲ ਸੂਟ, ਸਿਰ ਲਾਲ ਚੁੰਨੀ
ਤੇ ਹੱਥੀਂ ਚੂੜਾ ਸ਼ਗਨਾਂ ਵਾਲਾ।
ਚਾਂਦੀ ਦੀਆਂ ਪੰਜੇਬਾਂ ਪਾਈਆਂ
ਉਤੋਂ ਜੁੱਤੀ ਦਾ ਵੀ ਟੌਹਰ ਨਿਰਾਲਾ।
ਨੀ ਸੁਣ ਜੱਟੀਏ ਪੰਜਾਬ ਦੀਏ
ਜਿਹਦੀ ਬਣਨੈਂ ਹੋਊ ਕਰਮਾਂ ਵਾਲਾ।

***-ਪਰਸ਼ੋਤਮ ਸਿੰਘ ਯੂਬਾ ਸਿਟੀ***

# ਸਿੱਖ ਜਥੇਬੰਦੀਆਂ ਪ੍ਰਭੁਸੱਤਾ ਦੇ ਸਵਾਲ ਬਾਰੇ ਰਾਇਸ਼ੁਮਾਰੀ ਕਰਵਾਉਣਗੀਆਂ

**ਨਿਊ ਯਾਰਕ (ਬਿਊਰੋ):** ਦਰਬਾਰ ਸਾਹਿਬ 'ਤੇ ਫੌਜੀ ਹਮਲੇ ਅਤੇ ਕਤਲੇਆਮ ਦੀ 30ਵੀਂ ਬਰਸੀ ਦੇ ਮੌਕੇ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਯੂ.ਐਨ. ਹੈਡਕੁਆਰਟਰ ਅੱਗੇ ਇਕੱਠੇ ਹੋਏ ਅਤੇ ਐਲਾਨ ਕੀਤਾ ਗਿਆ ਕਿ ਸਾਲ 2020 ਵਿਚ ਵਿਦੇਸ਼ਾਂ ਵਿਚ ਵੱਸੇ ਸਿੱਖ ਭਾਈਚਾਰੇ ਵਿਚ




ਪ੍ਰਭੁਸੱਤਾ ਰਾਇਸ਼ੁਮਾਰੀ ਕਰਵਾਈ ਜਾਵੇਗੀ।

ਯੂ.ਐਨ. ਅੱਗੇ ਇਕੱਠੇ ਹੋਏ ਸਿੱਖਾਂ ਨੂੰ ਸੰਬੋਧਨ ਕਰਦਿਆਂ ਯੂ.ਐਨ. ਮਨੁੱਖੀ ਅਧਿਕਾਰਾਂ ਦੀ ਕੌਂਸਲ ਦੀ ਰੈਗੂਲਰ ਇਨਵਾਇਟੀ ਅਤੇ ਇਸ ਮੁੱਦੇ ਦੀ ਮਾਹਿਰ ਕਰੇਨ ਪਾਰਕਰ ਨੇ ਕਿਹਾ ਕਿ ਖੁਦਮੁਖਤਿਆਰੀ ਦਾ ਅਧਿਕਾਰ ਤਾਂ ਸਾਰੇ ਲੋਕਾਂ ਲਈ ਕਦੀ ਵੀ ਵੱਖਰਾ ਨਾ ਕੀਤਾ ਜਾਣ ਵਾਲਾ ਅਧਿਕਾਰ ਹੈ ਤੇ ਇਸ ਨੂੰ ਕਿਸੇ ਵੀ ਹਾਲਾਤ ਵਿਚ ਕਿਸੇ ਤੋਂ ਖੋਹਿਆ ਨਹੀਂ ਜਾ ਸਕਦਾ। ਪੰਜਾਬ ਦੇ ਮੂਲ ਵਾਸੀ ਹੋਣ ਦੇ ਨਾਤੇ ਇਨ੍ਹਾਂ ਦਾ ਇਕ ਖਿਤੇ ਵਾਲਾ ਪ੍ਰਭੁਸੱਤਾ ਵਾਲਾ ਇਤਿਹਾਸਕ ਰਾਜ ਹੈ ਅਤੇ ਸੰਗਠਿਤ ਧਰਮ ਹੈ, ਇਸ ਲਈ ਸਿੱਖ ਸਪਸ਼ਟ ਤੌਰ 'ਤੇ ਉਹ ਲੋਕ ਹਨ ਜਿਨ੍ਹਾਂ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਪ੍ਰਭੁਸੱਤਾ ਦੇ ਸਵਾਲ 'ਤੇ ਸਿੱਖ ਭਾਈਚਾਰੇ ਵਿਚ ਰਾਇਸ਼ੁਮਾਰੀ ਦੀ ਮਹੱਤਤਾ ਦਰਸਾਉਂਦਿਆਂ ਪਾਰਕਰ ਨੇ ਕਿਹਾ ਕਿ ਸੂਚਨਾ ਤਕਨਾਲੋਜੀ ਦੇ ਇਸ ਯੁਗ ਵਿਚ ਜਿਥੇ ਵਿਸ਼ਵ ਇਕ ਗਲੋਬਲ ਪਿੰਡ ਬਣ ਗਿਆ ਹੈ, ਕਿਸੇ ਕੌਮਾਂਤਰੀ ਭਾਈਚਾਰੇ ਦੀ ਰਾਇ ਲੈਣਾ ਉਨੀ ਹੀ ਮਹੱਤਵਪੂਰਨ ਹੈ ਜਿੰਨੀ ਉਨ੍ਹਾਂ ਲੋਕਾਂ ਦੀ ਰਾਇ ਲੈਣਾ ਹੈ ਜੋ ਆਪਣੇ ਗ੍ਰਹਿ ਦੇਸ਼ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਨਾਰਾਜ਼ ਸਿੱਖਾਂ ਅਤੇ ਭਾਰਤ ਸਰਕਾਰ ਵਿਚਕਾਰ ਵਿਵਾਦ ਦਾ ਕਾਰਨ ਸੀ ਭਾਰਤੀ ਸੰਵਿਧਾਨ ਦੀ ਧਾਰਾ 25 ਦੀ ਵਿਆਖਿਆ ਜਿਸ ਵਿਚ ਸਿੱਖਾਂ ਨੂੰ ਹਿੰਦੂ ਦਰਸਾਇਆ ਗਿਆ ਹੈ। ਆਪੂੰ ਐਲਾਨੇ ਜਮਹੂਰੀਅਤ ਅਤੇ ਸੈਕੂਲਰ ਗਣਤੰਤਰ ਵਲੋਂ ਸਿੱਖੀ ਦੀ ਪਛਾਣ ਅਤੇ ਸਿੱਖ ਧਰਮ ਦੇ ਵੱਖਰੇ ਆਜ਼ਾਦ ਰੁਤਬੇ 'ਤੇ ਇਸ ਸੰਵਿਧਾਨਕ ਹਮਲੇ ਦਾ ਵਿਰੋਧ ਕਰਦਿਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸੇ ਧਾਰਾ 25 ਨੂੰ ਖਤਮ ਕਰਨ ਲਈ ਸ਼ੁਰੂ ਵਿਚ ਲਹਿਰ ਦੀ ਅਗਵਾਈ ਕੀਤੀ ਸੀ ਜੋ ਭਾਰਤ ਤੋਂ ਸਿੱਖਾਂ ਲਈ ਵੱਖਰੇ ਇਤਿਹਾਸਕ ਰਾਜ ਪੰਜਾਬ ਦੀ ਮੰਗ ਹੋ ਨਿਬੜੀ।

ਸਿੱਖਾਂ ਦਾ ਦਾਅਵਾ ਹੈ ਕਿ ਇੰਟਰਨੈਸ਼ਨਲ ਕੋਵਨੈਂਟ ਆਨ ਸੋਸ਼ਲ ਐਂਡ ਪੋਲਿਟਿਕਲ ਰਾਈਟਸ ਦੀ ਧਾਰਾ-1 ਅਤੇ ਯੂ.ਐਨ. ਦੇ ਚਾਰਟਰ ਤਹਿਤ ਉਨ੍ਹਾਂ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੈ ਅਤੇ ਆਪਣੇ ਇਤਿਹਾਸਕ ਗ੍ਰਹਿ ਦੇਸ਼ 'ਤੇ ਇਕ ਪ੍ਰਭੁਸੱਤਾ ਰਾਸ਼ਟਰ ਦੀ ਤਰ੍ਹਾਂ ਰਾਜ ਕਰਨ ਦਾ ਅਧਿਕਾਰ ਹੈ। 'ਰਾਇਸ਼ੁਮਾਰੀ 2020' ਵਿਦੇਸ਼ੀ ਸਿੱਖ ਭਾਈਚਾਰੇ ਨੂੰ ਕਹੇਗੀ ਕਿ ਉਹ ਆਪਣਾ ਬਿਆਨ ਦੇਣ ਕਿ ਮੈਂ ਭਾਰਤੀ ਕਬਜ਼ੇ ਵਾਲੇ ਪੰਜਾਬ ਵਿਚ ਇਕ ਪ੍ਰਭੁਸੱਤਾ ਪ੍ਰਾਪਤ ਤੇ ਆਜ਼ਾਦ ਦੇਸ਼ ਦਾ ਨਿਰਮਾਣ ਚਾਹੁੰਦਾ ਹਾਂ, ਇਸ ਆਧਾਰ 'ਤੇ ਕਿ ਸਿੱਖ ਪੰਜਾਬ ਦੇ ਮੂਲ ਦੇਸ਼ ਵਾਸੀ ਹਨ, ਇਨ੍ਹਾਂ ਦਾ ਆਪਣਾ ਇਤਿਹਾਸਕ ਗ੍ਰਹਿ ਦੇਸ਼ ਹੈ, ਵੱਖਰਾ ਧਰਮ ਹੈ ਅਤੇ ਖੁਦਮੁਖਤਿਆਰੀ ਦਾ ਅਧਿਕਾਰ ਪ੍ਰਾਪਤ ਹੈ।

ਵਿਦੇਸ਼ੀ ਸਿੱਖ ਭਾਈਚਾਰੇ ਵਿਚ ਇਹ 'ਰਾਇਸ਼ੁਮਾਰੀ 2020' ਦੀ ਸ਼ੁਰੂਆਤ ਨਿਊ ਯਾਰਕ

## ਸਾਕਾ ਨੀਲਾ ਤਾਰਾ ਦੀ 30ਵੀਂ ਬਰਸੀ ਮਨਾਈ

ਸਥਿਤ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਸ਼ੁਰੂ ਕੀਤੀ ਗਈ ਹੈ।

ਰਾਇਸ਼ੁਮਾਰੀ ਤੇ ਜਨਮਤ ਦੀ ਪ੍ਰਕਿਰਿਆ ਰਾਹੀਂ ਆਪਣੀਆਂ ਸਰਹੱਦਾਂ ਨੂੰ ਬਦਲਣ ਦਾ ਤਰੀਕਾ ਭਾਰਤ ਲਈ ਕੋਈ ਨਵਾਂ ਨਹੀਂ ਹੈ। 1975 ਵਿਚ ਭਾਰਤ ਨੇ ਰਾਇਸ਼ੁਮਾਰੀ ਦੀ ਪ੍ਰਕਿਰਿਆ ਰਾਹੀਂ ਸਿੱਕਮ ਨੂੰ ਵੱਖ ਕਰ ਦਿੱਤਾ ਸੀ। ਹਾਲ ਵਿਚ ਭਾਰਤ ਨੇ ਕ੍ਰੀਮੀਆ ਦੀ ਰਾਇਸ਼ੁਮਾਰੀ ਦੇ ਮੁੱਦੇ 'ਤੇ ਰੂਸ ਦਾ ਵਿਰੋਧ ਕਰ ਰਹੇ ਪੱਛਮੀ ਦੇਸ਼ਾਂ ਦੇ ਖਿਲਾਫ ਵੋਟ ਪਾਈ ਸੀ ਤੇ ਰਾਇਸ਼ੁਮਾਰੀ ਰਾਹੀਂ ਕ੍ਰਿਮੀਆ ਨੂੰ ਵੱਖ ਕਰਨ ਲਈ ਰੂਸ ਦਾ ਸਮਰਥਨ ਕੀਤਾ ਸੀ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂ, ਸੁਖਵਿੰਦਰ ਸਿੰਘ ਠਾਣਾ ਅਤੇ ਅਮਰਦੀਪ ਸਿੰਘ ਨੇ ਕਿਹਾ ਕਿ ਇਸ 'ਪ੍ਰਭੁਸੱਤਾ ਮਾਰਚ' ਵਿਚ ਸਮੁੱਚੇ ਅਮਰੀਕਾ ਵਿਚ ਸਿੱਖ ਗੁਰਦੁਆਰਿਆਂ ਦੀ ਸੰਗਠਿਤ ਜਥੇਬੰਦੀ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੈਨੇਡਾ ਦੀ ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਰਾਇਸ਼ੁਮਾਰੀ 2020 ਵਿਚ ਰਜਿਸਟਰ ਕਰਵਾਉਣ ਤੇ ਵੋਟ ਪਾਉਣ ਲਈ ਯੋਗਤਾ ਹੋਵੇਗੀ ਕਿ ਉਹ ਵਿਅਕਤੀ ਪਹਿਲੀ ਜਨਵਰੀ 2020 ਤੱਕ 18 ਸਾਲ ਦੀ ਉਮਰ ਦਾ ਹੋਵੇ, ਸਿੱਖ ਹੋਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਹੋਵੇ ਅਤੇ ਜਿਸ ਦੇ ਪੂਰਵਜ ਪੰਜਾਬ ਤੋਂ ਹੋਣ। ਵੋਟਰ ਰਜਿਸਟਰੇਸ਼ਨ ਆਨਲਾਈਨ ਉਪਲਬਧ ਹੈ ਤੇ ਇਹ ਪੰਜ ਦੇਸ਼ਾਂ ਵਿਚ ਐਨ.ਜੀ.ਓ. ਦੇ ਦਫਤਰਾਂ ਵਿਚ ਵੀ ਖੁੱਲ੍ਹੀ ਹੈ।




ਇਸ ਮੌਕੇ ਕਈ ਸਿੱਖਾਂ ਨੇ ਐਨ.ਜੀ.ਓ. ਤੇ ਯੂ.ਐਨ. ਕੋਲ ਸ਼ਿਕਾਇਤ ਵੀ ਦਰਜ ਕਰਵਾਈ ਹੈ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਭਾਰਤ ਵਿਚ ਜੂਨ 1984 ਦੇ ਅਪਰਾਧਾਂ ਦੀ ਜਾਂਚ ਕਰਵਾਈ ਜਾਵੇ ਜਿਸ ਦੀ ਅਜੇ ਤੱਕ ਸਜ਼ਾ ਨਹੀਂ ਦਿੱਤੀ ਗਈ ਹੈ। ਸ਼ਿਕਾਇਤ ਵਿਚ ਦਰਜ ਕੀਤਾ ਗਿਆ ਹੈ ਕਿ ਅਪਰੇਸ਼ਨ ਬਲਿਊ ਸਟਾਰ ਦੌਰਾਨ ਭਾਰਤ ਵਲੋਂ ਕੀਤੇ ਗਏ ਅਪਰਾਧ ਜਨੇਵਾ ਕਨਵੈਨਸ਼ਨ ਦੀ ਧਾਰਾ 3, ਪ੍ਰੋਟੈਕਸ਼ਨ ਆਫ ਵਿਕਟਿਮਸ ਆਫ ਨਾਨ ਇੰਟਰਨੈਸ਼ਨਲ ਆਰਮਡ ਕਨਫਲਿਕਟਸ ਲਈ ਪ੍ਰੋਟੋਕੋਲ 2 ਦੀ ਧਾਰਾ 13 ਤੇ 16 ਦੀ ਉਲੰਘਣਾ ਹੈ।

# ਦਸਮੇਸ਼ ਅਕੈਡਮੀ ਚਾਰਟਰ ਸਕੂਲ ਦੀ ਅਪੀਲ ਦੀ ਸੁਣਵਾਈ 24 ਜੂਨ ਨੂੰ

**ਯੂਨੀਅਨ ਸਿਟੀ (ਬਿਊਰੋ):** ਦਸ਼ਮੇਸ਼ ਅਕੈਡਮੀ ਵਲੋਂ ਯੂਨੀਅਨ ਸਿਟੀ ਵਿਚ ਚਾਰਟਰ ਸਕੂਲ ਬਣਾਉਣ ਵਾਲੀ ਪਟੀਸ਼ਨ ਦੀ ਅਪੀਲ ਦੀ ਸੁਣਵਾਈ 24 ਜੂਨ 2014 ਨੂੰ 6:30 ਵਜੇ ਯੂਨੀਅਨ ਸਿਟੀ ਸਕੂਲ ਬੋਰਡ ਦੇ ਸਾਹਮਣੇ ਹੋਵੇਗੀ। ਇਸ ਸੁਣਵਾਈ ਤੋਂ ਬਾਦ ਕਾਉਂਟੀ ਬੋਰਡ ਦਸ਼ਮੇਸ਼ ਅਕੈਡਮੀ ਦੀ ਪਟੀਸ਼ਨ 'ਤੇ ਵਿਚਾਰ ਕਰ ਕੇ ਆਪਣਾ ਫੈਸਲਾ ਦੇਵੇਗਾ।

ਜਾਰੀ ਬਿਆਨ ਅਨੁਸਾਰ ਚਾਰਟਰ ਸਕੂਲਾਂ ਵਿਚ ਕੋਈ ਫੀਸ ਨਹੀਂ ਹੁੰਦੀ ਅਤੇ ਮਾਪੇ ਆਪਣੀ ਮਰਜੀ ਮੁਤਾਬਿਕ ਇਨ੍ਹਾਂ ਵਿਚੋਂ ਕਿਸੇ ਕਿਸਮ ਦੇ ਸਕੂਲ ਵਿਚ ਬੱਚਿਆਂ ਨੂੰ ਭੇਜ ਸਕਦੇ ਹਨ। ਚਾਰਟਰ ਸਕੂਲ ਗੈਰ-ਮੁਨਾਫਾ ਸੰਸਥਾਵਾਂ ਵਲੋਂ ਚਲਾਏ ਜਾਂਦੇ ਹਨ ਜਿਨ੍ਹਾਂ ਨੂੰ ਬੱਚਿਆਂ ਨੂੰ ਪੜ੍ਹਾਉਣ ਦੀ ਜਿੰਮੇਵਾਰੀ ਸਥਾਨਕ ਸਕੂਲ ਬੋਰਡਾਂ ਜਾਂ ਕਾਉਂਟੀ ਬੋਰਡਾਂ ਵਲੋਂ ਦਿਤੀ ਜਾਂਦੀ ਹੈ। ਕਈ ਚਾਰਟਰ ਸਕੂਲ ਫਰੀਮਾਂਟ, ਹੇਵਰਡ, ਓਕਲੈਂਡ ਅਤੇ ਸੈਨ ਹੋਜ਼ੇ ਵਿਚ ਖੁੱਲ ਚੁਕੇ ਹਨ। ਹੋਰ ਜਾਣਕਾਰੀ ਲਈ ਫੋਨ 408-667-3116 ਜਾਂ 510-828-8352 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114




*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸਪੈਕਸ਼ਨ
*ਕਲੱਚ *ਵੈਲਡਿੰਗ

Oil Change Special $179.99
Labour $55 per hour
All major and minor repairs.

ਤਸੱਲੀਬਖਸ਼ ਕੰਮ
ਵਾਜਬ ਰੇਟ

Free Parking






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਸ਼੍ਰੋਮਣੀ ਕਮੇਟੀ ਵੱਲੋਂ ਵਿਵਾਦ ਵਾਲੀ ਜ਼ਮੀਨ ਉਤੇ ਕਬਜ਼ਾ

**ਬਠਿੰਡਾ:** ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਸਖ਼ਤ ਪੁਲਿਸ ਪਹਿਰੇ ਹੇਠ ਪਿੰਡ ਭਾਈ ਰੂਪਾ ਵਿਚ ਲੰਗਰ ਕਮੇਟੀ ਵਾਲੀ 161 ਏਕੜ ਵਿਵਾਦਗ੍ਰਸਤ ਜ਼ਮੀਨ ਦਾ ਕਬਜ਼ਾ ਲੈ ਲਿਆ। ਇਸ ਕਾਰਵਾਈ ਤੋਂ ਪਹਿਲਾਂ ਜ਼ਿਲ੍ਹਾ ਪੁਲਿਸ ਨੇ ਪਿੰਡ ਭਾਈ ਰੂਪਾ ਦੇ ਚਾਰੇ ਪਾਸੇ ਪੁਲਿਸ ਦੀ ਤਾਇਨਾਤੀ ਕਰ ਦਿੱਤੀ ਸੀ। ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਤੇ ਪੁਲਿਸ ਦੀ ਭਾਰੀ ਗਿਣਤੀ ਵਿਚ ਮੌਜੂਦਗੀ ਕਾਰਨ ਲੰਗਰ ਕਮੇਟੀ ਦੀ ਅਗਵਾਈ ਹੇਠ ਇਕੱਠੇ ਹੋਏ ਸੈਂਕੜੇ ਲੋਕਾਂ ਨੇ ਠਰ੍ਹੰਮਾ ਵਰਤਣ ਵਿਚ ਹੀ ਭਲਾ ਸਮਝਿਆ। ਜ਼ਿਲ੍ਹਾ ਪੁਲਿਸ ਨੇ ਉਹ ਸਾਰੇ ਰਾਹ ਬੰਦ ਕੀਤੇ ਹੋਏ ਸਨ ਜਿਨ੍ਹਾਂ ਰਾਹਾਂ 'ਤੇ ਇਹ ਜ਼ਮੀਨ ਪੈਂਦੀ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਤੇ ਪਿੰਡ ਭਾਈ ਰੂਪਾ ਦੀ ਲੰਗਰ ਕਮੇਟੀ ਵਿਚਾਲੇ 161 ਏਕੜ ਜ਼ਮੀਨ ਤੋਂ ਵਿਵਾਦ ਚੱਲਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦਾ ਦਾਅਵਾ ਹੈ ਕਿ ਉਹ ਅਦਾਲਤੀ ਫੈਸਲੇ ਜਿੱਤ ਚੁੱਕੀ ਹੈ ਜਿਸ ਕਰਕੇ ਉਹ ਜ਼ਮੀਨ ਦੀ ਮਾਲਕ ਹੈ। ਲੰਗਰ ਕਮੇਟੀ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੇ ਪੁਰਖਿਆਂ ਦੀ ਜ਼ਮੀਨ ਹੈ ਜੋ ਕੇਸ ਜਿੱਤਣ ਦੀ ਗੱਲ ਆਖੀ ਜਾ ਰਹੀ ਹੈ, ਉਸ ਵਿਚ ਲੰਗਰ ਕਮੇਟੀ ਨੂੰ ਤਾਂ ਧਿਰ ਹੀ ਨਹੀਂ ਬਣਾਇਆ ਗਿਆ ਜੋ ਜ਼ਮੀਨ ਦੀ ਅਸਲੀ ਮਾਲਕ ਹੈ। ਕੁਝ ਸਮਾਂ ਪਹਿਲਾਂ ਦੋਹਾਂ ਧਿਰਾਂ ਵਿਚ ਟਕਰਾਓ ਵੀ ਹੋ ਚੁੱਕਾ ਹੈ।

ਸ਼੍ਰੋਮਣੀ ਕਮੇਟੀ ਦੇ ਪੰਜਾਬ ਭਰ ਵਿਚੋਂ ਮੁਲਾਜ਼ਮ ਪਿੰਡ ਭਾਈ ਰੂਪਾ ਪੁੱਜੇ ਹੋਏ ਸਨ। ਇਕੱਲੀ ਟਾਸਕ ਫੋਰਸ ਦੇ ਹੀ ਤਕਰੀਬਨ 300 ਮੁਲਾਜ਼ਮ ਪਹਿਰੇ 'ਤੇ ਸਨ। ਇਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਦੀਆਂ ਮਹਿਲਾ ਮੁਲਾਜ਼ਮ ਵੀ ਤਾਇਨਾਤ ਸਨ। ਸ਼੍ਰੋਮਣੀ ਕਮੇਟੀ ਦੇ ਦੋ ਦਰਜਨ ਟਰੈਕਟਰਾਂ ਨੇ ਪੂਰਾ ਦਿਨ ਜ਼ਮੀਨ ਵਾਹੀ ਤੇ ਉਸ ਮਗਰੋਂ ਠੇਕੇਦਾਰਾਂ ਦੇ ਹਵਾਲੇ ਕਰ ਦਿੱਤੀ। ਪਤਾ ਲੱਗਾ ਹੈ ਕਿ ਤਕਰੀਬਨ 22 ਲੱਖ ਰੁਪਏ ਵਿਚ ਸ਼੍ਰੋਮਣੀ ਕਮੇਟੀ ਨੇ 161 ਏਕੜ ਜ਼ਮੀਨ ਠੇਕੇ 'ਤੇ ਦਿੱਤੀ ਹੈ। ਲੰਗਰ ਕਮੇਟੀ ਭਾਈ ਰੂਪਾ ਦੀ 161 ਏਕੜ ਜ਼ਮੀਨ ਦੇ ਕਈ ਟੱਕ ਹਨ ਜਿਨ੍ਹਾਂ ਵਿਚੋਂ ਇਹ ਜ਼ਮੀਨ ਭਾਈ ਰੂਪਾ ਰਾਮਪੁਰਾ ਸੜਕ, ਢਪਾਲੀ ਭਾਈ ਰੂਪਾ ਸੜਕ, ਭਾਈ ਰੂਪਾ ਸੇਲਬਰਾਹ ਸੜਕ ਤੇ ਭਾਈ ਰੂਪਾ ਜਲਾਲ ਸੜਕ 'ਤੇ ਪੈਂਦੀ ਹੈ। ਵਾਰੋਂ ਵਾਰੀ ਇਨ੍ਹਾਂ ਜ਼ਮੀਨਾਂ ਵਿਚ ਪੂਰਾ ਦਿਨ ਸ਼੍ਰੋਮਣੀ ਕਮੇਟੀ ਦੇ ਟਰੈਕਟਰ ਚੱਲਦੇ ਰਹੇ। ਬਠਿੰਡਾ ਜ਼ਿਲ੍ਹੇ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪਿੰਡ ਭਾਈ ਰੂਪਾ ਵਿਚ ਪੂਰਾ ਦਿਨ ਪਹਿਰਾ ਦਿੱਤਾ।

ਐਡੀਸ਼ਨਲ ਸਕੱਤਰ ਕੇਵਲ ਸਿੰਘ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਕਬਜ਼ਾ ਤਾਂ ਪਿਛਲੇ ਸਾਲ ਹੀ ਲੈ ਲਿਆ ਸੀ ਪਰ ਹੁਣ ਠੇਕੇਦਾਰਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਜ਼ਮੀਨ ਦੀ ਵਹਾਈ ਕਰਕੇ ਦੇ ਦਿੱਤੀ ਜਾਵੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਨੇ ਇਸ ਜ਼ਮੀਨ ਦੀ ਵਹਾਈ ਕਰਕੇ ਠੇਕੇਦਾਰਾਂ ਨੂੰ ਦਿੱਤੀ ਹੈ। ਜੇਕਰ ਠੇਕੇਦਾਰ ਮੰਗ ਕਰਨਗੇ ਤਾਂ ਸ਼੍ਰੋਮਣੀ ਕਮੇਟੀ ਆਪਣੇ ਮੁਲਾਜ਼ਮਾਂ ਦੀ ਰੈਗੂਲਰ ਤਾਇਨਾਤੀ ਵੀ ਇਥੇ ਕਰ ਦੇਵੇਗੀ। ਜ਼ਮੀਨ ਹਰ ਹਾਲਤ ਵਿਚ ਹੁਣ ਠੇਕੇਦਾਰ ਕੋਲ ਹੀ ਰਹੇਗੀ।

ਭਾਈ ਰੂਪਾ ਦੇ ਗਰਦੁਆਰੇ ਵਿਚੋਂ ਸਵੇਰ ਵਕਤ ਹੋਕਾ ਦਿੱਤਾ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਜ਼ਮੀਨ ਵਾਹੁਣ ਆ ਗਈ ਹੈ ਤੇ ਸਾਰੇ ਲੋਕ ਲੰਗਰ ਹਾਲ ਵਿਚ ਇਕੱਠੇ ਹੋ ਜਾਓ। ਇਸ ਹੋਕੇ ਮਗਰੋਂ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਦੱਸਣਯੋਗ ਹੈ ਕਿ ਜ਼ਿਲ੍ਹਾ ਪੁਲਿਸ ਨੇ ਪਿੰਡ ਦੇ ਮੋਹਰੀ ਲੋਕਾਂ ਨੂੰ ਪਹਿਲਾਂ ਹੀ ਬਠਿੰਡਾ ਜੇਲ੍ਹ ਵਿਚ ਬੰਦ ਕਰਵਾਇਆ ਹੋਇਆ ਹੈ। ਲੰਗਰ ਕਮੇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ ਦਾ ਕਹਿਣਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਅਦਾਲਤੀ ਹੁਕਮਾਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਜ਼ਮੀਨ 'ਤੇ ਕਬਜ਼ਾ ਕੀਤਾ ਹੈ।



### ਬੰਦੂਕਾਂ ਤੇ ਤਲਵਾਰਾਂ ਨਾਲ ਲੈਸ ਸੀ ਟਾਸਕ ਫੋਰਸ

**ਬਠਿੰਡਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਨੇ ਜਿਸ ਤਰ੍ਹਾਂ ਪਿੰਡ ਭਾਈਰੂਪਾ ਵਿਚ ਵਿਵਾਦਗ੍ਰਸਤ 161 ਏਕੜ ਜ਼ਮੀਨ ਦਾ ਕਬਜ਼ਾ ਲੈਣ ਸਮੇਂ ਤਲਵਾਰਾਂ ਤੇ ਬੰਦੂਕਾਂ ਲਹਿਰਾਈਆਂ, ਉਸ ਤੋਂ ਕਈ ਸੁਆਲ ਖੜ੍ਹੇ ਹੋਏ ਹਨ, ਜਦਕਿ ਇਸ ਕਬਜ਼ੇ ਦਾ ਵਿਰੋਧ ਕਰ ਰਹੇ ਪਿੰਡ ਦੇ ਲੋਕ ਬਿਲਕੁਲ ਨਿਹੱਥੇ ਸਨ। ਇਸ ਮੁੱਦੇ 'ਤੇ ਐਸ.ਐਸ.ਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਨਿਰੀ ਅਗਿਆਨਤਾ ਜ਼ਾਹਰ ਕਰਦਿਆਂ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਹ ਮੌਕੇ 'ਤੇ ਹਾਜ਼ਰ ਨਹੀਂ ਸਨ। ਛੇ ਜੂਨ ਨੂੰ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਈਆਂ ਝੜਪਾਂ ਵਿੱਚ ਸ਼ਮੂਲੀਅਤ ਦੇ ਕਾਰਨ ਇਹ ਟਾਸਕ ਫੋਰਸ ਪਹਿਲਾਂ ਹੀ ਚਰਚਾ ਵਿਚ ਹੈ।

### ਸ਼੍ਰੋਮਣੀ ਕਮੇਟੀ ਨੇ ਕੁਝ ਗਲਤ ਨਹੀਂ ਕੀਤਾ: ਮੱਕੜ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਕਮੇਟੀ ਮੈਂਬਰਾਂ ਨਾਲ ਕਬਜ਼ਾ ਲੈਣ ਦੇ ਅਪਰੇਸ਼ਨ ਨਾਲ ਲਗਾਤਾਰ ਸੰਪਰਕ ਵਿਚ ਰਹੇ ਦੱਸੇ ਜਾਂਦੇ ਹਨ ਤੇ ਉਹ ਪਲ-ਪਲ ਦੀ ਜਾਣਕਾਰੀ ਲੈਂਦੇ ਰਹੇ। ਪ੍ਰਧਾਨ ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸੁਪਰੀਮ ਕੋਰਟ ਰਾਹੀਂ ਜ਼ਮੀਨ ਦੀ ਮਾਲਕੀ ਦਾ ਕੇਸ ਜਿੱਤੀ ਹੈ ਤੇ ਇਸ ਨੇ ਕਬਜ਼ਾ ਲੈ ਕੇ ਸਹੀ ਕਾਰਵਾਈ ਕੀਤੀ ਹੈ। ਉਨ੍ਹਾਂ ਦੋਸ਼ ਲਾਏ ਕਿ ਪਿੰਡ ਦੇ ਕੁਝ ਲੋਕਾਂ ਨੇ ਇਕ ਫਰਜ਼ੀ ਸੰਗਠਨ ਬਣਾਇਆ ਸੀ ਜੋ ਜ਼ਮੀਨ 'ਤੇ ਗੈਰਕਾਨੂੰਨੀ ਢੰਗ ਨਾਲ ਦਾਅਵਾ ਕਰਦਾ ਆ ਰਿਹਾ ਸੀ।

# ਪੰਜਾਬ ਦੇ ਦਰਿਆਈ ਪਾਣੀਆਂ ਵਿਚ ਘੁਲਿਆ ਜ਼ਹਿਰ

**ਚੰਡੀਗੜ੍ਹ:** ਸਨਅਤੀ ਇਕਾਈਆਂ ਵੱਲੋਂ ਦਰਿਆਈ ਪਾਣੀਆਂ ਵਿਚ ਮਿਲਾਇਆ ਜਾ ਰਿਹਾ ਜ਼ਹਿਰ ਦਿਨੋ ਦਿਨ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਸਮੱਸਿਆ ਦੇ ਹੱਲ ਲਈ ਬਣਾਈਆਂ ਕਮੇਟੀਆਂ ਦੀ ਰਿਪੋਰਟ 'ਤੇ ਪੰਜਾਬ ਸਰਕਾਰ ਨੇ ਕਦੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਿਸ ਕਾਰਨ ਇਹ ਵਰਤਾਰਾ ਲਗਾਤਾਰ ਜਾਰੀ ਹੈ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੀ ਸਕੱਤਰ ਸੀਮਾ ਜੈਨ ਦੀ ਅਗਵਾਈ ਹੇਠ ਗਠਿਤ ਕਮੇਟੀ ਨੇ ਹਾਲ ਹੀ ਵਿਚ ਜੋ ਰਿਪੋਰਟ ਸੌਂਪੀ ਹੈ, ਉਸ ਮੁਤਾਬਕ ਤਿੰਨਾਂ ਦਰਿਆਵਾਂ (ਸਤਲੁਜ, ਬਿਆਸ ਤੇ ਘੱਗਰ) ਦਾ ਪਾਣੀ ਬੇਹੱਦ ਪ੍ਰਦੂਸ਼ਿਤ ਹੈ। ਦਰਿਆਵਾਂ ਦੇ ਪਾਣੀ ਵਿਚ ਸ਼ਹਿਰਾਂ ਦੀ ਗੰਦਗੀ ਸਮੇਤ ਸਨਅਤਾਂ ਦਾ ਜ਼ਹਿਰੀਲਾ ਪਾਣੀ ਵੀ ਸ਼ਾਮਲ ਹੋ ਰਿਹਾ ਹੈ। ਸਤਲੁਜ ਨੂੰ ਪਲੀਤ ਕਰਨ ਵਿਚ ਲੁਧਿਆਣਾ ਤੇ ਜਲੰਧਰ ਸ਼ਹਿਰ ਵੱਡੀ ਭੂਮਿਕਾ ਨਿਭਾ ਰਹੇ ਹਨ। ਘੱਗਰ ਦੀ ਸਮੱਸਿਆ ਉਕਤ ਦੋਹਾਂ ਦਰਿਆਵਾਂ ਵਾਂਗ ਹੀ ਗੰਭੀਰ ਹੁੰਦੀ ਜਾ ਰਹੀ ਹੈ। ਇਸ ਦਰਿਆ ਵਿਚ ਹਰਿਆਣਾ ਦੇ ਸ਼ਹਿਰਾਂ ਦੇ ਗੰਦੇ ਪਾਣੀ, ਹਰਿਆਣਾ ਦੇ ਸਰਹੱਦੀ ਸ਼ਹਿਰਾਂ ਵਿਚ ਸਥਿਤ ਉਦਯੋਗਾਂ ਤੇ ਪੰਜਾਬ ਦੀਆਂ ਸਨਅਤਾਂ ਦੇ ਪਾਣੀ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੈ। ਇਹ ਦਰਿਆ ਪੰਜਾਬ ਵਿਚ ਭਾਵੇਂ ਮੌਨਸੂਨ ਦੇ ਦਿਨਾਂ ਦੌਰਾਨ ਹੀ ਤਬਾਹੀ ਲੈ ਕੇ ਆਉਂਦਾ ਹੈ ਪਰ ਰਿਪੋਰਟ ਮੁਤਾਬਕ ਦੂਸ਼ਿਤ ਪਾਣੀ ਸਾਰਾ ਸਾਲ ਹੀ ਵਹਿੰਦਾ ਹੈ।



ਸਤਲੁਜ ਦੀ ਵੱਡੀ ਸਮੱਸਿਆ ਲੁਧਿਆਣਾ ਦਾ ਬੁੱਢਾ ਨਾਲਾ ਹੈ। ਇਸ ਨਾਲੇ ਰਾਹੀਂ ਛੇ ਲੱਖ ਲਿਟਰ ਦੂਸ਼ਿਤ ਪਾਣੀ ਰੋਜ਼ਾਨਾ ਦਰਿਆ ਦੇ ਪਾਣੀ ਨੂੰ ਗੰਦਾ ਕਰ ਰਿਹਾ ਹੈ। ਲੁਧਿਆਣਾ ਸ਼ਹਿਰ ਵਿਚ ਭਾਵੇਂ ਪਾਣੀ ਸਾਫ਼ ਕਰਨ ਲਈ ਟਰੀਟਮੈਂਟ ਪਲਾਂਟ ਲੱਗੇ ਹੋਏ ਹਨ ਪਰ ਰਿਪੋਰਟ ਮੁਤਾਬਕ ਇਨ੍ਹਾਂ ਪਲਾਂਟਾਂ ਦੀ ਸਮਰੱਥਾ ਘੱਟ ਹੈ ਤੇ ਇਹ ਪੁਰਾਣੇ ਵੀ ਹੋ ਚੁੱਕੇ ਹਨ। ਲੁਧਿਆਣਾ ਸ਼ਹਿਰ ਦੀਆਂ ਸਨਅਤਾਂ ਦਾ ਗੰਦਾ ਪਾਣੀ ਵੀ ਬੁੱਢੇ ਨਾਲੇ ਰਾਹੀਂ ਸਤਲੁਜ ਵਿਚ ਹੀ ਪੈਂਦਾ ਹੈ। ਸਨਅਤਾਂ ਦੇ ਪਾਣੀ ਵਿਚ ਭਾਰੀ ਧਾਤਾਂ ਤੇ ਰਸਾਇਣ ਮਿਲੇ ਹੁੰਦੇ ਹਨ। ਇਸ ਦੀ ਪੁਸ਼ਟੀ ਕਈ ਰਿਪੋਰਟਾਂ ਤੋਂ ਹੁੰਦੀ ਹੈ। ਇਸੇ ਤਰ੍ਹਾਂ ਜਲੰਧਰ ਸ਼ਹਿਰ ਦਾ ਪਾਣੀ ਤੇ ਜਲੰਧਰ ਸਥਿਤ ਚਮੜਾ ਸਨਅਤ ਦਾ ਪਾਣੀ ਕਾਲਾ ਸੰਘਿਆ ਡਰੇਨ ਰਾਹੀਂ ਬਿਆਸ ਦਰਿਆ 'ਚ ਪੈਂਦਾ ਹੈ।

ਰਿਪੋਰਟ ਮੁਤਾਬਕ ਦੋਹਾਂ ਸ਼ਹਿਰਾਂ ਦਾ ਪਾਣੀ ਸਤਲੁਜ ਵਿਚ ਮਿਲਣ ਕਾਰਨ ਹਰੀਕੇ ਜਾ ਕੇ ਪਾਣੀ ਦਾ ਰੰਗ ਪੂਰੀ ਤਰ੍ਹਾਂ ਬਦਲ ਜਾਂਦਾ ਹੈ। ਜ਼ਿਕਰਯੋਗ ਹੈ ਕਿ ਮਾਲਵੇ ਦੇ ਜ਼ਿਲ੍ਹਿਆਂ ਖਾਸ ਕਰ, ਮੋਗਾ, ਫਰੀਦਕੋਟ, ਮੁਕਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮਾਨਸਾ ਤੇ ਬਠਿੰਡਾ ਵਿਚ ਸਰਕਾਰੀ ਜਲ ਘਰਾਂ ਰਾਹੀਂ ਨਹਿਰੀ ਪਾਣੀ ਸਪਲਾਈ ਕੀਤਾ ਜਾਂਦਾ ਹੈ। ਇਹ ਨਹਿਰੀ ਪਾਣੀ ਉਕਤ ਦਰਿਆਵਾਂ ਦਾ ਹੀ ਹੈ। ਮਾਲਵੇ ਦੇ ਲੋਕ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਦੂਸ਼ਿਤ ਪਾਣੀ ਕਾਰਨ ਹੀ ਹਨ। ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਪੰਜਾਬ ਸਰਕਾਰ ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਦੇ ਸ਼ਹਿਰਾਂ ਦੇ ਸੀਵਰੇਜ ਤੇ ਸਨਅਤਾਂ ਦੇ ਪਾਣੀ ਨੂੰ ਦਰਿਆਵਾਂ ਵਿਚ ਪੈਣ ਤੋਂ ਰੋਕਣ ਵਿਚ ਕਾਮਯਾਬ ਨਹੀਂ ਹੋ ਸਕੀ। ਹਿਮਾਚਲ ਪ੍ਰਦੇਸ਼ ਦੀਆਂ ਸਨਅਤਾਂ ਸਤਲੁਜ ਤੇ ਹਰਿਆਣਾ ਦੀਆਂ ਸਨਅਤਾਂ ਘੱਗਰ ਦੇ ਪਾਣੀ ਨੂੰ ਪਲੀਤ ਕਰ ਰਹੀਆਂ ਹਨ। ਦਰਿਆਈ ਪਾਣੀਆਂ ਦੇ ਪ੍ਰਦੂਸ਼ਣ ਨੂੰ ਚੈੱਕ ਕਰਨ ਬਾਰੇ ਬਣੀ ਕਮੇਟੀ ਨਾਲ ਸਬੰਧਤ ਇਕ ਅਧਿਕਾਰੀ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਸਮੱਸਿਆ ਨੂੰ ਲੈ ਕੇ ਗੰਭੀਰ ਤਾਂ ਹਨ ਪਰ ਜੇਕਰ ਉਕਤ ਦੋਹਾਂ ਵੱਡੇ ਸ਼ਹਿਰਾਂ ਦੇ ਸੀਵਰੇਜ ਦਾ ਪਾਣੀ ਤੇ ਸਨਅਤਾਂ ਦੇ ਪਾਣੀ ਨੂੰ ਸਾਫ਼ ਕਰਨ ਲਈ ਟਰੀਟਮੈਂਟ ਪਲਾਂਟ ਸਥਾਪਤ ਕਰਨੇ ਸ਼ੁਰੂ ਕੀਤੇ ਜਾਣ ਤਾਂ ਇਸ ਕੰਮ 'ਤੇ 3 ਸਾਲ ਲੱਗ ਸਕਦੇ ਹਨ।

## ਪ੍ਰਦੂਸ਼ਣ ਕੰਟਰੋਲ ਬੋਰਡ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਧਰਤੀ ਹੇਠਲੇ ਪਾਣੀ ਸ਼ੁੱਧ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਬੋਰਡ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਸੈਂਟਰਲ ਗਰਾਊਂਡ ਵਾਟਰ ਬੋਰਡ ਦੀਆਂ ਸੇਵਾਵਾਂ ਲੈਣ ਦੀ ਸਲਾਹ ਦਿੱਤੀ ਹੈ। ਬੋਰਡ ਨੇ ਕਮਿਸ਼ਨ ਨੂੰ ਪੰਜਾਬ ਦੀ ਧਰਤੀ ਹੇਠਲੇ ਪਾਣੀ ਬਾਰੇ ਛਪੀ ਸਰਕਾਰੀ ਰਿਪੋਰਟ ਬਾਰੇ ਆਪਣਾ ਸਪਸ਼ਟੀਕਰਨ ਦਿੰਦਿਆਂ ਇਹ ਅਸਮਰੱਥਾ ਪ੍ਰਗਟ ਕੀਤੀ ਹੈ।

ਕਮਿਸ਼ਨ ਨੇ ਕੇਂਦਰੀ ਇੰਟਗਰੇਟਿਡ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਵੱਲੋਂ ਸੂਬੇ ਦੇ ਧਰਤੀ ਹੇਠਲੇ ਪਾਣੀ ਵਿਚ ਘੁਲੇ ਜ਼ਹਿਰੀਲੇ ਤੱਤਾਂ ਬਾਰੇ ਛਪੀ ਇਕ ਰਿਪੋਰਟ ਬਾਰੇ ਜਵਾਬ ਮੰਗ ਲਿਆ ਸੀ। ਬੋਰਡ ਨੇ ਕਮਿਸ਼ਨ ਨੂੰ ਭੇਜੇ ਜੁਆਬਨਾਮੇ ਵਿਚ ਸਪਸ਼ਟ ਕੀਤਾ ਹੈ ਕਿ ਜ਼ਹਿਰੀਲੇ ਪਾਣੀ ਨੂੰ ਸ਼ੁੱਧ ਕਰਨਾ ਸੰਭਵ ਨਹੀਂ ਹੈ। ਪਾਣੀ ਵਿਚ ਧਰਤੀ ਅੰਦਰੋਂ ਕਈ ਦੂਸ਼ਿਤ ਤੱਤ ਮਿਲ ਰਹੇ ਹਨ ਤੇ ਮਨੁੱਖ ਵੀ ਪਾਣੀ ਨੂੰ ਹੋਰ ਜ਼ਹਿਰੀਲਾ ਬਣਾਉਣ ਵਿਚ ਕੋਈ ਕਸਰ ਨਹੀਂ ਛੱਡ ਰਿਹਾ। ਬੋਰਡ ਮੁਤਾਬਕ ਪੀਣ ਵਾਲੇ ਪਾਣੀ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਇਕੋ-ਇਕ ਹੱਲ ਆਰ.ਓ. ਸਿਸਟਮ ਹੈ। ਸਰਕਾਰ ਵੱਲੋਂ 236.32 ਕਰੋੜ ਦੇ ਆਰ.ਓ. ਸਿਸਟਮ ਲਾਏ ਗਏ ਹਨ। ਕੇਂਦਰੀ ਏਜੰਸੀ ਦੀ ਰਿਪੋਰਟ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਦੇ ਵੱਡੀ ਗਿਣਤੀ ਵਿਚ ਫੇਲ੍ਹ ਹੋਣ 'ਤੇ ਆਧਾਰਤ ਹੈ। ਬੋਰਡ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਇਸ ਤੋਂ ਪਹਿਲਾਂ ਵੀ ਨੈਸ਼ਨਲ ਗਰੀਨ ਟ੍ਰਿਬਿਊਨਲ ਨੂੰ ਇਕ ਹਲਫ਼ੀਆ ਬਿਆਨ ਦੇ ਕੇ ਦੱਸਿਆ ਜਾ ਚੁੱਕਾ ਹੈ ਕਿ ਪੀਣ ਵਾਲਾ ਪਾਣੀ ਧਰਤੀ ਦੇ ਅੰਦਰੋਂ ਤੇ ਬਾਹਰੋਂ ਦੋਵੇ ਤਰ੍ਹਾਂ ਦੂਸ਼ਿਤ ਹੋ ਰਿਹਾ ਹੈ ਤੇ ਬੋਰਡ ਇਸ ਦਾ ਹੱਲ ਕਰਨ ਤੋਂ ਅਸਮਰੱਥ ਹੈ।

## ਪੰਜਾਬ ਸਰਕਾਰ ਦੀ ਗਰੀਨ ਟ੍ਰਿਬਿਊਨਲ ਕੋਲ ਸ਼ਿਕਾਇਤ

**ਜਲੰਧਰ:** ਪੰਜਾਬ ਤੋਂ ਰਾਜਸਥਾਨ ਨੂੰ ਜਾ ਰਹੇ ਦੂਸ਼ਿਤ ਤੇ ਜ਼ਹਿਰੀਲੇ ਪਾਣੀਆਂ ਵਿਰੁੱਧ ਨੈਸ਼ਨਲ ਗਰੀਨ ਟ੍ਰਿਬਿਊਨਲ ਵਿਚ ਜਨ ਹਿੱਤ ਪਟੀਸ਼ਨ ਦਾਇਰ ਕੀਤੀ ਹੈ। ਟ੍ਰਿਬਿਊਨਲ ਵੱਲੋਂ ਪੰਜਾਬ ਸਰਕਾਰ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ 21 ਜੁਲਾਈ ਤੱਕ ਜਵਾਬ ਦੇਣ ਲਈ ਕਿਹਾ ਗਿਆ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਦੂਸ਼ਿਤ ਤੇ ਜ਼ਹਿਰੀਲੇ ਪਾਣੀ ਕਾਰਨ ਕਿਸੇ ਹੋਰ ਸੂਬੇ ਨੇ ਪੰਜਾਬ ਨੂੰ ਗਰੀਨ ਟ੍ਰਿਬਿਊਨਲ ਵਿਚ ਘੜੀਸਿਆ ਹੈ। ਇਹ ਪਟੀਸ਼ਨ ਦਾਖ਼ਲ ਹੋਣ ਨਾਲ ਪੰਜਾਬ ਸਰਕਾਰ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਭਾਜੜਾਂ ਪੈ ਗਈਆਂ ਹਨ। ਰਾਜਸਥਾਨ ਦੀ ਸਮਾਜਸੇਵੀ ਜਥੇਬੰਦੀ ਸ਼ੋਸ਼ਲ ਵੈਲਫੇਅਰ ਐਂਡ ਇਨਵਾਇਰਮੈਂਟਲ ਰੈਵੂਲੇਸ਼ਨ ਐਸੋਸੀਏਸ਼ਨ (ਸਵੇਰਾ) ਨੇ ਟ੍ਰਿਬਿਊਨਲ ਤੱਕ ਪਹੁੰਚ ਕਰਕੇ ਕਿਹਾ ਹੈ ਕਿ ਪੰਜਾਬ ਦੀਆਂ ਫੈਕਟਰੀਆਂ ਦਾ ਜ਼ਹਿਰੀਲਾ ਤੇ ਗੰਦਾ ਪਾਣੀ ਰਾਜਸਥਾਨ ਦੇ ਅੱਠ ਜ਼ਿਲ੍ਹਿਆਂ ਦੇ ਦੋ ਕਰੋੜ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਕਾਰਨ ਕੈਂਸਰ ਜਿਹੇ ਰੋਗ ਲੱਗ ਰਹੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਖਤਰਾ ਬਣਿਆ ਹੋਇਆ ਹੈ। ਦੱਸਣਯੋਗ ਹੈ ਕਿ ਬੁੱਢਾ ਨਾਲਾ, ਚਿੱਟੀ ਵੇਈ, ਜਮਸ਼ੇਰ ਡਰੇਨ ਤੇ ਫਗਵਾੜਾ ਡਰੇਨਾਂ ਦਾ ਦੂਸ਼ਿਤ ਤੇ ਜ਼ਹਿਰੀਲਾ ਪਾਣੀ ਸਿੱਧੇ ਤੇ ਅਸਿੱਧੇ ਤੌਰ 'ਤੇ ਸਤਲੁਜ ਦਰਿਆ ਵਿਚ ਪੈ ਰਿਹਾ ਹੈ। ਇਹੋ ਜ਼ਹਿਰੀਲਾ ਪਾਣੀ ਹਰੀਕੇ ਪੱਤਣ ਤੋਂ ਨਹਿਰਾਂ ਰਾਹੀਂ ਮਾਲਵੇ ਤੇ ਰਾਜਸਥਾਨ ਨੂੰ ਜਾਂਦਾ ਹੈ। ਰਾਜਸਥਾਨ ਦੇ ਹਨੂਮਾਨਗੜ੍ਹ ਦੀ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਪਰਸਨ ਸ੍ਰੀਮਤੀ ਸੋਭਾ ਸਿੰਘ ਤੇ ਉਪ ਚੇਅਰਪਰਸਨ ਸ਼ਬਨਮ ਗੋਦਾਰਾ ਸਮੇਤ ਪੰਜ ਔਰਤਾਂ ਦੇ ਵਫ਼ਦ ਨੇ ਪੰਜ ਮਈ ਨੂੰ ਜਲੰਧਰ ਦੀ ਕਾਲਾ ਸੰਘਿਆ ਡਰੇਨ, ਚਿੱਟੀ ਵੇਈ ਤੇ ਲੁਧਿਆਣਾ ਦੇ ਬੁੱਢਾ ਨਾਲੇ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਸੀ।

## ਕਿਊਬਕ ਸੂਬੇ ਵਿਚ 'ਸਵੈ-ਇੱਛਤ ਮੌਤ' ਨੂੰ ਪ੍ਰਵਾਨਗੀ

**ਟੋਰਾਂਟੋ:** ਕਿਊਬਕ ਅਸੈਂਬਲੀ ਵਿਚ ਇਕ ਇਤਿਹਾਸਕ ਵੋਟ ਵਿਚ ਕਿਸੇ ਵਿਅਕਤੀ ਨੂੰ ਡਾਕਟਰ ਦੀ ਮਦਦ ਨਾਲ ਮਰਨ ਦੀ ਇਜਾਜ਼ਤ ਮਿਲ ਗਈ ਹੈ। ਰਾਈਟ ਟੂ ਡਾਈ ਐਕਟ ਤਹਿਤ ਇਸ ਮਤੇ (ਬਿੱਲ-52) ਨੂੰ 80 ਫ਼ੀਸਦੀ ਵਿਧਾਇਕਾਂ ਨੇ ਹਮਾਇਤ ਦੇ ਕੇ ਪਾਸ ਕਰਵਾ ਦਿੱਤਾ ਹੈ। ਮੁੱਖ ਮੰਤਰੀ ਫਿਲਿਪ ਕੂਲਾਰਡ ਨੇ ਆਪਣੇ ਮੰਤਰੀਆਂ ਤੇ ਵਿਧਾਇਕਾਂ ਨੂੰ ਵੋਟਿੰਗ ਲਈ ਖੁੱਲ੍ਹ ਦੇ ਦਿੱਤੀ ਸੀ। ਉਨ੍ਹਾਂ ਦੀ ਲਿਬਰਲ ਪਾਰਟੀ ਦੇ 22 ਵਿਧਾਇਕਾਂ ਨੇ ਇਸ ਮਤੇ ਦੀ ਖ਼ਿਲਾਫ਼ਤ ਵੀ ਕੀਤੀ। ਹੁਣ ਕਿਊਬਕ ਵਿਚ ਇਹ ਕਾਨੂੰਨ 2015 ਦੇ ਅੰਤ ਤੱਕ ਅਮਲ ਵਿਚ ਆ ਜਾਵੇਗਾ।

ਇਸ ਕਾਨੂੰਨ ਤਹਿਤ ਜਦ ਕੋਈ ਵਿਅਕਤੀ ਬਿਮਾਰੀ ਨਾਲ ਜੂਝਦਾ ਹੋਵੇ ਤੇ ਉਸ ਵਿਚ ਕਿਸੇ ਸੁਧਾਰ ਦੀ ਕੋਈ ਗੁੰਜਾਇਸ਼ ਨਾ ਦਿੱਸੇ, ਸਰੀਰਕ ਤੇ ਮਾਨਸਿਕ ਕਸ਼ਟ ਬਰਦਾਸ਼ਤ ਨਾ ਕਰਦਾ ਹੋਇਆ ਮੌਤ ਲਈ ਤਰਲੇ ਮਾਰਦਾ ਹੋਵੇ ਤਾਂ ਉਸ ਦਾ ਡਾਕਟਰ ਅਜਿਹੀ ਹਾਲਤ ਵਿਚ ਅਗੇਤਰੀ ਟੀਮ ਕੋਲ ਕੇਸ ਰੱਖ ਸਕਦਾ ਹੈ। ਮਰੀਜ਼ ਇਕ ਲਿਖਤੀ ਦਰਖ਼ਾਸਤ ਰਾਹੀਂ ਲਾਈਫ ਸਪੋਰਟ ਹਟਾਉਣ ਦੀ ਬੇਨਤੀ ਕਰ ਸਕਦਾ ਹੈ ਤਾਂ ਜੋ ਉਹ ਡਾਕਟਰੀ ਮਦਦ ਨਾਲ ਆਪਣੀ ਜਿੰਦ ਖ਼ਤਮ ਕਰ ਸਕੇ। ਇਹ ਵਿਵਾਦਤ ਮੁੱਦਾ ਕੈਨੇਡਾ ਵਿਚ ਬਹੁਤ ਸਾਲਾਂ ਤੋਂ ਭਖਿਆ ਹੋਇਆ ਹੈ ਤੇ ਕਿਊਬਕ ਇਸ ਨੂੰ ਆਗਿਆ ਦੇਣ ਵਾਲਾ ਪਹਿਲਾ ਸੂਬਾ ਬਣ ਗਿਆ ਹੈ।

## ਦੋ ਦਰਜਨ ਵਿਦਿਆਰਥੀ ਬਿਆਸ ਦਰਿਆ 'ਚ ਰੁੜ੍ਹੇ

**ਮੰਡੀ:** ਹੈਦਰਾਬਾਦ ਤੋਂ ਸੈਰ ਸਪਾਟੇ ਲਈ ਆਏ ਇੰਜਨੀਅਰਿੰਗ ਕਾਲਜ ਦੇ ਤਕਰੀਬਨ ਦੋ ਦਰਜਨ ਵਿਦਿਆਰਥੀ ਬਿਆਸ ਦਰਿਆ ਵਿਚ ਰੁੜ੍ਹ ਗਏ। ਇਹ ਸਾਰੇ ਵਿਦਿਆਰਥੀ ਮਨਾਲੀ ਤੋਂ ਮੰਡੀ ਆ ਰਹੇ ਸਨ। ਇਨ੍ਹਾਂ ਵਿਚ 18 ਲੜਕੇ ਤੇ ਛੇ ਲੜਕੀਆਂ ਸ਼ਾਮਲ ਹਨ। ਇਹ ਵਿਦਿਆਰਥੀ ਦੋ ਬੱਸਾਂ ਵਿਚ ਸਵਾਰ ਸਨ। ਰਸਤੇ ਵਿਚ ਗਰਮੀ ਤੋਂ ਰਾਹਤ ਪਾਉਣ ਲਈ ਕੁਝ ਵਿਦਿਆਰਥੀ ਔਟ ਨੇੜੇ ਬਿਆਸ ਦਰਿਆ ਵਿਚ ਹੱਥ ਮੂੰਹ ਧੋਣ ਲਈ ਉਤਰ ਗਏ। ਪਿੱਛੋਂ ਲਾਰਜੀ ਬੰਨ੍ਹ ਤੋਂ ਅਚਾਨਕ ਪਾਣੀ ਛੱਡੇ ਜਾਣ ਕਾਰਨ ਦਰਿਆ ਦਾ ਪੱਧਰ ਵੱਧ ਗਿਆ ਤੇ ਵਿਦਿਆਰਥੀ ਵਿਚ ਹੀ ਰੁੜ੍ਹ ਗਏ। ਤੇਜ਼ ਵਹਾਅ ਤੇ ਹਨੇਰਾ ਹੋਣ ਕਾਰਨ ਉਥੇ ਹਫੜਾ ਦਫੜੀ ਦਾ ਮਾਹੌਲ ਬਣ ਗਿਆ।

ਹੈਦਰਾਬਾਦ ਦੇ ਹੋਣ ਕਾਰਨ ਲੋਕਾਂ ਨੂੰ ਉਨ੍ਹਾਂ ਦੀ ਭਾਸ਼ਾ ਸਮਝਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਡੈਮ ਵੱਲੋਂ ਅਚਾਨਕ ਪਾਣੀ ਕਾਰਨ ਲੋਕਾਂ ਨੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਬਿਆਸ ਦਰਿਆ ਵਿਚ ਪਾਣੀ ਛੱਡਣ ਦੀ ਕਿਸੇ ਨੂੰ ਵੀ ਜਾਣਕਾਰੀ ਨਹੀਂ ਦਿੱਤੀ ਗਈ ਸੀ। ਲੋਕਾਂ ਨੇ ਗੁੱਸੇ ਵਿਚ ਆ ਕੇ ਕੁਝ ਵਾਹਨਾਂ ਨੂੰ ਵੀ ਨਿਸ਼ਾਨਾ ਬਣਾਇਆ। ਮਾਹੌਲ ਵਿਗੜਦਾ ਦੇਖ ਕੇ ਮੌਕੇ 'ਤੇ ਪੁਲਿਸ ਬਲ ਪਹੁੰਚ ਗਿਆ।

ਮੁੱਖ ਮੰਤਰੀ ਵੀਰਭੱਦਰ ਸਿੰਘ ਨੇ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੰਦਿਆਂ ਲਾਰਜੀ ਹਾਈਡਰੋਪਾਵਰ ਪ੍ਰਾਜੈਕਟ ਦੇ ਦੋ ਸੀਨੀਅਰ ਇੰਜੀਨੀਅਰਾਂ ਤੇ ਇਕ ਫਿੱਟਰ ਨੂੰ ਲਾਪ੍ਰਵਾਹੀ ਲਈ ਮੁਅੱਤਲ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪ੍ਰਾਜੈਕਟ ਅਥਾਰਟੀ ਨੇ ਪਾਣੀ ਛੱਡਣ ਵੇਲੇ ਹੂਟਰ ਵਜਾਇਆ ਸੀ, ਪਰ ਵਿਦਿਆਰਥੀਆਂ ਨੇ ਧਿਆਨ ਨਹੀਂ ਦਿੱਤਾ। ਉਧਰ ਘਟਨਾ ਵਿਚੋਂ ਬਚੇ ਇਕ ਵਿਦਿਆਰਥੀ ਨੇ ਕਿਹਾ ਕਿ ਕੋਈ ਹੂਟਰ ਨਹੀਂ ਵੱਜਿਆ ਸੀ ਤੇ ਨਾ ਹੀ ਸਥਾਨਕ ਲੋਕਾਂ ਨੇ ਉਨ੍ਹਾਂ ਨੂੰ ਕੰਢੇ 'ਤੇ ਜਾਣੋਂ ਰੋਕਿਆ।

# ਪੰਜਾਬ ਸਰਕਾਰ ਨੇ ਪਾਵਰਕੌਮ ਦੇ 16 ਅਰਬ ਰੁਪਏ ਦੱਬੇ?

**ਚੰਡੀਗੜ੍ਹ:** ਪੰਜਾਬ ਸਰਕਾਰ ਸਿਰ ਦੇਣਦਾਰੀਆਂ ਦਾ ਭਾਰ ਲਗਾਤਾਰ ਵਧਦਾ ਜਾ ਰਿਹਾ ਹੈ। ਮਾੜੇ ਆਰਥਿਕ ਹਾਲਾਤ ਕਾਰਨ ਸਰਕਾਰ ਇਨ੍ਹਾਂ ਦੇਣਦਾਰੀਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਅੱਗੇ ਪਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੀ ਹੋਈ ਹੈ। ਇਥੋਂ ਤੱਕ ਕਿ ਸਰਕਾਰ ਨੇ ਬਿਜਲੀ ਨਿਗਮ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੀ ਪਿਛਲੇ ਦੋ ਮਾਲੀ ਸਾਲਾਂ ਤੋਂ ਪੂਰੀ ਅਦਾਇਗੀ ਨਹੀਂ ਕੀਤੀ।

ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੂਬਾ ਸਰਕਾਰ ਵੱਲ ਨਿਗਮ ਦੀ ਇਸ ਸਮੇਂ 1600 ਕਰੋੜ ਰੁਪਏ ਦੀ ਦੇਣਦਾਰੀ ਖੜ੍ਹੀ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਸਬਸਿਡੀ ਦੀ ਅਦਾਇਗੀ ਪੇਸ਼ਗੀ ਕਰਨ ਦੇ ਹੁਕਮ ਦਿੱਤੇ ਹੋਏ ਹਨ। ਸਰਕਾਰ ਦੇ ਮਾਲੀ ਸੰਕਟ ਵਿਚ ਹੋਣ ਕਾਰਨ ਸਬਸਿਡੀ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਸਾਲ 2012-13 ਦੇ 725 ਕਰੋੜ ਰੁਪਏ ਤੇ ਪਿਛਲੇ ਮਾਲੀ ਸਾਲ 2013-14 ਦੇ 980 ਕਰੋੜ ਰੁਪਏ ਬਕਾਇਆ ਹਨ। ਸਰਕਾਰ ਨੇ ਬਾਕੀ ਰਕਮ ਦੀ ਅਦਾਇਗੀ ਕਰਨ ਦੀ ਥਾਂ ਵਹੀ-ਖਾਤਿਆਂ ਵਿਚਲਾ ਲੈਣ-ਦੇਣ ਦਰੁਸਤ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਪੈਸੇ ਦੀ ਅਦਾਇਗੀ ਨਹੀਂ ਕੀਤੀ ਗਈ। ਪੰਜਾਬ ਰਾਜ ਬਿਜਲੀ ਨਿਗਮ (ਪਾਵਰਕੌਮ) ਵੱਲੋਂ ਕਿਸਾਨਾਂ ਤੇ ਗਰੀਬਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਹੂਲਤ ਬਦਲੇ ਸਰਕਾਰ ਨੇ ਨਿਗਮ ਨੂੰ ਇਸ ਪੈਸੇ ਦੀ ਅਦਾਇਗੀ ਕਰਨੀ ਹੁੰਦੀ ਹੈ। ਪਿਛਲੇ ਮਾਲੀ ਸਾਲ ਦੌਰਾਨ ਸਬਸਿਡੀ 5660 ਰੁਪਏ ਸੀ। ਮੌਜੂਦਾ ਮਾਲੀ ਸਾਲ ਦੌਰਾਨ ਸਬਸਿਡੀ ਦੀ ਰਕਮ ਛੇ ਹਜ਼ਾਰ ਕਰੋੜ ਰੁਪਏ ਤੋਂ ਟੱਪਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

ਪੰਜਾਬ ਸਰਕਾਰ ਨੇ ਪਾਵਰਕੌਮ ਨੂੰ ਪਿਛਲੇ ਮਾਲੀ ਸਾਲ ਦੌਰਾਨ ਦਿੱਤੇ ਜਾਣ ਵਾਲੇ 5660 ਕਰੋੜ ਰੁਪਏ ਵਿਚੋਂ ਮਹਿਜ਼ 50 ਫੀਸਦੀ ਰਕਮ ਭਾਵ 2800 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ। ਬਾਕੀ ਰਕਮ ਦੀ ਤਾਂ ਐਡਜਸਟਮੈਂਟ ਹੀ ਦਿਖਾਈ ਗਈ ਹੈ। ਮਿਸਾਲ ਦੇ ਤੌਰ 'ਤੇ ਬਿਜਲੀ ਡਿਊਟੀ ਦੇ 1700 ਕਰੋੜ ਰੁਪਏ, ਭਾਰਤੀ ਰਿਜ਼ਰਵ ਬੈਂਕ ਦੇ ਬਾਂਡ 90 ਕਰੋੜ ਰੁਪਏ ਤੇ ਵਿੱਤੀ ਅਦਾਰਿਆਂ ਨੂੰ ਦਿੱਤੀ ਗਰੰਟੀ ਦੇ 90 ਕਰੋੜ ਰੁਪਏ ਐਡਜਸਟ ਕੀਤੇ ਗਏ ਸਨ। ਇਸ ਤਰ੍ਹਾਂ ਨਾਲ ਸਰਕਾਰ ਵੱਲੋਂ 5660 ਕਰੋੜ ਰੁਪਏ ਦੀ ਸਬਸਿਡੀ ਦੀ ਅਦਾਇਗੀ ਕਰਨ ਦੀ ਥਾਂ ਨਕਦ ਸਿਰਫ਼ 2800 ਕਰੋੜ ਰੁਪਏ ਹੀ ਦਿੱਤੇ ਗਏ। ਸਰਕਾਰ ਨੇ 980 ਕਰੋੜ ਰੁਪਏ ਦੀ ਅਦਾਇਗੀ ਬਾਰੇ ਬਿਲਕੁੱਲ ਹੀ ਚੁੱਪ ਧਾਰ ਲਈ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਮਾਲੀ ਸਾਲ 2012-13 ਦੌਰਾਨ ਵੀ 725 ਕਰੋੜ ਰੁਪਏ ਦੀ ਅਦਾਇਗੀ ਨਹੀਂ ਸੀ ਕੀਤੀ। ਲਿਹਾਜ਼ਾ, ਨਿਗਮ ਨੂੰ ਮਾਲੀ ਸੰਕਟ ਨਾਲ ਜੂਝਣਾ ਪੈ ਰਿਹਾ ਹੈ।

**ਪਿਛਲੇ ਦੋ ਸਾਲਾਂ ਤੋਂ ਨਹੀਂ ਕੀਤੀ ਅਦਾਇਗੀ**



ਸਰਕਾਰ ਵੱਲੋਂ ਪੈਸੇ ਦੀ ਅਦਾਇਗੀ ਬਾਰੇ ਅਸਿੱਧੇ ਤੌਰ 'ਤੇ ਹੱਥ ਖੜ੍ਹੇ ਕਰ ਲਏ ਜਾਣ ਤੋਂ ਬਾਅਦ ਨਿਗਮ ਨੇ ਵੀ ਸਰਕਾਰ ਦੀ ਧੱਕੇਸ਼ਾਹੀ ਬਾਰੇ ਚੁੱਪ ਧਾਰ ਲਈ ਹੈ। ਪਾਵਰਕੌਮ ਨਿਗਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿੱਤ ਵਿਭਾਗ ਨੂੰ ਪੈਸੇ ਦੀ ਅਦਾਇਗੀ ਬਾਰੇ ਪ੍ਰਸਤਾਵ ਵਾਰ-ਵਾਰ ਭੇਜਿਆ ਜਾਂਦਾ ਹੈ ਪਰ ਸਰਕਾਰ ਪੈਸੇ ਦੀ ਅਦਾਇਗੀ ਨਹੀਂ ਕਰ ਰਹੀ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਚਲੰਤ ਮਾਲੀ ਸਾਲ ਲਈ ਬਿਜਲੀ ਦਰਾਂ ਦਾ ਐਲਾਨ ਨਹੀਂ ਕੀਤਾ। ਇਸੇ ਲਈ ਸਰਕਾਰ ਨੇ ਪਿਛਲੀਆਂ ਦਰਾਂ ਦੇ ਹਿਸਾਬ ਨਾਲ ਅਪਰੈਲ ਤੇ ਮਈ ਮਹੀਨਿਆਂ ਲਈ 950 ਕਰੋੜ ਰੁਪਏ ਦੀ ਸਬਸਿਡੀ ਦਾ ਭੁਗਤਾਨ ਕੀਤਾ ਹੈ। ਕਮਿਸ਼ਨ ਵੱਲੋਂ ਬਿਜਲੀ ਦੀਆਂ ਦਰਾਂ ਦਾ ਐਲਾਨ ਇਕ ਮਹੀਨੇ ਤੱਕ ਸੰਭਵ ਮੰਨਿਆ ਜਾ ਰਿਹਾ ਹੈ। ਬਿਜਲੀ ਦੀਆਂ ਨਵੀਆਂ ਦਰਾਂ ਨਾਲ ਖੇਤੀ ਖੇਤਰ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ ਦੀ ਸਹੂਲਤ ਤੇ ਗਰੀਬਾਂ ਨੂੰ ਦਿੱਤੀਆਂ ਜਾਂਦੀਆਂ ਮੁਫ਼ਤ ਯੂਨਿਟਾਂ ਦੀ ਸਬਸਿਡੀ ਛੇ ਹਜ਼ਾਰ ਕਰੋੜ ਰੁਪਏ ਸਾਲਾਨਾ ਦਾ ਅੰਕੜਾ ਪਾਰ ਕਰ ਜਾਵੇਗੀ। ਪਿਛਲੇ ਬਕਾਏ ਸਮੇਤ ਸਬਸਿਡੀ ਦਾ ਸਰਕਾਰ 'ਤੇ 7500 ਕਰੋੜ ਰੁਪਏ ਤੋਂ ਭਾਰ ਵਧ ਜਾਵੇਗਾ। ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਚਲੰਤ ਮਾਲੀ ਸਾਲ ਦੌਰਾਨ ਸਬਿਸਡੀ ਦੀ ਅਦਾਇਗੀ ਕਰਨੀ ਵੱਡੀ ਚੁਣੌਤੀ ਹੈ।

# ਪਿਤਾ ਦਿਵਸ ਮੁਬਾਰਕ

ਫਾਦਰ'ਜ਼ ਡੇ ਅਰਥਾਤ ਪਿਤਾ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ। ਉਂਜ ਸੋਚਦੀ ਹਾਂ, ਮਾਂ ਬਾਪ ਦਾ ਖੂਨ ਤਾਂ ਹਰ ਧੀ ਪੁੱਤਰ ਦੀਆਂ ਰਗਾਂ ਵਿਚ ਹਰ ਪਲ ਵਹਿੰਦਾ ਹੈ, ਫੇਰ ਪਿਤਾ ਦਿਵਸ ਰੋਜ਼ ਕਿਉਂ ਨਹੀਂ? ਚਲੋ ਇੱਕ ਦਿਨ ਮੁਕੱਰਰ ਕਰ ਲਿਆ ਪਿਤਾ ਦੇ ਨਾਮ, ਚੰਗਾ ਹੀ ਹੈ। ਪਰ ਚੰਗੇਰਾ ਬਣ ਸਕਦਾ, ਜੇ ਇਸ ਦਿਨ ਬੱਚੇ ਪ੍ਰਣ ਕਰਨ,

**ਮਨਜੀਤ ਕੌਰ ਸੇਖੋਂ**
**ਫੋਨ: 916-690-2379**

ਬਚਪਨ ਵਿਚ ਜਿਹੜੇ ਮਾਂ ਬਾਪ ਦੇ ਕੱਪੜੇ ਗਿੱਲੇ ਕਰਦੇ ਰਹੇ ਹਾਂ, ਹੁਣ ਬੁਢਾਪੇ ਵਿਚ ਉਨ੍ਹਾਂ ਦੀ ਅੱਖ ਨਹੀਂ ਗਿੱਲੀ ਹੋਣ ਦੇਣੀ। ਗਣੇਸ਼ ਜੀ ਨੇ ਆਪਣੇ ਮਾਂ ਬਾਪ ਦੇ ਦੁਆਲੇ ਚਾਰ ਚੱਕਰ ਕੱਟ ਕੇ ਕਿਹਾ ਸੀ, ਮੈਂ ਚਾਰ ਧਾਮਾਂ ਦਾ ਤੀਰਥ ਕਰ ਲਿਆ ਹੈ।

ਅੱਜ ਪਿਤਾ ਦਿਵਸ ਦੇ ਇਤਿਹਾਸ 'ਤੇ ਪਿੱਛਲ ਝਾਤ ਮਾਰੀਏ ਤਾਂ ਕਈ ਇਤਿਹਾਸਕਾਰ ਇਸ ਦਿਵਸ ਦੀ ਉਮਰ 4000 ਸਾਲ ਦੱਸਦੇ ਹਨ ਅਤੇ ਉਹ ਇਸ ਦਾ ਜਨਮ ਬੈਬਲੋਨ ਦੇ ਖੰਡਰਾਤ ਨਾਲ ਜੋੜਦੇ ਹਨ। ਉਹ ਦਸਦੇ ਨੇ ਕਿ 4000 ਸਾਲ ਪਹਿਲਾਂ ਐਲਮੀਸੂ ਨਾਂ ਦੇ ਇਕ ਲੜਕੇ ਨੇ ਚੀਕਣੀ ਮਿੱਟੀ ਦਾ ਇੱਕ ਕਾਰਡ ਬਣਾ ਕੇ ਆਪਣੇ ਪਿਤਾ ਨੂੰ ਭੇਜਿਆ ਸੀ, ਜਿਸ ਉਤੇ ਉਸ ਨੇ ਚੰਗੀ ਸਿਹਤ ਅਤੇ ਲੰਮੀ ਉਮਰ ਲਈ ਦੁਆਵਾਂ ਉਕਰੀਆਂ ਸਨ ਪਰ ਅਮਰੀਕਾ ਦੇ ਇਤਿਹਾਸ ਦੇ ਹਿਸਾਬ ਇਸ ਦਾ ਲਗਪਗ 113 ਕੁ ਸਾਲ ਦਾ ਰਿਕਾਰਡ ਮਿਲਦਾ ਹੈ। ਅਮਰੀਕਨਾਂ ਦੇ ਹਿਸਾਬ ਇਸ ਦਾ ਸਿਹਰਾ ਸਨੋਰਾ ਲੂਈਸ ਸਮਰਾਟ ਡੌਡ ਨੂੰ ਜਾਂਦਾ ਹੈ। ਉਹ ਸਪੋਕੇਨ (ਵਾਸ਼ਿੰਗਟਨ) ਦੀ ਵਾਸੀ ਸੀ। ਉਸ ਦੇ ਅਣਥੱਕ ਸੰਘਰਸ਼ ਕਰ ਕੇ ਉਸ ਦੇ ਫੌਜੀ ਪਿਤਾ ਨੂੰ ਦਿਨ ਦਾ ਚਾਨਣ ਨਸੀਬ ਹੋਇਆ ਸੀ। ਉਹ ਆਪਣੇ ਪਿਤਾ ਨੂੰ ਅਥਾਹ ਪਿਆਰ ਕਰਦੀ ਸੀ।

ਮਾਂ ਦਿਵਸ ਦੀ ਉਮਰ ਪਿਤਾ ਦਿਵਸ ਤੋਂ ਲੰਬੀ ਹੈ। ਜਦੋਂ 1909 ਵਿਚ ਸਨੋਰਾ ਨੇ ਮਾਂ ਦਿਵਸ ਦੇ ਧਾਰਮਿਕ ਸਮਾਰੋਹ ਵਿਚ ਹਿੱਸਾ ਲਿਆ ਤਾਂ ਉਸ ਨੇ ਸੋਚਿਆ ਜੇ ਮਾਂ ਦਿਵਸ ਮਨਾਉਂਦੇ ਹਨ ਤਾਂ ਪਿਤਾ ਦਿਵਸ ਕਿਉਂ ਨਹੀਂ? ਸਨੋਰਾ ਉਦੋਂ 16 ਸਾਲ ਦੀ ਸੀ ਜਦੋਂ ਉਸ ਦੀ ਮਾਂ ਦਾ ਦਿਹਾਂਤ ਹੋ ਗਿਆ ਸੀ। ਫਿਰ ਉਸ ਦੇ ਪਿਤਾ ਨੇ ਹੀ ਉਸ ਨੂੰ ਤੇ ਪੰਜ ਬੱਚਿਆਂ ਨੂੰ ਪਾਲਿਆ ਸੀ। ਸੋ, ਪਹਿਲਾ ਪਿਤਾ ਦਿਵਸ 19 ਜੂਨ 1909 ਨੂੰ ਸਮਾਜਿਕ ਤੌਰ 'ਤੇ ਮਨਾਇਆ ਗਿਆ।

ਪਿਤਾ ਦਿਵਸ ਦੀ ਲੋਕ ਪ੍ਰਿਅਤਾ ਦੇਖ ਕੇ ਸਮੇਂ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਨੇ ਇਸ ਨੂੰ ਰਾਸ਼ਟਰ ਦੇ ਆਧਾਰ 'ਤੇ ਮਾਨਤਾ ਦੇ ਦਿੱਤੀ ਤੇ ਜੂਨ ਦਾ ਤੀਜਾ ਐਤਵਾਰ ਪੱਕੇ ਤੌਰ 'ਤੇ ਫਾਦਰ'ਜ਼ ਡੇ ਦੇ ਨਾਮ ਕਰ ਦਿੱਤਾ। ਸਨੋਰਾ ਦੇ ਇਸ ਯੋਗਦਾਨ ਲਈ 1974 ਦੇ ਸੰਸਾਰ ਮੇਲੇ ਵਿਚ ਉਸ ਨੂੰ ਸਨਮਾਨਤ ਕੀਤਾ ਗਿਆ। 1978 ਵਿਚ 96 ਸਾਲ ਦੀ ਉਮਰ ਵਿਚ ਉਸ ਦੀ ਮੌਤ ਹੋ ਗਈ। ਅੱਜ ਕੱਲ ਸਮੇਤ ਭਾਰਤ, ਸੰਸਾਰ ਦੇ ਵਧੇਰੇ ਦੇਸ਼ਾਂ ਵਿਚ ਇਹ ਦਿਨ ਮਨਾਇਆ ਜਾਂਦਾ ਹੈ, ਬਲਕਿ ਦਾਦਾ, ਤਾਇਆ, ਚਾਚਾ, ਦੋਸਤਾਂ ਦੇ ਪਿਤਾ, ਜੋ ਵੀ ਪਿਤਾ ਦੇ ਸਮਾਨਅੰਤਰ ਫਰਜ਼ ਨਿਭਾਉਂਦੇ ਨੇ, ਸਭ ਨੂੰ ਤੋਹਫੇ ਦੇ ਕੇ ਸਨਮਾਨਿਆ ਜਾਂਦਾ ਹੈ।

ਅੱਜ ਜੇ ਗਹੁ ਨਾਲ ਸੋਚੀਏ, ਪਿਤਾ ਬਾਰੇ ਫਰਜ਼ ਪਛਾਨਣਾ ਅੱਜ ਦੀ ਸਮਾਜਿਕ ਚੁਣੌਤੀ ਹੈ। ਪਿਤਾ ਦਾ ਯੋਗਦਾਨ ਵੀ ਮਾਂ ਦੇ ਸਮਾਨ ਹੈ। ਪਿਤਾ ਘਰ ਦੀ ਮੁੱਖ ਅਰਥ ਵਿਵਸਥਾ ਹੁੰਦੈ। ਜਿਹਦੇ 'ਤੇ ਕਬੀਲਦਾਰੀ ਦੀ ਪਹਿਲੀ ਤੇ ਅੰਤਮ ਜ਼ਿੰਮੇਵਾਰੀ ਹੁੰਦੀ ਹੈ। ਉਹ ਪਿਤਾ ਹੀ ਹੈ, ਜੋ ਪਤਨੀ ਤੇ ਸੁਪਨੇ ਪੂਰੇ ਕਰਨ ਤੋਂ ਅਸਮਰਥ ਹੋ ਜਾਵੇ, ਤਾਂ ਖੁਦਕੁਸ਼ੀ ਤੱਕ ਕਰ ਜਾਂਦਾ। ਪੰਜਾਬ ਦੀ ਕਿਰਸਾਣੀ ਵੇਖ ਲਵੋ। ਹਰ ਪਿਤਾ ਦੇ ਸੁਪਨੇ ਤੇ ਪਿਆਰ ਅਪ੍ਰਦਰਸ਼ਿਤ ਹੁੰਦੈ। ਅਬੋਲ ਹੁੰਦਾ ਹੈ। ਗੁਰਬਾਣੀ ਵਿਚ ਪਰਮੇਸ਼ਰ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ। ਸੋ, ਪਿਤਾ ਸ਼ਕਤੀ ਹੈ, ਪਿਤਾ ਸ਼੍ਰਿਸ਼ਟੀ ਦੇ ਨਿਰਮਾਣ ਦੀ ਗਵਾਹੀ ਹੈ। ਪਿਤਾ ਘਰ ਦਾ ਇੱਕ ਰੁਹਬ, ਇਕ ਅਨੁਸ਼ਾਸ਼ਨ, ਕਾਨੂੰਨਦਾਤਾ ਹੈ। ਹਿੰਦੀ ਦਾ ਇੱਕ ਸ਼ਾਇਰ ਓਮ ਵਿਆਸ ਲਿਖਦਾ ਹੈ,

ਪਿਤਾ ਸੇ ਹੀ ਬੱਚੋਂ ਕੇ ਢੇਰ ਸਾਰੇ ਸਪਨੇਂ ਹੈਂ।
ਪਿਤਾ ਹੈ ਤੋ ਬਾਜ਼ਾਰ ਕੇ ਸਭ ਖਿਲੌਨੇ ਅਪਨੇ ਹੈਂ।

ਚਾਰਲਸ ਵਾਡਸਵਰਥ ਕਹਿੰਦਾ, ਜਦੋਂ ਇਨਸਾਨ ਨੂੰ ਅਹਿਸਾਸ ਹੋਣ ਲੱਗਦਾ ਕਿ ਉਸ ਦਾ ਪਿਤਾ ਸਹੀ ਹੈ, ਉਦੋਂ ਉਸ ਦਾ ਆਪਣਾ ਬੇਟਾ ਸਮਝਣ ਲੱਗ ਜਾਂਦਾ ਕਿ ਉਹ ਗਲਤ ਹੈ। ਆਹੰਦੇ ਨੇ, ਇੱਕ ਬਾਪ ਤੇ ਬੇਟੀ ਇਕੱਠੇ ਪੈਦਲ ਜਾ ਰਹੇ ਸਨ। ਰਸਤੇ ਵਿਚ ਇੱਕ ਨਦੀ ਆ ਗਈ। ਬੇੜੀ ਉਥੇ ਕੋਈ ਨਹੀਂ ਸੀ। ਪਾਣੀ ਬਹੁਤ ਘੱਟ ਸੀ, ਸੋ ਉਨ੍ਹਾਂ ਟੁਰ ਕੇ ਹੀ ਨਦੀ ਪਾਰ ਕਰਨ ਦਾ ਫੈਸਲਾ ਕੀਤਾ ਪਰ ਅੱਧ 'ਚ ਪਹੁੰਚੇ ਤਾਂ ਅਚਾਨਕ ਪਾਣੀ ਚੜ੍ਹ ਆਇਆ। ਬਾਪ ਨੇ ਕਿਹਾ, ਬੇਟੀ ਮੈਂ ਤੇਰਾ ਹੱਥ ਫੜ੍ਹ ਲੈਂਦਾ ਹਾਂ ਤੇ ਆਪਾਂ ਸੰਭਲ ਕੇ ਟੁਰੇ ਚੱਲਾਂਗੇ। ਬੇਟੀ ਨੇ ਕਿਹਾ, ਨਹੀਂ ਪਿਤਾ ਜੀ ਮੈਂ ਤੁਹਾਡਾ ਹੱਥ ਫੜ੍ਹਾਂਗੀ, ਤੁਸੀਂ ਅੱਗੇ ਲੱਗੋ। ਪਿਤਾ ਨੇ ਕਿਹਾ, ਕੀ ਫਰਕ ਹੈ, ਤੂੰ ਮੇਰਾ ਹੱਥ ਫੜ੍ਹੇਂ ਜਾਂ ਮੈਂ ਤੇਰਾ। ਬੇਟੀ ਨੇ ਕਿਹਾ, ਹਾਂ ਜੀ, ਪਿਤਾ ਜੀ ਫਰਕ ਇਹ ਹੈ, ਬਿਪਤਾ ਆਉਣ 'ਤੇ ਮੈਂ ਤੁਹਾਡਾ ਹੱਥ ਛੱਡ ਕੇ ਆਪਣੀ ਜਾਨ ਬਚਾਉਣ ਲਈ ਦੌੜ ਸਕਦੀ ਹਾਂ। ਮੈਂ ਖੁਦਗਰਜ਼ ਹੋ ਸਕਦੀ ਹਾਂ। ਮੈਨੂੰ ਪਤਾ ਤੁਸੀਂ ਆਪਣੀ ਜਾਨ ਦੀ ਬਾਜੀ ਤਾਂ ਲਾ ਦਿਉਂਗੇ ਪਰ ਬੇਟੀ ਦਾ ਹੱਥ ਨਹੀਂ ਛੱਡੋਗੇ। ਮੈਨੂੰ ਆਪਣੇ ਤੋਂ ਵੱਧ ਵਿਸ਼ਵਾਸ਼ ਤੁਹਾਡੇ 'ਤੇ ਹੈ।

ਸੋ ਆਉ, ਪਿਤਾ ਦਿਵਸ 'ਤੇ ਆਪਣੇ ਆਪ ਤੋਂ ਕੁਝ ਵਾਅਦੇ ਲਈਏ ਤੇ ਇਸ ਦਿਨ ਨੂੰ ਸੱਚਮੁਚ ਮੁਬਾਰਕ ਦਿਵਸ ਬਣਾ ਲਈਏ।

ਕੁਝ ਅਰਸਾ ਹੋਇਆ, ਇੱਕ ਕਵਿਤਾ ਕਿਸੇ ਅਖਬਾਰ 'ਚ ਪੜ੍ਹੀ ਸੀ, ਉਸ ਦੀਆਂ ਦੋ ਸਤਰਾਂ ਸਾਝੀਆਂ ਕਰਨ ਦੀ ਗੁਸਤਾਖੀ ਕਰ ਰਹੀ ਹਾਂ,

ਇਸ ਤੋਂ ਵੱਡਾ ਜ਼ਾਲਮ ਨੀ ਕੋਈ,
ਜੋ ਆਪਣਾ ਭੁੱਲ ਜਾਏ ਬਾਪੂ।
ਕਰਮਾਂ ਵਾਲਿਓ ਇੱਕ ਦਿਨ ਨਹੀਂ,
ਹਰ ਦਿਨ ਚੇਤੇ ਆਏ ਬਾਪੂ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash
Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਜੂਨ 1984 ਦੀ ਅਭੁੱਲ ਯਾਦ

***ਜੂਨ 1984 ਦੇ ਦਿਨ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਦੇ ਚੇਤਿਆਂ ਵਿਚ ਸਦਾ ਵੱਸੇ ਰਹਿਣੇ ਹਨ। ਜਿਨ੍ਹਾਂ ਨੇ ਉਹ ਸਮਾਂ ਹੱਡੀਂ ਹੰਢਾਇਆ ਹੈ, ਉਨ੍ਹਾਂ ਨੂੰ ਉਹ ਸਮਾਂ ਚੇਤੇ ਹੀ ਨਹੀਂ ਰਹਿੰਦਾ ਸਗੋਂ ਪ੍ਰੇਸ਼ਾਨ ਵੀ ਕਰਦਾ ਹੈ। ਸ. ਚਰਨਜੀਤ ਸਿੰਘ ਪੰਨੂ ਨੇ 1984 ਦੇ ਜੂਨ ਮਹੀਨੇ ਦੀ ਦੋ ਤਰੀਕ ਦਾ ਬਿਰਤਾਂਤ ਸਾਨੂੰ ਲਿਖ ਭੇਜਿਆ ਹੈ। ਕਹਿਰ ਗੁਜ਼ਾਰਦੇ ਉਸ ਸਮੇਂ ਵਾਲਾ ਇਹ ਬਿਰਤਾਂਤ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ, ਤਾਂ ਕਿ ਉਨ੍ਹਾਂ ਨੂੰ ਇਲਮ ਹੋ ਸਕੇ ਕਿ ਲੋਕ ਉਸ ਵਕਤ ਕਿਸ ਤਰ੍ਹਾਂ ਦਾ ਮਾਨਸਿਕ-ਸਰੀਰਕ ਤਸ਼ੱਦਦ ਹੰਢਾਅ ਰਹੇ ਸਨ।***



**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਦੋ ਜੂਨ 1984 ਦਾ ਦਿਨ ਨਾ ਕੇਵਲ ਅਸਮਾਨੀ ਤਪਸ਼ ਵਜੋਂ ਹੀ ਪੰਜਾਬ 'ਤੇ ਕਰੜਾ ਸੀ, ਨਾਲ ਹੀ ਦਿੱਲੀ ਹਕੂਮਤ ਦੀਆਂ ਦੂਈ-ਦਵੈਤ ਭਰੀਆਂ ਨਜ਼ਰਾਂ ਕਾਰਨ ਵੀ ਜ਼ਹਿਰੀ ਹੋਇਆ ਪਿਆ ਸੀ। ਪੰਜਾਬ ਦੀਆਂ ਵਾਸਨਾ ਭਰੀਆਂ ਹਵਾਵਾਂ ਨਿੱਤ ਦਿਨ ਪੁਲਿਸ ਤੇ ਮਿਲਟਰੀ ਦੀ ਗਸ਼ਤ ਤੇ ਨਾਕਾਬੰਦੀ ਕਰ ਕੇ ਸਹਿਮੀਆਂ ਨਜ਼ਰ ਆ ਰਹੀਆਂ ਸਨ। ਹਕੂਮਤ ਦੇ ਪੰਜਾਬੀ ਭਾਈਚਾਰੇ ਵੱਲ ਘੁਣਸੀ ਵਤੀਰੇ ਕਰ ਕੇ ਪੰਜਾਬ ਦੀ ਜਵਾਨੀ ਵੀ ਹਿੱਕ ਕੱਢ ਕੇ ਖਲੋ ਗਈ ਸੀ। ਜੇ ਪੁਲਿਸ ਜਾਂ ਸੁਰੱਖਿਆ ਬਲ ਪੰਜਾਬ ਦੀ ਇੱਕ ਨੁੱਕਰੇ ਕੋਈ ਵਧੀਕੀ ਕਰਦੇ, ਤਾਂ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਮੋਟਰਸਾਈਕਲ ਬ੍ਰਿਗੇਡ ਝਬਦੇ ਹੀ ਭਾਜੀ ਮੋੜ ਦਿੰਦਾ। ਇਹ ਪੰਜਾਬ ਦੇ ਬਹੁਤ ਡੂੰਘੇ ਦੋਹਰੇ ਸੰਤਾਪ ਦੀ ਨਿਸ਼ਾਨੀ ਸੀ ਕਿ ਜੇ ਕੋਈ ਪੁਲਿਸ ਵਾਲਾ ਮਾਰ ਦਿੱਤਾ ਜਾਂਦਾ ਤਾਂ ਉਹ ਵੀ ਪੰਜਾਬੀ ਜੁਆਨ, ਤੇ ਜੇ ਪੁਲਿਸ ਵਾਲੇ ਖਾੜਕੂਆਂ ਨੂੰ ਨਕਲੀ ਮੁਕਾਬਲੇ ਕਰ ਕੇ ਮਾਰ ਦਿੰਦੇ ਤਾਂ ਉਹ ਵੀ ਪੰਜਾਬ ਦੀ ਜਵਾਨੀ ਦਾ ਘਾਣ ਸੀ। ਪਾਸੇ ਖੜ੍ਹੋ ਕੇ ਵੇਖਦੀ ਤਮਾਸ਼ਬੀਨ ਜਮਾਤ ਇਹ ਸਭ ਕੁੱਝ ਵੇਖ ਕੇ ਵੱਖੀਆਂ 'ਚ ਹੱਸ ਰਹੀ ਸੀ। ਜਦ ਕਿਧਰੇ ਇਨ੍ਹਾਂ ਤੋਂ ਬਿਨਾਂ ਇੱਕ ਹੋਰ ਤੀਜੀ ਧਿਰ ਉਤੇ ਕਰੋਪੀ ਆ ਜਾਂਦੀ ਤਾਂ ਇਸ ਤਅੱਸਬੀ ਧਿਰ ਦਾ ਸੀਨਾ ਛਲਨੀ ਹੋ ਜਾਂਦਾ। ਉਹ ਦਿੱਲੀ ਦਰਬਾਰ ਜਾ ਫ਼ਰਿਆਦ ਕਰਦੇ। ਹਰਿਮੰਦਰ ਸਾਹਿਬ ਦੇ ਗਲਿਆਰੇ ਅੰਦਰ ਸੰਤ ਭਿੰਡਰਾਂਵਾਲਿਆਂ ਦੇ ਸ਼ਰੀਕ ਹੋਰ ਧੜੇ, ਜੋ ਅੰਦਰੋਂ ਉਨ੍ਹਾਂ ਦੀ ਚੜ੍ਹਤ ਤੋਂ ਖ਼ਾਰ ਖਾਂਦੇ ਸਨ, ਨੇ ਇਨ੍ਹਾਂ ਪੰਥ ਦੋਖੀਆਂ ਦਾ ਸਾਥ ਦਿੱਤਾ। ਅਕਾਲੀ ਖ਼ੇਮੇ ਦੇ ਮੁੱਖ ਲੀਡਰਾਂ ਦੀ ਵੀ ਸਹਿਮਤੀ ਸੀ, ਤੇ ਉਨ੍ਹਾਂ ਨੇ ਹੀ ਚਿੱਠੀ ਲਿਖ ਕੇ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਸੀ ਕਿ ਹਾਲਾਤ ਉਨ੍ਹਾਂ ਦੇ ਵੱਸੋਂ ਬਾਹਰ ਹੋ ਰਹੇ ਹਨ, ਇਸ ਲਈ ਸਰਕਾਰ ਦਖ਼ਲ ਦੇਵੇ।

ਪਹਿਲੀ ਜੂਨ 1984 ਨੂੰ ਕੁਲਦੀਪ ਸਿੰਘ ਬਰਾੜ ਭਾਰੀ ਫ਼ੌਜ ਨਾਲ ਅੰਮ੍ਰਿਤਸਰ ਪਹੁੰਚ ਗਿਆ। ਸੰਤ ਭਿੰਡਰਾਂਵਾਲੇ ਨੇ ਐਲਾਨ ਕੀਤਾ ਕਿ ਜੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਹੋਇਆ ਤਾਂ ਇਸ ਨੂੰ ਖ਼ਾਲਿਸਤਾਨ ਦੀ ਨੀਂਹ ਸਮਝਿਆ ਜਾਏਗਾ। ਆਖ਼ਰ ਵਿਰੋਧੀਆਂ ਦੀ ਮਿਲੀਭੁਗਤ ਨੇ ਪੰਜਾਬ/ਅੰਮ੍ਰਿਤਸਰ ਉਤੇ ਫ਼ੌਜੀ ਹਮਲੇ ਦੀ ਰਾਹਦਾਰੀ ਪੈਦਾ ਕਰ ਦਿੱਤੀ। ਦੋ ਜੂਨ ਤੱਕ ਪੰਜਾਬ ਦੇ ਹਰ ਪਿੰਡ ਸ਼ਹਿਰ, ਹਰ ਗਲੀ ਚੌਕ ਵਿਚ ਮਿਲਟਰੀ ਗਸ਼ਤ ਕਰਨ ਲੱਗੀ। ਪੈਰ-ਪੈਰ 'ਤੇ ਤਲਾਸ਼ੀ ਨਾਕੇਬੰਦੀ ਕਰ ਕੇ ਲੋਕਾਂ ਦਾ ਦਮ ਘੁੱਟਣ ਲੱਗਾ, ਪਰ ਜਦ-ਜਦ ਉਹ ਹੋਰ ਸਖ਼ਤੀ ਕਰਦੇ, ਲੋਕਾਂ ਦਾ ਰੋਹ ਹੋਰ ਭੜਕਦਾ ਗਿਆ। ਪੇਂਡੂ ਸੰਗਤਾਂ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਦਰਬਾਰ ਸਾਹਿਬ ਵੱਲ ਵਹੀਰਾਂ ਘੱਤੀ ਆਉਣ ਲੱਗੀਆਂ।

ਸਰਸਾ ਵਿਖੇ ਰਹਿੰਦਾ ਸੁਖਦੇਵ ਸਿੰਘ ਵੀ ਟਰੱਕ ਲੈ ਕੇ ਅੰਮ੍ਰਿਤਸਰ ਪਹੁੰਚ ਗਿਆ। ਉਹ ਗੁਰੂਘਰ ਦਾ ਬੜਾ ਸ਼ਰਧਾਲੂ ਸੀ ਤੇ ਇਸ ਨਗਰੀ ਵੱਲ ਢੋਆ-ਢੁਆਈ ਨੂੰ ਤਰਜੀਹ ਦਿੰਦਾ ਸੀ। ਇਸ ਨਾਲ ਇੱਕ ਤਾਂ ਉਸ ਦੀ ਦਿਹਾੜੀ ਚੰਗੀ ਬਣ ਜਾਂਦੀ, ਦੂਜਾ ਦਰਬਾਰ ਸਾਹਿਬ ਦੇ ਦਰਸ਼ਨ ਹੋ ਜਾਂਦੇ, ਤੇ ਤੀਜੇ ਉਹ ਮੇਰੀ ਭੂਆ ਦਾ ਪੁੱਤ ਹੋਣ ਕਰ ਕੇ ਨਾਨਕੇ ਘਰ ਚੱਕਰ ਲਾ ਲੈਂਦਾ। ਉਹ ਪਹਿਲੀ ਜੂਨ ਨੂੰ ਸਮਾਨ ਉਤਾਰ ਕੇ ਬਾਬੇ ਦੇ ਦਰਸ਼ਨ ਕਰ ਕੇ ਰਾਤ ਮੇਰੇ ਕੋਲ ਖ਼ਾਲਸਾ ਕਾਲਜ ਲਾਗੇ ਘਰ ਠਹਿਰ ਗਿਆ। ਰੋਜ਼ ਦਾ ਪੀਣ ਵਾਲਾ ਵੱਡਾ ਪਿਆਕਲ ਉਸ ਦਿਨ ਤੋਬਾ ਕਰ ਕੰਨਾਂ ਨੂੰ ਹੱਥ ਲਾ ਗਿਆ। ਉਹ ਸੰਤਾਂ ਦੇ ਲੈਕਚਰ ਤੋਂ ਇਨਾ ਪ੍ਰਭਾਵਿਤ ਹੋਇਆ ਕਿ ਉਸ ਦੇ ਆਉਣ ਨਾਲ ਸਾਡੇ ਪੀਣ ਵਾਲੇ ਸਾਥੀ ਵੀ ਸੁੱਕੇ ਰਹੇ। ਅਗਲੇ ਦਿਨ ਉਸ ਨੇ ਚਲੇ ਜਾਣਾ ਸੀ, ਪਰ ਮੈਂ ਕਿਹਾ ਇੱਕ ਦਿਨ ਹੋਰ ਠਹਿਰ ਜਾ। ਉਹ ਅਣਮੰਨੇ ਜਿਹੇ ਮੰਨ ਗਿਆ। ਇਸ ਵਿਚ ਮੇਰਾ ਸੁਆਰਥ ਇਹ ਸੀ ਕਿ 500 ਸਫ਼ੈਦਿਆਂ ਦੀ ਪਨੀਰੀ ਦਾ ਕਈ ਦਿਨਾਂ ਤੋਂ ਮਿਲਿਆ ਪਰਮਿਟ ਪਿਆ ਸੀ ਜੋ ਮੈਂ ਨਰਸਰੀ ਤੋਂ ਚੁੱਕ ਨਹੀਂ ਸਕਿਆ। ਮੈਂ ਕਿਹਾ, ਚੱਲ ਉਹਦੇ ਬਹਾਨੇ ਨਾਲੇ ਸਫ਼ੈਦੇ ਚਲੇ ਜਾਣਗੇ ਤੇ ਨਾਲੇ ਫਾਰਮ ਦਾ ਚੱਕਰ ਮਾਰ ਲਵਾਂਗੇ। ਚਾਟੀਵਿੰਡ ਨਹਿਰ ਦੇ ਸੁਲਤਾਨਪੁਰ ਇਲਾਕੇ ਵੱਲ ਨਰਸਰੀ 'ਤੇ ਪਹੁੰਚ ਗਏ। ਰਸਤੇ ਵਿਚ ਸੁਰੱਖਿਆ ਏਜੰਸੀਆਂ ਦਾ ਦਬਾਅ ਬਹੁਤ ਜ਼ਿਆਦਾ ਸੀ ਪਰ ਇਸ ਨਾਲ ਲੋਕਾਂ ਦੀ ਆਵਾਜਾਈ ਵਿਚ ਕੋਈ ਫ਼ਰਕ ਨਾ ਪਿਆ।

ਨਰਸਰੀ 'ਤੇ ਬੇਲਦਾਰ ਵੀ ਹਾਜ਼ਰ ਮਿਲ ਗਿਆ। 'ਛੇਤੀ ਕਰ ਲਓ ਸਿੰਘ ਜੀ! ਸ਼ਹਿਰ ਦੇ ਸਾਰੇ ਰਸਤੇ ਸੀਲ ਹੋ ਰਹੇ ਨੇ। ਅੰਦਰ ਘਮਸਾਣ ਮੱਚ ਰਿਹਾ ਹੈ।' ਉਹ ਘਬਰਾਇਆ ਹੋਇਆ ਸੀ।

'ਕੁੱਝ ਨ੍ਹੀਂ ਹੁੰਦਾ ਜੁਆਨਾ...ਹੌਸਲਾ ਕਰ। ਕਲਗ਼ੀਆਂ ਵਾਲੇ ਨੂੰ ਯਾਦ ਰੱਖ।' ਸੁਖਦੇਵ ਸਿੰਘ ਨੇ ਉਸ ਦੇ ਮੋਢੇ ਥਪਕੀ ਦਿੱਤੀ।

'ਮੇਰੇ 'ਤੇ ਯਕੀਨ ਕਰੋ ਵੀਰ ਜੀ! ਕਹਿਰ ਟੁੱਟ ਗਿਆ ਕਹਿਰ। ਕੱਲ੍ਹ ਦਰਬਾਰ ਸਾਹਿਬ ਦੇ ਚੁਫੇਰੇ ਉਚੀਆਂ ਇਮਾਰਤਾਂ 'ਤੇ ਘਾਤ ਲਗਾਈ ਬੈਠੇ ਸਰਕਾਰੀ ਗੁੰਡਿਆਂ ਨੇ ਸੁਰੱਖਿਆ ਦੇ ਬਹਾਨੇ ਅੰਧਾਧੁੰਦ ਗੋਲੀ ਚਲਾ ਕੇ ਗੁਰੂ ਰਾਮਦਾਸ ਦੇ ਘਰ ਦੀ ਇਮਾਰਤ ਗੋਲੀਆਂ ਨਾਲ ਵਿੰਨ੍ਹ ਦਿੱਤੀ, ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਤੇ ਅੱਠ-ਦਸ ਬੇਕਸੂਰ ਸ਼ਰਧਾਲੂ ਅਤੇ ਸੇਵਾਦਾਰ ਸਿੰਘ ਭੁੰਨ ਸੁੱਟੇ ਨੇ। ਅੱਜ ਉਨ੍ਹਾਂ ਦਾ ਸਸਕਾਰ ਹੈ ਸ਼ਹੀਦਾਂ ਵਾਲੇ ਸ਼ਮਸ਼ਾਨਘਾਟ ਵਿਚ। ਮੈਂ ਵੀ ਜਾਣਾ ਚਾਹੁੰਦਾ ਹਾਂ ਉਥੇ। ਸਰਕਾਰ ਲਾਸ਼ਾਂ ਬਾਹਰ ਕੱਢਣ ਤੋਂ ਰੋਕ ਰਹੀ ਹੈ, ਪਤਾ ਨਹੀਂ ਕਿਹੜੇ ਵੇਲੇ ਹੋਰ ਕੀ ਭਾਣਾ ਵਰਤ ਜਾਣਾ।' ਕਾਹਲੀ-ਕਾਹਲੀ ਪਰਮਿਟ ਦਰਜ ਕਰ ਕੇ ਉਹ ਆਪ ਹੀ ਸਫ਼ੈਦੇ ਚੁਕਾਉਣ ਤੇ ਲਦਾਉਣ ਵਿਚ ਸਾਡੀ ਮਦਦ ਕਰਨ ਲੱਗਾ। ਸੁਖਦੇਵ ਨੇ ਡਾਲਾ ਖੋਲ੍ਹਿਆ ਤੇ ਘੰਟੇ ਭਰ ਵਿਚ ਸਾਰਾ ਕੰਮ ਹੋ ਗਿਆ। ਬੇਲਦਾਰ ਨੂੰ ਧੰਨਵਾਦ ਵਜੋਂ ਮੈਂ ਦਸ ਰੁਪਏ ਦੇਣੇ ਚਾਹੇ। ਉਸ ਨੇ ਹੱਥ ਜੋੜਦੇ ਨਾਂਹ ਕਰਦੇ ਮੁਆਫ਼ੀ ਮੰਗੀ।

'ਲੈ ਜਾਓ ਬਾਬਿਓ, ਨਿਕਲ ਜਾਓ ਜਲਦੀ। ਕਾਲੀ ਬੋਲ਼ੀ ਅਸਮਾਨੀ ਹਨੇਰੀ ਚੜ੍ਹੀ ਆ ਰਹੀ ਹੈ।' ਜਿਵੇਂ ਉਸ ਨੂੰ ਕੋਈ ਅਸਮਾਨੀ ਭਾਖਿਆ ਸੀ, ਜਾਂ ਉਸ ਨੂੰ ਹੋਣ ਵਾਲੀ ਸਾਰੀ ਹੋਣੀ ਦਾ ਗਿਆਨ ਸੀ।

'ਧੰਨਵਾਦ ਤੇਰਾ... ਤੂੰ ਵੀ ਘਰ ਜਾਹ ਜਲਦੀ ਆਪਣੇ ਬਾਲ-ਬੱਚੇ ਕੋਲ।' ਉਸ ਦੀਆਂ ਅੱਖਾਂ ਤਰਲ ਹੋਈਆਂ ਵੇਖ ਕੇ ਮੇਰਾ ਮਨ ਵੀ ਦੁਚਿੱਤੀ ਜਿਹੀ ਵਿਚ ਗ੍ਰਸਿਆ ਗਿਆ।

ਨਹਿਰੇ ਪੈ ਕੇ ਮੁੜ ਜੀ.ਟੀ. ਰੋਡ 'ਤੇ ਫਰੀਡਮ ਇੰਡਸਟਰੀ ਲਾਗਿਉਂ ਹੁੰਦੇ ਹੋਏ ਮਕਬੂਲਪੁਰਾ ਚੌਕ, 100 ਫੁੱਟੀ ਸੜਕ ਤੱਕ ਚਾਰ ਥਾਵਾਂ 'ਤੇ ਪੁਲਿਸ, ਬੀ.ਐਸ.ਐਫ. ਅਤੇ ਫ਼ੌਜੀਆਂ ਦੀ ਟੁਕੜੀ ਨੇ ਰੋਕ ਕੇ ਪੁੱਛਿਆ, 'ਕਿੱਥੋਂ ਆਏ ਹੋ? ਕਿੱਥੇ ਜਾਣਾ ਹੈ? ਕਾਗਜ਼ ਪੱਤਰ ਦਿਖਾਓ...ਪਰਮਿਟ ਦਿਖਾਓ।' ਅਸੀਂ ਸੁਆਲਾਂ ਦਾ ਜੁਆਬ ਦਿੰਦੇ ਰਹੇ। ਸੁਖਦੇਵ ਨੇ ਈਸਟ ਮੋਹਨ ਨਗਰ ਚੰਮਰੰਗ ਰੋਡ ਨੂੰ ਮੁੜਨਾ ਚਾਹਿਆ ਪਰ ਅੱਗੇ ਡੋਗਰਾ ਫ਼ੌਜੀਆਂ ਨੇ ਸਿਰ ਹਿਲਾ ਦਿੱਤਾ। 'ਇਧਰ ਨਹੀਂ...ਆਗੇ।' 'ਅਰੇ ਭਾਈ ਮੇਰਾ ਤੋ ਇਧਰ ਸ਼ੇਰਾਂਵਾਲਾ ਗੇਟ ਪਰ ਵਰਕਸ਼ਾਪ ਮੇਂ ਟਾਇਰ ਪੜਾ ਹੈ...ਮੈਂ ਵੋਹ ਲੈਣਾ ਹੈ।' ਉਸ ਨੇ ਹਰਿਆਣਵੀ ਡਰਾਈਵਰਾਂ ਵਾਲੀ ਹਿੰਡ ਵਰਤੀ।

ਅਕਾਲੀ ਦਲ ਵੱਲੋਂ ਤਿੰਨ ਜੂਨ ਤੋਂ ਸਰਕਾਰ ਪ੍ਰਤੀ ਨਾ-ਮਿਲਵਰਤਨ ਦਾ ਵੀ ਹੋਕਾ ਦਿੱਤਾ ਗਿਆ ਸੀ। ਧਰਮ ਯੁੱਧ ਮੋਰਚੇ ਦੇ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ ਅਤੇ ਦਮਦਮੀ ਟਕਸਾਲ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵੱਲੋਂ ਅਖ਼ਬਾਰਾਂ ਵਿਚ ਸਾਂਝੀ ਅਪੀਲ ਛਪੀ ਸੀ ਕਿ ਵੱਧ ਤੋਂ ਵੱਧ ਕਣਕ ਤੇ ਬਸਤਰ ਦਰਬਾਰ ਸਾਹਿਬ ਭੇਜੇ ਜਾਣ। ਗੁਰੂ ਅਰਜਨ ਦੇਵ ਦੇ ਸ਼ਹੀਦੀ ਸਮਾਗਮ ਨੇੜੇ ਹੋਣ ਕਾਰਨ ਵੀ ਬਾਹਰੋਂ ਟਰੱਕਾਂ ਦੇ ਟਰੱਕ ਕਣਕ, ਖਾਦ ਪਦਾਰਥ ਤੇ ਸ਼ਰਧਾਲੂ ਵਹੀਰਾਂ ਘੱਤੀ ਆ ਰਹੇ ਸਨ। ਧਰਮ ਯੁੱਧ ਮੋਰਚੇ ਦੀ ਆੜ ਵਿਚ ਦਰਬਾਰ ਸਾਹਿਬ ਦੀਆਂ ਸਰਾਂਵਾਂ ਅਤੇ ਰਿਹਾਇਸ਼ਗਾਹਾਂ ਵਿਚ ਕਈ ਗੈਰ-ਸਮਾਜੀ ਅਨਸਰ, ਪੇਸ਼ਾਵਰ ਕਾਤਲ, ਲੁਟੇਰੇ ਤੇ ਸਮਗਲਰ ਘੁਸਪੈਠ ਕਰ ਗਏ ਸਨ ਜਿਨ੍ਹਾਂ ਦਾ ਨਾ ਅਕਾਲੀ ਮੋਰਚੇ ਨਾਲ ਤੇ ਨਾ ਸੰਤ ਭਿੰਡਰਾਂਵਾਲਾ ਨਾਲ ਕੋਈ ਸਬੰਧ ਸੀ। ਇਹ ਲੋਕ ਬਾਹਰੋਂ ਕਤਲ, ਲੁੱਟ-ਮਾਰ, ਡਾਕੇ ਮਾਰ ਕੇ ਦਰਬਾਰ ਸਾਹਿਬ ਅੰਦਰ ਪਨਾਹ ਲੈਣ ਆ ਜਾਂਦੇ। ਇਨ੍ਹਾਂ ਕਾਲੀਆਂ ਭੇਡਾਂ ਸਦਕਾ ਸ਼ਾਂਤੀ ਦਾ ਕੇਂਦਰ ਦਰਬਾਰ ਸਾਹਿਬ ਦਹਿਸ਼ਤ ਦਾ ਕੇਂਦਰ ਬਣ ਗਿਆ। ਬਹੁਤੇ ਲੋਕ ਸ਼ਹੀਦਾਂ ਦੇ ਸਸਕਾਰ ਵਾਸਤੇ ਵੀ ਉਮਡ ਪਏ ਜਾਪਦੇ ਸਨ। ਉਸੇ ਵੇਲੇ ਕੁੱਝ ਹੋਰ ਪੈਦਲ ਚਾਲਕ ਨਿਹੰਗ ਸਿੰਘ ਅੱਗੇ ਜਾਣ ਦੀ ਜ਼ਿੱਦ ਕਰਦੇ ਖਹਿਬੜਦੇ ਸੀ.ਆਰ.ਪੀ.ਐਫ. ਨਾਲ ਭਿੜਦੇ ਗੁੱਥਮਗੁੱਥਾ ਹੁੰਦੇ, ਵਾਲ ਪੁਟਾਉਂਦੇ ਵੇਖ ਕੇ ਮੇਰੇ ਸਾਥੀ ਡਰਾਈਵਰ ਨੇ ਹੌਸਲਾ ਹਾਰ ਦਿੱਤਾ। ਉਨ੍ਹਾਂ ਦੇ ਅਗਲੇ ਇਸ਼ਾਰੇ ਨਾਲ ਮਲਕੜੇ ਜਿਹੇ ਹੀ ਅਸੀਂ ਇੱਜ਼ਤ ਬਚਾ ਕੇ ਚੱਲ ਪਏ।

'ਤਸੀਲਪੁਰੇ ਦੇ ਸਾਹਮਣੇ ਅਕਾਲੀ ਫੂਲਾ ਸਿੰਘ ਬੁਰਜ ਵਾਲੀ ਸੜਕੇ ਪੈ ਜਾਵਾਂਗੇ...ਚੱਲ ਅੱਗੇ ਚੱਲ।' ਮੈਂ ਉਸ ਨੂੰ ਹੌਸਲਾ ਦਿੱਤਾ।

ਭਾਊ ਮੇਰੇ ਟਾਇਰ ਮਾੜੇ ਨੇ, ਤੇ ਮੈਂ ਸ਼ੇਰਾਂਵਾਲਾ ਗੇਟ ਨੇੜਲੀ ਵਰਕਸ਼ਾਪ ਤੇ ਸਟੱਪਣੀ ਦਿੱਤੀ ਹੋਈ ਹੈ...ਉਸ ਤੋਂ ਬਿਨਾਂ ਮੈਂ ਬਾਹਰ ਦੂਰ ਨਹੀਂ ਜਾ ਸਕਦਾ।'

ਡਰਾਈਵਰ ਨੇ ਆਪਣੀ ਬੇਵਸੀ ਤੇ ਤਰਲਾ ਦੁਹਰਾਇਆ। ਤਸੀਲਪੁਰੇ ਪਹੁੰਚ ਕੇ ਵੀ ਖ਼ਾਕੀ



ਵਰਦੀ ਵਾਲਿਆਂ ਦਾ ਉਹੀ ਡਰਾਮਾ। ਮੈਂ ਆਪ ਥੱਲੇ ਉਤਰਿਆ। ਫ਼ੌਜੀਆਂ ਨੂੰ ਆਪਣਾ ਸਰਕਾਰੀ ਕਾਰਡ ਤੇ ਕਰਫ਼ਿਊ ਪਾਸ ਵੀ ਦਿਖਾਇਆ ਤੇ ਦੱਸਿਆ ਕਿ ਅਸੀਂ ਅੱਗੇ ਦਰਬਾਰ ਸਾਹਿਬ ਨਹੀਂ, ਸਗੋਂ ਸ਼ੇਰਾਂਵਾਲੇ ਗੇਟ ਤੱਕ ਹੀ ਟਾਇਰਾਂ ਦੀ ਦੁਕਾਨ ਤੱਕ ਜਾਣਾ ਹੈ ਪਰ ਉਹ ਨਹੀਂ ਮੰਨੇ।

'ਆਗੇ ਸੇ ਚਲੇ ਜਾਣਾ ਸ਼ਰੀਫਪੁਰੇ ਵਾਲੇ ਮੋੜ ਤੋਂ।' ਉਨ੍ਹਾਂ ਨਾਲ ਖੜ੍ਹੇ ਪੰਜਾਬ ਪੁਲਿਸ ਦੇ ਸਿਪਾਹੀ ਨੇ ਜਿਵੇਂ ਹਮਦਰਦੀ ਜਤਾਈ। ਅੱਗੇ ਵੀ ਉਹੀ ਭਾਣਾ ਵਰਤਿਆ। ਉਥੇ ਖੜ੍ਹੇ ਸੰਤਰੀਆਂ ਨੇ ਦੂਰੋਂ ਹੀ ਹੱਥ ਦੇ ਕੇ ਅੱਗੇ ਨੂੰ ਇਸ਼ਾਰਾ ਕਰ ਦਿੱਤਾ। ਪ੍ਰਤੱਖ ਸੀ ਕਿ ਦਰਬਾਰ ਸਾਹਿਬ ਅਤੇ ਸ਼ਹੀਦਾਂ ਗੁਰਦੁਆਰੇ ਤੱਕ ਜਾਣ ਦੇ ਸਾਰੇ ਨਾਕੇ ਸੀਲ ਕਰ ਦਿੱਤੇ ਗਏ ਹਨ। ਇਹ ਅਣਐਲਾਨੇ ਕਰਫ਼ਿਊ ਵਾਗੀ ਸਥਿਤੀ ਸੀ। 'ਇਹ ਤਾਂ ਸਰਕਾਰੀ ਚੌਕੀਦਾਰ ਹਨ, ਇਨ੍ਹਾਂ ਨੂੰ ਕੁੱਝ ਪਤਾ ਨਹੀਂ ਸੀ, ਇਨ੍ਹਾਂ ਨੇ ਤਾਂ ਜੋ ਉਪਰੋਂ ਹੁਕਮ ਹੋਇਆ, ਉਹੀ ਵਜਾਉਣਾ ਹੈ।' ਡਰਾਈਵਰ ਉਨ੍ਹਾਂ ਦੀ ਸਖ਼ਤੀ ਨੂੰ ਸਹੀ ਠਹਿਰਾ ਰਿਹਾ ਸੀ। ਰਾਮਬਾਗ ਵਾਲਾ ਮੋੜ ਆ ਗਿਆ। ਸੱਜੇ ਪਾਸੇ ਸਿਵਲ ਹਸਪਤਾਲ ਫਾਟਕ 'ਤੇ ਖੱਬੇ ਪਾਸੇ ਕੈਰੋਂ ਦਾ 'ਨੰਦਨ' ਸਿਨੇਮਾ ਘਰ ਹੈ। ਉਥੇ ਖੜ੍ਹੀ ਨੇਪਾਲੀ ਟੁਕੜੀ ਨੇ ਫਿਰ ਦੋਵੇਂ ਹੱਥ ਉਚੇ ਚੁੱਕ ਕੇ ਇਸ਼ਾਰਾ ਦੁਹਰਾ ਦਿੱਤਾ। ਮੈਂ ਵੀ ਅੱਕ ਗਿਆ ਸਾਂ ਇਹ ਸਾਰਾ ਵਰਤਾਰਾ ਵੇਖ ਹੰਢਾ ਕੇ।

'ਚੱਲ ਤੂੰ ਨਿਕਲ ਚੱਲ ਵੇਖੀ ਜਾਊ।' ਮੇਰੀ ਹੱਲਾਸ਼ੇਰੀ 'ਤੇ ਡਰਾਈਵਰ ਸ਼ੇਰ ਹੋ ਗਿਆ ਤੇ ਰੇਸ-ਕਿੱਲੀ ਨੱਪ ਦਿੱਤੀ।

'ਠਾਹ! ਠਾਹ!' ਟਰੱਕ ਅੱਗੇ ਦੌੜਦੇ ਗੋਰਖੇ ਨੇ ਹਵਾਈ ਫਾਇਰ ਛੱਡੇ।

'ਰੋਕ... ਰੋਕ!' ਮੈਂ ਉਸ ਦਾ ਮੋਢਾ ਫੜ ਲਿਆ। ਉਸ ਨੇ ਬਰੇਕ ਲਗਾ ਦਿੱਤੀ, ਨਹੀਂ ਤਾਂ ਤੀਜਾ ਫਾਇਰ ਮੂਹਰਲੇ ਸ਼ੀਸ਼ੇ ਵਿਚ ਆਉਣਾ ਸੀ। ਡਰਾਈਵਰ ਪਸੀਨੋ-ਪਸੀਨੀ ਹੋ ਗਿਆ। ਮੇਰਾ ਹਾਲ ਵੀ ਕਿਹੜਾ ਘੱਟ ਸੀ। ਇੱਕ ਨੇ ਨੇੜੇ ਆ ਕੇ ਡਰਾਈਵਰ ਨੂੰ ਗਲ਼ਮੇ ਤੋਂ ਫੜ ਕੇ ਥੱਲੇ ਖਿੱਚ ਲਿਆ। ਪਸੰਜਰ ਸੀਟ ਤੋਂ ਮੈਂ ਝਟਪਟ ਹੇਠਾਂ ਉਤਰਿਆ। ਉਹ ਗਿਰਝਾਂ ਵਾਂਗ ਟਰੱਕ ਦੁਆਲੇ ਹੋ ਗਏ। ਮੇਰੀ ਲੰਬੀ ਦਾੜ੍ਹੀ ਜੋ ਉਸ ਵੇਲੇ ਸੁਖਦੇਵ ਸਿੰਘ ਉਰਫ਼ ਸੁੱਖਾ-ਸਖੀਰਾ ਦੀ ਸਲਾਹ 'ਤੇ ਜਾਂ ਉਸ ਤੋਂ ਡਰਦੇ ਮਾਰੇ ਸਮਝ ਲਓ, ਦੋ-ਚਾਰ ਮਹੀਨੇ ਰਹਿਤ ਰੱਖ ਕੇ ਮੈਂ ਵਧਾਈ ਸੀ, ਮੇਰੀ ਸ਼ਾਮਤ ਬਣ ਗਈ। ਸੂਬੇਦਾਰ ਇੰਚਾਰਜ ਨੂੰ ਮੈਂ ਸਾਰੀ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਮੇਰਾ ਸਰਕਾਰੀ ਸ਼ਨਾਖਤੀ ਕਾਰਡ ਤੇ ਕਰਫ਼ਿਊ ਪਾਸ ਉਸ ਨੇ ਜੇਬ ਵਿਚ ਪਾ ਲਿਆ।

'ਯਹ ਖ਼ਤਮ ਹੈ, ਆਜ ਸੇ। ਅਬ ਯਹ ਸਿਵਲੀਅਨ ਕਾਰਡ ਨਹੀਂ ਚਲੇਂਗੇ... ਦੂਸਰਾ ਨਯਾ ਬਣਾਓ।' ਉਸ ਨੇ ਮੇਰੇ ਵੱਲ ਡੇਲੇ ਭੰਗਾਰੇ।

ਪਲੋ-ਪਲੀ ਵਿਚ ਸੂਹੀਏ ਕੁੱਤੇ ਵੀ ਪਹੁੰਚ ਗਏ। ਉਨ੍ਹਾਂ ਟਰੱਕ ਦੀ ਪਰਿਕਰਮਾ ਕਰਦੇ ਨਾਸਾਂ ਜਿਹੀਆਂ ਮਛਕੋੜੀਆਂ। ਇੱਕ ਟਪੂਸੀ ਮਾਰ ਕੇ ਪਿੱਛੇ ਚੜ੍ਹ ਗਿਆ। ਟਰੱਕ ਦੀ ਸਾਲਮ ਤਲਾਸ਼ੀ ਦੌਰਾਨ ਸਫ਼ੈਦੇ ਦੇ ਬੂਟੇ ਵੇਖ ਕੇ ਉਨ੍ਹਾਂ ਨੂੰ ਨਿਰਾਸ਼ਾ ਵੀ ਹੋਈ, ਕਿਉਂਕਿ ਪਿਛਲੀ ਰਾਤ ਹੀ ਅਸਲੇ ਦਾ ਟਰੱਕ ਫੜ ਕੇ ਉਨ੍ਹਾਂ ਮਾਅਰਕਾ ਮਾਰਿਆ ਸੀ ਤੇ ਇਨਾਮ ਹਾਸਲ ਕੀਤੇ ਸਨ। ਸਫ਼ੈਦੇ ਦਾ ਇੱਕ-ਇੱਕ ਪੌਦਾ ਉਨ੍ਹਾਂ ਬੰਬ ਵਾਂਗ ਘੋਖਿਆ। ਟਾਇਰ ਲੈਣ ਜਾਣ ਵਾਲੀ ਗੱਲ ਉਹ ਮੰਨ ਗਿਆ ਪਰ 'ਟਰੱਕ ਆਗੇ ਨਹੀਂ ਜਾ ਸਕਦਾ... ਯਹ ਜ਼ਬਤ ਕਰਨਾ ਪੜੇਗਾ... ਏਕ ਆਦਮੀ ਜਾ ਕੇ ਟਾਇਰ ਕਾ ਇੰਤਜ਼ਾਮ ਕਰ ਲੇ', ਉਹ ਕੜਕਿਆ। ਜ਼ਬਤ ਦਾ ਨਾਂ ਸੁਣ ਕੇ ਵਿਚਾਰਾ ਗ਼ਰੀਬ ਡਰਾਈਵਰ ਜਿਸ ਦੇ ਬਾਲ-ਬੱਚੇ ਦੀ ਰੋਜ਼ੀ-ਰੋਟੀ ਦਾ ਇਹ ਟਰੱਕ ਹੀ ਵਸੀਲਾ ਸੀ, ਗਿੜਗਿੜਾ ਕੇ ਹੱਥ ਜੋੜਦਾ ਤਰਲੇ ਕੱਢਦਾ ਉਸ ਦੇ ਪੈਰੀਂ ਢਹਿ ਪਿਆ। ਮੈਂ ਉਸ ਨੂੰ ਹੌਸਲਾ ਦਿੱਤਾ ਕਿ ਤੂੰ ਜ਼ਰਾ ਤਕੜਾ ਹੋ, ਇਨ੍ਹਾਂ ਨੇ ਤਰਲਿਆਂ ਨਾਲ ਨਹੀਂ ਮੰਨਣਾ।

'ਸਰ! ਟਰੱਕ ਕੇ ਬਗੈਰ ਟਾਇਰ ਕੈਸੇ ਆ ਸਕਤਾ ਹੈ! ਵੋਹ ਤੋ ਟਰੱਕ ਕੋ ਹੀ ਫਿੱਟ ਕਰਾਣਾ ਹੈ।' ਮੇਰੀ ਗੱਲ ਸੁਣ ਕੇ ਉਹ ਕੁੱਝ ਝਿਜਕਿਆ। ਆਪਣੇ ਉਪਰਲੇ ਬਾਸ ਤੋਂ ਹੁਕਮ ਲੈ ਕੇ ਮੈਨੂੰ ਸ਼ੇਰਾਂਵਾਲੇ ਗੇਟ ਤੋਂ ਅੱਗੇ ਅੰਦਰ ਨਾ ਜਾਣ ਦੀ ਨਸੀਹਤ ਦੇ ਕੇ ਟੁਕੜੀ ਇੰਚਾਰਜ ਨੇ ਆਪਣੇ ਕੀਤੇ ਦੀ ਮੁਆਫ਼ੀ ਮੰਗਦੇ 'ਸੌਰੀ' ਵੀ ਕਿਹਾ। ਨਾਲ ਦੋ ਸਿਪਾਹੀ ਸਾਡੀ ਨਿਗਰਾਨੀ ਲਈ ਬਿਠਾ ਦਿੱਤੇ ਕਿ ਕਿਤੇ ਦਰਬਾਰ ਸਾਹਿਬ ਅੰਦਰ ਨਾ ਪਹੁੰਚ ਜਾਣ। ਰਾਮਬਾਗ ਥਾਣੇ ਤੋਂ ਅੰਦਰ ਸ਼ੇਰਾਂਵਾਲੇ ਗੇਟ ਵੱਲ ਮੁੜਨ 'ਤੇ ਇੱਕ ਹੋਰ ਪੰਜਾਬ ਪੁਲਿਸ ਦਾ ਇੰਸਪੈਕਟਰ ਜੋ ਪਿਛਲੇ ਨਾਕੇ 'ਤੇ ਹੋਈ ਫਾਇਰਿੰਗ ਦੌਰਾਨ ਸਾਡਾ ਹਸ਼ਰ ਵੇਖ ਰਿਹਾ ਸੀ, ਨੇ ਵੀ ਰੁਕਣ ਦਾ ਇਸ਼ਾਰਾ ਕਰ ਦਿੱਤਾ। ਸਾਡੇ ਨਾਲ ਦੋ ਫ਼ੌਜੀ ਬੈਠੇ ਵੇਖ ਕੇ ਉਨ੍ਹਾਂ ਸਮਝ ਲਿਆ ਕਿ ਮੋਟੀ ਖ਼ਤਰਨਾਕ ਸਾਮੀ ਫਸ ਗਈ ਹੈ ਤੇ ਇਨ੍ਹਾਂ ਨੂੰ ਪੁੱਛ-ਗਿੱਛ ਕੇਂਦਰ ਲਿਜਾਇਆ ਜਾ ਰਿਹਾ ਹੈ। ਮੈਂ ਥੱਲੇ ਉਤਰ ਕੇ ਉਸ ਨੂੰ ਸਾਰੀ ਹੱਡਬੀਤੀ ਦੱਸੀ। ਉਸ ਨੂੰ ਤਸੱਲੀ ਹੋ ਗਈ।

'ਸਰਦਾਰ ਜੀ, ਅੱਜ ਤੋਂ ਬਾਅਦ ਸਮਝੋ ਤੁਹਾਡੀ ਬੋਨਸ ਦੀ ਜ਼ਿੰਦਗੀ ਹੈ। ਇਨ੍ਹਾਂ ਨੂੰ ਉਪਰਲੀ ਸਰਕਾਰ ਵੱਲੋਂ ਪੜ੍ਹਾਇਆ ਗਿਆ ਹੈ ਕਿ ਇਸ 'ਨਿਸ਼ਾਨੀ' ਵਾਲੇ ਸਾਰੇ ਲੋਕ ਅਤਿਵਾਦੀ ਹਨ, ਇਨ੍ਹਾਂ ਨੂੰ ਰੇੜ੍ਹੀ ਜਾਓ ਤੇ ਇਨਾਮ ਤਰੱਕੀਆਂ ਪਾਓ।' ਉਸ ਨੇ ਮੇਰੀ ਦਾੜ੍ਹੀ ਵੱਲ ਇਸ਼ਾਰਾ ਕੀਤਾ।

'ਦਰਬਾਰ ਸਾਹਿਬ ਦੇ ਅੰਦਰ ਟੈਸਟ ਓਪਰੇਸ਼ਨ ਚੱਲ ਰਿਹਾ ਹੈ। ਕੱਲ੍ਹ ਚਾਂਦਮਾਰੀ ਕਰ ਕੇ ਅੱਠ-ਦਸ ਬੰਦੇ ਰੇੜ੍ਹ ਦਿੱਤੇ ਨੇ ਇਨ੍ਹਾਂ ਨੇ। ਅੱਗੇ ਧਿਆਨ ਨਾਲ ਜਾਇਓ।' ਉਸ ਦੀ ਨਸੀਹਤ ਵਰਗੀ ਚਿਤਾਵਨੀ ਟਰੱਕ ਦੀ ਤਾਕੀ ਤੱਕ ਮੇਰਾ ਪਿੱਛਾ ਕਰਦੀ ਰਹੀ।

---

ਤਿੰਨ ਵਜੇ ਤੱਕ ਜਾਨ ਜੋਖੋਂ ਵਿਚ ਪਾ ਕੇ ਬੁਰਜ ਅਕਾਲੀ ਫੂਲਾ ਸਿੰਘ ਅਤੇ ਸ਼ੇਰਾਂਵਾਲੇ ਗੇਟ ਵਿਚਕਾਰ ਟਿਕਾਣੇ 'ਤੇ ਪਹੁੰਚੇ ਤਾਂ ਟਾਇਰਾਂ ਵਾਲੀ ਦੁਕਾਨ ਬੰਦ ਵੇਖ ਕੇ ਬੇਚੈਨੀ ਹੋਰ ਵਧ ਗਈ। ਉਪਰੋਂ ਡਰਾਈਵਰ ਕਹਿੰਦਾ, ਉਹਦਾ ਸਟੇਟ ਪਰਮਿਟ ਨਵਿਆਉਣ ਵਾਲਾ ਹੈ, ਕੱਲ੍ਹ ਡੀ.ਟੀ.ਓ. ਦਫ਼ਤਰ ਜਾਣਾ ਪਵੇਗਾ। ਡੀ.ਟੀ.ਓ. ਦੇ ਦਫ਼ਤਰੋਂ ਕਿਹੜਾ ਜਾਂਦਿਆਂ ਹੀ ਕੰਮ ਹੋ ਜਾਣਾ ਸੀ। ਉਹ ਤਾਂ ਚੰਗੇ-ਭਲੇ ਦਿਨਾਂ ਵਿਚ ਕਈ-ਕਈ ਚੱਕਰ ਲਗਵਾ ਦਿੰਦੇ ਨੇ। ਪੈਸੇ ਲੈ ਕੇ ਵੀ ਲਾਰੇ ਲਾਈ ਜਾਂਦੇ ਨੇ। ਅੱਜ ਦੇ ਟੈਨਸ਼ਨ ਭਰੇ ਮਾਹੌਲ ਵਿਚ ਉਨ੍ਹਾਂ ਕਿਹੜਾ ਜਾਂਦਿਆਂ ਕੰਮ ਕਰ ਦੇਣਾ? ਡੀ.ਟੀ.ਓ. ਦਫ਼ਤਰ ਸਾਡੇ ਲੁਹਾਰਕੇ ਖੇਤਾਂ ਵੱਲ ਅੰਮ੍ਰਿਤਸਰ ਤੋਂ ਬਾਹਰ ਨਿਕਲਣ ਦੇ ਰਸਤੇ ਵਿਚ ਹੀ ਸੀ। ਜ਼ਿਲ੍ਹਾ ਕਚਹਿਰੀ ਤੱਕ ਪਹੁੰਚਦੇ ਫਿਰ ਕਿਸੇ ਨੇ ਟਰੱਕ ਨਹੀਂ ਰੋਕਿਆ। ਜ਼ਾਹਿਰ ਸੀ ਕਿ ਸਾਰੀ ਪੁੱਛ-ਪੜਤਾਲ ਦਰਬਾਰ ਸਾਹਿਬ, ਸ਼ਹੀਦਾਂ ਵਾਲੇ ਅਤੇ ਚਾਟੀਵਿੰਡ ਖੇਤਰ ਵੱਲ ਅੰਦਰ ਜਾਣ ਵਾਲੇ ਰਸਤਿਆਂ ਤੱਕ ਹੀ ਕੇਂਦਰਿਤ ਸੀ।

ਡੀ.ਟੀ.ਓ. ਦੇ ਦਫ਼ਤਰ ਪਹਿਲਾਂ ਵਾਂਗ ਬਾਹਰ ਏਜੰਟਾਂ ਦੀਆਂ ਫੜ੍ਹੀਆਂ ਗ਼ਾਇਬ ਸਨ। ਰੌਣਕ ਮੇਲੇ ਵਾਲੀ ਕਚਹਿਰੀ ਖ਼ਾਮੋਸ਼ ਸੀ। ਫ਼ੌਜੀ ਦਗੜ-ਦਗੜ ਕਰਦੇ ਫਿਰ ਰਹੇ ਸਨ। ਸਾਰਾ ਪ੍ਰਸ਼ਾਸਨ ਫ਼ੌਜੀ ਅਧਿਕਾਰੀਆਂ ਦੀ ਕਮਾਨ ਹੇਠ ਸੀ। ਡੀ.ਟੀ.ਓ.ਬੈਠਾ ਤਾਂ ਸੀ, ਪਰ ਉਸ ਦੇ ਸਿਰ 'ਤੇ ਫ਼ੌਜੀ ਲੋਕਾਂ ਨੂੰ ਮਿਲ ਰਹੇ ਸਨ, ਤੇ ਆਪਣੀ ਨਿਗਰਾਨੀ ਵਿਚ ਕੰਮ ਕਰ/ਕਰਵਾ ਰਹੇ ਸਨ। ਹੋਰ ਜ਼ਿਆਦਾ ਖੱਜਲ-ਖ਼ੁਆਰੀ ਤੋਂ ਬਗੈਰ ਸਾਡਾ ਇਹ ਕੰਮ ਦਸਾਂ-ਪੰਦਰਾਂ ਮਿੰਟ ਵਿਚ ਹੀ ਹੋ ਗਿਆ। ਕਾਗ਼ਜ਼ ਵੇਖ ਕੇ ਮੋਹਰ ਹੀ ਤਾਂ ਲਗਾਉਣੀ ਸੀ!

'ਇਹ ਤਾਂ ਬੜੇ ਸਤਜੁਗੀ ਅਫ਼ਸਰ ਨੇ ਭਾਊ! ਮੈਂ ਤਾਂ ਕਿਹਾ ਚੰਗਾ ਰਗੜਾ ਬੰਨ੍ਹਣਗੇ, ਪਰ ਇਹ ਤਾਂ ਮੁਫ਼ਤੋ-ਮੁਫ਼ਤੀ ਕੰਮ ਹੋ ਗਿਆ! ਨਾਲੇ ਇੰਨੀ ਜਲਦੀ! ਰੱਬ ਕਰੇ ਹਮੇਸ਼ਾ ਹੀ ਅਜਿਹੇ ਅਫ਼ਸਰ ਹੋਣ।'

ਪੁਲਿਸ ਸਿਵਲ ਪ੍ਰਸ਼ਾਸਨ ਤੋਂ ਤੰਗ ਆਏ ਡਰਾਈਵਰ ਨੇ ਆਪਣੀ ਮਨੋਵੇਦਨਾ ਉਗਲੱਛ ਦਿੱਤੀ। ਨਾਲ ਹੀ ਮੈਂ ਸੋਚਿਆ, ਡੀ.ਸੀ. ਦਫ਼ਤਰੋਂ ਮੈਂ ਵੀ ਆਪਣਾ ਕਰਫ਼ਿਊ ਪਰਮਿਟ ਨਵਿਆ ਲਵਾਂ। ਮੇਰਾ ਵਾਕਫ਼ਕਾਰ ਅੱਜ ਉਥੇ ਕੋਈ ਨਹੀਂ ਸੀ ਪਰ ਬੜੇ ਸ਼ਾਂਤਮਈ ਢੰਗ ਨਾਲ ਕੰਮ-ਕਾਜ ਹੋ ਰਿਹਾ ਸੀ। ਦੋ-ਤਿੰਨ ਫ਼ੌਜੀ ਅਧਿਕਾਰੀ ਸਾਰੀ ਕਾਰਵਾਈ ਦਾ ਨਿਰੀਖਣ ਕਰ ਰਹੇ ਸਨ। ਮੈਂ ਡਰਦੇ-ਝਕਦੇ ਨੇ ਸਹਾਇਕ ਦੀ ਸੀਟ 'ਤੇ ਪਹੁੰਚ ਕੇ ਆਪਣਾ ਤੁਆਰਫ਼ ਕਰਾਇਆ ਤੇ ਮਕਸਦ ਦੱਸਿਆ। ਉਸ ਨੇ ਕਾਰਡ ਵੇਖਿਆ ਤੇ ਫ਼ੌਜੀ ਅਧਿਕਾਰੀ ਵੱਲ ਕੀਤਾ। ਫ਼ੌਜੀ ਨੇ ਮੇਰੇ ਵੱਲ ਝਾਕਿਆ, ਰਜਿਸਟਰ ਵਿਚ ਕੁੱਝ ਇੰਦਰਾਜ ਕੀਤਾ ਤੇ ਬੜੇ ਆਰਾਮ ਨਾਲ ਫ਼ੌਜੀ ਮੋਹਰ ਲਗਾ ਕੇ ਪਿੱਠ-ਅੰਕਣ ਕਰ ਦਿੱਤੀ।

ਮੇਰੇ ਨਾਲ ਦਾ ਚਾਲਕ ਵੀ ਬਹੁਤ ਖ਼ੁਸ਼, ਤੇ ਮੈਂ ਵੀ! ਅੱਧੇ ਘੰਟੇ ਵਿਚ ਅਸੀਂ ਆਪਣੀ ਮੰਜ਼ਲ 'ਤੇ ਪਹੁੰਚ ਗਏ। ਜਲਦੀ ਮੁੜਨ ਦੀ ਕਾਹਲ ਵਿਚ ਸਫ਼ੈਦੇ ਟਿਊਬਵੈੱਲ ਦੇ ਕੋਠੇ ਅੰਦਰ ਟਿਕਾਏ, ਤੇ ਵਾਪਸ ਮੁੜ ਪਏ। ਵਾਪਸੀ 'ਤੇ ਮਿਲਟਰੀ ਦੀਆਂ ਗੱਡੀਆਂ ਦੀ ਅਸਾਧਾਰਨ ਦੌੜ-ਭੱਜ ਵੇਖ ਕੇ ਸਾਡੇ ਤੌਖਲੇ ਯਕੀਨ ਵਿਚ ਬਦਲਣ ਲੱਗੇ। ਪੁਲਿਸ ਨਾਕੇ

***(ਬਾਕੀ ਸਫਾ 33 ਉਤੇ)***

## ਨੋਕ-ਝੋਕ

# ਹਕੂਮਤੀ ਨਸ਼ੇ ਦੇ ਹਰਜਾਨੇ



ਐਸ. ਅਸ਼ੋਕ ਭੌਰਾ

*ਜੇ ਕਾਂਵਾਂ ਦੇ ਯੁੱਗ ਵਿਚ ਵੀ ਕੂੰਜਾਂ ਮਿੱਠੇ ਗੀਤ ਗਾਉਣੋਂ ਨਹੀਂ ਹਟੀਆਂ ਤਾਂ ਇਸ ਕਰ ਕੇ ਕਿਉਂਕਿ ਧਰਤੀ 'ਤੇ ਸਿਰਫ ਪਾਪ ਹੀ ਨਹੀਂ, ਪੁੰਨ ਦਾ ਪ੍ਰਸ਼ਾਦ ਵੀ ਵੰਡਿਆ ਜਾ ਰਿਹਾ ਹੈ। ਆਮ ਲੋਕ ਹਥਿਆਰਾਂ ਦੇ ਨਿਰਮਾਣ ਨੂੰ ਵੇਖ ਕੇ ਝੂਰ ਰਹੇ ਹਨ, ਪਰ ਸਿਆਣੇ ਬੰਦੇ ਸੋਚਦੇ ਹਨ। ਬਾਗ ਫੁੱਲਾਂ ਨਾਲ ਵੀ ਭਰੇ ਪਏ ਹਨ ਤੇ ਤਿਤਲੀਆਂ ਭੌਰਿਆਂ ਦੀ ਪ੍ਰਵਾਹ ਕੀਤੇ ਬਿਨਾਂ ਨਾ ਹਾਰੀਆਂ ਨੇ, ਨਾ ਹੰਭੀਆਂ ਨੇ। ਵੈਣ ਭਾਵੇਂ ਵੱਧ ਵੀ ਪੈ ਰਹੇ ਹਨ, ਪਰ ਘੋੜੀਆਂ ਗਾਉਣ ਦੀ ਰੁਚੀ ਵੀ ਘੱਟ ਨਹੀਂ ਹੋਈ। ਬਲਾਤਕਾਰਾਂ ਦੀ ਗਿਣਤੀ ਵਧਣ ਨਾਲ ਦਹਿਲ ਤਾਂ ਵਧ ਗਿਆ ਹੈ ਪਰ ਹੌਸਲਾ ਤਾਂ ਕਾਇਮ ਹੈ ਕਿ ਕਿਤੇ-ਕਿਤੇ ਸੁੱਚੇ ਸੂਰਮੇ ਵੀ ਅੱਖ ਪੁੱਟੀ ਜਾ ਰਹੇ ਹਨ। ਅੱਖ ਭਟਕ ਜਾਣ ਕਾਰਨ ਹੀ ਬੁੱਢਿਆਂ ਨੂੰ ਇਸ਼ਕ ਦਾ ਰੋਗ ਕੈਂਸਰ ਵਾਂਗ ਚਿੰਬੜਦਾ ਜਾ ਰਿਹਾ ਹੈ। ਸਿਆਸੀ ਲੋਕ ਸੋਚਦੇ ਨੇ, ਪਰਜਾ ਸੌਂ ਰਹੀ ਹੈ ਤੇ ਉਨ੍ਹਾਂ ਨੂੰ ਇਹ ਭਰਮ ਵੀ ਨਹੀਂ ਕਿ ਪਹਿਰੇ ਰਾਤਾਂ ਨੂੰ ਲੱਗੇ ਹੋਏ ਹਨ। ਤਿਉਹਾਰ ਇਸ ਕਰ ਕੇ ਫਿੱਕੇ ਪੈਂਦੇ ਜਾ ਰਹੇ ਹਨ ਕਿਉਂਕਿ ਚਾਅਵਾਂ ਉਤੇ ਫੈਸ਼ਨ ਅਤੇ ਲੀੜਾ-ਲੱਤਾ ਭਾਰੂ ਹੁੰਦਾ ਜਾ ਰਿਹਾ ਹੈ। ਕਬੂਤਰਾਂ ਵਿਚਾਰਿਆਂ ਨੂੰ ਨਹੀਂ ਪਤਾ ਕਿ ਬਾਜ ਪਹਿਲਾਂ ਨਾਲੋਂ ਵੀ ਹੋਰ ਹੰਕਾਰੀ ਹੁੰਦਾ ਜਾ ਰਿਹਾ ਹੈ। ਕਈ ਲੋਕ ਹੱਥ ਘੁੱਟ ਕੇ ਬਹੁਤ ਮਿਲਾਉਂਦੇ ਹਨ ਪਰ ਜਦੋਂ ਛੱਡਦੇ ਹਨ ਤਾਂ ਅਹਿਸਾਸ ਹੋ ਜਾਂਦਾ ਹੈ ਕਿ ਡਰਾਮਾ ਬਿਨਾਂ ਮੰਚ ਤੋਂ ਵੀ ਵੇਖਿਆ ਜਾ ਸਕਦਾ ਹੈ। ਜਿਹੜੇ ਅੱਖਾਂ ਦੀ ਕਹਾਣੀ ਨੂੰ ਨਹੀਂ ਸਮਝ ਸਕਦੇ, ਉਨ੍ਹਾਂ ਨੂੰ ਨਹੀਂ ਪਤਾ ਲੱਗਦਾ ਕਿ ਜ਼ੁਬਾਨ ਇਸ਼ਾਰਿਆਂ ਦੀ ਵੀ ਹੁੰਦੀ ਹੈ। ਕਈ ਲੋਕ ਹੁੰਦੇ ਤਾਂ ਬਿਜਲੀ ਵਾਲਾ ਖੰਭਾ ਖਿੱਚਣ ਵਾਲਿਆਂ ਦੀ ਅਸ਼ਲੀਲ ਬੋਲੀ ਵਰਗੇ ਨੇ, ਪਰ ਸੋਚੀ ਇਹ ਜਾਂਦੇ ਨੇ ਕਿ ਲੋਕ ਸਾਨੂੰ ਲੋਕ ਗੀਤਾਂ ਵਰਗਾ ਪਿਆਰ ਦੇਣ। ਜ਼ਮਾਨੇ ਦੀ ਤਸੀਰ ਇਹ ਦੱਸਦੀ ਹੈ ਕਿ ਨੌਜਵਾਨਾਂ ਦੀ ਚਾਹਤ ਇਹ ਬਣਦੀ ਜਾ ਰਹੀ ਹੈ ਕਿ ਉਨ੍ਹਾਂ ਦੀ ਜੀਵਨ ਸਾਥਣ ਕਿਸੇ ਮੈਗਜ਼ੀਨ ਦੇ ਪਹਿਲੇ ਪੰਨੇ 'ਤੇ ਛਪੀ ਕਿਸੇ ਖ਼ੂਬਸੂਰਤ ਤਸਵੀਰ ਵਰਗੀ ਹੋਵੇ, ਪਰ ਉਨ੍ਹਾਂ ਦੀ ਆਪਣੀ ਹਾਲਤ ਉਸ ਰੱਦੀ ਵਰਗੀ ਹੁੰਦੀ ਹੈ ਜਿਸ ਦਾ ਕੋਈ ਚੀਜ਼ ਪਾਉਣ ਲਈ ਲਫਾਫਾ ਵੀ ਨਹੀਂ ਬਣ ਸਕਦਾ। ਪਿੰਡ ਦੀ ਪਰ੍ਹਿਆ ਇਕ ਬੁੱਢੇ ਦੀ ਇਸ਼ਕੀ ਕਰਤੂਤ 'ਤੇ ਫਿੱਟ ਲਾਹਣਤ ਪਾਉਣ ਲਈ ਇਕੱਠੀ ਹੋਈ, ਤਾਂ ਇਕ ਨੇ ਕਿਹਾ, ਚਿੱਟੀ ਦਾੜ੍ਹੀ ਦਾ ਚਲੋ ਖਿਆਲ ਕਰ ਲਵੋ; ਦੂਜੇ ਨੇ ਕਿਹਾ, ਮਸ਼ਵਰਾ ਤਾਂ ਠੀਕ ਹੈ ਪਰ ਫਿਰ ਕਾਲੀ ਵਾਲਿਆਂ ਦੀਆਂ ਬਾਗਾਂ ਖੁੱਲ੍ਹੀਆਂ ਛੱਡਣੀਆਂ ਪੈਣਗੀਆਂ, ਤੇ ਜਦ ਨੂੰ ਬੋਹੜ ਦੀ ਟਾਹਣ 'ਤੇ ਬੈਠੇ ਕਾਂ ਨੇ ਬਿੱਠ ਕਰ ਕੇ ਬੁੱਢੇ ਦੀ ਚਿੱਟੀ ਵਿਚ ਪੂਰਾ ਹੀ ਫੁੱਲ ਪਾ ਦਿੱਤਾ। ਅਸਲ ਵਿਚ ਇਕ ਜੁਰਮ ਦੀਆਂ ਕਈ ਵਾਰ ਦੋ ਸਜ਼ਾਵਾਂ ਮਿਲਣ 'ਤੇ ਵੀ ਨਾ ਦੁੱਖ ਲਗਦਾ ਹੈ, ਤੇ ਨਾ ਹੈਰਾਨੀ ਹੁੰਦੀ ਹੈ। ਗਲਤੀਆਂ ਤਾਂ ਚਲੋ ਉਮਰ ਦੇ ਕਿਸੇ ਵੀ ਮੋੜ 'ਤੇ ਹੋ ਸਕਦੀਆਂ ਹਨ, ਪਰ ਇਨ੍ਹਾਂ ਕਰ ਕੇ ਜਦੋਂ ਅਕਲ ਦੁਹੱਥੜ ਮਾਰ ਕੇ ਪਿੱਟੇ ਤਾਂ ਪਤਾ ਲੱਗਦਾ ਕਿ ਦਿਮਾਗ ਦਿਵਾਲੀਆ ਹੋ ਚੁੱਕਾ ਹੈ। ਜਿਨ੍ਹਾਂ ਦੇ ਸੁਪਨਿਆਂ ਨੂੰ ਅਧਰੰਗ ਹੋ ਗਿਆ ਹੋਵੇ, ਉਨ੍ਹਾਂ ਦੀਆਂ ਮੰਜ਼ਿਲਾਂ ਵੀ ਲੰਗੜੀਆਂ ਹੀ ਹੁੰਦੀਆਂ ਹਨ। ਵੋਟਾਂ ਦੀ ਸਿਆਸਤ ਲਾਇਕ ਲੋਕਾਂ ਨੂੰ ਲੱਭਣ ਲਈ ਬਣਾਈ ਗਈ ਸੀ, ਪਰ ਖ਼ਰਬੂਜੇ ਬੀਜ ਕੇ ਵੇਲ ਨੂੰ ਲਗਾਤਾਰ ਕਰੇਲੇ ਹੀ ਲੱਗਦੇ ਵੇਖੀ ਜਾ ਰਹੇ ਹਾਂ। ਕਈ ਵਾਰ ਜੱਜ ਤਾਂ ਛੁੱਟੀ 'ਤੇ ਹੁੰਦਾ ਹੈ, ਫੈਸਲਾ ਫਿਰ ਵੀ ਆ ਜਾਂਦਾ ਹੈ। ਇਸ ਲਈ ਕਈ ਸਜ਼ਾਵਾਂ ਅਦਾਲਤਾਂ ਨਾਲੋਂ ਵੀ ਸਖ਼ਤ ਮਿਲ ਜਾਂਦੀਆਂ ਹਨ। ਬਹਿਸ ਕਰਨ ਵਾਲੇ ਦਲੀਲ ਦਾ ਕਤਲ ਕਰ ਦਿੰਦੇ ਹਨ, ਤੇ ਹਕੂਮਤਾਂ ਕਰਨ ਵਾਲੇ ਸਾਰੇ ਔਰੰਗਜ਼ੇਬ ਤਾਂ ਨਹੀਂ ਹੁੰਦੇ, ਪਰ ਹਰਜਾਨੇ ਕਈ ਵਾਰ ਇੱਦਾਂ ਵੀ ਭਰਨੇ ਪੈਂਦੇ ਹਨ।*

ਸਿਆਣੇ ਬੰਦੇ ਗੋਲ ਦਾਇਰੇ ਵਿਚ ਬਹਿ ਕੇ ਇਨਸਾਫ ਦੀਆਂ ਸੱਥਾਂ ਲਾਉਂਦੇ ਰਹੇ ਹਨ, ਹਕੂਮਤਾਂ ਵੱਡੇ ਮਸਲਿਆਂ ਦੇ ਹੱਲ ਗੋਲਮੇਜ਼ ਦੁਆਲੇ ਬਹਿ ਕੇ ਕਰਦੀਆਂ ਰਹੀਆਂ ਹਨ। ਕਈ ਕਾਨਫਰੰਸਾਂ ਦਾ ਨਾਂ ਗੋਲਮੇਜ਼ ਇਸ ਕਰ ਕੇ ਪੈ ਗਿਆ ਸੀ, ਕਿਉਂਕਿ ਗੋਲ ਵਸਤੂਆਂ ਅਤੇ ਗੋਲ ਚੀਜ਼ਾਂ ਨੇ ਨਾ ਅੜਿੱਕਾ ਬਣਨਾ ਹੁੰਦਾ ਹੈ, ਤੇ ਨਾ ਅੜਿੱਕੇ ਨਾਲ ਪ੍ਰਭਾਵਿਤ ਹੁੰਦੀਆਂ ਹਨ। ਦੁਨੀਆਂ ਨੂੰ ਪੈਸੇ ਵਰਗੀ ਗੋਲ ਇਸ ਕਰ ਕੇ ਕਿਹਾ ਜਾਂਦਾ ਹੈ ਕਿ ਪੈਸਾ ਵੀ ਆਈ ਜਾਂਦਾ ਹੈ, ਜਾਈ ਜਾਂਦਾ ਹੈ; ਤੇ ਲੋਕ ਵੀ ਜੰਮੀ ਜਾਂਦੇ ਹਨ, ਮਰੀ ਜਾਂਦੇ ਹਨ। ਕਈ ਖੇਡੇ ਤਾਂ ਸਿਆਸੀ ਖੇਡ ਸਨ ਪਰ ਜ਼ਿੰਦਗੀ ਵਿਚ ਅਜਿਹਾ ਗੋਲ ਕਰਵਾ ਲਿਆ ਕਿ ਹਾਰ ਓਲੰਪਿਕ ਤੋਂ ਵੀ ਵੱਡੀ ਜਾਪਣ ਲੱਗ ਪਈ। ਹਿੰਦੋਸਤਾਨ ਦੀ ਸਿਆਸਤ ਨੇ ਹੀ ਦੱਸਿਆ ਹੈ ਕਿ ਬੁੱਢਿਆਂ ਦੇ ਇਸ਼ਕ ਕਰਨ ਅਤੇ ਠਰਕ ਭੋਰਨ 'ਤੇ ਬਹੁਤਾ ਹੈਰਾਨ ਨਹੀਂ ਹੋਣਾ ਚਾਹੀਦਾ।

ਵੱਡੇ ਬਣਨਾ ਚੰਗੀ ਗੱਲ ਹੈ ਪਰ ਆਪਣੇ ਆਪ ਨੂੰ ਵੱਡੇ ਸਮਝਣ ਦਾ ਭਰਮ ਪਾਲਣਾ ਸਭ ਤੋਂ ਵੱਡੀ ਗੁਸਤਾਖ਼ੀ ਹੈ; ਕਿਉਂਕਿ ਗਣਿਤ ਵਿਚ ਕਈ ਵੱਡੀਆਂ ਰਕਮਾਂ ਦੇ ਉਤਰ ਸਿਫਰ ਵਿਚ ਵੀ ਨਿਕਲ ਆਉਂਦੇ ਨੇ। ਕਿਸੇ ਦੀ ਗਰਦਨ ਨੂੰ ਕੋਈ ਪੈ ਨਿਕਲੇ, ਜਾਂ ਕਿਸੇ ਦੀ ਕੋਈ ਪੱਗ ਨੂੰ ਹੱਥ ਪਾ ਲਵੇ, ਤਾਂ ਫਿਰ ਝਟਕਾ ਸਹਿਣਾ ਔਖਾ ਬਹੁਤ ਹੁੰਦਾ ਹੈ। ਕਈ ਵਾਰ ਕਈਆਂ ਦੇ ਮੂੰਹੋਂ ਸੁਣਦੇ ਤਾਂ ਹਾਂ ਕਿ ਚੱਲ ਮੇਰੀ ਕਿਹੜਾ ਕਲਗੀ ਲਹਿ ਗਈ ਆ? ਪਰ ਸੱਚੀਂ ਜਦੋਂ ਕਲਗੀਆਂ ਲੱਥਦੀਆਂ ਹਨ ਤਾਂ ਮੁਰਗੇ ਵੀ ਤੜਕੇ ਨਹੀਂ, ਆਥਣੇ ਬਾਂਗਾਂ ਦੇਣ ਲੱਗ ਪੈਂਦੇ ਹਨ। ਜੇ ਕੋਈ ਗਲਤੀ ਕਰ ਕੇ ਪਛਤਾਵੇ ਵਿਚ ਭੁੱਬਾਂ ਮਾਰੇ, ਤਾਂ ਉਹਨੂੰ ਸਜ਼ਾ ਦੇਣ ਤੋਂ ਪਹਿਲਾਂ ਸੌ ਵਾਰ ਸੋਚ ਲੈਣਾ ਚਾਹੀਦਾ ਹੈ, ਕਿਉਂਕਿ ਜਿਨ੍ਹਾਂ ਦਾ ਬਚਪਨ ਨੰਗੇ ਪੈਰੀਂ ਗੁਜ਼ਰਿਆ ਹੋਵੇ, ਉਨ੍ਹਾਂ ਦੇ ਪੈਰਾਂ ਵਿਚ ਜੁੱਤੀਆਂ ਕਲਬੂਤ ਦੇ ਕੇ ਵੀ ਨਹੀਂ ਆਉਂਦੀਆਂ।

ਚਲੋ! ਹੁਣ ਆਪਾਂ ਦੋ ਕੁ ਗੱਲਾਂ ਕਰਦੇ ਆਂ... ਹੈਗੀਆਂ ਹਕੂਮਤ ਕਰਨ ਵਾਲੇ ਲੋਕਾਂ ਦੀਆਂ। ਇਨ੍ਹਾਂ ਦੇ ਸਿਰਾਂ 'ਤੇ ਕਲਗੀਆਂ ਦੀ ਥਾਂ ਤਾਜ ਸਨ, ਪਰ ਇਨ੍ਹਾਂ ਨਾਲ ਜਿਹੜੀ ਜੱਗੋਂ-ਪੰਦਰਵੀਂ ਹੋਈ ਹੈ, ਉਹ ਸੁਣ ਕੇ ਲੱਗੇਗਾ ਕਿ ਕਲਗੀ ਮੁਰਗੇ ਦੇ ਸਿਰ 'ਤੇ ਹੀ ਸੋਹਣੀ ਲੱਗਦੀ ਰਹਿਣੀ ਚਾਹੀਦੀ ਹੈ।

ਉ ਆਂਹਦੇ ਤਾਂ ਐਨ.ਡੀ. ਤਿਵਾੜੀ ਆ, ਪਰ ਹੈ ਪੂਰਾ ਨਾਂ ਨਰਾਇਣ ਦੱਤ ਤਿਵਾੜੀ। ਇਸ ਵੇਲੇ ਬਿਆਸੀ ਸਾਲਾਂ ਦਾ ਬੁੱਢਾ ਆਪਣੇ ਤੋਂ ਵੀਹ ਸਾਲ ਛੋਟੀ ਉਜਵਲ ਸ਼ਰਮਾ ਨਾਲ ਫੇਰੇ ਲੈ ਕੇ ਮਾਂਗ ਵਿਚ ਸੰਧੂਰ ਭਰ ਕੇ ਹਟਿਆ ਹੈ। ਇਹ ਤਾਂ ਕਹਿ ਨਹੀਂ ਸਕਦੇ ਕਿ ਸਾਧ ਨੇ ਵਕਤ ਦੀ ਫੂਕ ਕੱਢੀ ਹੈ, ਜਾਂ ਵਕਤ ਨੇ ਸਾਧ ਬਣਾ ਦਿੱਤਾ ਹੈ, ਪਰ ਇਹ ਜ਼ਰੂਰ ਕਹਿ ਸਕਦੇ ਹਾਂ ਕਿ ਸਿਆਲ ਦੀਆਂ ਲੱਗੀਆਂ ਰੋਹੀ 'ਚ ਆ ਕੇ ਸਿਰੇ ਚੜ੍ਹੀਆਂ ਹਨ। ਜੁਆਨੀ 'ਚ ਗੁਆਈ ਪ੍ਰੇਮਿਕਾ ਤੋਂ ਬੁਢਾਪੇ 'ਚ ਆ ਕੇ ਜੈ ਮਾਲਾ ਪੁਆ ਤਾਂ ਲਈ ਹੈ, ਪਰ ਇਸ ਮਾਲਾ ਵਿਚ ਫੁੱਲ ਸ਼ਰਮ ਦੇ ਨਹੀਂ ਲਗਦੇ।

ਜੱਗ ਜ਼ਾਹਿਰ ਹੋਈ ਕਹਾਣੀ ਤੋਂ ਹਰ ਕੋਈ ਵਾਕਿਫ ਹੈ ਕਿ ਉਤਰ ਪ੍ਰਦੇਸ਼ ਦੇ ਤਿੰਨ ਵਾਰ ਮੁੱਖ ਮੰਤਰੀ ਬਣਨ ਵਾਲੇ ਤਿਵਾੜੀ ਨੂੰ ਆਂਧਰਾ ਪ੍ਰਦੇਸ਼ ਦੇ ਦੋ ਸਾਲ ਗਵਰਨਰ ਰਹਿਣ ਪਿੱਛੋਂ ਇਸ ਅਹੁਦੇ ਨੂੰ ਇਸ ਕਰ ਕੇ ਛੱਡਣਾ ਪਿਆ ਕਿਉਂਕਿ ਇਸ਼ਕ ਦੀਆਂ ਮੁਸ਼ਕੀ ਵਾਸਨਾਵਾਂ ਅੱਗ ਦੀਆਂ ਲਾਟਾਂ ਬਣ ਕੇ ਉਠ ਪਈਆਂ ਸਨ। ਬੀਬੀ ਉਜਵਲ ਸ਼ਰਮਾ ਨਾਲ ਹਕੂਮਤ ਦੇ ਨਸ਼ੇ ਵਿਚ ਵਿਆਹ ਦਾ ਹਵਾਈ ਲੱਡੂ ਖੁਆ ਕੇ ਸਰੀਰਕ ਸਬੰਧ ਬਣਾ ਲਏ, ਪਰ ਜਦੋਂ ਵਿਚਾਰੀ ਦੇ ਪੈਰ ਭਾਰੇ ਹੋਏ ਤਾਂ ਤਿਵਾੜੀ ਸਾਹਿਬ ਆਪ ਵੀ ਭਾਰੇ ਹੋ ਗਏ। ਫਿਰ ਉਸ ਸ਼ਰਮਾ ਦੀ ਕੁੱਖੋਂ ਜਨਮੇ ਰੋਹਿਤ ਨੂੰ ਗੈਰ-ਕਾਨੂੰਨੀ ਪੁੱਤਰ ਤੋਂ ਅਸਲੇ ਦਾ ਕਾਨੂੰਨੀ ਪੁੱਤ ਕਹਾਉਣ ਲਈ ਵਰ੍ਹਿਆਂ ਤੱਕ ਅਦਾਲਤਾਂ ਵਿਚ ਧੱਕੇ ਖਾਣੇ ਪਏ। ਮਾਂ ਨੇ ਤਾਂ ਪੁੱਤ ਦੇ ਕੰਨ ਵਿਚ ਦੱਸਿਆ ਸੀ ਕਿ ਤੂੰ ਔਲਾਦ ਤਿਵਾੜੀ ਦੀ ਆਂ, ਪਰ ਪਹਿਲਾਂ ਤਾਂ ਜਨਾਬ ਨੇ ਪਿੰਡੇ 'ਤੇ ਇਸ ਸੱਚਾਈ ਵਾਲੀ ਪਾਣੀ ਦੀ ਬੂੰਦ ਨਾ ਡਿੱਗਣ ਦਿੱਤੀ, ਪਰ ਜਦੋਂ ਵਿਗਿਆਨ ਨੇ ਦੋਵੇਂ ਹੱਥ ਕੱਢ ਕੇ ਡੀ.ਐਨ.ਏ. ਦਾ ਫਰਮਾ ਦਿੱਤਾ, ਤਾਂ ਭੱਜਿਆ ਜਾਂਦਾ ਤਿਵਾੜੀ ਸੱਚਾਈ ਦੇ ਪਿੰਜਰੇ ਵੜਨ ਲਈ ਇਕ ਤਰ੍ਹਾਂ ਨਾਲ ਬੇਵੱਸ ਅਤੇ ਮਜਬੂਰ ਜਿਹਾ ਹੀ ਹੋ ਗਿਆ। ਪੁੱਤ ਤਾਂ ਚਲੋ ਵਾਰਿਸ ਬਣ ਹੀ ਗਿਆ, ਪਰ ਖੇਹ ਖਾਣ ਦਾ ਸੁਆਦ, ਸਿਰ ਖੇਹ ਪੁਆ ਕੇ ਦੇਖਿਆ ਤਾਂ ਕੀ ਦੇਖਿਆ! ਛੱਲੋ... ਚੰਗਾ ਇਹ ਵੀ ਹੋਇਆ ਕਿ ਖਾਧਾ ਤਾਂ ਅਨਾਰ ਸੀ, ਪਰ ਦੇਰ ਨਾਲ ਸੁਆਦ ਔਲੇ ਦਾ ਆ ਗਿਆ। ਰੰਡੇ ਹੋਏ ਤਿਵਾੜੀ ਨੇ ਭਲਾ ਸੋਚਿਆ ਕਿ ਰੋਹਿਤ ਤਾਂ ਹੁਣ ਕਰੋੜਾਂ ਦੀ ਜਾਇਦਾਦ ਲੈ ਹੀ ਜਾਵੇਗਾ, ਫਿਰ ਬੁਢਾਪਾ 'ਕੱਲਿਆਂ ਕੱਟਣ ਨਾਲੋਂ ਚੰਗਾ ਹੈ, ਉਹਦੀ ਮਾਂ ਤਾਂ ਬੀਵੀ ਬਣਾ ਕੇ ਵੇਖ ਲਈਏ।

ਖ਼ੈਰ! ਰੋਹਿਤ ਨੇ ਤਾਂ ਕਾਨੂੰਨ ਅਤੇ ਵਿਗਿਆਨ ਨਾਲ ਹੱਥ ਮਿਲਾ ਕੇ ਹਾਰੀ ਜੰਗ ਜਿੱਤ ਲਈ, ਪਰ ਆਹ ਫੌਜਾਂ ਜਿਹੜੀਆਂ ਜਿੱਤ ਕੇ ਹਾਰੀਆਂ ਨੇ, ਉਨ੍ਹਾਂ ਦੇ ਕਮਾਂਡਰ ਦੀ ਕਲਗੀ ਵੇਖੋ ਕਿਵੇਂ ਲੱਥਦੀ ਐ। ਗੱਲ ਮਹਿਜ਼ ਹਾਸੇ 'ਚ ਗੁਆਉਣ ਵਾਲੀ ਨਹੀਂ ਹੈ।

ਇਹ ਗਰੀਕੀ ਕਥਾ ਇਕ ਰੋਮਨ ਬਾਦਸ਼ਾਹ ਦੀ ਹੈ।

ਉਮਰ ਤਾਂ ਉਹਦੀ ਜੁਆਨੀ ਵਰੇਸ ਵਾਲੀ ਮਸਾਂ ਚਾਲੀ ਕੁ ਸਾਲਾਂ ਸੀ, ਪਰ ਅੱਠ ਸਾਲ ਨਾਮੁਰਾਦ ਬਿਮਾਰੀ ਨੇ ਉਸ ਦੀ ਹਾਲਤ ਇੱਦਾਂ ਦੀ ਕਰ ਦਿੱਤੀ ਸੀ ਕਿ ਵਿਚਾਰੀ ਰੁਮਾਨਾ ਕੋਲ ਖਲੋ ਕੇ ਵੀ ਮੰਜੇ 'ਤੇ ਪਈ ਨਹੀਂ ਸੀ ਦਿਸਦੀ। ਅਸਲ ਵਿਚ ਗਮਾਂ ਨੇ ਦੁੱਖ ਦੀ ਤਾਸੀਰ ਹੀ ਬਦਲ ਦਿੱਤੀ ਸੀ। ਰੁਮਾਨਾ ਦਾ ਇਕ ਹੀ ਬੇਟਾ ਸੀ-ਫਜ਼ਲ, ਮਸਾਂ ਚੌਦਾਂ ਵਰ੍ਹਿਆਂ ਦਾ। ਉਹ ਜੰਗਲ 'ਚੋਂ ਲੱਕੜਾਂ ਇਕੱਠੀਆਂ ਕਰਦਾ, ਫਿਰ ਸਾਰਾ ਦਿਨ ਵੇਚਣ ਜਾਂਦਾ, ਤੇ ਇਉਂ ਮਾਂ ਤੇ ਪੁੱਤ ਦੇ ਢਿੱਡ ਨੂੰ ਝੁਲਕਾ ਲਗਦਾ; ਰੀਂਗਦੀਆਂ ਦੋ ਜਿੰਦੜੀਆਂ ਲਈ ਵਕਤ ਅੱਗੇ ਤੁਰ ਪੈਂਦਾ।

ਰੁਮਾਨਾ ਦੀ ਜਾਨ ਕਈ ਸਾਲਾਂ ਤੋਂ ਘੰਡ 'ਚ ਫਸੀ ਹੋਈ ਸੀ, ਕਿਉਂਕਿ ਪੁੱਤਰ ਨੂੰ ਦੱਸਣ ਵਾਲੇ ਭੇਤ ਦੀ ਇਕ ਉਹਦੇ ਅੰਦਰ ਸੱਲ ਬਣਦੀ-ਬਣਦੀ ਹੁਣ ਨਾਸੂਰ ਬਣ ਚੁੱਕੀ ਸੀ। ਬਹੁਤ ਵਾਰ ਉਹਨੇ ਹੌਸਲਾ ਕੀਤਾ ਕਿ ਗਰੀਬੜੇ ਪੁੱਤ ਨੂੰ ਇਹ ਦੱਸ ਦਿਆਂ, ਪਰ ਬੁੱਲ੍ਹ ਫਿਰ ਖੁਸ਼ਕ ਹੋ ਜਾਂਦੇ।

... ਤੇ ਉਸ ਦਿਨ ਉਹ ਸਰੀਰਕ ਪੀੜਾ ਵਿਚ ਇਕ ਤਰ੍ਹਾਂ ਨਾਲ ਹਾਰ ਗਈ ਸੀ। ਫਜ਼ਲ ਨੂੰ ਉਹਨੇ ਅੱਖ ਦੇ ਇਸ਼ਾਰੇ ਨਾਲ ਕੋਲ ਬੁਲਾਇਆ, ਤੇ ਬੜੇ ਹੌਸਲੇ ਤੇ ਜ਼ੋਰ ਨਾਲ ਜ਼ੁਬਾਨ ਖੋਲ੍ਹ ਲਈ। ਉਹ ਆਖਣ ਲੱਗੀ, "ਮੇਰੇ ਬੱਚਿਆ! ਮੇਰੀ ਸਾਰੀ ਦਰਦ ਕਹਾਣੀ ਸੁਣ ਲਈਂ, ਵਿਚ ਬੋਲੀ ਨਾ। ਕਿਤੇ ਸਾਹਾਂ ਦੀ ਤੰਦ ਵਿਚਾਲੇ ਨਾ ਟੁੱਟ ਜਾਵੇ... ਪੁੱਤ ਮੈਂ ਰੱਜ ਕੇ ਸੁਨੱਖੀ ਸਾਂ। ਬਾਦਸ਼ਾਹ ਸੁਨੇਰ ਤੱਕ ਇਹ ਗੱਲ ਪੁੱਜ ਗਈ। ਉਹਨੇ ਮੇਰੇ ਗਰੀਬ ਬਾਪ ਨੂੰ ਮਹਿਲਾਂ ਵਿਚ ਸੱਦ ਕੇ ਕਿਹਾ ਕਿ ਤੁਹਾਡੀ ਬੇਟੀ ਮੇਰਾ ਖਾਣਾ ਬਣਾਇਆ ਕਰੇ। ਬਦਲੇ ਵਿਚ ਮੈਂ ਇਸ ਨੂੰ ਚਾਂਦੀ ਦੀਆਂ ਮੋਹਰਾਂ ਦਿਆ ਕਰਾਂਗਾ, ਪਰ ਇਹ ਮਹਿਲਾਂ ਵਿਚ ਹੀ ਰਹੇਗੀ।

ਪਿਉ ਨੇ ਬਾਦਸ਼ਾਹ ਦਾ ਹੁਕਮ ਮੰਨ ਲਿਆ। ਉਹਦੀ ਘਸਮੈਲੀ ਅੱਖ ਨੂੰ ਮੈਂ ਜਾਣ ਤਾਂ ਲਿਆ ਸੀ, ਪਰ ਬੇਵੱਸ ਹੋ ਗਈ ਸੀ।

ਸੁਨੇਰ ਦੀਆਂ ਤਿੰਨ ਰਾਣੀਆਂ ਪਹਿਲਾਂ ਹੀ ਸਨ। ਇਕ ਦਿਨ ਉਹ ਰਸੋਈ 'ਚ ਆਇਆ, ਤਾਂ ਆਪਣੇ ਅਹਿਲਕਾਰਾਂ ਨੂੰ ਬਾਹਰ ਭੇਜ ਕੇ ਕਹਿਣ ਲੱਗਾ, ਮੇਰੀਆਂ ਬਾਹਾਂ ਤੇਰੀ ਬੜੇ ਚਿਰ ਤੋਂ ਇੰਤਜ਼ਾਰ ਕਰ ਰਹੀਆਂ ਸਨ। ਤੈਨੂੰ ਮੈਂ ਦੋ ਕੁ ਸਾਲ ਤੱਕ ਮਹਿਲਾਂ ਦੀ ਵੀ ਤੇ ਦਿਲ ਦੀ ਵੀ ਰਾਣੀ ਬਣਾ ਲਵਾਂਗਾ।... ਤੇ ਮੈਨੂੰ ਖਿੱਚ ਕੇ ਨਾਲ ਲਾ ਲਿਆ। ਫਿਰ ਉਹ ਮੇਰੇ ਹੱਥੀਂ ਖਾਣਾ ਖੁਆਉਣ ਦੇ ਬਹਾਨੇ ਆਪਣੇ ਕੋਲ ਬੁਲਾਉਣ ਲੱਗ ਪਿਆ।

ਦੋ ਸਾਲ ਬੀਤ ਗਏ, ਉਹਦਾ ਮਨ ਮੈਥੋਂ ਭਰਨ ਲੱਗ ਪਿਆ। ਇਕ ਰਾਤ ਜਦੋਂ ਮੈਂ ਉਹਨੂੰ ਦੱਸਿਆ ਕਿ ਮੈਂ ਗਰਭਵਤੀ ਹਾਂ, ਤੇਰੇ ਬੱਚੇ ਦੀ ਮਾਂ ਬਣਨ ਵਾਲੀ ਹਾਂ, ਮੇਰੇ ਪੇਟ 'ਚ ਚਾਰ ਮਹੀਨੇ ਦਾ ਭਰੂਣ ਹੈ; ਤਾਂ ਉਹਦੇ ਜਿਸਮ ਦਾ ਕੋਈ ਹਿੱਸਾ ਅਜਿਹਾ ਨਹੀਂ ਸੀ ਜਿਥੇ ਗੁੱਸੇ ਵਿਚ ਅੱਗ ਨਾ ਲੱਗੀ ਹੋਵੇ। ਉਹਨੇ ਮੈਨੂੰ ਕਮਰੇ ਵਿਚ ਸਾਰੀ ਰਾਤ ਬੰਦ ਰੱਖਿਆ, ਤੇ ਅਗਲੀ ਸਵੇਰ ਮੇਰੇ ਉਤੇ ਚੋਰੀ ਦਾ ਇਲਜ਼ਾਮ ਲਾ ਕੇ ਰੱਜ ਕੇ ਬੇਇੱਜ਼ਤ ਕੀਤਾ, ਤੇ ਹਨੇਰੀ ਰਾਤ 'ਚ ਉਹਦੇ ਸਿਪਾਹੀ ਮੂੰਹ ਬੰਦ ਰੱਖਣ ਦੀ ਧਮਕੀ ਦੇ ਕੇ ਇਥੇ ਛੱਡ ਕੇ ਚਲੇ ਗਏ। ਇਸੇ ਝੁੱਗੀ ਵਿਚ ਰਹਿੰਦੇ ਇਕ ਬੁੱਢੇ ਇਨਸਾਨ ਨੇ ਮੈਨੂੰ ਧੀ ਬਣਾ ਕੇ ਰੱਖਿਆ, ਪਰ ਕੀ ਕਰਦੀ... ਉਹ ਵੀ ਛੇ ਮਹੀਨੇ ਸਾਥ ਨਹੀਂ ਦੇ ਸਕਿਆ, ਸਰੀਰ ਛੱਡ ਗਿਆ।

ਤੂੰ ਬਾਦਸ਼ਾਹ ਸੁਨੇਰ ਦਾ ਪੁੱਤ ਏਂ। ਜੇ ਮੇਰਾ ਦੁੱਧ ਚੁੰਘਿਆ ਏ ਤਾਂ ਉਸ ਤੋਂ ਬਦਲਾ ਲਵੀਂ, ਸ਼ਾਇਦ ਮੇਰੀ ਆਤਮਾ ਸ਼ਾਂਤ ਰਹੇ। ... ਤੇ ਨਾਲ ਹੀ ਰੁਮਾਨਾ ਦੇ ਸਾਹਾਂ ਦੀ ਤੰਦ ਟੁੱਟ ਗਈ।

ਮਾਂ ਦੀ ਮੌਤ ਅਤੇ ਮੌਤ ਦੇ ਕਾਰਨਾਂ ਦੀ ਹਕੀਕਤ ਨੇ ਹਾਲਾਤ ਇੱਦਾਂ ਦੇ ਬਣਾ ਦਿੱਤੇ ਜਿਵੇਂ ਫਜ਼ਲ ਸਾਰੇ ਦਾ ਸਾਰਾ ਪਹਾੜ ਥੱਲੇ ਆ ਗਿਆ ਹੋਵੇ। ਉਹ ਬਦਲਾ ਲੈਣ ਲਈ ਉਬਲਣ ਲੱਗਾ। ਉਹ ਉਦੋਂ ਚੌਦਾਂ ਤੋਂ ਛੱਬੀ ਸਾਲਾਂ ਦਾ ਹੋ ਗਿਆ ਸੀ। ਉਹਨੇ ਫਕੀਰਾਂ ਵਾਲਾ ਲਿਬਾਸ ਪਹਿਨਿਆ, ਹੱਥ 'ਚ ਲਾਲ ਰੀਬਨਾਂ ਵਰਗੇ ਕੱਪੜੇ ਨਾਲ ਸੁਨਹਿਰੀ ਰੰਗ ਦੀ ਸੰਦੂਕੜੀ ਫੜ ਕੇ ਬਾਦਸ਼ਾਹ ਸੁਨੇਰ ਦੇ ਮਹਿਲਾਂ ਵਿਚ ਪਹੁੰਚ ਅਲਖ ਜਗਾਈ।

ਸੰਤਰੀ ਨੇ ਪੁੱਛਿਆ, "ਭਲਿਆ ਮਾਣਸਾ, ਕੌਣ ਏਂ ਤੂੰ?"

"ਮੈਂ ਸਵਰਗ 'ਚੋਂ ਆਇਆ ਹਾਂ, ਦੇਵਤਿਆਂ ਦਾ ਇਕ ਖਾਸ ਪੈਗਾਮ ਲੈ ਕੇ। ਬਾਦਸ਼ਾਹ ਸਲਾਮਤ ਨੂੰ ਮਿਲਣਾ ਏ।"

"ਉਹ ਤਾਂ ਇਸ ਵੇਲੇ ਆਰਾਮ ਫਰਮਾ ਰਹੇ ਨੇ। ਸੂਰਜ ਅਸਤ ਹੋ ਗਿਐ। ਮਹਿਲਾਂ 'ਚ ਉਨ੍ਹਾਂ ਦੀਆਂ ਰਾਣੀਆਂ ਤੋਂ ਸਿਵਾ ਕਿਸੇ ਨੂੰ ਆਗਿਆ ਨਹੀਂ ਕਿ ਉਹ ਬਾਦਸ਼ਾਹ ਨੂੰ ਜਗਾ ਸਕਣ। ਤੁਸੀਂ ਦਿਨ ਚੜ੍ਹਨ 'ਤੇ ਹੀ ਮਿਲ ਸਕਦੇ ਹੋ।"

"ਤੇ ਮੈਂ ਇਥੇ ਹੀ ਬਾਦਸ਼ਾਹ ਸਲਾਮਤ ਨੂੰ ਮਿਲਣ ਦੀਆਂ ਘੜੀਆਂ ਦਾ ਇੰਤਜ਼ਾਰ ਕਰਾਂਗਾ।"

"ਨਾਂ ਕੀ ਏ ਤੇਰਾ?" ਸੰਤਰੀ ਨੇ ਪੁੱਛਿਆ।

"ਨਾਂ ਤਾਂ ਮੈਂ ਬਾਦਸ਼ਾਹ ਨੂੰ ਹੀ ਦੱਸਾਂਗਾ।" ਇੰਨਾ ਆਖ ਦੇਣਾ ਕਿ ਕੋਈ ਸਵਰਗ 'ਚੋਂ ਉਸ ਲਈ ਦੇਵਤਿਆਂ ਦਾ ਪੈਗਾਮ ਲੈ ਕੇ ਆਇਆ ਹੈ।"

ਉਹ ਮਹਿਲਾਂ ਦੇ ਬਾਹਰ ਹੀ ਸੰਦੂਕੜੀ ਸਿਰਹਾਣੇ ਰੱਖ ਕੇ ਸੌਂ ਗਿਆ।

ਦਿਨ ਚੜ੍ਹਿਆ ਤਾਂ ਰਾਜ-ਦਰਬਾਰ ਖ਼ਬਰ ਪੁੱਜ ਗਈ। ਬਾਦਸ਼ਾਹ ਦੇਵਤਿਆਂ ਦਾ ਪੈਗਾਮ ਸੁਣ ਕੇ ਆਪ ਬਾਹਰ ਆਇਆ ਤੇ ਫਜ਼ਲ ਨੂੰ ਅੰਦਰ ਲੈ ਗਿਆ।

"ਕੀ ਪੈਗਾਮ ਆਇਆ ਹੈ ਮੇਰੇ ਲਈ ਸਵਰਗ 'ਚੋਂ ਜਨਾਬ?" ਬਾਦਸ਼ਾਹ ਸੁਨੇਰ ਨੇ ਬੜੀ ਉਤਸੁਕਤਾ ਨਾਲ ਪੁੱਛਿਆ।

"ਬਾਦਸ਼ਾਹ ਸਲਾਮਤ, ਤੁਹਾਡੇ ਧਰਮੀ ਰਾਜ ਦੀਆਂ ਗੂੰਜਾਂ ਸਵਰਗ ਤੱਕ ਪੁੱਜ ਗਈਆਂ ਨੇ। ਦੇਵਤਿਆਂ ਨੇ ਤੁਹਾਡੇ ਵਾਸਤੇ ਸੋਨੇ ਦੀਆਂ ਲੜੀਆਂ ਨਾਲ ਸ਼ਿੰਗਾਰੀ ਕੀਮਤੀ ਪੁਸ਼ਾਕ ਅਤੇ ਹੀਰੇ ਮੋਤੀਆਂ 'ਚ ਜੜਿਆ ਮੁਕਟ ਭੇਜਿਆ ਹੈ ਤੁਹਾਨੂੰ ਪਹਿਨਾਉਣ ਵਾਸਤੇ।"

"... ਤੇ ਮੈਂ ਕੱਲ੍ਹ ਨੂੰ ਵੱਡਾ ਦੀਵਾਨ ਸਜਾਵਾਂਗਾ, ਤੇ ਭਰੀ ਸਭਾ ਵਿਚ ਇਹ ਮੈਨੂੰ ਪਹਿਨਾਉਣਾ ਤਾਂ ਕਿ ਮੇਰੀ ਪਰਜਾ ਨੂੰ ਪਤਾ ਲੱਗ ਸਕੇ ਕਿ ਸਾਡੇ ਬਾਦਸ਼ਾਹ ਦੀਆਂ ਧੁੰਮਾਂ ਸਵਰਗ ਤੱਕ ਪੁੱਜ ਗਈਆਂ ਹਨ।"

"ਬਾਦਸ਼ਾਹ ਸਲਾਮਤ, ਅਰਜ਼ ਇਹ ਹੈ ਕਿ ਪਹਿਨਾਵਾਂਗਾ ਤਾਂ ਮੈਂ ਇਹ ਭਰੀ ਸਭਾ ਵਿਚ ਹੀ, ਪਰ ਤੁਹਾਨੂੰ ਅੱਜ ਤੋਂ ਪੂਰੇ ਤਿੰਨ ਮਹੀਨਿਆਂ ਤੱਕ ਇੰਤਜ਼ਾਰ ਕਰਨਾ ਪਵੇਗਾ।"

ਬਾਦਸ਼ਾਹ ਨੇ ਇਕ ਪਲ ਲਈ ਸੋਚਿਆ ਕਿ ਕੀ ਪਤਾ ਇਹ ਬੰਦਾ ਤਿੰਨ ਮਹੀਨਿਆਂ ਪਿੱਛੋਂ ਲੱਭੇ ਹੀ ਨਾ। ਉਹਨੇ ਫਜ਼ਲ ਨੂੰ ਮਸ਼ਵਰਾ ਦਿੱਤਾ, "ਫਿਰ ਇਹ ਸੰਦੂਕੜੀ ਮੈਂ ਆਪਣੇ ਖ਼ਜ਼ਾਨੇ 'ਚ ਰਖਵਾ ਦਿੰਦਾ ਹਾਂ, ਸਖ਼ਤ ਪਹਿਰੇ ਹੇਠ।"

"ਨਹੀਂ, ਧਰਤੀ ਦੇ ਜੇ ਕਿਸੇ ਹੋਰ ਜੀਵ ਦਾ ਇਸ ਨੂੰ ਹੱਥ ਲੱਗ ਗਿਆ, ਤਾਂ ਇਹ ਭਸਮ ਹੋ ਜਾਵੇਗੀ।"

"ਤੂੰ ਆ ਜਾਏਂਗਾ ਨਾ ਮੁੜ ਕੇ?"

"ਜੇ ਤੁਹਾਨੂੰ ਕੋਈ ਸ਼ੱਕ ਹੈ, ਤਾਂ ਉਦੋਂ ਤੱਕ ਮੈਨੂੰ ਮਹਿਲਾਂ 'ਚ ਹੀ ਰੱਖ ਲਵੋ।"

ਗੱਲ ਬਾਦਸ਼ਾਹ ਦੇ ਮਨ ਲੱਗ ਗਈ। ਫਜ਼ਲ ਲਈ ਸਵਰਗ ਵਰਗੀ ਥਾਂ ਹੀ ਮਹਿਲਾਂ 'ਚ ਤਿਆਰ ਕੀਤੀ ਗਈ। ਮਖ਼ਮਲ ਵਰਗਾ ਪਲੰਘ ਲੱਗ ਗਿਆ, ਤੇ ਹਰ ਪਹਿਰ ਦੇ ਖਾਣੇ ਵਿਚ ਸੱਤ ਤਰ੍ਹਾਂ ਦੇ ਪਕਵਾਨਾਂ ਦਾ ਬੰਦੋਬਸਤ ਵੀ ਕੀਤਾ ਗਿਆ। ਤਿੰਨ ਮਹੀਨਿਆਂ ਲਈ ਫਜ਼ਲ ਸ਼ਾਹੀ ਮਹਿਲਾਂ ਦਾ ਸ਼ਾਹੀ ਮਹਿਮਾਨ ਬਣ ਗਿਆ ਸੀ।


ਬਾਦਸ਼ਾਹ ਲਈ ਤਿੰਨ ਮਹੀਨੇ ਦਾ ਸਮਾਂ ਇੰਤਜ਼ਾਰ ਵਿਚ ਮਸਾਂ ਲੰਘਿਆ।

ਸਮਾਂ ਪੂਰਾ ਹੋਣ ਤੋਂ ਇਕ ਦਿਨ ਪਹਿਲਾਂ ਫਜ਼ਲ ਨੇ ਬਾਦਸ਼ਾਹ ਨੂੰ ਦੱਸਿਆ ਕਿ ਭਲਕੇ ਸਵੇਰੇ ਨੌਂ ਵਜੇ ਤੁਹਾਨੂੰ ਬਸਤਰ ਤੇ ਮੁਕਟ ਪਹਿਨਾਇਆ ਜਾਵੇਗਾ।

"ਨਹੀਂ ਪਰਸੋਂ... ਕਿਉਂਕਿ ਮੇਰੀ ਛੋਟੀ ਰਾਣੀ ਕੱਲ੍ਹ ਸ਼ਾਮ ਨੂੰ ਯਾਤਰਾ ਤੋਂ ਪਰਤੇਗੀ।"

"ਬਾਦਸ਼ਾਹ ਸਮਾਂ ਸਵਰਗ 'ਚੋਂ ਨਿਰਧਾਰਤ ਕੀਤਾ ਗਿਆ ਹੈ। ਮੇਰੀ ਹਿੰਮਤ ਨਹੀਂ ਕਿ ਮੈਂ ਇਸ ਨੂੰ ਅੱਗੇ ਕਰ ਸਕਾਂ। ਤੁਸੀਂ ਅੱਜ ਹੀ ਆਪਣੇ ਸਾਰੇ ਰਾਜ-ਭਾਗ ਵਿਚ ਮੁਨਿਆਦੀ ਕਰਵਾ ਦਿਓ, ਪਰਜਾ ਨੂੰ ਹੁਮ-ਹੁਮਾ ਕੇ ਪਹੁੰਚਣ ਲਈ।"

(ਬਾਕੀ ਸਫਾ 29 'ਤੇ)



**ਐਨ.ਡੀ. ਤਿਵਾੜੀ 82 ਸਾਲਾਂ ਦੀ ਉਮਰ ਵਿਚ ਆਪਣੀ ਵਿਸਾਰੀ ਹੋਈ ਪ੍ਰੇਮਿਕਾ, 62 ਵਰ੍ਹਿਆਂ ਦੀ ਉਜਵਲ ਸ਼ਰਮਾ ਨੂੰ ਪਤਨੀ ਵਜੋਂ ਸਵੀਕਾਰਦਿਆਂ।**

### ਗੱਲ ਬਣੀ ਕਿ ਨਹੀਂ

**ਨਕਲੀ ਭੇਸ 'ਚ ਮਸੰਦ**

ਜਦ ਛਵੀਆਂ ਲਿਸ਼ਕੀਆਂ ਮਾਲਕਾ,
ਤੇਰਾ ਕੰਬ ਉਠਿਆ ਦਰਬਾਰ।
ਤੇ ਪੱਗਾਂ ਲਾਹੀਆਂ ਉਨ੍ਹਾਂ ਨੇ,
ਜਿਹੜੇ ਖ਼ੁਦ ਵੀ ਸਨ ਸਰਦਾਰ।
ਸਭ ਰਿਹਾ ਤਮਾਸ਼ਾ ਵੇਖਦਾ,
ਇਕ ਚੰਡੀਗੜ੍ਹ ਸਰਦਾਰ।
ਜਦ ਬੇਈਮਾਨ ਮਲਾਹ ਹੈ,
ਕਿੰਜ ਬੇੜੀ ਹੋ'ਜੂ ਪਾਰ।
ਜਿਥੇ ਚਹੁੰ ਪਾਸਿਉਂ ਆਂਵਦੀ,
ਇਕ ਬਾਣੀ ਦੀ ਖ਼ੁਸ਼ਬੋ।
ਉਥੇ ਨਫ਼ਰਤਾਂ ਭਰੀਆਂ ਮਨਾਂ ਵਿਚ,
ਤੇ ਬੰਦੇ ਮਾਰਨ ਬੋਅ।
ਗੁਰੂ ਨਗਰੀ ਰਾਮਦਾਸ ਦੀ,
ਜਿਥੇ ਬੈਠਾ ਮੀਆਂ ਮੀਰ।
ਉਥੇ ਫੁੱਲਾਂ ਲੱਦੇ ਬਾਗ ਵਿਚ,
ਕੁਝ ਉਗ ਪਏ ਜੰਡ ਕਰੀਰ।
ਦਸਮੇਸ਼ ਪਿਤਾ ਤੇਰੀ ਲੋੜ ਪਈ,
ਖੰਡਿਉਂ ਤਿੱਖੀ ਵਾਲੋਂ ਨਿੱਕੀ ਨੂੰ।
ਨਕਲੀ ਭੇਸ 'ਚ ਛੁਪੇ ਮਸੰਦਾਂ ਤੋਂ,
ਅੱਜ ਖ਼ਤਰਾ ਤੇਰੀ ਸਿੱਖੀ ਨੂੰ।

-ਐਸ. ਅਸ਼ੋਕ ਭੌਰਾ

ਗੁਰਮਤਿ ਵਿਚਾਰ

# ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ



ਡਾ. ਗੁਰਨਾਮ ਕੌਰ, ਕੈਨੇਡਾ

ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਉਸ ਅਕਾਲ ਪੁਰਖ ਦੀ ਜੀਵਾਂ ਵੱਲੋਂ ਕੀਤੀ ਜਾ ਰਹੀ ਸਿਫ਼ਤ-ਸਾਲਾਹ ਨੂੰ ਬਿਆਨ ਕਰ ਰਹੇ ਹਨ ਕਿ ਅਣਗਿਣਤ ਜੀਵ ਉਸ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਦੇ ਆਏ ਹਨ ਅਤੇ ਅਣਗਿਣਤ ਜੀਵ ਉਸ ਦੇ ਗੁਣਾਂ ਦਾ ਗਾਇਨ ਕਰ ਕੇ ਇਸ ਸੰਸਾਰ ਤੋਂ ਕੂਚ ਕਰ ਗਏ ਹਨ। ਧਾਰਮਿਕ ਪੁਸਤਕ ਜਿਵੇਂ ਵੇਦ ਆਦਿ ਵੀ ਉਸ ਦੇ ਅਣਗਿਣਤ ਗੁਣ ਦੱਸਦੇ ਆਏ ਹਨ ਪਰ ਕਿਸੇ ਨੇ ਵੀ ਉਸ ਦੇ ਗੁਣਾਂ ਦੀ ਥਾਹ ਨਹੀਂ ਪਾਈ ਅਰਥਾਤ ਉਸ ਦੇ ਅਨੇਕ ਗੁਣ ਧਾਰਮਿਕ ਪੁਸਤਕਾਂ ਵਿਚ ਪੜ੍ਹਨ ਨਾਲ ਵੀ ਉਸ ਦਾ ਭੇਦ ਪਾ ਸਕਣਾ ਸੰਭਵ ਨਹੀਂ ਹੈ। ਸੋਝੀ ਅਰਥਾਤ ਪਰਮਾਤਮ-ਅਨੁਭਵ ਨਾਲ ਜਦੋਂ ਮਨੁੱਖ ਦੀ ਸਮਝ ਜਾਂ ਬੁੱਧੀ ਉਚੀ ਹੋ ਜਾਂਦੀ ਹੈ ਤਾਂ ਮਨੁੱਖ ਨੂੰ ਉਸ ਦਾ ਭੇਦ ਸਮਝ ਆਉਂਦਾ ਹੈ (ਭੇਦ ਇਹ ਹੈ ਕਿ ਉਹ ਬੇਅੰਤ ਅਤੇ ਅਸੀਮ ਹੈ)। ਬਾਹਰਲੇ ਧਾਰਮਿਕ ਭੇਖ ਜਿਵੇਂ ਸਾਧੂਆਂ ਦੇ ਛੇ ਭੇਖ ਆਦਿ ਰਾਹੀਂ ਵੀ ਉਸ ਸੱਚ ਨਾਲ ਨਹੀਂ ਜੁੜਿਆ ਜਾ ਸਕਦਾ, ਉਸ ਵਿਚ ਸਮਾਇਆ ਨਹੀਂ ਜਾ ਸਕਦਾ। ਉਹ ਅਕਾਲ ਪੁਰਖ ਅਦਿੱਖ ਹੈ, ਉਸ ਨੂੰ ਲਖਿਆ ਨਹੀਂ ਜਾ ਸਕਦਾ ਪਰ ਗੁਰੂ ਦੇ ਸ਼ਬਦ ਰਾਹੀਂ ਉਹ ਸੋਹਣਾ ਲੱਗਦਾ ਹੈ। ਕਹਿਣ ਤੋਂ ਭਾਵ ਹੈ ਕਿ ਗੁਰੂ ਦੇ ਸ਼ਬਦ ਰਾਹੀਂ ਉਸ ਦੇ ਗੁਣਾਂ ਦਾ ਗਾਇਨ ਕਰਨਾ ਮਨ ਨੂੰ ਚੰਗਾ ਲੱਗਦਾ ਹੈ।

ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਜਿਹੜੇ ਮਨੁੱਖ ਉਸ ਦੇ ਨਾਮ ਦਾ ਮੰਨਣ ਕਰਦੇ ਹਨ, ਉਸ ਦੇ ਨਾਮ ਦੀ ਵਿਚਾਰ ਕਰਦੇ ਅਤੇ ਉਸ ਨੂੰ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਉਹ ਅਕਾਲ ਪੁਰਖ ਦੀ ਦਰਗਾਹ ਵਿਚ ਪਹੁੰਚ ਜਾਂਦੇ ਹਨ, ਉਸ ਦੇ ਦਰਵਾਜ਼ੇ ਨੂੰ ਪ੍ਰਾਪਤ ਕਰ ਲੈਂਦੇ ਹਨ। ਜੋ ਜੀਵ ਉਸ ਦੀ ਹਜ਼ੂਰੀ ਵਿਚ ਪਹੁੰਚ ਜਾਂਦਾ ਹੈ, ਉਹ ਉਸ ਅਕਾਲ ਪੁਰਖ ਅੱਗੇ ਸਿਰ ਨਿਵਾਉਂਦਾ ਹੈ, ਉਸ ਦੇ ਗੁਣਾਂ ਦਾ ਗਾਇਨ ਕਰਨ ਵਾਲਾ ਢਾਢੀ ਹੋ ਜਾਂਦਾ ਹੈ ਅਤੇ ਅਜਿਹਾ ਮਨੁੱਖ ਹਰ ਸਮੇਂ ਹਰ ਜੁਗ ਵਿਚ ਸਦੀਵੀ ਕਾਇਮ ਰਹਿਣ ਵਾਲੇ ਉਸ ਅਕਾਲ ਪੁਰਖ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ,

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥...
ਖਾਲਕ ਕਉ ਆਦੇਸੁ ਢਾਢੀ ਗਾਵਣਾ॥
ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ॥
(ਪੰਨਾ ੧੪੮)

ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ ਜਿਸ ਵਿਚ ਉਹ ਮਨੁੱਖ ਦੀ ਮੂਰਖਤਾਈ ਦੀ ਗੱਲ ਕਰਦੇ ਹਨ ਕਿ ਜਿਸ ਕਾਰਜ ਦੀ ਮਨੁੱਖ ਕੋਲ ਯੋਗਤਾ ਨਾ ਹੋਣ ਤੇ ਕੋਈ ਉਸ ਕਾਰਜ ਨੂੰ ਕਰਦਾ ਹੈ ਤਾਂ ਨਤੀਜਾ ਸਹੀ ਨਹੀਂ ਨਿਕਲਦਾ।

ਗੁਰੂ ਸਾਹਿਬ ਦੱਸਦੇ ਹਨ ਕਿ ਮੰਨ ਲਵੋ ਕਿ ਕੋਈ ਮਨੁੱਖ ਮਾਂਦਰੀ ਤਾਂ ਅਠੂੰਹਿਆਂ ਦਾ ਹੈ ਪਰ ਜਾ ਕੇ ਲੱਗ ਜਾਵੇ ਸੱਪਾਂ ਨੂੰ ਹੱਥ ਪਾਉਣ ਤਾਂ ਉਹ ਆਪਣੇ ਹੱਥਾਂ ਨੂੰ ਆਪ ਹੀ ਅੱਗ ਵਿਚ ਹੱਥ ਪਾਉਂਦਾ ਹੈ, ਆਪਣੇ ਲਈ ਆਪ ਹੀ ਮੁਸੀਬਤ ਨੂੰ ਸੱਦਾ ਦਿੰਦਾ ਹੈ। ਇਹ ਅਕਾਲ ਪੁਰਖ ਦਾ ਧੁਰੋਂ ਆਇਆ ਹੁਕਮ ਹੈ ਕਿ ਇਸ ਅੱਤ ਦੇ ਕਾਰਨ ਉਸ ਨੂੰ ਧੱਕਾ ਵੱਜਦਾ ਹੈ, ਭਾਵ ਅਕਾਲ ਪੁਰਖ ਦਾ ਇਹ ਹੁਕਮ ਜਾਂ ਕਾਨੂੰਨ ਧੁਰੋਂ ਲਿਖਿਆ ਹੈ ਕਿ ਅਜਿਹੀ ਮੂਰਖਤਾ ਦਾ ਨਤੀਜਾ ਇਹੋ ਜਿਹਾ ਨੁਕਸਾਨ ਕਰਨ ਵਾਲਾ ਹੀ ਹੋਵੇਗਾ। ਜੇ ਮੂਰਖ ਆਦਮੀ, ਆਪਣੇ ਮਨ ਦੇਪਿੱਛੇ ਚੱਲਣ ਵਾਲਾ ਮਨੁੱਖ ਗੁਰਮੁਖ ਨਾਲ ਖਹਿਬੜਦਾ ਹੈ ਤਾਂ ਅਕਾਲ ਪੁਰਖ ਦੇ ਸੱਚੇ ਨਿਆਂ ਅਨੁਸਾਰ ਉਸ ਦਾ ਬੇੜਾ ਸੰਸਾਰ-ਸਮੁੰਦਰ ਵਿਚ ਡੁੱਬਣਾ ਹੀ ਡੁੱਬਣਾ ਹੈ ਭਾਵ ਉਸ ਨੇ ਵਿਕਾਰਾਂ ਕਾਰਨ ਆਪਣਾ ਜੀਵਨ ਖ਼ਰਾਬ ਕਰਨਾ ਹੀ ਕਰਨਾ ਹੈ। ਇਸ ਵਿਚ ਕਿਸੇ ਦਾ ਦੋਸ਼ ਨਹੀਂ ਹੈ ਕਿਉਂਕਿ ਇਹ ਅਕਾਲ ਪੁਰਖ ਦਾ ਆਪਣਾ ਨਿਆਉਂ ਹੈ ਕਿ ਉਹ ਦੋਵੇਂ ਪਾਸੇ ਅਰਥਾਤ ਗੁਰਮੁਖ ਅਤੇ ਮਨਮੁਖ ਦਾ ਨਿਰਣਾ ਆਪ ਹੀ ਕਰਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਗੱਲ ਮਨੁੱਖ ਨੂੰ ਸਮਝ ਲੈਣੀ ਚਾਹੀਦੀ ਹੈ ਕਿ ਸਭ ਕੁਝ ਉਸ ਦੇ ਭਾਣੇ ਵਿਚ, ਉਸ ਦੇ ਹੁਕਮ ਅਨੁਸਾਰ ਹੀ ਵਾਪਰ ਰਿਹਾ ਹੈ,

ਮੰਤ੍ਰੀ ਹੋਇ ਅਠੂਹਿਆ
ਨਾਗੀ ਲਗੈ ਜਾਇ॥
ਆਪਣ ਹਥੀ ਆਪਣੈ
ਦੇ ਕੂਚਾ ਆਪੇ ਲਾਇ॥...
ਨਾਨਕ ਏਵੈ ਜਾਣੀਐ
ਸਭ ਕਿਛੁ ਤਿਸਹਿ ਰਜਾਇ॥ (ਪੰਨਾ ੧੪੮)

ਅਗਲਾ ਸਲੋਕ ਵੀ ਗੁਰੂ ਅੰਗਦ ਦੇਵ ਜੀ ਦਾ ਹੀ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਜਿਹੜਾ ਮਨੁੱਖ ਦੂਸਰਿਆਂ ਨੂੰ ਪਰਖਣ ਦੀ ਥਾਂ ਤੇ, ਦੂਸਰਿਆਂ ਦੀ ਪੜਚੋਲ ਕਰਨ ਦੀ ਥਾਂ ਤੇ ਸਵੈ-ਪੜਚੋਲ ਕਰਦਾ ਹੈ, ਆਪਣੇ ਆਪੇ ਦਾ ਨਿਰੀਖਣ ਕਰਦਾ ਹੈ, ਉਸ ਨੂੰ ਸਹੀ ਅਤੇ ਅਸਲੀ ਪਾਰਖੂ ਸਮਝਣਾ ਚਾਹੀਦਾ ਹੈ। ਵੈਦ ਉਹ ਸਿਆਣਾ ਹੁੰਦਾ ਹੈ ਜਿਹੜਾ ਮਰੀਜ਼ ਦੀ ਮਰਜ਼ ਅਰਥਾਤ ਰੋਗ ਦੀ ਸਹੀ ਪਛਾਣ ਕਰ ਸਕਦਾ ਹੋਵੇ ਅਤੇ ਉਸ ਰੋਗ ਦੀ ਸਹੀ ਦਵਾਈ ਵੀ ਜਾਣਦਾ ਹੈ, ਭਾਵ ਜਿਸ ਨੂੰ ਮਰਜ਼ ਅਤੇ ਇਲਾਜ ਦੋਹਾਂ ਦਾ ਗਿਆਨ ਹੋਵੇ ਉਹ ਹੀ ਸਿਆਣਾ ਵੈਦ ਹੈ। ਅਜਿਹਾ ਸਿਆਣਾ ਵੈਦ ਜੀਵਨ-ਰਾਹ 'ਤੇ ਦੂਸਰਿਆਂ ਨਾਲ ਝਗੜੇ ਪਾ ਕੇ ਨਹੀਂ ਬੈਠਦਾ ਬਲਕਿ ਆਪਣੇ ਆਪ ਨੂੰ ਇਸ ਸੰਸਾਰ 'ਤੇ ਮਹਿਮਾਨ ਦੀ ਤਰ੍ਹਾਂ ਸਮਝਦਾ ਹੈ। ਇਸ ਲਈ ਆਪਣੇ ਅਸਲੇ, ਆਪਣੇ ਮੂਲ ਅਕਾਲ ਪੁਰਖ ਨਾਲ ਡੂੰਘੀ ਸਾਂਝ ਪਾ ਕੇ, ਜੋ ਵੀ ਗੱਲ ਕਰਦਾ ਹੈ, ਆਪਣਾ ਸਮਾਂ ਗੁਰਮੁਖਾਂ ਦੀ ਸੰਗਤਿ (ਆਪਣੇ ਸੁਭਾਅ ਵਰਗਿਆਂ ਦੀ ਸੰਗਤਿ) ਵਿਚ ਗੁਜ਼ਾਰਦਾ ਹੈ। ਅਜਿਹਾ ਮਨੁੱਖ ਲੋਭ-ਲਾਲਚ ਦੇ ਆਸਰੇ ਨਹੀਂ ਤੁਰਦਾ, ਸੱਚ ਵਿਚ ਟਿਕਿਆ ਰਹਿੰਦਾ ਹੈ ਅਤੇ ਇਸੇ ਲਈ ਦੂਸਰਿਆਂ ਵਾਸਤੇ ਪਰਖ਼ਿਆ ਹੋਇਆ, ਪਰਮਾਣੀਕ ਵਿਚੋਲਾ ਬਣ ਜਾਂਦਾ ਹੈ ਜੋ ਉਨ੍ਹਾਂ ਦੀ ਸੰਸਾਰ ਸਾਗਰ ਨੂੰ ਪਾਰ ਕਰਨ ਵਿਚ ਮੱਦਦ ਕਰਦਾ ਹੈ। ਅਜਿਹੇ ਮਨੁੱਖ ਦੇ ਉਲਟ ਜਿਹੜਾ ਮਨੁੱਖ ਆਪਣੀ ਮੂਰਖ਼ਤਾ ਕਾਰਨ ਆਕਾਸ਼ ਵੱਲ ਤੀਰ ਚਲਾਉਂਦਾ ਹੈ, ਉਸ ਦਾ ਤੀਰ ਨਿਸ਼ਾਨੇ 'ਤੇ ਕਿਵੇਂ ਪਹੁੰਚੇਗਾ? ਉਹ ਆਕਾਸ਼ ਤਾਂ ਅੱਗੋਂ ਅਪਹੁੰਚ ਹੈ, ਇਸ ਲਈ ਤੀਰ ਚਲਾਉਣ ਵਾਲਾ ਆਪ ਹੀ ਤੀਰ ਖਾ ਬੈਠਦਾ ਹੈ ਤੇ ਵਿੰਨ੍ਹਿਆ ਜਾਂਦਾ ਹੈ,

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥
ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ॥
ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣਿ॥
ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ॥
ਸਰੁ ਸੰਧੈ ਆਗਾਸ ਕਉ ਕਿਉ ਪਹੁਚੈ ਬਾਣੁ॥
ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ॥੨॥
(ਪੰਨਾ ੧੪੮)

ਇਸ ਤੋਂ ਅੱਗੇ ਗੁਰੂ ਨਾਨਕ ਸਾਹਿਬ ਨੇ ਜੀਵ ਦੇ ਅਕਾਲ ਪੁਰਖ ਪ੍ਰਤੀ ਪ੍ਰੇਮ ਨੂੰ ਇਸਤਰੀ ਅਤੇ ਪਤੀ ਦੇ ਪ੍ਰਤੀਕ ਰਾਹੀਂ ਸਮਝਾਇਆ ਹੈ। ਗੁਰੂ ਨਾਨਕ ਸਮਝਾਉਂਦੇ ਹਨ ਕਿ ਜਿਹੜੀਆਂ ਜੀਵ-ਇਸਤਰੀਆਂ ਦਾ ਆਪਣੇ ਅਕਾਲ ਪੁਰਖ ਪਤੀ ਨਾਲ ਪਿਆਰ ਹੈ, ਸੱਚਾ ਪ੍ਰੇਮ ਹੈ, ਉਹ ਇਸ ਪ੍ਰੇਮ ਨਾਲ ਸਜੀਆਂ ਹੋਈਆਂ ਹਨ (ਪਰਮਾਤਮਾ ਦਾ ਪਿਆਰ ਉਨ੍ਹਾਂ ਦਾ ਗਹਿਣਾ ਹੈ)। ਉਹ ਦਿਨ ਰਾਤ ਅਕਾਲ ਪੁਰਖ ਦੀ ਭਗਤੀ ਕਰਦੀਆਂ ਹਨ। ਜੇ ਉਨ੍ਹਾਂ ਨੂੰ ਕੋਈ ਵਰਜੇ ਵੀ ਤਾਂ ਵੀ ਉਹ ਇਹ ਭਗਤੀ ਨਹੀਂ ਛੱਡਦੀਆਂ। ਗੁਰੂ ਦੇ ਸ਼ਬਦ ਰਾਹੀਂ ਸਵਾਰੀਆਂ ਹੋਈਆਂ, ਗੁਰੂ ਦੇ ਸ਼ਬਦ ਦੀ ਅਗਵਾਈ ਵਿਚ ਉਹ ਮਹਿਲਾਂ ਵਿਚ ਵਸਦੀਆਂ ਹਨ, ਅਕਾਲ ਪੁਰਖ ਦਾ ਦਰ ਪ੍ਰਾਪਤ ਕਰ ਲੈਂਦੀਆਂ ਹਨ। ਉਹ ਸ਼ਬਦ ਰਾਹੀਂ ਸਿਆਣੀਆਂ ਹੋ ਜਾਂਦੀਆਂ ਹਨ, ਇਸ ਲਈ ਹਮੇਸ਼ਾ ਅਕਾਲ ਪੁਰਖ ਦਾ ਸਦਾ ਕਾਇਮ ਰਹਿਣ ਵਾਲਾ ਪ੍ਰੇਮ ਹੀ ਮੰਗਦੀਆਂ ਹਨ। ਉਨ੍ਹਾਂ ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਅਕਾਲ ਪੁਰਖ ਦਾ ਸਦੀਵੀ ਪ੍ਰੇਮ ਮਿਲ ਜਾਂਦਾ ਹੈ ਅਤੇ ਉਹ ਉਸ ਕੋਲ ਪਹੁੰਚੀਆਂ ਹੋਈਆਂ ਸ਼ੋਭਾ ਦਿੰਦੀਆਂ ਹਨ। ਉਨ੍ਹਾਂ ਨੂੰ ਅਕਾਲ ਪੁਰਖ ਨਾਲ ਦਿਲੋਂ ਸੱਚਾ ਪ੍ਰੇਮ ਹੋਣ ਕਰਕੇ ਉਸ ਨੂੰ ਆਪਣਾ ਸਖੀ ਮੰਨ ਕੇ ਅਰਦਾਸ ਕਰਦੀਆਂ ਹਨ। ਨਾਮ ਦੇ ਆਸਰੇ ਤੋਂ ਬਿਨਾਂ ਜੀਵਿਆ ਜੀਵਨ ਲਾਹਣਤ ਭਰਿਆ ਹੈ।

ਜਿਸ ਮਨੁੱਖ ਨੂੰ ਅਕਾਲ ਪੁਰਖ ਨੇ ਗੁਰੂ ਦੇ ਸ਼ਬਦ ਰਾਹੀਂ ਸੁਧਾਰਿਆ ਹੈ, ਜਿਸ ਨੇ ਵਾਹਿਗੁਰੂ ਦੀ ਮਿਹਰ ਸਦਕਾ ਗੁਰੂ ਦੇ ਸ਼ਬਦ ਦੀ ਅਗਵਾਈ ਵਿਚ ਚੱਲ ਕੇ ਆਪਣਾ ਜੀਵਨ ਚੰਗਾ ਬਣਾ ਲਿਆ ਹੈ ਉਸ ਨੇ ਨਾਮ-ਅੰਮ੍ਰਿਤ ਪੀ ਲਿਆ ਹੈ,

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ॥
ਕਰਨਿ ਭਗਤਿ ਦਿਨੁ ਰਾਤਿ
ਨਾ ਰਹਨੀ ਵਾਰੀਆ॥
ਮਹਲਾ ਮੰਝਿ ਨਿਵਾਸੁ
ਸਬਦਿ ਸਵਾਰੀਆ॥...
ਸਬਦਿਸਵਾਰੀਆਸੁ
ਅੰਮ੍ਰਿਤੁ ਪੀਵਿਆ॥੨੨॥ (ਪੰਨਾ ੧੪੮)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਜਿਸ ਕਿਸਮ ਦਾ ਕਿਸੇ ਵਸਤੂ ਜਾਂ ਜੀਵ ਦਾ ਸੁਭਾਅ ਹੁੰਦਾ ਹੈ, ਉਸ ਸੁਭਾਅ ਦੀ ਭੁੱਖ ਜਾਂ ਊਣਤਾਈ ਕਿਸੇ ਤਰ੍ਹਾਂ ਨਾਲ ਵੀ ਤ੍ਰਿਪਤ ਨਹੀਂ ਹੁੰਦੀ। ਮਾਰੂਥਲ ਦੀ ਉਦਾਹਰਣ ਦਿੱਤੀ ਹੈ ਕਿ ਉਸ ਦਾ ਸੁੱਕਾ ਰਹਿਣ ਦਾ ਸੁਭਾ ਹੈ, ਇਸ ਕਰਕੇ ਜਿੰਨਾ ਮਰਜ਼ੀ ਮੀਂਹ ਪੈ ਜਾਵੇ ਪਰ ਮਾਰੂਥਲ ਦਾ ਸੁੱਕੇ ਰਹਿਣ ਦਾ ਸੁਭਾਅ ਹਟਦਾ ਨਹੀਂ। ਇਸੇ ਤਰ੍ਹਾਂ ਅੱਗ ਦਾ ਸੁਭਾ ਸਾੜਨਾ ਹੈ, ਜਿੰਨੀਆਂ ਮਰਜ਼ੀ ਲੱਕੜਾਂ ਹੋਣ, ਉਹ ਅੱਗ ਦੇ ਸਾੜਨ ਦੇ ਸੁਭਾਅ ਨੂੰ ਖ਼ਤਮ ਨਹੀਂ ਕਰ ਸਕਦੀਆਂ। ਰਾਜੇ ਦੀ ਰਾਜ ਕਰਨ ਦੀ ਭੁੱਖ ਕਦੇ ਨਹੀਂ ਮਿਟਦੀ ਭਾਵੇਂ ਜਿੰਨਾ ਮਰਜ਼ੀ ਰਾਜ ਕਰ ਲਵੇ ਅਤੇ ਉਸ ਨੂੰ ਵਧਾ ਲਵੇ। ਇਸੇ ਤਰ੍ਹਾਂ ਭਰੇ ਹੋਏ ਸਮੁੰਦਰ ਦੇ ਡੂੰਘੇ ਪਾਣੀਆਂ ਨੂੰ ਸੁੱਕ ਨਹੀਂ ਮੁਕਾ ਸਕਦੀ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸੇ ਤਰ੍ਹਾਂ ਨਾਮ ਦਾ ਸਿਮਰਨ ਕਰਨ ਵਾਲਿਆਂ ਦੇ ਅੰਦਰ ਨਾਮ ਦੀ ਕਿੰਨੀ ਕੁ ਤਾਂਘ ਹੈ, ਇਸ ਗੱਲ ਨੂੰ ਦੱਸਿਆ ਨਹੀਂ ਜਾ ਸਕਦਾ,

ਮਾਰੂ ਮੀਹਿ ਨ ਤ੍ਰਿਪਤਿਆ
ਅਗੀ ਲਹੈ ਨ ਭੁਖ॥
ਰਾਜਾ ਰਾਜਿ ਨ ਤ੍ਰਿਪਤਿਆ
ਸਾਇਰ ਭਰੇ ਕਿਸੁਕ॥
ਨਾਨਕ ਸਚੇ ਨਾਮ ਕੀ
ਕੇਤੀ ਪੁਛਾ ਪੁਛ॥ (ਪੰਨਾ ੧੪੮)

ਅਗਲਾ ਸਲੋਕ ਗੁਰੂ ਅੰਗਦ ਦੇਵ ਜੀ ਦਾ ਹੈ ਜਿਸ ਵਿਚ ਉਨ੍ਹਾਂ ਦੱਸਿਆ ਹੈ ਕਿ ਅਕਾਲ ਪੁਰਖ ਨੂੰ ਜਾਣਨ ਤੋਂ ਬਿਨਾ ਮਨੁੱਖ ਦਾ ਜੀਵਨ ਬੇਅਰਥ ਚਲਿਆ ਜਾਂਦਾ ਹੈ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਦੋਂ ਤੱਕ ਮਨੁੱਖ ਅਕਾਲ ਪੁਰਖ ਨੂੰ ਨਹੀਂ ਪਛਾਣਦਾ, ਉਸ ਨੂੰ ਨਹੀਂ ਜਾਣਦਾ ਉਦੋਂ ਤੱਕ ਉਸ ਦਾ ਜਨਮ ਬੇਅਰਥ ਹੈ। ਪਰ ਜਿਹੜੇ ਜੀਵ ਗੁਰੂ ਦੀ ਮਿਹਰ ਸਦਕਾ ਅਕਾਲ ਪੁਰਖ ਦੇ ਨਾਮ ਨਾਲ ਜੁੜ ਜਾਂਦੇ ਹਨ ਉਹ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦੇ ਹਨ। ਗੁਰੂ ਸਾਹਿਬ ਮਨੁੱਖ ਨੂੰ ਉਸ ਅਕਾਲ ਪੁਰਖ ਦਾ ਧਿਆਨ ਧਰਨ ਦੀ ਪ੍ਰੇਰਨਾ ਕਰਦੇ ਹਨ ਜਿਹੜਾ ਇਸ ਦੁਨੀਆਂ ਦਾ ਸਿਰਜਣਹਾਰ ਹੈ ਅਤੇ ਸਭ ਕੁਝ ਕਰ ਸਕਣ ਦੇ ਸਮਰੱਥ ਹੈ, ਇਸ ਸੰਸਾਰ ਦਾ ਮੂਲ ਹੈ, ਸਰੋਤ ਹੈ ਅਤੇ ਜਿਸ ਨੇ ਸੰਸਾਰ ਵਿਚ ਆਪਣੀ ਕਲਾ ਟਿਕਾਈ ਹੋਈ ਹੈ,

ਨਿਹਫਲੰ ਤਸਿ ਜਨਮਸਿ ਜਾਵਤੁ
ਬ੍ਰਹਮ ਨ ਬਿੰਦਤੇ॥
ਸਾਗਰੰ ਸੰਸਾਰਸਿ ਗੁਰਪਰਸਾਦੀ
ਤਰਹਿ ਕੇ॥
ਕਰਣ ਕਾਰਣ ਸਮਰਥੁ ਹੈ
ਕਹੁ ਨਾਨਕ ਬੀਚਾਰਿ॥
ਕਾਰਣੁ ਕਰਤੇ ਵਸਿ ਹੈ
ਜਿਨਿ ਕਲ ਰਖੀ ਧਾਰਿ॥੨॥ (ਪੰਨਾ ੧੪੮)

ਇਸ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਉਸ ਮਨੁੱਖ ਦੀ ਵਡਿਆਈ ਦੱਸ ਰਹੇ ਹਨ ਜੋ ਗੁਰੂ ਸ਼ਬਦ ਰਾਹੀਂ ਸੰਵਰਿਆ ਹੋਇਆ ਸਦੀਵੀ ਗੁਣ ਗਾਇਨ ਕਰਦਾ ਹੈ। ਅਜਿਹੇ ਮਨੁੱਖ ਨੂੰ ਜੋ ਸਦਾ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਕਰਦਾ ਹੈ, ਢਾਢੀ ਦੀ ਸੰਗਿਆ ਦਿੱਤੀ ਹੈ।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜੋ ਮਨੁੱਖ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਕਰਦਾ ਹੈ, ਉਸ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਸ ਨੂੰ ਅਕਾਲ ਪੁਰਖ ਦੇ ਦਰਬਾਰ ਵਿਚ, ਉਸ ਦੀ ਹਜ਼ੂਰੀ ਵਿਚ ਨਿਵਾਸ ਮਿਲ ਜਾਂਦਾ ਹੈ। ਸੱਚੇ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਕਰਕੇ ਉਸ ਦਾ ਹਿਰਦਾ-ਕੰਵਲ ਸਦਾ ਖਿੜਿਆ ਰਹਿੰਦਾ ਹੈ ਅਰਥਾਤ ਉਸ ਦਾ ਮਨ ਖੇੜੇ ਵਿਚ ਰਹਿੰਦਾ ਹੈ। ਉਸ ਅਕਾਲ ਪੁਰਖ ਤੋਂ ਪੂਰਨ ਅਵਸਥਾ ਨੂੰ ਪ੍ਰਾਪਤ ਕਰਕੇ ਉਹ ਅੰਦਰੋਂ ਹੁਲਾਸ ਵਿਚ ਰਹਿੰਦਾ ਹੈ, ਖਿੜਿਆ ਰਹਿੰਦਾ ਹੈ। ਉਹ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਤੇ ਹਉਮੈ ਆਦਿ ਦੁਸ਼ਮਣਾਂ ਨੂੰ ਖ਼ਤਮ ਕਰ ਦਿੰਦਾ ਹੈ। ਉਸ ਦੇ ਗਿਆਨ ਇੰਦ੍ਰੇ ਪਰਮਾਤਮ-ਗੁਣਾਂ ਨਾਲ ਅਨੰਦਤ ਰਹਿੰਦੇ ਹਨ ਅਤੇ ਸਤਿਗੁਰ ਦੀ ਰਜ਼ਾ ਵਿਚ ਚੱਲਦੇ ਹਨ ਜਿਹੜਾ ਇਨ੍ਹਾਂ ਨੂੰ ਸੱਚਾ ਮਾਰਗ ਦਿਖਾਉਂਦਾ ਹੈ। ਅਜਿਹਾ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਕਰਨ ਵਾਲਾ ਮਨੁੱਖ ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਆਪਣੇ ਅੰਦਰੋਂ ਮੌਤ ਦੇ ਭੈ ਨੂੰ ਦੂਰ ਕਰ ਦਿੰਦਾ ਹੈ, ਉਸ ਨੂੰ ਮੌਤ ਦਾ ਭੈ ਨਹੀਂ ਸਤਾ ਸਕਦਾ। ਗੁਰੂ ਦੇ ਸ਼ਬਦ ਰਾਹੀਂ ਸੰਵਾਰਿਆ ਢਾਢੀ ਉਸ ਅਕੱਥ ਅਕਾਲ ਪੁਰਖ ਦੇ ਗੁਣ ਗਾਉਂਦਾ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਤਰ੍ਹਾਂ ਅਕਾਲ ਪੁਰਖ ਦੇ ਗੁਣਾਂ ਨੂੰ ਗਾਉਂਦੇ ਹੋਏ ਉਸ ਦੇ ਗੁਣਾਂ ਦੀ ਰਾਸ ਇਕੱਠੀ ਕਰਕੇ, ਉਸ ਦੇ ਗੁਣਾਂ ਦੀ ਪੂੰਜੀ ਇਕੱਤਰ ਕਰਕੇ ਉਹ ਪਿਆਰੇ ਅਕਾਲ ਪੁਰਖ ਨਾਲ ਮਿਲ ਜਾਂਦਾ ਹੈ, ਉਸ ਵਿਚ ਲੀਨ ਹੋ ਜਾਂਦਾ ਹੈ,

ਖਸਮੈ ਕੈ ਦਰਬਾਰਿ ਢਾਢੀ ਵਸਿਆ॥
ਸਚਾ ਖਸਮੁ ਕਲਾਣਿ
ਕਮਲੁ ਵਿਗਸਿਆ॥...
ਨਾਨਕ ਗੁਣ ਗਹਿ ਰਾਸਿ
ਹਰਿ ਜੀਉ ਮਿਲੇ ਪਿਆਰਿਆ॥੨੩॥
(ਪੰਨਾ ੧੪੮-੧੪੯)

ਗੁਰਬਾਣੀ ਅਨੁਸਾਰ ਮਨੁੱਖ ਆਪਣੇ ਕੀਤੇ ਹੋਏ ਮਾੜੇ ਕੰਮਾਂ ਦੇ ਫਲ ਤੋਂ ਮੁਕਤੀ ਕਿਸੇ ਤੀਰਥ-ਇਸ਼ਨਾਨ ਜਾਂ ਦਾਨ-ਪੁੰਨ ਕਰਨ ਨਾਲ ਨਹੀਂ ਪਾ ਸਕਦਾ। ਮਨੁੱਖ ਮੰਦੇ ਕਰਮਾਂ ਦੇ ਫਲ ਤੋਂ ਮੁਕਤੀ ਤਾਂ ਹੀ ਪਾ ਸਕਦਾ ਹੈ ਜੇ ਉਸ ਉਤੇ ਅਕਾਲ ਪੁਰਖ ਦੀ ਮਿਹਰ ਹੋ ਜਾਵੇ ਅਤੇ ਮਿਹਰ ਦਾ ਪਾਤਰ ਬਣਨ ਲਈ ਮਨੁੱਖ ਨੂੰ ਉਦਮ ਕਰਨਾ ਪੈਂਦਾ ਹੈ।

ਗੁਰੂ ਨਾਨਕ ਸਾਹਿਬ ਇਸ ਸਲੋਕ ਵਿਚ ਦੱਸਦੇ ਹਨ ਕਿ ਜਿਹੜੇ ਮਨੁੱਖ ਪਾਪ ਤੋਂ ਪੈਦਾ ਹੁੰਦੇ ਹਨ ਉਹ ਪਾਪ ਹੀ ਕਰਦੇ ਹਨ ਅਤੇ ਅੱਗੇ ਵੀ ਇਨ੍ਹਾਂ ਕੀਤੇ ਹੋਏ ਮਾੜੇ ਕੰਮਾਂ ਤੋਂ ਸੰਚਿਤ ਸੰਸਕਾਰਾਂ ਕਾਰਨ ਪਾਪਾਂ ਵਿਚ ਪ੍ਰਵਿਰਤ ਹੁੰਦੇ ਹਨ। ਇਹ ਪਾਪ ਧੋਣ ਨਾਲ ਨਹੀਂ ਉਤਰਦੇ ਭਾਵੇਂ ਇਨ੍ਹਾਂ ਨੂੰ ਜਿੰਨਾ ਮਰਜੀ ਧੋਈਏ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੇ ਅਕਾਲ ਪੁਰਖ ਕਿਰਪਾ ਕਰੇ, ਆਪਣੀ ਮਿਹਰ ਕਰੇ ਤਾਂ ਹੀ ਮਨੁੱਖ ਦੇ ਇਹ ਪਾਪ ਬਖ਼ਸ਼ੇ ਜਾਂਦੇ ਹਨ, ਨਹੀਂ ਤਾਂ ਉਸ ਨੂੰ ਇਨ੍ਹਾਂ ਦੀ ਮਾਰ ਸਹਿਣੀ ਪੈਂਦੀ ਹੈ,

ਖਤਿਅਹੁ ਜੰਮੇ ਖਤੇ ਕਰਨਿ
ਤ ਖਤਿਆ ਵਿਚਿ ਪਾਹਿ॥
ਧੋਤੇ ਮੂਲਿ ਨ ਉਤਰਹਿ
ਜੇ ਸਉ ਧੋਵਣ ਪਾਹਿ॥
ਨਾਨਕ ਬਖਸੇ ਬਖਸੀਅਹਿ
ਨਾਹਿ ਤ ਪਾਹੀ ਪਾਹਿ॥੧॥
(ਪੰਨਾ ੧੪੯)

ਗੁਰਬਾਣੀ ਗਿਆਨ

# ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ

**ਆਸਾ ਘਰ ੮ ਕਾਫੀ ਮਹਲਾ ੫**
ਮੈ ਬੰਦਾ ਬੈ ਖਰੀਦੁ
ਸਚੁ ਸਾਹਿਬੁ ਮੇਰਾ॥
ਜੀਉ ਪਿੰਡੁ ਸਭੁ ਤਿਸ ਦਾ
ਸਭੁ ਕਿਛੁ ਹੈ ਤੇਰਾ।੧॥
ਮਾਣੁ ਨਿਮਾਣੇ ਤੂੰ ਧਣੀ
ਤੇਰਾ ਭਰਵਾਸਾ॥
ਬਿਨੁ ਸਾਚੇ ਅਨ ਟੇਕ ਹੈ
ਸੋ ਜਾਣਹੁ ਕਾਚਾ॥੧॥
ਤੇਰਾ ਹੁਕਮੁ ਅਪਾਰ ਹੈ
ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ
ਸੋ ਚਲੈ ਰਜਾਏ॥੨॥
ਚਤੁਰਾਈ ਸਿਆਣਪਾ
ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ
ਸੋਈ ਸੁਖੁ ਪਾਈਐ॥੩॥
ਜੇ ਲਖ ਕਰਮ ਕਮਾਈਅਹਿ
ਕਿਛੁ ਪਵੈ ਨ ਬੰਧਾ॥
ਜਨ ਨਾਨਕ ਕੀਤਾ ਨਾਮੁ ਧਰ
ਹੋਰੁ ਛੋਡਿਆ ਧੰਧਾ॥੪॥

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਉਸ ਮਿਹਰਵਾਨ ਪ੍ਰਭ ਦੇ ਅੱਗੇ ਆਤਮ ਸਮਰਪਿਤ ਹੋਣ ਦੀ ਜਾਚ ਦੱਸਦੇ ਆਖਦੇ ਹਨ, ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ, ਭਾਵ ਹੇ ਭਾਈ! ਉਹ ਜੋ ਮੇਰਾ ਮਾਲਕ ਪ੍ਰਭ ਜੀ ਹੈ, ਉਹ ਸਦਾ ਹੀ ਕਾਇਮ ਅਤੇ ਅੱਟਲ ਰਹਿਣ ਵਾਲਾ ਹੈ, ਤੇ ਮੈਂ ਆਪਣੇ ਸਾਹਿਬ ਦਾ ਬੈ ਖਰੀਦਿਆ ਹੋਇਆ ਗੁਲਾਮ ਹਾਂ; ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ, ਭਾਵ ਮੇਰੀ ਇਹ ਜਿੰਦ-ਜਾਨ, ਮੇਰਾ ਇਹ ਸਰੀਰ, ਤੇ ਜੋ ਕੁਝ ਵੀ ਮੇਰੇ ਕੋਲ ਹੈ, ਇਹ ਸਭ ਕੁਝ ਮੇਰੇ ਮਾਲਕ ਪ੍ਰਭੁ ਦਾ ਹੀ ਦਿੱਤਾ ਹੋਇਆ ਹੈ।

ਮਾਣੁ ਨਿਮਾਣੇ ਤੂੰ ਧਣੀ
ਤੇਰਾ ਭਰਵਾਸਾ॥
ਬਿਨੁ ਸਾਚੇ ਅਨ ਟੇਕ ਹੈ
ਸੋ ਜਾਣਹੁ ਕਾਚਾ॥੧॥

ਗੁਰਦੇਵ ਪਿਤਾ ਜੀ ਮਹਾਰਾਜ ਰਹਾਉ ਦੀ ਪੰਕਤੀ ਵਿਚ ਪ੍ਰਭੂ ਕਿਰਪਾ, ਪ੍ਰਭੂ ਬਖਸ਼ਿਸ਼ ਦੀ ਗੱਲ ਕਰਦੇ ਹੋਏ ਆਖਦੇ ਹਨ, ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ, ਭਾਵ ਹੇ ਮੇਰੇ ਮਿਹਰਵਾਨ ਪ੍ਰਭ ਜੀਉ! ਮੇਰਾ ਨਿਮਾਣੇ ਦਾ ਤਾਂ ਤੂੰ ਹੀ ਮਾਣ ਹੈ, ਤੇ ਮੇਰੇ ਪ੍ਰੀਤਮ ਜੀਉ! ਮੈਨੂੰ ਤੇਰਾ ਹੀ ਭਰਵਾਸਾ ਹੈ, ਤੇਰਾ ਹੀ ਆਸਾਰਾ ਹੈ; ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ, ਪਰ ਜਿਸ ਜੀਵ ਨੂੰ ਸਦਾ ਹੀ ਰਹਿਣ ਵਾਲੇ ਪ੍ਰਭੂ ਤੋਂ ਬਿਨਾਂ ਜੇ ਕਿਸੇ ਹੋਰ ਪਾਸੇ ਦੀ ਝਾਕ ਵੀ ਬਣੀ ਰਹੇ, ਤਾਂ ਸਮਝੋ ਉਹ ਜੀਵ ਅਜੇ ਤੱਕ ਅੰਦਰੋਂ ਕੱਚਾ ਹੀ ਹੈ।

ਤੇਰਾ ਹੁਕਮੁ ਅਪਾਰ ਹੈ
ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ
ਸੋ ਚਲੈ ਰਜਾਏ॥੨॥

ਜਗਤ ਤਾਰਕ ਸਤਿਗੁਰ ਪਿਤਾ ਆਖਦੇ ਹਨ, ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ, ਭਾਵ ਹੇ ਮੇਰੇ ਪ੍ਰੀਤਮ ਜੀਉ! ਤੇਰਾ ਹੁਕਮ ਤਾਂ ਬੇਅੰਤ ਹੈ, ਤੇ ਕੋਈ ਵੀ ਜੀਵ ਕਦੀ ਵੀ ਤੇਰੇ ਹੁਕਮ ਦਾ ਅੰਤ ਨਹੀਂ ਪਾ ਸਕਦਾ। ਹੇ ਮੇਰੇ ਪ੍ਰਭ ਜੀਉ! ਤੂੰ ਬੇਅੰਤ ਹੈਂ; ਜਿਸੁ ਗੁਰ ਪੂਰਾ ਭੇਟਸੀ ਸੋ ਚਲੈ ਰਜਾਏ, ਪਰ ਹੇ ਮੇਰੇ ਮਿਹਰਵਾਨ ਪ੍ਰੀਤਮ ਜੀਉ! ਤੇਰੀ ਮਿਹਰ ਸਦਕਾ ਜਿਸ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਤਾਂ ਉਹ ਵੱਡੇ ਭਾਗਾਂ ਵਾਲਾ ਜੀਵ ਤੇਰੇ ਹੁਕਮ ਤੇਰੀ ਰਜ਼ਾ ਵਿਚ ਹੀ ਚੱਲਦਾ ਹੈ।

ਚਤੁਰਾਈ ਸਿਆਣਪਾ
ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ
ਸੋਈ ਸੁਖੁ ਪਾਈਐ॥੩॥

ਹੇ ਭਾਈ! ਮੋਹ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਇਨਸਾਨ ਆਪਣੇ ਸੁੱਖਾਂ ਲਈ ਅਨੇਕਾਂ ਹੀ ਚਤੁਰਾਈਆਂ ਅਤੇ ਸਿਆਣਪਾਂ ਕਰਦਾ ਫਿਰਦਾ ਹੈ, ਪਰ ਕੋਈ ਵੀ ਚਤੁਰਾਈ ਜਾਂ ਸਿਆਣਪ ਕਿਤੇ ਵੀ ਕੰਮ ਨਹੀਂ ਆਉਂਦੀ; ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ, ਇਸ ਕਰ ਕੇ ਹੇ ਭਾਈ! ਖਿਆਲ ਰੱਖ, ਸੁਖ ਤਾਂ ਉਹੋ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਹੜਾ ਸੁਖ ਉਹ ਮਿਹਰਵਾਨ ਪ੍ਰਭੂ ਆਪ ਪ੍ਰਸੰਨ ਹੋ ਕੇ ਜੀਵ ਨੂੰ ਦਿੰਦਾ ਹੈ।

ਜੇ ਲਖ ਕਰਮ ਕਮਾਈਅਹਿ
ਕਿਛੁ ਪਵੈ ਨ ਬੰਧਾ॥
ਜਨ ਨਾਨਕ ਕੀਤਾ ਨਾਮੁ ਧਰ
ਹੋਰੁ ਛੋਡਿਆ ਧੰਧਾ॥੪॥

ਪਾਤਸ਼ਾਹ ਫੁਰਮਾਉਂਦੇ ਹਨ, ਹੇ ਭਾਈ! ਇਸ ਜਗਤ ਵਿਚ ਦੁੱਖਾਂ-ਸੁੱਖਾਂ ਦਾ ਚੱਕਰ ਤਾਂ ਤੁਰਿਆ ਹੀ ਰਹਿੰਦਾ ਹੈ, ਤੇ ਦੁੱਖਾਂ ਦੀ ਨਵਿਰਤੀ ਵਾਸਤੇ ਭਾਵੇਂ ਜੀਵ ਲੱਖਾਂ ਹੀ ਧਰਮ ਕਰਮ ਕਰੀ ਜਾਵੇ, ਤਾਂ ਵੀ ਦੁੱਖਾਂ ਦੇ ਰਾਹ ਵਿਚ ਕੋਈ ਬੰਨ੍ਹ ਨਹੀਂ ਲਾਇਆ ਜਾ ਸਕਦਾ; ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਦਾ, ਇਸ ਲਈ ਹੇ ਭਾਈ! ਇਹ ਨਾਨਕ ਆਖਦਾ ਹੈ ਕਿ ਮੈਂ ਤਾਂ ਮਿਹਰਵਾਨ ਪ੍ਰਭੂ ਜੀ ਦੇ ਨਾਮ ਨੂੰ ਆਪਣਾ ਆਸਰਾ ਬਣਾ ਕੇ ਹੋਰ ਸਾਰਾ ਧੰਦਾ ਹੀ ਛੱਡ ਦਿੱਤਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕੀਤਾ ਪਸਾਉ ਏਕੋ ਕਵਾਉ

***ਡਾ. ਗੋਬਿੰਦਰ ਸਿੰਘ ਸਮਰਾਓ ਨੇ ਆਪਣੇ ਲੇਖ 'ਕੀਤਾ ਪਸਾਉ ਏਕੋ ਕਵਾਉ' ਵਿਚ ਧਰਮ ਅਤੇ ਵਿਗਿਆਨ ਦੀਆਂ ਸਾਂਝਾ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ। ਉਨ੍ਹਾਂ ਦੇ ਇਨ੍ਹਾਂ ਨੁਕਤਿਆਂ ਨਾਲ ਕਿਸੇ ਦੀ ਸਹਿਮਤੀ-ਅਸਹਿਮਤੀ ਹੋ ਸਕਦੀ ਹੈ, ਪਰ ਇਹ ਨੁਕਤੇ ਵਿਚਾਰਨਯੋਗ ਹਨ ਕਿਉਂਕਿ ਗੁਰੂ ਸਾਹਿਬਾਨ ਨੇ ਵੀ ਅਨੰਤ ਦੇ ਨਵੇਂ ਭੇਤ ਸਮਝਣ/ਸਮਝਾਉਣ ਦਾ ਸੁਨੇਹਾ ਦਿੱਤਾ ਹੈ। -ਸੰਪਾਦਕ***

ਕੁਝ ਸਾਲਾਂ ਵਿਚ ਵਿਗਿਆਨ ਨੇ ਤਿੰਨ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ ਜਿਨ੍ਹਾਂ ਨਾਲ ਮਨੁੱਖੀ ਗਿਆਨ ਸਦੀਆਂ ਦੀਆਂ ਪੁਲਾਂਘਾਂ ਭਰ ਕੇ ਨਵੇਂ ਪੜਾਅ 'ਤੇ ਪਹੁੰਚ ਗਿਆ ਹੈ। ਪਹਿਲੀ ਪ੍ਰਾਪਤੀ ਹਿਗਿਨ-ਬੋਸੋਨ ਪਾਰਟੀਕਲ, ਭਾਵ ਰੱਬੀ-ਕਣ ਦੀ ਖੋਜ ਹੈ ਜਿਸ ਨੇ ਜੱਗ ਰਚਨਾ ਦੇ ਰਹੱਸ ਨੂੰ ਧੁਰ ਅੰਦਰੋਂ ਸਮਝਣ ਵਿਚ ਯੋਗਦਾਨ ਪਾਇਆ ਹੈ। ਦੂਜੀ ਪ੍ਰਾਪਤੀ ਬ੍ਰਹਿਮੰਡੀ ਖਲਾਅ ਵਿਚ ਸਭ ਤੋਂ ਪਾਰਲੇ ਆਕਾਸ਼ ਪਿੰਡ ਦੇ ਦੂਰਬੀਨੀ ਦਰਸ਼ਨਾਂ ਦੀ ਹੈ ਜੋ ਪਿਛਲੇ 14.7 ਬਿਲੀਅਨ ਸਾਲਾਂ ਤੋਂ ਰੋਸ਼ਨੀ ਦੀ ਗਤੀ ਨਾਲ ਦੌੜਦਾ ਹੋਇਆ ਆਪਣੇ ਮੂਲ ਸਥਾਨ ਤੋਂ ਤਕਰੀਬਨ 100 ਬਿਲੀਅਨ ਲਾਈਟ ਸਾਲ ਦਾ ਪੈਂਡਾ ਤੈਅ ਕਰ ਗਿਆ ਹੈ। ਤੀਜੀ ਪ੍ਰਾਪਤੀ ਹਾਲ ਹੀ ਵਿਚ ਹੋਈ ਬਿੱਗ-ਬੈਂਗ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-991-4249**

ਸਿਧਾਂਤ ਦੀ ਵਿਗਿਆਨਕ ਪ੍ਰੋੜਤਾ ਹੈ ਜੋ ਸਿੱਧ ਕਰਦੀ ਹੈ ਕਿ ਬ੍ਰਹਿਮੰਡੀ ਰਚਨਾ ਅਚਨਚੇਤ ਧਮਾਕੇ ਨਾਲ ਹੋਈ ਸੀ, ਤੇ ਇਸ ਦਾ ਅਮਿੱਤ ਖਰਬਾਂ ਮੀਲ ਦਾ ਪਸਾਰਾ ਕੇਵਲ ਇਕ ਸਕਿੰਟ ਦੇ ਅਤਿ ਨਿੱਕੇ ਭਾਗ ਵਿਚ ਹੋਇਆ ਸੀ।

ਸ਼ਾਇਦ ਬਹੁਤਿਆਂ ਨੂੰ ਪਤਾ ਨਹੀਂ ਕਿ ਬ੍ਰਹਿਮੰਡ ਉਤਪਤੀ ਦੇ ਸਿਧਾਂਤ ਦੇ ਅਸਲ ਮੋਢੀ ਗੁਰੂ ਨਾਨਕ ਦੇਵ ਸਨ। ਉਨ੍ਹਾਂ ਨੇ ਸਦੀਆਂ ਪਹਿਲਾਂ ਜਪੁਜੀ ਸਾਹਿਬ ਵਿਚ 'ਕੀਤਾ ਪਸਾਉ ਏਕੋ ਕਵਾਉ' ਦੀ ਗੱਲ ਕਹੀ ਸੀ। ਇਹ ਗੱਲ ਉਨ੍ਹਾਂ ਨੇ ਸਹਿਜ ਸੁਭਾਅ ਹੀ ਨਹੀਂ ਕਹੀ, ਸਗੋਂ ਇਹ ਉਨ੍ਹਾਂ ਦੀ ਲੰਮੇਰੀ ਸਿਧਾਂਤਕ ਪੈਰਵੀ ਦਾ ਅੰਸ਼ ਹੈ। ਇਹ ਉਨ੍ਹਾਂ ਦੇ ਉਮਰ ਭਰ ਦੇ ਤਜਰਬੇ ਅਤੇ ਤੀਖਣ ਦਾਰਸ਼ਨਿਕ ਅਨੁਭਵ ਦਾ ਨਿਚੋੜ ਹੈ ਜੋ ਉਨ੍ਹਾਂ ਨੇ ਆਪਣੀ ਬਾਣੀ ਰਾਹੀਂ ਸਮੁੱਚੇ ਸੰਸਾਰ ਨੂੰ ਦਿੱਤਾ। ਉਹ ਵਿਗਿਆਨਕ ਵਿਚਾਰਧਾਰਾ ਦੇ ਹਾਮੀ ਸਨ ਤੇ ਇਸ ਦੇ ਮੋਢੀ ਵੀ। ਉਹ ਮੂਲ ਰੂਪ ਵਿਚ ਵਿਗਿਆਨੀਆਂ ਦੇ ਵਿਗਿਆਨੀ ਸਨ ਜਿਨ੍ਹਾਂ ਦੇ ਉਲੀਕੇ ਉਦੇਸ਼ਾਂ ਦੀ ਪ੍ਰਾਪਤੀ ਲਈ ਦੁਨੀਆਂ ਭਰ ਦੇ ਵਿਗਿਆਨੀ ਰਹਿੰਦੀ ਦੁਨੀਆਂ ਤੀਕਰ ਯਤਨਸ਼ੀਲ ਰਹਿਣਗੇ। ਇਸ ਲਈ ਹਾਲ ਹੀ ਵਿਚ ਹੋਈਆਂ ਖੋਜਾਂ, ਖਾਸ ਕਰ ਕੇ ਬਿੱਗ-ਬੈਂਗ ਦੇ ਸਿਧਾਂਤ ਦੀ ਵਿਗਿਆਨਕ ਪ੍ਰਮਾਣਿਕਤਾ ਦੀ ਖ਼ਬਰ ਸਿੱਖ ਜਗਤ ਵਿਚ ਵੱਡੇ ਪੱਧਰ 'ਤੇ ਮਨਾਉਣੀ ਬਣਦੀ ਸੀ। ਇਸ ਨਾਲ ਗੁਰੂ ਸਾਹਿਬ ਦੇ ਵਿਗਿਆਨਕ ਕਥਨਾਂ ਦੀ ਚੇਤਨਾ ਹਰ ਸਿੱਖ ਤੀਕਰ ਪਹੁੰਚਦੀ, ਤੇ ਉਨ੍ਹਾਂ ਦੇ ਵਿਚਾਰਾਂ ਦੀ ਰੋਸ਼ਨੀ ਸਮੁੱਚੇ ਸੰਸਾਰ ਵਿਚ ਫੈਲਦੀ; ਪਰ ਇਹ ਮੌਕੇ ਅਣਗੌਲੇ ਹੀ ਵਿਸਰ ਗਏ। ਸ਼ਾਇਦ ਇਕ ਵੀ ਸਿੱਖ ਨੇ ਇਨ੍ਹਾਂ ਘਟਨਾਵਾਂ ਦਾ ਜਸ਼ਨ ਨਹੀਂ ਮਨਾਇਆ ਤੇ ਕਿਸੇ ਵੀ ਗੁਰਦੁਆਰੇ ਦੀ ਅਰਦਾਸ ਵਿਚ ਇਨ੍ਹਾਂ ਖੋਜਾਂ ਪਿਛੇ ਮੁਸ਼ੱਕਤ ਘਾਲਣ ਵਾਲੇ ਵਿਗਿਆਨੀਆਂ ਦੀ ਨੇਕ ਕਰਮੀ ਦਾ ਜ਼ਿਕਰ ਨਹੀਂ ਹੋਇਆ। ਅਜਿਹਾ ਇਸ ਕਰ ਕੇ ਹੋਇਆ ਕਿਉਂਕਿ ਬਹੁਤ ਸਾਰੇ ਸਿੱਖ ਤੇ ਸਿੱਖ ਵਿਦਵਾਨ ਗੁਰੂ ਸਾਹਿਬ ਦਾ ਵਿਗਿਆਨ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਸਮਝਦੇ। ਉਹ ਤਾਂ ਉਨ੍ਹਾਂ ਨੂੰ ਭਾਰਤ ਵਿਚ ਮੱਧ-ਕਾਲੀਨ ਭਗਤੀ ਲਹਿਰ ਦਾ ਪੈਰੋਕਾਰ ਹੀ ਮੰਨਦੇ ਹਨ।

ਸਿੱਖ ਜਗਤ ਵਿਚ ਗੁਰੂ ਨਾਨਕ ਬਾਰੇ ਅੱਜ ਦੀ ਹਾਲਤ ਇਹ ਹੈ ਕਿ ਉਨ੍ਹਾਂ ਦੀ ਬਾਣੀ ਪੜ੍ਹਦੇ ਸੁਣਦੇ ਤਾਂ ਸਾਰੇ ਹਨ ਪਰ ਇਸ ਦੇ ਵਿਗਿਆਨਕ ਮਹੱਤਵ ਨੂੰ ਸ਼ਾਇਦ ਕੋਈ ਵਿਰਲਾ ਹੀ ਸਮਝਦਾ ਹੈ। ਕਈ ਤਾਂ ਵਿਗਿਆਨ ਨੂੰ ਧਰਮ ਦਾ ਵਿਰੋਧੀ ਸਮਝ ਕੇ ਉਕਾ ਹੀ ਨਕਾਰ ਦਿੰਦੇ ਹਨ ਅਤੇ ਕਈਆਂ ਦੇ ਦਿਮਾਗ ਵਿਚ ਸਾਇੰਸ ਦਾ ਨਾਂ ਸੁਣ ਕੇ ਰਾਕਟ, ਕੰਪਿਊਟਰ, ਹਵਾਈ ਜਹਾਜ਼, ਰੇਲ, ਸਿਨੇਮਾ ਤੇ ਹੋਰ ਮਸ਼ੀਨੀ ਜੰਤਰ ਘੁੰਮਣ ਲੱਗ ਪੈਂਦੇ ਹਨ। ਇਹ ਅਸਲ ਵਿਚ ਵਿਗਿਆਨ ਨਹੀਂ, ਸਗੋਂ ਵਿਗਿਆਨਕ ਸਮਝ ਦਾ ਸਿੱਟਾ ਮਾਤਰ ਹਨ। ਵਿਗਿਆਨਕ ਸਮਝ ਤਾਂ ਤੱਤ, ਤੱਥ, ਤਰਕ ਤੇ ਗਣਿਤੀ ਸੂਝ-ਬੂਝ ਨਾਲ ਹਰ ਵਰਤਾਰੇ ਦੇ ਕਾਰਜ ਅਤੇ ਕਾਰਨ ਦੇ ਸਿੱਕੇਬੰਦ ਸਬੰਧ ਭਾਲਣ ਤੇ ਇਨ੍ਹਾਂ ਨੂੰ ਚਾਨਣ-ਮੁਨਾਰਾ ਬਣਾ ਕੇ ਬੌਧਿਕਤਾ ਦੇ ਉਚੇਰੇ ਪੱਧਰ ਤੋਂ ਅਨੰਤ ਦੇ ਨਵੇਂ ਭੇਤ ਸਮਝਣ ਦੀ ਸਮਰੱਥਾ ਹਾਸਲ ਕਰਨ ਦਾ ਰੁਝਾਨ ਹੈ। ਇਹ ਰੁਝਾਨ ਜਪੁਜੀ ਦੀ ਹਰ ਤੁਕ 'ਚ ਸਮਾਇਆ ਹੋਇਆ ਹੈ ਤੇ ਹਰ ਪਉੜੀ 'ਚ ਇਸ ਦਾ ਸਿਲਸਿਲੇਵਾਰ ਵਿਕਾਸ ਹੋਇਆ ਮਿਲਦਾ ਹੈ। ਇਸ ਵਿਗਿਆਨਕ ਰੁਝਾਨ ਕਾਰਨ ਹੀ ਜਪੁਜੀ ਸਾਹਿਬ, ਗੁਰੂ ਜੀ ਦੀ ਸਿਖਰਲੀ ਕਿਰਤ ਕਹਾਉਂਦੀ ਹੈ ਜੋ ਉਨ੍ਹਾਂ ਦੀ ਅਨੰਤ ਪ੍ਰਤੀ ਤੀਖਣ ਚੇਤਨਾ ਦਾ ਪ੍ਰਗਟਾਵਾ ਕਰਦੀ ਹੈ; ਪਰ ਅੱਜ ਦੇ ਸਿੱਖਾਂ ਤੇ ਸਿੱਖ ਵਿਦਵਾਨਾਂ ਵਿਚ ਗੁਰੂ ਨਾਨਕ ਤੇ ਉਨ੍ਹਾਂ ਦੀ ਬਾਣੀ ਦੇ ਇਸ ਵਿਗਿਆਨਕ ਪੱਖ ਨੂੰ ਛੋਹਣ ਤੇ ਸਮਝਣ ਦੀ ਪ੍ਰਵਿਰਤੀ ਦਾ ਅਭਾਵ ਜਾਪਦਾ ਹੈ। ਇਸ ਕਥਨ ਦੀ ਪ੍ਰੋੜਤਾ 'ਚ ਕੁਝ ਸੱਚੇ ਵਾਕਿਆਤ ਪੇਸ਼ ਕਰ ਰਿਹਾ ਹਾਂ।

ਕੁਝ ਸਾਲ ਪਹਿਲਾਂ ਮੈਂ ਗੁਰੂ ਨਾਨਕ ਦੇਵ ਦੀ ਬਾਣੀ ਦੇ ਵਿਗਿਆਨਕ ਆਧਾਰਾਂ ਬਾਰੇ ਜਾਣਕਾਰੀ ਲਈ ਕੋਈ ਸੌ ਕੁ ਨੁਮਾਇਆਂ ਸਿੱਖ ਵਿਦਵਾਨਾਂ ਦੇ ਵਿਚਾਰਾਂ ਦਾ ਸਰਵੇਖਣ ਕੀਤਾ। ਸਭ ਨੇ ਕਿਹਾ ਕਿ ਗੁਰੂ ਸਾਹਿਬ ਵਿਗਿਆਨਕ ਵਿਚਾਰਧਾਰਾ ਦੇ ਹਾਮੀ ਸਨ ਪਰ ਜਦੋਂ ਉਦਾਹਰਣ ਦੇ ਕੇ ਸਪਸ਼ਟ ਕਰਨ ਲਈ ਕਿਹਾ ਤਾਂ ਤਕਰੀਬਨ 80% ਵਿਦਵਾਨਾਂ ਨੇ ਉਨ੍ਹਾਂ ਦੀ ਤੁਕ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥' ਦਾ ਹਵਾਲਾ ਦਿੱਤਾ। ਮੈਂ ਪੁੱਛਿਆ, ਉਹ ਇਸ ਤੁਕ ਨੂੰ ਹੀ ਵਿਗਿਆਨਕ ਕਿਉਂ ਸਮਝਦੇ ਹਨ? ਜਵਾਬ ਸੀ, ਇਸਲਾਮ ਕੇਵਲ ਸੱਤ ਅੰਬਰਾਂ ਵਿਚ ਹੀ ਵਿਸ਼ਵਾਸ ਕਰਦਾ ਹੈ ਜਦੋਂ ਕਿ ਹਰ ਸਿਤਾਰੇ ਦਾ ਆਪਣਾ ਅੰਬਰ ਹੈ; ਇਸ ਲਈ ਲੱਖਾਂ ਤਾਰਿਆਂ ਦੇ ਲੱਖਾਂ ਆਕਾਸ਼ ਹੋਣਾ ਵਧੇਰੇ ਵਿਗਿਆਨਕ ਹੈ! ਕਈਆਂ ਨੇ ਕਿਹਾ, ਗੁਰੂ ਸਾਹਿਬ ਨੇ ਇਕ ਰੱਬ ਦਾ ਸਿਧਾਂਤ ਦਿੱਤਾ ਹੈ ਜੋ ਉਨ੍ਹਾਂ ਦੀ ਵਿਗਿਆਨਕ ਪ੍ਰਾਪਤੀ ਹੈ। ਜਦੋਂ ਪੁੱਛਿਆ, ਕਿ ਦੋ ਰੱਬਾਂ ਦਾ ਸਿਧਾਂਤ ਵਿਗਿਆਨਕ ਨਹੀਂ ਹੋ ਸਕਦਾ, ਤਾਂ ਉਨ੍ਹਾਂ ਕਿਹਾ, ਕਈ ਮੱਤਾਂ ਵਿਚ ਕਈ-ਕਈ ਇਸ਼ਟਾਂ ਦਾ ਖਿਲਾਰਾ ਹੈ ਪਰ ਧਿਆਉਣ ਲਈ ਤਾਂ ਇਕ ਹੀ ਠੀਕ ਹੈ, ਇਸ ਲਈ ਇਕ ਹੀ ਵਿਗਿਆਨਕ ਹੈ!

ਗੁਰਬਾਣੀ ਦੀ ਵਿਆਖਿਆਕਾਰ ਇਕ ਬੀਬੀ ਨੂੰ ਮੈਂ ਪੁੱਛਿਆ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਦਾ ਕੀ ਅਰਥ ਹੈ? ਕਹਿਣ ਲੱਗੀ, ਇਸ ਤੋਂ ਪਹਿਲੀ ਲਾਈਨ ਵਿਚ ਗੁਰੂ ਸਾਹਿਬ ਨੇ ਜੋ ਦੋ ਸਵਾਲ ਕੀਤੇ ਹਨ ਕਿ ਝੂਠ ਦੀ ਦੀਵਾਰ ਕਿਵੇਂ ਤੋੜੀਏ, ਤੇ ਕਿਵੇਂ ਸੱਚੇ-ਸੁੱਚੇ ਬਣੀਏ, ਪਰ ਇਹ ਤਾਂ ਹੀ ਸੰਭਵ ਹੈ, ਜੇ ਮਨੁੱਖ ਪਰਮਾਤਮਾ ਦੇ ਹੁਕਮ ਅਨੁਸਾਰ ਚੱਲੇ। ਮੈਂ ਕਿਹਾ, ਇਸ ਤੋਂ ਅਗਲੀ ਲਾਈਨ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਸਭ ਆਕਾਰ ਹੁਕਮ ਰਾਹੀਂ ਬਣਦੇ ਹਨ, ਪਰ ਹੁਕਮ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਜੇ 'ਹੁਕਮਿ' ਮਾਲੂਮ ਹੀ ਨਹੀਂ, ਤਾਂ ਉਸ ਅਨੁਸਾਰ ਚੱਲਿਆ ਕਿਵੇਂ ਜਾ ਸਕਦਾ ਹੈ? ਇਸ ਲਈ ਪ੍ਰਸ਼ਨ ਤੇ ਉਤਰ ਦੀ ਦੋਹਰੇ ਭਾਵ ਦੀ ਉਕਤੀ ਠੀਕ ਨਜ਼ਰ ਨਹੀਂ ਆਉਂਦੀ। ਬੀਬੀ ਤਲਖੀ ਨਾਲ ਕਹਿਣ ਲੱਗੀ, 'ਇਹ ਮੇਰੀ ਵਿਆਖਿਆ ਤਾਂ ਹੈ ਨਹੀਂ। ਜੋ ਸਟੀਕਾਂ ਵਿਚ ਲਿਖਿਆ ਹੈ, ਮੈਂ ਤਾਂ ਉਹੀ ਠੀਕ ਸਮਝਦੀ ਹਾਂ।'

ਜਪੁਜੀ ਸਾਹਿਬ ਬਾਰੇ ਆਪਣੀ ਪੁਸਤਕ 'ਟਰੂਥ ਅਬੱਵ ਆਲ: ਦਿ ਜਪੁਜੀ ਆਫ ਗੁਰੂ ਨਾਨਕ' ਦੀ ਖੋਜ ਦੌਰਾਨ ਮੈਂ ਆਪਣੀ ਹੀ ਯੂਨੀਵਰਸਿਟੀ ਦੇ ਸਿੱਖ ਧਰਮ ਅਧਿਐਨ ਵਿਭਾਗ ਦੇ ਇਕ ਪ੍ਰੋਫੈਸਰ ਨੂੰ ਪੁੱਛਿਆ, ਜਪੁਜੀ ਸਾਹਿਬ ਦੇ ਅਖੀਰਲੇ ਸਲੋਕ ਵਿਚ ਆਈ ਤੁਕ 'ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ' ਤੋਂ ਕੀ ਭਾਵ ਹੈ? ਕਹਿਣ ਲੱਗਿਆ, 'ਉਸ ਤੋਂ ਉਪਰਲੀ ਤੁਕ ਵੀ ਪੜ੍ਹੋ! ਭਾਵ ਸਾਫ ਹੈ ਕਿ ਜਿਨ੍ਹਾਂ ਨੇ ਘੋਰ ਮੁਸ਼ੱਕਤ ਘਾਲ ਕੇ ਰੱਬ ਨੂੰ ਧਿਆਇਆ, ਉਹ ਤਾਂ ਉਸ ਦੇ ਦਰਬਾਰ ਵਿਚ ਉਜਲ-ਦੀਦਾਰ ਹੋ ਹੀ ਗਏ ਪਰ ਉਨ੍ਹਾਂ ਦੀ ਭਗਤੀ ਦਾ ਲਾਭ ਲੈ ਕੇ ਕਿੰਨੀਆਂ ਹੋਰ ਸੰਗਤਾਂ ਵੀ ਇਸ ਦੋਜ਼ਖ ਰੂਪੀ ਸੰਸਾਰ ਤੋਂ ਛੁੱਟ ਗਈਆਂ।' ਮੈਂ ਕਿਹਾ, ਜ਼ਰਾ ਹੋਰ ਉਪਰ ਵੀ ਪੜ੍ਹੋ। ਇਸ ਤੋਂ ਪਹਿਲੀ ਤੁਕ ਵਿਚ ਗੁਰੂ ਸਾਹਿਬ ਸਭਨਾਂ ਲਈ 'ਕਰਨੀ ਆਪੋ ਆਪਣੀ' ਦਾ ਸਿਧਾਂਤ ਫਰਮਾਉਂਦੇ ਹਨ। ਇਸ ਤੁਕ ਦੀ ਲੋਅ ਵਿਚ ਦੂਜਿਆਂ ਦੀ ਭਗਤੀ ਨਾਲ ਛੁਟਕਾਰਾ ਪਾਉਣ ਵਾਲੀ ਗੱਲ ਤਾਂ ਬਣਦੀ ਨਹੀਂ। ਕਹਿਣ ਲੱਗੇ, 'ਮੈਂ ਤਾਂ ਜਿੰਨੇ ਉਲਥੇ ਵੇਖੇ ਹਨ, ਇਹੀ ਵਿਆਖਿਆ ਪੜ੍ਹੀ ਹੈ। ਪ੍ਰੋ. ਸਾਹਿਬ ਸਿੰਘ ਨੇ ਵੀ ਇਹੀ ਲਿਖਿਆ ਹੈ।'


ਮੈਨੂੰ ਲੱਗਿਆ ਕਿ ਡਾਕਟਰ ਸਾਹਿਬ ਮੁੱਦੇ ਤੋਂ ਪਾਸਾ ਵੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਮੈਂ ਕਿਹਾ, 'ਗੱਲ ਪ੍ਰੋ. ਸਾਹਿਬ ਸਿੰਘ ਦੇ ਜਪੁਜੀ ਅਨੁਵਾਦ ਦੀ ਨਹੀਂ, ਗੱਲ ਗੁਰੂ ਨਾਨਕ ਦੇ ਜਪੁਜੀ ਸਾਹਿਬ ਦੀ ਹੈ। ਤੁਸੀਂ ਦੱਸੋ, ਗੁਰੂ ਸਾਹਿਬ ਦੇ ਕਰਮ ਸਿਧਾਂਤ ਦੇ ਸਨਮੁੱਖ 'ਕੇਤੀ ਛੁਟੀ ਨਾਲ' ਦਾ ਅਣਗਿਣਤ ਸ਼ਰਧਾਲੂਆਂ ਦੀ ਮੁਕਤੀ ਦਾ ਭਾਵ ਕਿਸ ਤਰ੍ਹਾਂ ਵਾਜਬ ਹੋ ਸਕਦਾ ਹੈ?' ਉਨ੍ਹਾਂ ਕਿਹਾ, 'ਇਹ ਮੈਂ ਕਿਵੇਂ ਦੱਸ ਸਕਦਾ ਹਾਂ? ਮੈਂ ਕੋਈ ਭਾਈ ਜੋਧ ਸਿੰਘ ਜਾਂ ਭਾਈ ਵੀਰ ਸਿੰਘ ਤਾਂ ਨਹੀਂ।' ਮੈਂ ਹੈਰਾਨੀ ਨਾਲ ਕਿਹਾ, 'ਤੁਸੀਂ ਵੀ ਤਾਂ ਪ੍ਰੋਫੈਸਰ ਹੋ, ਮੈਂ ਤੁਹਾਨੂੰ ਦੂਜੇ ਵਿਦਵਾਨਾਂ ਤੋਂ ਘੱਟ ਨਹੀਂ ਸਮਝਦਾ। ਜੋ ਉਹ ਨਹੀਂ ਵਿਚਾਰ ਸਕੇ, ਤੁਸੀਂ ਵਿਚਾਰ ਸਕਦੇ ਹੋ।' ਕਹਿਣ ਲੱਗਿਆ, 'ਮੈਂ ਅਜਿਹਾ ਨਹੀਂ ਕਰ ਸਕਦਾ, ਸੋਚ ਵੀ ਨਹੀਂ ਸਕਦਾ। ਮੈਂ ਆਪਣੇ ਬੱਚੇ ਪਾਲਣੇ ਹਨ।'

ਜਦੋਂ ਜਪੁਜੀ ਸਾਹਿਬ ਬਾਰੇ ਮੇਰੀ ਪੁਸਤਕ ਛਪੀ ਤਾਂ ਇਸ ਦੀ ਇਕ ਕਾਪੀ ਮੈਂ ਆਪਣੀ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਦੇ ਮੁਖੀ ਤੇ ਸਿੱਖ ਧਰਮ ਦੇ ਮੰਨੇ-ਪ੍ਰਮੰਨੇ ਵਿਦਵਾਨ ਜਿਸ ਨੇ ਗੁਰੂ ਨਾਨਕ 'ਤੇ ਕਾਫੀ ਕੰਮ ਕੀਤਾ ਹੋਇਆ ਹੈ, ਨੂੰ ਭੇਟ ਕੀਤੀ। ਉਸ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ, 'ਮੈਂ ਇਸ ਦਾ ਰੀਵੀਊ ਲਿਖਾਂਗਾ।' ਇਕ ਹਫਤੇ ਵਿਚ ਹੀ ਉਸ ਨੇ ਰੀਵੀਊ ਲਿਖ ਕੇ ਮੈਨੂੰ ਵਿਖਾਉਣ ਹਿੱਤ ਕਾਪੀ ਈ-ਮੇਲ ਕਰ ਦਿੱਤੀ। ਇਸ ਵਿਚ ਬਹੁਤੀ ਸਮੱਗਰੀ ਤਾਂ ਇੱਧਰ ਉਧਰ ਦੀ ਹੀ ਸੀ, ਤੇ ਕਿਤਾਬ ਬਾਰੇ ਕੇਵਲ ਦੋ ਹੀ ਨੁਕਤੇ ਸਨ। ਪਹਿਲਾ ਇਹ ਕਿ ਲੇਖਕ ਦਾ ਵਿਸ਼ਾ ਧਰਮ-ਅਧਿਐਨ ਨਹੀਂ ਹੈ, ਇਸ ਲਈ ਮੈਨੂੰ ਪਤਾ ਹੀ ਸੀ ਕਿ ਇਸ ਵਿਚ ਕੋਈ ਕੰਮ ਦੀ ਗੱਲ ਤਾਂ ਹੋਣੀ ਨਹੀਂ। ਫਿਰ ਵੀ ਮੈਂ ਇਸ ਨੂੰ ਇਸ ਉਤਸੁਕਤਾ ਕਰ ਕੇ ਪੜ੍ਹਨ ਦਾ ਮਨ ਬਣਾਇਆ, ਦੇਖਾਂ! ਇਹ ਲਿਖਦਾ ਕੀ ਹੈ? ਦੂਜਾ ਨੁਕਤਾ ਇਹ, ਲੇਖਕ ਦਾ ਮੱਤ ਹੈ ਕਿ ਜਪੁਜੀ ਸਾਹਿਬ ਗਾ ਕੇ ਨਹੀਂ ਪੜ੍ਹਿਆ ਜਾ ਸਕਦਾ ਜਦੋਂ ਕਿ ਕਈ ਸਿੱਖ ਇਸ ਨੂੰ ਗਾ ਕੇ ਵੀ ਪੜ੍ਹਦੇ ਹਨ।

ਮੈਂ ਕੋਈ ਜਵਾਬ ਨਾ ਦਿੱਤਾ। ਇਕ ਦਿਨ ਯੂਨੀਵਰਸਿਟੀ ਵਿਚ ਮਿਲਿਆ ਤਾਂ ਉਲਾਂਭਾ ਦੇ ਕੇ ਪੁੱਛਣ ਲੱਗਾ, 'ਰੀਵੀਊ ਚੈੱਕ ਕਰ ਕੇ ਵਾਪਸ ਕਿਉਂ ਨਹੀਂ ਭੇਜਿਆ?' ਮੈਂ ਕਿਹਾ, ਮੈਂ ਤਾਂ ਆਪਣੀ ਕਿਤਾਬ ਦੇ ਪੰਨੇ ਹੀ ਚੈੱਕ ਕਰਦਾ ਰਿਹਾ ਕਿ ਜਪੁਜੀ ਸਾਹਿਬ ਦੇ ਗਾ ਕੇ ਨਾ ਪੜ੍ਹੇ ਜਾਣ ਵਾਲੀ ਗੱਲ ਕਿਥੇ ਲਿਖੀ ਹੈ! ਇਹ ਸੁਣ ਕੇ ਉਹ ਨਿਰਉਤਰ ਜਿਹਾ ਹੋ ਗਿਆ ਤੇ ਕਹਿਣ ਲੱਗਾ, 'ਦਰਅਸਲ ਕਿਤਾਬ ਮੈਂ ਚੰਗੀ ਤਰ੍ਹਾਂ ਪੜ੍ਹ ਨਹੀਂ ਸੀ ਸਕਿਆ। ਰੀਵੀਊ ਤਾਂ ਤੁਹਾਨੂੰ ਆਪ ਹੀ ਲਿਖਣਾ ਪੈਣਾ ਹੈ। ਜੋ ਠੀਕ ਲਗਦਾ ਹੈ, ਲਿਖ ਕੇ ਭੇਜ ਦਿਓ। ਮੈਂ ਇੰਨ-ਬਿੰਨ ਅਖਬਾਰ ਨੂੰ ਭੇਜ ਦਿਆਂਗਾ।'... ਕਿਤਾਬ ਦਾ ਨਾਂ 'ਟਰੂਥ ਅਬੱਵ ਆਲ', ਤੇ ਉਸ ਦੇ ਰੀਵੀਊ ਬਾਰੇ ਇੰਨੀ ਮਾੜੀ ਤਜਵੀਜ਼! ਮੈਂ ਉਸ ਨੂੰ ਕਟਾਖਸ਼ ਕਰਦਿਆਂ ਪੁੱਛਿਆ, 'ਜਨਾਬ ਨੇ ਕਿਤਾਬ ਦਾ ਟਾਈਟਲ ਤਾਂ ਪੜ੍ਹਿਆ ਹੀ ਹੋਵੇਗਾ?' ਕਹਿਣ ਲੱਗਾ, 'ਹਾਂ, ਹਾਂ। ਉਂਜ ਤਾਂ ਮੈਂ ਵਿਚੋਂ-ਵਿਚੋਂ ਕਈ ਸਫੇ ਵੀ ਪੜ੍ਹੇ ਹਨ।' ਮੈਨੂੰ ਭਰਮ ਸੀ ਕਿ ਸ਼ਾਇਦ ਇਸ ਵਿਦਵਾਨ ਦੀ 'ਮਤਿ' ਵਿਚ ਕੁਝ 'ਰਤਨ ਜਵਾਹਰ ਮਾਣਿਕ' ਹਨ, ਪਰ ਉਸ ਦਿਨ ਮੇਰਾ ਇਹ ਭਰਮ ਦੂਰ ਹੋ ਗਿਆ।

ਮੇਰੇ ਇਕ ਪ੍ਰਿੰਸੀਪਲ ਦੋਸਤ ਸਰਕਾਰੀ ਕਾਲਜਾਂ ਵਿਚ ਸੰਸਕ੍ਰਿਤ ਵਿਸ਼ੇ ਦੇ ਅਧਿਆਪਕ ਰਹੇ ਹਨ। ਸਿੱਖ ਹੋਣ ਨਾਤੇ ਉਹ ਗੁਰਬਾਣੀ ਬਾਰੇ ਖੂਬ ਲਿਖਦੇ ਰਹੇ ਤੇ ਜਪੁਜੀ ਸਾਹਿਬ ਉਤੇ ਵੀ ਉਨ੍ਹਾਂ ਨੇ ਕਈ ਕਿਤਾਬਾਂ ਲਿਖੀਆਂ। ਮੈਂ ਉਨ੍ਹਾਂ ਨੂੰ ਜਾ ਕੇ ਕਿਹਾ, 'ਮੰਨੈ ਮਗੁ ਨਾ ਚਲੈ ਪੰਥ' ਵਾਲੀ ਤੁਕ ਦਾ ਅਰਥ ਸਮਝਾਓ। ਕਹਿਣ ਲਗੇ, 'ਬੜਾ ਚੰਗਾ ਸਵਾਲ ਹੈ। ਪਹਿਲਾਂ-ਪਹਿਲਾਂ ਮੈਂ ਵੀ ਇਸ ਬਾਰੇ ਬੜਾ ਅਟਕਲ-ਪੱਚੂ ਲਗਾਉਂਦਾ ਰਿਹਾ ਪਰ ਬੜੀ ਖੋਜ ਤੋਂ ਬਾਅਦ ਪਤਾ ਲੱਗਿਆ ਕਿ ਗੁਰੂ ਸਾਹਿਬ ਦੇ ਕਾਲ ਵਿਚ 'ਮਗ' ਨਾਮੀ ਵੱਡਾ ਧਾਰਮਿਕ ਫਿਰਕਾ ਹੁੰਦਾ ਸੀ ਜੋ ਆਪਣੇ ਸ਼ਰਧਾਲੂਆਂ ਦੀ ਵਿਸ਼ਵਾਸਹੀਣਤਾ ਕਾਰਨ ਫੇਲ੍ਹ ਹੋ ਗਿਆ। ਉਸੇ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਫਰਮਾਉਂਦੇ ਹਨ ਕਿ ਮੰਨਣ ਬਿਨਾਂ ਤਾਂ 'ਮਗ' ਨਾਂ ਦਾ ਧਰਮ ਵੀ ਨਹੀਂ ਸੀ ਚੱਲ ਸਕਿਆ।'

ਇਸ ਵਿਦਵਾਨ ਦੀ ਵਿਦਵਤਾ 'ਤੇ ਹਾਸਾ ਵੀ ਆਇਆ ਤੇ ਤਰਸ ਵੀ। ਮੈਂ ਕਿਹਾ, 'ਇੰਨੀ ਖੋਜ ਕਰਨ ਦੀ ਕੀ ਲੋੜ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਇਕੋ ਅਰਥ ਨਾਲ 20-30 ਵਾਰ ਆਇਆ ਹੈ, ਉਥੋਂ ਪੜ੍ਹ ਕੇ ਅੰਦਾਜ਼ਾ ਲਾ ਲੈਣਾ ਸੀ।' ਉਹ ਆਪਣੇ ਸੰਸਕ੍ਰਿਤ ਦੇ ਪਿਛੋਕੜ ਦਾ ਫਖਰ ਕਰਦਿਆਂ ਬੋਲਿਆ, 'ਜਦੋਂ ਬਾਣੀ ਦੇ ਹਰ ਸ਼ਬਦ ਦੀ ਜੜ੍ਹ ਸੰਸਕ੍ਰਿਤ ਵਿਚ ਹੈ ਤਾਂ ਮੈਂ ਲੇਅ-ਮੈਨਾਂ ਵਾਲੀ ਗੱਲ ਕਿਉਂ ਕਰਦਾ?' ਮਨ ਹੀ ਮਨ ਉਸ ਲਈ ਮੈਨੂੰ ਗੁਰੂ ਸਾਹਿਬ ਦਾ 'ਵਸਦੇ ਰਹੋ' ਦਾ ਵਰਦਾਨ ਯਾਦ ਆਇਆ।



*ਚਿੱਤਰਕਾਰ ਸੋਭਾ ਸਿੰਘ ਵਲੋਂ ਬਣਾਇਆ ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ*

***ਸਿੱਖ ਜਗਤ ਵਿਚ ਗੁਰੂ ਨਾਨਕ ਬਾਰੇ ਅੱਜ ਦੀ ਹਾਲਤ ਇਹ ਹੈ ਕਿ ਉਨ੍ਹਾਂ ਦੀ ਬਾਣੀ ਪੜ੍ਹਦੇ ਸੁਣਦੇ ਤਾਂ ਸਾਰੇ ਹਨ ਪਰ ਇਸ ਦੇ ਵਿਗਿਆਨਕ ਮਹੱਤਵ ਨੂੰ ਸ਼ਾਇਦ ਕੋਈ ਵਿਰਲਾ ਹੀ ਸਮਝਦਾ ਹੈ। ਕਈ ਤਾਂ ਵਿਗਿਆਨ ਨੂੰ ਧਰਮ ਦਾ ਵਿਰੋਧੀ ਸਮਝ ਕੇ ਉਕਾ ਹੀ ਨਕਾਰ ਦਿੰਦੇ ਹਨ ਅਤੇ ਕਈਆਂ ਦੇ ਦਿਮਾਗ ਵਿਚ ਸਾਇੰਸ ਦਾ ਨਾਂ ਸੁਣ ਕੇ ਰਾਕਟ, ਕੰਪਿਊਟਰ, ਹਵਾਈ ਜਹਾਜ਼, ਰੇਲ, ਸਿਨੇਮਾ ਤੇ ਹੋਰ ਮਸ਼ੀਨੀ ਜੰਤਰ ਘੁੰਮਣ ਲੱਗ ਪੈਂਦੇ ਹਨ। ਇਹ ਅਸਲ ਵਿਚ ਵਿਗਿਆਨ ਨਹੀਂ, ਸਗੋਂ ਵਿਗਿਆਨਕ ਸਮਝ ਦਾ ਸਿੱਟਾ ਮਾਤਰ ਹਨ।***

ਮੇਰੇ ਇਕ ਦੋਸਤ ਨੇ ਗੁਰਦੁਆਰੇ ਇਕ ਮਸ਼ਹੂਰ ਸਿੱਖ ਵਿਦਵਾਨ ਤੇ ਅਲੋਚਕ ਨਾਲ ਮੁਲਾਕਾਤ ਕਰਵਾਈ। ਉਹ ਹਰ ਐਤਵਾਰ ਮੈਨੂੰ ਉਥੇ ਮਿਲਦਾ ਤੇ ਅਸੀਂ ਵਿਚਾਰ-ਵਟਾਂਦਰਾ ਕਰਦੇ। ਜਦੋਂ ਉਸ ਨੂੰ ਪਤਾ ਲੱਗਿਆ ਕਿ ਮੈਂ ਜਪੁਜੀ ਸਾਹਿਬ 'ਤੇ ਕੰਮ ਕਰ ਰਿਹਾ ਹਾਂ, ਪੁੱਛਣ ਲੱਗਾ, 'ਤੁਸੀਂ ਓਸ਼ੋ ਦਾ ਜਪੁਜੀ ਸਾਹਿਬ ਪੜ੍ਹਿਆ ਹੈ?' ਮੈਂ ਕਿਹਾ, ਹਾਂ, ਮੈਂ ਉਸ ਦਾ ਟੀਕਾ ਪੜ੍ਹਿਆ ਹੈ ਤੇ ਵਿਨੋਭਾ ਭਾਵੇ ਦਾ ਵੀ। ਮੇਰੀ ਗੱਲ ਸੁਣ ਕੇ ਕਹਿਣ ਲੱਗਿਆ, 'ਠੀਕ ਹੈ, ਅਗਲੇ ਹਫਤੇ ਮਿਲਾਂਗਾ।' ਅਗਲੇ ਹਫਤੇ ਜਦੋਂ ਮਿਲਿਆ ਤਾਂ ਭਾਈ ਵੀਰ ਸਿੰਘ ਦਾ ਜਪੁਜੀ ਸਟੀਕ ਦੇ ਕੇ ਕਹਿਣ ਲੱਗਾ, 'ਇਸ ਨੂੰ ਪੜ੍ਹੋ, ਇਸ ਤੋਂ ਉਪਰ ਕੁਝ ਨਹੀਂ।' ਜਦੋਂ ਕਿਹਾ ਕਿ ਇਹ ਪੜ੍ਹਿਆ ਹੈ, ਤਾਂ ਉਹ ਹੈਰਾਨ ਹੋ ਕੇ ਬੋਲਿਆ, 'ਜੇ ਤੁਸੀਂ ਓਸ਼ੋ ਤੇ ਭਾਈ ਵੀਰ ਸਿੰਘ, ਦੋਵੇਂ ਪੜ੍ਹੇ ਹਨ ਤਾਂ ਜਪੁਜੀ ਦਾ ਹੋਰ ਟੀਕਾ ਕਰਨ ਦੀ ਕੀ ਲੋੜ ਪੈ ਗਈ ਸੀ?' ਮੈਂ ਕਿਹਾ, ਹੁਣ ਤੀਕ ਜਪੁਜੀ ਸਾਹਿਬ ਦੇ ਨੌਂ ਸੌ ਤੋਂ ਵੱਧ ਸਟੀਕ ਲਿਖੇ ਜਾ ਚੁੱਕੇ ਹਨ। ਇਹ ਸਾਰੇ ਤਰਕ-ਸੰਗਤ ਨਹੀਂ ਹਨ। ਗੈਰ-ਵਿਗਿਆਨਕ ਹੋਣ ਕਾਰਨ ਮੈਂ ਇਨ੍ਹਾਂ ਸਭ ਨੂੰ ਇਕ ਹੀ ਖਾਨੇ ਵਿਚ ਰੱਖਦਾ ਹਾਂ।

ਉਸ ਨੇ ਅਸੀਮ ਹੈਰਾਨੀ ਪ੍ਰਗਟ ਕਰਦਿਆਂ ਪੁੱਛਿਆ, 'ਤਰਕ-ਸੰਗਤ ਕਿਵੇਂ ਨਹੀਂ?' ਮੈਂ ਕਿਹਾ, ਮੂਲ ਮੰਤਰ ਤੇ ਸਲੋਕਾਂ ਸਮੇਤ ਜਪੁਜੀ ਸਾਹਿਬ ਦੇ 41 ਅੰਗ ਨਿਰੰਤਰ ਵਿਚਾਰ ਲੜੀ ਵਿਚ ਪਰੋਏ ਹੋਏ ਹਨ ਜਿਸ ਦਾ ਬੱਝਵਾਂ ਅਰਥ ਹੈ, ਪਰ ਇਹ ਸਟੀਕ ਕਰਤਾ ਇਸ ਨੂੰ ਬਿਖਰੇ ਹੋਏ ਕਾਵਿ ਟੁਕੜੇ ਸਮਝ ਕੇ ਮਨ ਭਾਉਂਦੇ ਅਰਥ ਕਰਦੇ ਹਨ। ਉਦਾਹਰਣਾਂ ਤਾਂ ਬਹੁਤ ਹਨ ਪਰ ਇਹੀ ਇਕ ਦੇਖੋ। 12ਵੀਂ ਤੋਂ 15ਵੀਂ ਪਉੜੀ ਵਿਚ ਗੁਰੂ ਸਾਹਿਬ 'ਮੰਨੈ' ਦੀ ਮਹਿਮਾ ਕਰਦੇ ਹਨ ਪਰ 16ਵੀਂ ਪਉੜੀ ਸ਼ੁਰੂ ਹੁੰਦੇ ਹੀ ਉਹ ਪੰਚਾਂ ਦਾ ਜ਼ਿਕਰ ਸ਼ੁਰੂ ਕਰ ਦਿੰਦੇ ਹਨ। ਇਹ ਵਿਦਵਾਨ ਮੰਨੇ ਤੇ ਪੰਚਾਂ ਵਿਚਕਾਰ ਕਿਤੇ ਕੋਈ ਸਾਂਝ ਨਹੀਂ ਦੱਸਦੇ।

ਇਸੇ ਦੌਰਾਨ ਮੈਨੂੰ ਸੈਕਰਾਮੈਂਟੋ ਦੇ ਇਕ ਗੁਰਦੁਆਰੇ ਜਾਣ ਦਾ ਮੌਕਾ ਮਿਲਿਆ। ਲੰਗਰ ਹਾਲ ਵਿਚ ਚਾਹ ਪੀਂਦਿਆਂ ਨੇੜੇ ਬੈਠੇ ਅੰਮ੍ਰਿਤਧਾਰੀ ਵਿਦਵਾਨ 'ਤੇ ਨਜ਼ਰ ਪਈ ਜੋ ਕਲੀਨ-ਸ਼ੇਵ ਸੱਜਣ ਨਾਲ ਬਚਨ-ਬਿਲਾਸ ਕਰ ਰਿਹਾ ਸੀ। ਮੈਂ ਉਸ ਨੂੰ ਮੂਲ ਮੰਤਰ ਬਾਰੇ ਦੱਸਦੇ ਸੁਣਿਆਂ ਕਿ ਇਸ ਵਿਚਲਾ ੴ ਇਸਲਾਮੀ ਤੇ ਹਿੰਦੂਤਵੀ ਧਾਰਮਿਕ ਚਿੰਨ੍ਹਾਂ ਦੀ ਯੁਕਤੀ ਉਪਰੰਤ 'ਕਾਰ' ਜੋੜਨ ਨਾਲ ਬਣਿਆ ਹੈ ਤੇ ਇਸ ਦਾ ਅਰਥ ਸਰਬ-ਸ਼ਕਤੀਮਾਨ ਪਰਮਾਤਮਾ ਹੈ। ਮੈਂ ਉਸ ਕੋਲੋਂ ਗੱਲ ਕਰਨ ਦਾ ਸਮਾਂ ਮੰਗਿਆ। ਸ਼ਰਧਾਲੂ ਸਿੱਖ ਨੇ ਦੱਸਿਆ ਕਿ ਉਹ ਵਿਦਵਾਨ ਆਪਣੇ ਇੰਜੀਨੀਅਰ ਚਾਹਵਾਨ ਦੇ ਉਚੇਚੇ ਸੱਦੇ 'ਤੇ ਉਸ ਨੂੰ ਗੁਰਬਾਣੀ ਉਪਦੇਸ਼ ਦੇਣ ਲਈ ਆਇਆ ਹੈ, ਤੇ ਉਸ ਦੀ ਅਪੁਆਇੰਟਮੈਂਟ ਖਤਮ ਹੋਣ ਉਪਰੰਤ ਅੱਧੇ ਘੰਟੇ ਬਾਅਦ ਵਿਹਲਾ ਹੋਵੇਗਾ। ਮੈਂ ਇੰਤਜ਼ਾਰ ਕਰਨ ਲੱਗਿਆ। ਸਮਾਂ ਮਿਲਦੇ ਹੀ ਪੁੱਛਿਆ, 'ਬਾਬਾ ਜੀ, ਮੈਂ ਆਪ ਦੇ ਬਚਨ ਸੁਣਨ ਦੀ ਗੁਸਤਾਖੀ ਕੀਤੀ ਹੈ, ਤੁਸੀਂ ੴ ਨੂੰ ਪਰਮਾਤਮਾ ਦੀ ਸੰਗਿਆ ਦਿੱਤੀ ਹੈ, ਅਜਿਹਾ ਕਿਉਂ?'

'ਇਹ ਸਵਾਲ ਕਰਨ ਵਾਲੇ ਤੁਸੀਂ ਕੌਣ ਹੋ?'

'ਇਕ ਜਗਿਆਸੂ', ਮੈਂ ਕਿਹਾ।

ਉਹ ਬੋਲਿਆ, 'ਜੋ ਗੱਲ ਮੈਂ ਤੁਹਾਨੂੰ ਕਹੀ ਨਹੀਂ, ਉਸ ਦਾ ਉਤਰ ਦੇਣਾ ਬਣਦਾ ਤਾਂ ਨਹੀਂ ਪਰ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ੴ ਨੂੰ ਪਰਮਾਤਮਾ ਦੀ ਸੰਗਿਆ ਗੁਰੂ ਨਾਨਕ ਨੇ ਦਿੱਤੀ ਹੈ, ਮੈਂ ਨਹੀਂ।' ਮੈਂ ਕਿਹਾ, ਖਿਮਾ ਦਾ ਜਾਚਕ ਹਾਂ, ਪਰ ਗੁਰੂ ਨਾਨਕ ਨੇ ਤਾਂ ਇਸ ਨੂੰ 'ਸਤਿ' ਕਹਿ ਕੇ ਪੁਕਾਰਿਆ ਹੈ। ਬੋਲਿਆ, 'ਸਤਿ ਤੇ ਪਰਮਾਤਮਾ ਇਕ ਹੀ ਚੀਜ਼ ਹੈ।' ਮੈਂ ਕਿਹਾ, ਗੁਰੂ ਨਾਨਕ ਬੋਲੀ ਦੇ ਧਨੀ ਸਨ। ਉਹ ਹਰ ਭਾਵ ਲਈ ਸ਼ੁਧ, ਸਹੀ ਤੇ ਢੁੱਕਵੀਂ ਸ਼ਬਦਾਵਲੀ ਦੀ ਵਰਤੋਂ ਕਰਦੇ ਸਨ। ਜੇ ਉਹ ਚਾਹੁੰਦੇ ਤਾਂ ਇਸ ਲਈ ਪਰਮਾਤਮਾ, ਰੱਬ, ਪ੍ਰਭੂ, ਨਿਰੰਕਾਰ ਜਾਂ ਕੋਈ ਹੋਰ ਅਜਿਹਾ ਸ਼ਬਦ ਵਰਤ ਸਕਦੇ ਸਨ, ਪਰ ਉਨ੍ਹਾਂ ਨੇ ਇਸ ਲਈ 'ਸਤਿ' ਸ਼ਬਦ ਵਰਤਣਾ ਹੀ ਯੋਗ ਸਮਝਿਆ।

ਬੁਧੀਜੀਵੀ ਸੋਚ ਕੇ ਬੋਲਿਆ, 'ਤੀਹ ਸਾਲ ਪਹਿਲਾਂ ੴ ਵਿਸ਼ੇ 'ਤੇ ਪਟਿਆਲੇ ਵਿਚ ਸੰਸਾਰ ਪੱਧਰੀ ਸੈਮੀਨਾਰ ਹੋਇਆ ਸੀ। ਉਸ ਵਿਚ ਬੜਾ ਵਿਚਾਰ ਹੋਇਆ ਸੀ ਪਰ ਕਿਸੇ ਨੇ ਵੀ ੴ ਤੇ ਪਰਮਾਤਮਾ ਦੇ ਸੰਕਲਪ ਨੂੰ ਵੱਖ-ਵੱਖ ਨਹੀਂ ਸੀ ਦੱਸਿਆ। ਤੁਸੀਂ ਆਪਣੇ ਕੋਲੋਂ ਕਿਸ ਤਰ੍ਹਾਂ ਦੇ ਸਕਦੇ ਹੋ ਅਜਿਹਾ ਤਰਕ?' 80ਵਿਆਂ ਦੇ ਸ਼ੁਰੂ ਵਿਚ ਹੋਏ ਉਸ ਸੈਮੀਨਾਰ ਵਿਚ ਮੈਂ ਵੀ ਹਾਜ਼ਰ ਸਾਂ। ਉਸ ਵਿਚ ਪੇਸ਼ ਹੋਏ ਪਰਚੇ ਹਾਲੇ ਵੀ ਮੇਰੇ ਕੋਲ ਹਨ। ਉਥੇ ਇਸ ਵਿਸ਼ੇ 'ਤੇ ਕੋਈ ਸਰਬਸੰਮਤੀ ਨਹੀਂ ਸੀ ਹੋਈ। ਰਿਹਾ ਮੇਰੇ ਤਰਕ ਦਾ ਸਵਾਲ, ਇਹ ਤੱਥਾਂ 'ਤੇ ਆਧਾਰਤ ਹੈ। ਗੁਰੂ ਸਾਹਿਬ ਨੇ ਸਾਰੇ ਜਪੁਜੀ ਸਾਹਿਬ ਵਿਚ ਕਿਤੇ ਪਰਮਾਤਮਾ ਦੀ ਅਨੁਭੂਤੀ ਦਾ ਕੋਈ ਸ਼ਬਦ ਨਹੀਂ ਵਰਤਿਆ। ਇਹ ਜਪੁਜੀ ਸਾਹਿਬ ਨੂੰ ਸਮਝਣ ਲਈ ਮਹੱਤਵਪੂਰਨ ਸੰਕੇਤ ਹੈ।

ਵਿਦਵਾਨ ਥੋੜ੍ਹਾ ਰੁਕ ਕੇ ਕਹਿਣ ਲੱਗਾ, 'ਡਾ. ਸਾਹਿਬ, ਕਿਹਾ ਸੁਣਿਆਂ ਮੁਆਫ ਕਰਨਾ। ਜੇ ਆਪਣੀ ਸਹਿਮਤੀ ਨਹੀਂ, ਤਾਂ ਕੋਈ ਤਕਰਾਰ ਵੀ ਨਹੀਂ। ਮੈਂ ਰਵਾਇਤੀ ਗੱਲ ਕਰਦਾ ਹਾਂ, ਤੁਸੀਂ ਨਵੀਨ। ਹੋ ਸਕਦਾ ਹੈ ਤੁਹਾਡੇ ਕੋਲ ਕੁਝ ਅਜਿਹਾ ਹੋਵੇ ਜਿਸ ਨਾਲ ਤੁਹਾਡੀ ਦਲੀਲ ਸਥਾਪਤ ਹੋ ਜਾਵੇ। ਤਾਂ ਫਿਰ ਸ਼ਾਇਦ ਕੱਲ੍ਹ ਨੂੰ ਸਾਨੂੰ ਤੁਹਾਡੀ ਹੀ ਗੱਲ ਕਹਿਣੀ ਪੈ ਜਾਵੇ!'

ਹੁਣ ਤੀਕਰ ਅਜਿਹੇ ਵਿਦਵਾਨਾਂ ਨਾਲ ਜਪੁਜੀ ਸਾਹਿਬ ਬਾਰੇ ਵਿਚਾਰ-ਵਟਾਂਦਰਾ ਕਰ ਚੁੱਕਾ ਹਾਂ, ਕਿਸੇ ਨੂੰ ਇਸ ਦੀਆਂ ਵਿਗਿਆਨਕ ਸੰਭਾਵਨਾਵਾਂ ਦਾ ਪਤਾ ਨਹੀਂ ਹੈ। ਇਹੀ ਕਾਰਨ ਹੈ ਕਿ ਸਿੱਖ ਵਿਦਵਾਨ ਅੱਜ ਛੋਟੇ-ਛੋਟੇ ਮਸਲਿਆਂ ਵਿਚ ਉਲਝ ਰਹੇ ਹਨ ਅਤੇ 'ਬਿੱਗ-ਬੈਂਗ' ਤੇ 'ਕੀਤਾ ਪਸਾਉ ਏਕੋ ਕਵਾਉ' ਵਰਗੇ ਮਹੱਤਵਪੂਰਨ ਮਸਲਿਆਂ ਦੀਆਂ ਪਰਸਪਰ ਤੰਦਾਂ ਵੱਲ ਕਿਸੇ ਦਾ ਧਿਆਨ ਹੀ ਨਹੀਂ ਜਾ ਰਿਹਾ।

## ਕਾਰਲ ਮਾਰਕਸ ਦੀ ਜੀਵਨ ਕਹਾਣੀ-4

# ਪਿਆਰ ਤੇ ਪਰਿਵਾਰ

***ਜਰਮਨੀ ਵਿਚ ਜਨਮੇ ਸੰਸਾਰ ਦੇ ਉਘੇ ਵਿਦਵਾਨ ਕਾਰਲ ਮਾਰਕਸ (5 ਮਈ 1818-14 ਮਰਚ 1883) ਨੇ ਸੰਸਾਰ ਨੂੰ ਦੋ ਅਜਿਹੀਆਂ ਅਦੁੱਤੀ ਰਚਨਾਵਾਂ 'ਦਿ ਕਮਿਊਨਿਸਟ ਮੈਨੀਫੈਸਟੋ' ਅਤੇ 'ਦਾਸ ਕੈਪੀਟਲ' ਦਿੱਤੀਆਂ ਜਿਸ ਨੇ ਕਿਰਤੀਆਂ ਦੇ ਹੱਕ ਵਿਚ ਸੰਸਾਰ ਭਰ ਵਿਚ ਤਰਥਲੀ ਮਚਾ ਦਿੱਤੀ। ਇਨ੍ਹਾਂ ਰਚਨਾਵਾਂ ਦਾ ਨਿਚੋੜ ਸਰਬੱਤ ਦਾ ਭਲਾ ਹੈ। ਇਨ੍ਹਾਂ ਨੂੰ ਪੜ੍ਹ-ਗੁੜ ਕੇ ਰੂਸੀ ਲੀਡਰ ਲੈਨਿਨ ਨੇ ਸੰਸਾਰ ਦਾ ਪਹਿਲਾ ਇਨਕਲਾਬ ਲਿਆਂਦਾ ਜਿਸ ਨੇ ਸੰਸਾਰ ਭਰ ਦੇ ਨਿਤਾਣਿਆਂ ਅਤੇ ਨਿਮਾਣਿਆਂ ਲਈ ਆਸ ਦੀ ਕਿਰਨ ਜਗਾਈ। ਨਾਸਤਿਕ ਹੋਣ ਕਰ ਕੇ ਮਾਰਕਸ ਨੂੰ ਉਮਰ ਭਰ ਔਕੜਾਂ ਝਾਗਣੀਆਂ ਪਈਆਂ ਪਰ ਜਿਸ ਤਰ੍ਹਾਂ ਦਾ ਸਿਧਾਂਤ ਉਹ ਮਨੁੱਖ ਜਾਤੀ ਲਈ ਦੇ ਗਿਆ, ਉਹ ਲਾ-ਜਵਾਬ ਹੈ। ਹੁਣ ਤੱਕ ਸੈਂਕੜੇ-ਹਜ਼ਾਰਾਂ ਗ੍ਰੰਥ ਮਾਰਕਸ ਅਤੇ ਉਸ ਦੇ ਸਿਧਾਂਤ ਬਾਰੇ ਛਪ ਚੁੱਕੇ ਹਨ। 2011 ਵਿਚ ਅਮਰੀਕੀ ਲੇਖਕਾ ਮੇਰੀ ਜਬਰੀਲ ਨੇ ਮਾਰਕਸ ਤੇ ਉਹਦੇ ਜੀਵਨ ਬਾਰੇ ਕਿਤਾਬ ਲਿਖੀ-'ਲਵ ਐਂਡ ਕੈਪੀਟਲ'। ਇਸ ਕਿਤਾਬ ਦੇ ਆਧਾਰ 'ਤੇ ਪ੍ਰੋ. ਹਰਪਾਲ ਸਿੰਘ ਪੰਨੂ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਇਸ ਕਰ ਕੇ ਵੀ ਦਿਲਚਸਪ ਹੈ ਕਿਉਂਕਿ ਇਹ ਆਸਤਿਕ ਚਿੰਤਕ ਵੱਲੋਂ ਨਾਸਤਿਕ ਚਿੰਤਕ ਬਾਰੇ ਲਿਖਿਆ ਗਿਆ ਹੈ। ਲੇਖ ਦੀ ਇਸ ਚੌਥੀ ਲੜੀ ਵਿਚ ਮਾਰਕਸ ਦੇ ਪਰਿਵਾਰ ਅਤੇ ਉਸ ਦੇ ਜੁਝਾਰੀ ਜੀਵਨ ਬਾਰੇ ਚਰਚਾ ਹੈ।-ਸੰਪਾਦਕ***

1871 ਦਾ ਸਾਲ ਮੁੱਦਤ ਬਾਅਦ ਉਨ੍ਹਾਂ ਵਾਸਤੇ ਖੁਸ਼ੀ ਭਰਿਆ ਚੜ੍ਹਿਆ, ਕਈ ਕਾਰਨ ਹਨ-'ਕੈਪੀਟਲ' ਦਾ ਬੋਝ ਲੱਥ ਗਿਆ, ਏਂਗਲਜ਼ ਨੇੜੇ ਆ ਕੇ ਵੱਸ ਗਿਆ, ਨਾਲੇ ਕਰਜ਼ਈ ਨਹੀਂ ਹੋਣ ਦਿੱਤਾ। ਦੁਨੀਆਂ ਵਿਚ ਕਾਰਲ ਕਾਰਲ ਹੋ ਗਈ, ਉਸ ਦੇ ਮਿਸ਼ਨ ਨੂੰ ਸਮਝਿਆ ਜਾਣ ਲੱਗਾ।

ਸੱਤਵੀਂ ਇੰਟਰਨੈਸ਼ਨਲ ਲੰਡਨ ਵਿਚ ਹੋਈ। ਪੈਰਿਸ ਵਿਚ ਹੋਣੀ ਸੀ, ਪਰ ਉਥੇ ਮਾਹੌਲ ਗਰਮ ਸੀ। ਸਰਕਾਰ ਬਦਲਾ ਲਊ ਕਾਰਵਾਈਆਂ ਕਰ ਰਹੀ ਸੀ। ਸਮਾਪਤੀ ਵੇਲੇ ਕਾਰਲ ਨੇ ਮਤਾ ਪੜ੍ਹਿਆ-ਕਮਿਊਨਿਸਟਾਂ ਉਪਰ ਉਵੇਂ ਸਖਤੀਆਂ ਹੋ ਰਹੀਆਂ ਹਨ ਜਿਵੇਂ ਰੋਮ ਵਿਚ ਈਸਾਈਆਂ ਉਪਰ ਅਤਿਆਚਾਰ ਹੁੰਦਾ ਸੀ। ਤਾਂ ਵੀ, ਜਿਵੇਂ ਰੋਮਨ ਸਾਮਰਾਜ ਨਹੀਂ ਰਿਹਾ, ਇਹ ਸਰਕਾਰਾਂ ਵੀ ਨਹੀਂ ਰਹਿਣਗੀਆਂ। ਆਪਣੀ ਸਾਰੀ ਮਜ਼ਦੂਰ ਸ਼ਕਤੀ ਇਕੱਠੀ ਕਰ ਕੇ ਅਸੀਂ ਦੱਸਾਂਗੇ ਕਿ ਸ਼ਾਂਤ ਰਹਾਂਗੇ, ਲੋੜ ਪਈ ਤਾਂ ਹਥਿਆਰ ਵੀ ਵਰਤਾਂਗੇ।

ਕਾਰਲ ਮਾਰਕਸ ਦੀ ਕਿਤਾਬ 'ਫਰਾਂਸ ਦਾ ਯੁੱਧ' ਏਂਗਲਜ਼ ਨੇ ਜਰਮਨ ਵਿਚ ਅਨੁਵਾਦ ਕਰ ਕੇ ਛਾਪ ਦਿੱਤੀ। ਏਂਗਲਜ਼ ਦੀ ਮਾਂ ਨੇ ਕਾਰਲ ਦੇ ਨਾਮ ਨਾਲ ਆਂਪਣੇ ਬੇਟੇ ਦਾ ਨਾਮ ਲਿਖਿਆ ਦੇਖਿਆ ਤਾਂ ਚੌਂਕ ਪਈ। ਚਿੱਠੀ ਲਿਖੀ-ਇਹ ਕਾਰਲ ਮਾਰਕਸ ਨਾਮ ਦਾ ਬੰਦਾ ਤੈਨੂੰ ਤਬਾਹ ਕਰ ਦਏਗਾ। ਮੈਂ ਸੋਚਦੀ ਰਹੀ, ਤੂੰ ਇਹਦਾ ਖਹਿੜਾ ਛੱਡ ਦਿੱਤੈ। ਏਂਗਲਜ਼ ਨੇ ਜਵਾਬ ਦਿੱਤਾ, ਕਾਰਲ ਕਦੀ ਜੰਮਿਆ ਈ ਨਾ ਹੁੰਦਾ, ਮੈਂ ਤਾਂ ਵੀ ਇਹੋ ਕੁਝ ਕਰਦਾ। ਇਕ ਗੱਲ ਦੀ ਦਰੁਸਤੀ ਕਰਾਂ... ਕਾਰਲ ਨੇ ਮੈਨੂੰ ਨਹੀਂ, ਮੈਂ ਉਸ ਨੂੰ ਤਬਾਹੀ ਦੇ ਰਸਤੇ ਤੋਰਿਆ



ਹੋਇਐ, ਉਹ ਵੀ ਪੈਸੇ ਦੇ ਕੇ। ਉਹ ਨਾ ਹੁੰਦਾ, ਉਹਦੇ ਵਾਲਾ ਕੰਮ ਮੈਂ ਕਰਦਾ।

ਕਾਰਲ ਦੀ ਭੈਣ ਮਿਲਣ ਆਈ, ਰੋਸ ਨਾਲ ਕਿਹਾ, ਤੂੰ ਵੱਡੇ ਘਰ ਦਾ ਪੁੱਤਰ ਐਂ, ਪ੍ਰਸਿੱਧ ਵਕੀਲ ਦਾ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਬੇਟਾ। ਤੂੰ ਕਿਸ ਰਸਤੇ ਪੈ ਗਿਐਂ? ਕਾਰਲ ਨੇ ਕਿਹਾ, ਵਧਾਈ ਬੀਬੀ ਭੈਣ, ਮੇਰੀ 'ਕੈਪੀਟਲ' ਦੀ ਦੂਜੀ ਐਡੀਸ਼ਨ ਆ ਰਹੀ ਐ।

ਬੁੱਲ੍ਹੇ ਨੂੰ ਸਮਝਾਵਣ ਆਈਆਂ
ਭੈਣਾਂ ਤੇ ਭਰਜਾਈਆਂ।
ਤੂੰ ਕਿਉਂ ਬੁੱਲ੍ਹਿਆ ਸੱਯਦ ਹੋ ਕੇ
ਕੁਲ ਨੂੰ ਲੀਕਾਂ ਲਾਈਆਂ।

ਤਿੰਨ ਸਾਲ ਦੀ ਨੌਕਰੀ ਤੋਂ ਬਾਅਦ ਚਿਨ ਨੂੰ ਮਾਲਕਾਂ ਨੇ ਇਹ ਕਹਿ ਕੇ ਹਟਾ ਦਿੱਤਾ, ਸਾਨੂੰ ਤਾਂ ਹੁਣ ਪਤਾ ਲੱਗੈ... ਤੂੰ ਕਿੰਨੇ ਖਤਰਨਾਕ ਆਦਮੀ ਦੀ ਧੀ ਹੈਂ। ਤਾਂ ਕੀ, ਘਰ ਵਿਚ ਕਿਹੜਾ ਘੱਟ ਕੰਮ ਹੈ। ਇਟਲੀ, ਸਵੀਡਨ, ਫਰਾਂਸ, ਰੂਸ, ਹਾਂਗਕਾਂਗ ਤੋਂ ਆਈਆਂ ਚਿੱਠੀਆਂ ਦੇ ਢੇਰ ਲੱਗ ਜਾਂਦੇ ਨੇ, ਜਵਾਬ ਦੇਣੇ ਨੇ, ਰਫਿਊਜੀਆਂ ਦਾ ਬੰਦੋਬਸਤ ਕਰਨੈ, ਪ੍ਰੈਸ ਨੋਟ ਦੇਣੇ ਨੇ, ਸਵੇਰ ਤੋਂ ਰਾਤ ਤੱਕ ਭੱਜੀ ਫਿਰਦੀ। ਰਫਿਊਜੀਆਂ ਨੂੰ ਕੰਮ ਮਿਲਦਾ। ਜਦੋਂ ਮਾਲਕਾਂ ਨੂੰ ਪਤਾ ਲਗਦਾ ਕਾਮਰੇਡ ਨੇ, ਛੁੱਟੀ ਕਰ ਦਿੰਦੇ। ਇਕ ਵਾਰ 460 ਸ਼ਰਨਾਰਥੀ ਇਕੋ ਦਿਨ ਆ ਗਏ। ਇਹ ਫਰਾਂਸੀਸੀ ਬੰਦੀ ਸਨ ਜਿਨ੍ਹਾਂ ਵਿਰੁਧ ਸਬੂਤ ਨਾ ਹੋਣ ਕਾਰਨ ਸਰਕਾਰ ਨੂੰ ਛੱਡਣੇ ਪਏ ਪਰ ਲੰਡਨ ਵਾਲੇ ਕਿਨਾਰੇ 'ਤੇ ਛੱਡ ਦਿੱਤੇ। ਨਾ ਖਾਣ ਨੂੰ, ਨਾ ਪੀਣ ਨੂੰ ਕੁਝ। ਨਾ ਜੇਬ ਵਿਚ ਪੈਸਾ। ਵਰ੍ਹਦੇ ਮੀਂਹ ਵਿਚ ਲਿਆ ਸੁੱਟੇ ਕਿ ਫਰਾਂਸ ਵਿਚ ਨਹੀਂ ਵੜਨਾ ਮੁੜ ਕੇ।

ਲੋਂਗੇ ਨਾਂ ਦਾ ਇਕ ਜੁਆਨ ਚਿਨ ਉਤੇ ਮੋਹਿਤ ਹੋ ਗਿਆ। ਪਿਛੋਕੜ ਕਾਰਲ ਵਰਗਾ ਸੀ। ਚੰਗੇ ਘਰ ਦਾ ਬੱਚਾ, ਲਾਅ ਗ੍ਰੈਜੂਏਟ, ਮਾਪਿਆਂ ਤੋਂ ਬਾਗੀ ਹੋਇਆ ਕਾਮਰੇਡ, ਗੰਭੀਰ ਚਿੰਤਕ ਜੋ ਬਾਅਦ ਵਿਚ ਨਾਮਵਰ ਇਤਿਹਾਸਕਾਰ ਹੋਇਆ। ਕਾਰਲ ਨੇ ਹਾਂ ਕਰ ਦਿੱਤੀ। ਹਾਂ ਤਾਂ ਜੈਨੀ ਨੇ ਵੀ ਕੀਤੀ, ਪਰ ਕਿਹਾ, ਅੰਗਰੇਜ਼ ਹੁੰਦਾ ਤਾਂ ਠੀਕ ਸੀ। ਲੋਂਗੇ ਸਾਊ ਜੁਆਨ ਐ ਪਰ ਫਰਾਂਸੀਸੀਆਂ ਵਿਚ ਨਲਾਇਕੀਆਂ ਵੀ ਹੁੰਦੀਆਂ ਨੇ। ਅੰਦਰੋਂ ਸਿਰੇ ਦੇ ਨੈਸ਼ਨਲਿਸਟ। ਔਰਤ ਵਲੋਂ ਲਾਪ੍ਰਵਾਹ। ਮਰਜ਼ੀ ਦੇ ਮਾਲਕ। ਚਿਨ ਖੁਸ਼ ਰਹਿ ਸਕੇਗੀ?

ਨਿੱਕੀ ਤੁਸੀ 16 ਸਾਲ ਦੀ ਹੋ ਗਈ। ਉਹ ਵੀ ਆਪਣੀ ਉਮਰੋਂ ਦੁੱਗਣੇ ਵੱਡੇ ਫਰਾਂਸੀਸੀ ਬੰਦੇ ਦੇ ਰੋਮਾਂਸ ਵਿਚ ਪੈ ਗਈ। ਇਥੇ ਕਾਰਲ ਤੇ ਜੈਨੀ ਚਿੰਤਿਤ ਵੀ ਹੋਏ, ਸਖਤ ਵੀ। ਚੋਰੀ ਛੁਪੀ ਮਿਲਣੋਂ ਨਾ ਹਟੇ। ਜੈਨੀ ਨੇ ਕਾਰਲ ਨੂੰ ਕਿਹਾ, ਜਿਆਦਾ ਮਿਲਣਗੇ ਤਾਂ ਛੇਤੀ ਦੂਰ ਹੋ ਜਾਣਗੇ, ਛੇਤੀ। ਦੇਖਦੇ ਰਹੋ। ਕਹੋ ਕੁਝ ਨਾ।

ਪਹਿਲੀ ਜੁਲਾਈ 1872 ਨੂੰ ਲਾਰਾ ਦਾ ਤੀਜਾ, ਚਾਰ ਸਾਲ ਦਾ ਬੱਚਾ ਹੈਜ਼ੇ ਤੋਂ ਪੀੜਤ ਚੱਲ ਵਸਿਆ। ਲਾਰਾ ਨਿਰਸੰਤਾਨ ਹੋ ਗਈ। ਚਿਨ ਦਾ ਵਿਆਹ ਇਸ ਦੁੱਖ ਕਾਰਨ ਅੱਗੇ ਪਾ ਦਿੱਤਾ। 26 ਸਾਲ ਦੀ ਸੁਨੱਖੀ ਜੁਆਨ ਲਾਰਾ ਹੱਡੀਆਂ ਦਾ ਢਾਂਚਾ ਹੋ ਗਈ। ਬੇਨੂਰ ਅੱਖਾਂ ਅੰਦਰ ਧਸ ਗਈਆਂ। ਪਤੀ ਸਮੇਤ ਪਾਪਾ ਕੋਲ ਆ ਗਈ।

'ਕੈਪੀਟਲ' ਰਸ਼ੀਅਨ ਭਾਸ਼ਾ ਵਿਚ ਛਪ ਗਈ। ਖੁਫੀਆ ਏਜੰਸੀ ਨੇ ਰਿਪਰੋਟ ਲਿਖੀ-ਇਹ ਖਤਰਨਾਕ ਨਹੀਂ, ਕਿਉਂਕਿ ਕਿਸੇ ਨੂੰ ਪਤਾ ਨਹੀਂ ਲੱਗੇਗਾ ਕੀ ਲਿਖਿਐ। ਲੋਕ ਪੜ੍ਹਨਗੇ ਹੀ ਨਹੀਂ। ਬੈਨ ਲਾਉਣ 'ਤੇ ਜੇ ਕਿਸੇ ਨੇ ਮੁਕੱਦਮਾ ਕਰ ਦਿੱਤਾ, ਨਾ ਵਕੀਲਾਂ ਨੂੰ ਪਤਾ ਲੱਗਣਾ, ਇਹ ਹੈ ਕੀ, ਨਾ ਜੱਜਾਂ ਨੂੰ। ਕੁਝ ਹਿਸਾਬ-ਕਿਤਾਬ ਦੀਆਂ ਗੱਲਾਂ ਨੇ, ਕੁਝ ਇਕਨਾਮਿਕਸ ਦੀਆਂ। ਹਾਂ, ਕਾਰਲ ਦੀ ਫੋਟੋ ਹਟਾ ਦੇਣੀ ਚਾਹੀਦੀ ਐ, ਕਿਉਂਕਿ ਜੁਆਨ ਉਹਦਾ ਆਦਰ ਕਰਦੇ ਨੇ, ਫੋਟੋ ਕਰ ਕੇ ਈ ਚੁੱਕੀ ਫਿਰਨਗੇ।

ਪਹਿਲੀ ਐਡੀਸ਼ਨ ਦੀਆਂ 3000 ਕਾਪੀਆਂ ਦੋ ਮਹੀਨਿਆਂ ਵਿਚ ਵਿਕ ਗਈਆਂ। ਸਾਰੇ ਯੂਰਪ ਵਿਚ ਇੰਨੇ ਧਿਆਨ ਨਾਲ ਨਹੀਂ ਪੜ੍ਹੀ ਗਈ ਜਿੰਨੀ ਰੂਸ ਵਿਚ। ਇਕ-ਇਕ ਕਿਤਾਬ ਕਈ ਹੱਥਾਂ ਵਿਚੋਂ ਲੰਘੀ। ਅਨੁਵਾਦਕ ਨੇ ਇਕ ਕਾਪੀ ਕਾਰਲ ਨੂੰ ਭੇਜੀ। ਕਾਰਲ ਨੇ ਕਿਹਾ, ਦੂਜੀ ਐਡੀਸ਼ਨ ਦੀ ਕਾਪੀ ਵੀ ਜਲਦੀ ਭੇਜੀਂ, ਮੈਂ ਲੰਡਨ ਆਰਕਾਈਵਜ਼ ਵਿਚ ਰੱਖਾਂਗਾ। ਅਨੁਵਾਦ ਪਰਖਣ ਲਈ ਕਾਰਲ ਨੇ ਬਹੁਤ ਛੇਤੀ ਰੂਸੀ ਜ਼ਬਾਨ ਸਿੱਖ ਲਈ।

ਜਗਤ ਪ੍ਰਸਿੱਧ ਰੂਸੀ ਅਰਾਜਕਤਾਵਾਦੀ ਆਗੂ ਮਾਈਕਲ ਬਾਕੂਨਿਨ ਬਹੁਤ ਕਾਹਲੇ ਸੁਭਾਅ ਦਾ ਇਨਕਲਾਬੀ ਸੀ ਅਤੇ ਉਹ ਕਾਰਲ ਲਈ ਖਤਰਾ ਬਣ ਰਿਹਾ ਸੀ, ਕਿਉਂਕਿ ਥਿਊਰੀ ਦੀ ਥਾਂ ਉਹ ਅਮਲ ਕਰਨ ਲਈ ਕਹਿੰਦਾ ਸੀ। ਉਸ ਦੀ ਬਹਾਦਰੀ ਭਰੀ ਹਰ ਗੱਲ ਕਾਮਿਆਂ ਨੂੰ ਸੌਖੀ ਸਮਝ ਆਉਂਦੀ ਸੀ। ਉਸ ਦੀ ਕਿਤਾਬ 'ਕ੍ਰਾਂਤੀ ਦੇ ਗੁਰ' ਛਪੀ ਜਿਸ ਵਿਚ ਬਹੁਤ ਹੀ ਜ਼ੋਰਦਾਰ ਸ਼ਬਦਾਂ ਵਿਚ ਇਸ ਗੱਲ ਦੀ ਵਕਾਲਤ ਕੀਤੀ ਗਈ ਸੀ ਕਿ ਇਨਸਾਨ ਦਾ ਅੰਤਿਮ ਨਿਸ਼ਾਨਾ ਜੇ ਸਹੀ ਹੈ, ਤਾਂ ਉਸ ਦੀ ਪੂਰਤੀ ਲਈ ਗ਼ਲਤ ਜਾਂ ਠੀਕ ਕੋਈ ਵੀ ਢੰਗ ਤਰੀਕੇ ਵਰਤ ਲਏ ਜਾਣ, ਕੋਈ ਫ਼ਰਕ ਨਹੀਂ ਪੈਂਦਾ, ਬੁਰੇ ਤੋਂ ਬੁਰੇ ਰਸਤੇ ਵੀ ਵਧੀਆ ਹਨ। ਹਰ ਉਹ ਬੰਦਾ ਅਤੇ ਤਰੀਕਾ ਸਹੀ ਹੈ ਜੋ ਕ੍ਰਾਂਤੀ ਵਲ ਲਿਜਾਂਦਾ ਹੈ। ਜੋ ਰੋਕ ਬਣਦਾ ਹੈ, ਉਸ ਨੂੰ ਕਿਸੇ ਵੀ ਤਰੀਕੇ ਨਾਲ ਪਾਸੇ ਹਟਾਉਣਾ ਜਾਇਜ਼ ਹੀ ਜਾਇਜ਼ ਹੈ, ਉਹ ਅਪਰਾਧੀ ਹੈ। ਹਨੇਰਾ ਪੈਣ 'ਤੇ ਦੀਵਾ ਨਾ ਬਾਲੋ, ਸ਼ਹਿਰ ਬਾਲ ਦਿਉ। ਇਨਕਲਾਬ ਦਾ ਕੇਵਲ ਇਕੋ ਵਿਗਿਆਨ ਹੈ, ਉਹ ਹੈ ਮੁਕੰਮਲ ਤਬਾਹੀ।

ਕਿਤਾਬ ਦੀ ਜਿੰਨੀ ਰਾਇਲਟੀ ਬਾਕੂਨਿਨ ਨੂੰ ਮਿਲੀ, ਕਾਰਲ ਨੂੰ ਸਾਰੀ ਉਮਰ ਨਹੀਂ ਮਿਲੀ।



ਇੰਟਰਨੈਸ਼ਨਲ ਦੀ ਮੀਟਿੰਗ ਹਾਲੈਂਡ ਵਿਚ 7 ਸਤੰਬਰ 1872 ਨੂੰ ਰੱਖੀ ਗਈ। ਕਾਰਲ ਦੀ ਇੱਛਾ ਸੀ, ਬਾਕੂਨਿਨ ਨੂੰ ਕੱਢ ਦਿੱਤਾ ਜਾਵੇ ਕਿਉਂਕਿ ਉਹ ਹਿੰਸਾ ਦੀ ਵਕਾਲਤ ਕਰ ਰਿਹਾ ਸੀ। ਅਫਵਾਹਾਂ ਸਨ ਕਿ ਗਰਮ ਕਾਮਰੇਡ ਵੱਡੀ ਹਿੰਸਾ ਵਾਸਤੇ ਲਲਕਾਰਨਗੇ। ਦੁਨੀਆਂ ਭਰ ਦੀ ਪ੍ਰੈਸ ਪੁੱਜੀ ਹੋਈ ਸੀ। ਸਰਕਾਰ ਨੇ ਇਸ਼ਤਿਹਾਰ ਚਿਪਕਾਏ ਕਿ ਔਰਤਾਂ, ਬੱਚੇ ਸੜਕਾਂ 'ਤੇ ਨਾ ਨਿਕਲਣ। ਸੁਨਿਆਰੇ ਦੁਕਾਨਾਂ ਬੰਦ ਰੱਖਣ...ਕਾਮਰੇਡ ਕੁਝ ਵੀ ਕਰ ਸਕਦੇ ਹਨ। ਪੱਤਰਕਾਰ ਇਹ ਦੇਖ ਕੇ ਦੁਖੀ ਹੋਏ ਕਿ ਇਹ ਤਾਂ ਆਮ ਬਿਜ਼ਨਸ ਕਾਨਫਰੰਸਾਂ ਵਰਗੀ ਕਾਨਫਰੰਸ ਹੈ, ਖਾਸ ਖਬਰ ਬਣਦੀ ਹੀ ਨਹੀਂ। ਕਾਰਲ, ਏਂਗਲਜ਼ ਦੀਆਂ ਔਰਤਾਂ ਸ਼ਾਮਲ ਹੋਈਆਂ, ਲਾਰਾ ਤੋਂ ਮਸਾਂ ਤੁਰਿਆ ਜਾ ਰਿਹਾ ਸੀ। ਮੂੰਹ ਛੁਪਾ ਲਿਆ ਤਾਂ ਕਿ ਦੁਨੀਆਂ ਨੂੰ ਪਤਾ ਨਾ ਲੱਗੇ ਕਾਰਲ ਦੀ ਧੀ ਦੁੱਖ ਵਿਚ ਹੈ, ਕਮਜ਼ੋਰ ਹੈ।

ਮੀਟਿੰਗ ਦੇ ਅਖੀਰ ਵਿਚ ਕਾਰਲ ਨੇ ਕਿਹਾ, ਬਾਕੂਨਿਨ ਦੀਆਂ ਹਿੰਸਕ ਕਾਰਵਾਈਆਂ ਦਾ ਤੁਹਾਨੂੰ ਪਤੈ, ਮੈਂ ਪਬਲਿਕ ਵਿਚ ਨਸ਼ਰ ਨਹੀਂ ਕਰਨਾ ਚਾਹੁੰਦਾ। ਮੈਂ ਉਸ ਨੂੰ ਇੰਟਰਨੈਸ਼ਨਲ ਵਿਚੋਂ ਕੱਢਣ ਦਾ ਪ੍ਰਸਤਾਵ ਪੇਸ਼ ਕਰਦਾ ਹਾਂ। ਬਾਕੂਨਿਨ ਖੁਦ ਨਹੀਂ ਆਇਆ ਸੀ, ਜਾਣਦਾ ਸੀ ਘੱਟ-ਗਿਣਤੀ ਵਿਚ ਹੈ। ਵੋਟਾਂ ਨਾਲ ਪ੍ਰਸਤਾਵ ਪਾਸ ਹੋ ਗਿਆ। ਬਾਕੂਨਿਨ ਦੇ ਚੇਲੇ ਨੇ ਬੰਦੂਕ ਤਾਣ ਕੇ ਕਿਹਾ, ਇਹੋ ਜਿਹੇ ਗੱਦਾਰਾਂ ਲਈ ਗੋਲੀ ਸਹੀ ਇਲਾਜ ਹੈ। ਝਪਟ ਮਾਰ ਕੇ ਬੰਦੂਕ ਖੋਹ ਲਈ, ਤੇ ਕਾਮਰੇਡ ਨੂੰ ਬਾਹਰ ਲੈ ਗਏ। ਇਸ ਘਟਨਾ ਨੇ ਕਾਰਲ ਦੇ ਫੈਸਲੇ ਦੀ ਸਹੀ ਉਪਰ ਮੁਹਰ ਲਾ ਦਿੱਤੀ।

ਬਾਕੂਨਿਨ ਨੇ ਕਾਰਲ ਤੋਂ ਹਾਰ ਮੰਨਦਿਆਂ ਕਿਹਾ, ਦੁਨੀਆਂ ਵਿਚ ਜੇ ਕੇਵਲ ਤਿੰਨ ਬੰਦੇ ਹੁੰਦੇ, ਤਾਂ ਦੋ ਨੇ ਰਲ ਕੇ ਤੀਜਾ ਢਾਹ ਲੈਣਾ ਸੀ। ਹੌਸਲੇ ਕਾਰਨ ਨਹੀਂ, ਮੈਂ ਗਿਣਤੀ ਕਾਰਨ ਹਾਰਿਆ। ਹੁਣ ਮੈਂ ਸਦਾ ਲਈ ਪਾਰਟੀ ਤੋਂ ਸੰਨਿਆਸ ਲੈ ਲਿਐ, ਕਿਰਪਾ ਕਰ ਕੇ ਮੈਨੂੰ ਛੇੜੋ ਨਾ।

ਚਿਨ ਅਤੇ ਲੋਂਗੇ ਵਿਆਹੇ ਗਏ। ਚਿਨ 28 ਤੇ ਲੋਂਗੇ 23 ਸਾਲ ਦਾ। ਲੰਡਨ ਛੱਡ ਕੇ ਆਕਸਫੋਰਡ ਚਲੇ ਗਏ ਜਿਥੇ ਲੋਂਗੇ ਫਰੈਂਚ ਪੜ੍ਹਾਉਂਦਾ ਸੀ। ਯੂਨੀਵਰਸਿਟੀ ਵਿਚ ਖਬਰ ਉਡੀ ਕਿ ਲੋਂਗੇ ਇੰਟਰਨੈਸ਼ਨਲ ਦਾ ਮੈਂਬਰ ਹੈ, ਤੇ ਹੇਗ ਦੀ ਮੀਟਿੰਗ ਅਟੈਂਡ ਕਰ ਕੇ ਆਇਆ ਹੈ। ਕੋਈ ਵਿਦਿਆਰਥੀ ਪੜ੍ਹਨ ਨਾ ਆਇਆ। ਛੁੱਟੀ ਹੋ ਗਈ। ਵਿਆਹ ਬੇਰੁਜ਼ਗਾਰੀ ਦੀ ਸੁਗਾਤ ਲੈ ਕੇ ਆਇਆ। ਪਿਤਾ ਨੂੰ ਇਸ ਘਟਨਾ ਬਾਰੇ ਤਾਂ ਨਹੀਂ ਦੱਸਿਆ, ਪਰ ਲਿਖਿਆ-ਪਿਆਰੇ ਪਾਪਾ, ਤੁਹਾਥੋਂ ਦੂਰ ਜਾ ਕੇ ਉਦਾਸ ਹਾਂ। ਤੁਹਾਡੀ ਚਿੱਠੀ ਮਿਲੀ, ਤੁਹਾਡੇ ਹੱਥਾਂ ਦੇ ਲਿਖੇ ਅੱਖਰ ਦੇਖ ਕੇ ਖੂਬ ਰੋਈ। ਜੀ ਕੀਤਾ, ਮਿਲਣ ਆ ਜਾਵਾਂ। ਵੀਹ ਸ਼ਲਿੰਗ ਲਗਦੇ ਨੇ...ਮਨ ਤਕੜਾ ਕਰ ਲਿਐ।

ਉਹਨੂੰ ਪੱਤਰਕਾਰਾਂ, ਸੂਹੀਆਂ, ਆਲੋਚਕਾਂ ਦੇ ਸਵਾਲਾਂ ਤੋਂ ਖਿਝ ਆਉਣ ਦੀ ਥਾਂ ਅਨੰਦ ਆਉਣ ਲੱਗ ਪਿਆ। ਵੱਡੇ ਪੰਜਿਆਂ ਵਾਲੀ ਬਿੱਲੀ ਚਾਹੁੰਦੀ ਤਾਂ ਚੂਹੇ ਨੂੰ ਮਾਰ ਸਕਦੀ ਪਰ ਖੇਡਣ ਵਿਚ ਅਨੰਦ ਲੈਂਦੀ।

***ਕਾਰਲ ਦੀ ਕਿਤਾਬ 'ਫਰਾਂਸ ਦਾ ਯੁੱਧ' ਏਂਗਲਜ਼ ਨੇ ਜਰਮਨ ਵਿਚ ਅਨੁਵਾਦ ਕਰ ਕੇ ਛਾਪ ਦਿੱਤੀ। ਏਂਗਲਜ਼ ਦੀ ਮਾਂ ਨੇ ਕਾਰਲ ਦੇ ਨਾਮ ਨਾਲ ਅਪਣੇ ਬੇਟੇ ਦਾ ਨਾਮ ਲਿਖਿਆ ਦੇਖਿਆ ਤਾਂ ਚੌਂਕ ਪਈ। ਚਿੱਠੀ ਲਿਖੀ- ਇਹ ਕਾਰਲ ਮਾਰਕਸ ਨਾਮ ਦਾ ਬੰਦਾ ਤੈਨੂੰ ਤਬਾਹ ਕਰ ਦਏਗਾ। ਮੈਂ ਸੋਚਦੀ ਰਹੀ, ਤੂੰ ਇਹਦਾ ਖਹਿੜਾ ਛੱਡ ਦਿੱਤੈ। ਏਂਗਲਜ਼ ਨੇ ਜਵਾਬ ਦਿੱਤਾ- ਕਾਰਲ ਕਦੀ ਜੰਮਿਆ ਈ ਨਾ ਹੁੰਦਾ, ਮੈਂ ਤਾਂ ਵੀ ਇਹੋ ਕੁੱਝ ਕਰਦਾ। ਇਕ ਗੱਲ ਦੀ ਦਰੁਸਤੀ ਕਰਾਂ... ਕਾਰਲ ਨੇ ਮੈਨੂੰ ਨਹੀਂ, ਮੈਂ ਉਸ ਨੂੰ ਤਬਾਹੀ ਦੇ ਰਸਤੇ ਤੋਰਿਆ ਹੋਇਐ, ਉਹ ਵੀ ਪੈਸੇ ਦੇ ਕੇ। ਉਹ ਨਾ ਹੁੰਦਾ, ਉਹਦੇ ਵਾਲਾ ਕੰਮ ਮੈਂ ਕਰਦਾ।***

ਉਸ ਨੇ ਬਰਤਾਨੀਆਂ ਦਾ ਪਾਸਪੋਰਟ ਲੈਣ ਵਾਸਤੇ ਅਰਜ਼ੀ ਪਾ ਦਿੱਤੀ ਤਾਂ ਕਿ ਜਦੋਂ ਦਿਲ ਕਰੇ ਆਪਣੀਆਂ ਧੀਆਂ ਨੂੰ ਮਿਲਣ ਫਰਾਂਸ ਜਾ ਸਕੇ। ਅਰਜ਼ੀ ਰੱਦ ਕਰਨ ਵਾਲੇ ਹੁਕਮ ਵਿਚ ਲਿਖਿਆ ਸੀ-ਇਹ ਖਤਰਨਾਕ ਜਰਮਨ ਕ੍ਰਾਂਤੀਕਾਰੀ ਹੈ, ਕਮਿਊਨਿਸਟਾਂ ਦੀ ਇੰਟਰਨੈਸ਼ਨਲ ਦਾ ਚੀਫ ਹੈ। ਇਹ ਤਾਂ ਆਪਣੇ ਦੇਸ਼, ਆਪਣੇ ਬਾਦਸ਼ਾਹ ਦਾ ਵਫਾਦਾਰ ਨਹੀਂ ਰਿਹਾ।

ਚਿਨ ਦੇ ਘਰ ਬੇਟਾ ਕਾਰੋ ਜਨਮਿਆ ਪਰ ਬਿਮਾਰ ਰਹਿੰਦਾ। ਗਿਆਰਾਂ ਮਹੀਨਿਆਂ ਦਾ ਹੋ ਕੇ ਚਲਾ ਗਿਆ। ਧੀਆਂ ਦੇ ਚਾਰ ਬੱਚਿਆਂ ਵਿਚੋਂ ਕੋਈ ਨਹੀਂ ਰਿਹਾ, ਜਿਵੇਂ ਘਰ ਨਾ ਹੋ ਕੇ, ਕਬਰਿਸਤਾਨ ਹੋਵੇ। ਉਦਾਸੀ, ਡਿਪਰੈਸ਼ਨ ਤੋਂ ਬਚਣ ਵਾਸਤੇ ਤੁਸੀ ਨਾਲ ਕਾਰਲਬਾਦ ਚਲਾ ਗਿਆ। ਇਹ ਉਹ ਸੁਹਣਾ ਕਸਬਾ ਸੀ ਜਿਥੇ ਕਦੀ ਬਾਖ, ਗੇਟੇ, ਸ਼ਿੱਲਰ, ਬੀਥੋਵਨ ਵਰਗੇ ਬੰਦੇ ਗਏ ਸਨ। ਜਿਸ ਹੋਟਲ ਵਿਚ ਠਹਿਰਿਆ, ਉਸੇ ਵਿਚ ਤੁਰਗਨੇਵ ਠਹਿਰਿਆ ਹੋਇਆ ਸੀ। ਦੋਹਾਂ ਨੇ ਕਿਸੇ ਥਾਂ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਆਪਸ ਵਿਚ ਗੱਲਬਾਤ ਹੋਈ ਕਿ ਨਹੀਂ। ਤੁਰਗਨੇਵ, ਬਾਕੂਨਿਨ ਦਾ ਪੱਕਾ ਯਾਰ ਸੀ ਤੇ ਬਰਲਿਨ ਵਿਚ ਦੋਵੇਂ ਇਕੱਠੇ ਰਹੇ ਸਨ। ਆਪਣੇ ਪ੍ਰਕਾਸ਼ਕ ਅਤੇ ਦੋਸਤਾਂ ਨੂੰ ਬਰਲਿਨ ਵਿਚ ਮਿਲ ਕੇ ਲੰਡਨ ਪਰਤ ਆਇਆ।

ਖਿੜਕੀ ਵਿਚੋਂ ਉਹ ਥਾਂ ਦਿਸਦੀ, ਜਿਥੇ ਕਾਰੋ ਦਫਨ ਕੀਤਾ ਸੀ। ਦੇਰ ਤੱਕ ਚਿਨ ਉਧਰ ਦੇਖਦੀ ਰਹਿੰਦੀ। ਇਕ ਦਿਨ ਪਤੀ ਲੋਂਗੇ ਨੂੰ ਕਿਹਾ, ਸਾਡਾ ਚਿਰਾਗ ਉਥੇ ਠੰਢ ਵਿਚ ਇਕੱਲਾ ਸੁੱਤਾ ਪਿਐ, ਮੇਰਾ ਜੀ ਕਰਦੈ ਆਪਾਂ ਉਸ ਦੇ ਨਾਲ ਸੌਂ ਜਾਂਦੇ। ਕਿਸੇ ਔਰਤ ਨੂੰ ਬੱਚੇ ਨਾਲ ਜਾਂਦੀ ਦੇਖਦੀ, ਉਧਰੇ ਦੇਖੀ ਜਾਂਦੀ। ਮਹਿਮਾਨਾਂ ਨੂੰ ਬੇਨੂਰ ਚਿਹਰਾ ਪ੍ਰੇਸ਼ਾਨ ਨਾ ਕਰੇ-ਮੂੰਹ ਢਕੀ ਰੱਖਦੀ। ਪਤੀ ਨੂੰ ਖਤ ਵਿਚ ਲਿਖਿਆ, ਇਹ ਬਸੰਤ ਸੁਹਣੇ ਫਲ-ਫੁੱਲ ਲੈ ਕੇ ਆਈ ਹੈ, ਦੂਰ ਦੂਰ ਤੱਕ ਹਰਿਆਵਲ ਅਤੇ ਰੰਗੀਨੀਆਂ, ਪਰ ਮੇਰੀਆਂ ਅੱਖਾਂ ਅੱਗੇ ਕਬਰਿਸਤਾਨ ਰਹਿੰਦੈ। ਡੂੰਘੇ ਦੁੱਖ ਮਿਲੇ।

ਦਿਨ ਕੁਝ ਬਦਲੇ, ਲੋਂਗੇ ਨੂੰ ਲੰਡਨ ਦੇ ਕਿੰਗਜ਼ ਕਾਲਜ ਵਿਚ ਫਰੈਂਚ ਅਧਿਆਪਕ ਚੁਣ ਲਿਆ। ਡੇਢ ਸੌ ਉਮੀਦਵਾਰ ਸਨ, ਵਿਕਟਰ ਹਿਊਗੋ ਵਿਸ਼ਾ-ਮਾਹਿਰ ਸੀ, ਇਕ ਨੰਬਰ 'ਤੇ ਨਾਮ ਲਿਖ ਦਿੱਤਾ। ਉਧਰ ਚਿਨ ਨੂੰ ਡਾਂਸ ਸਕੂਲ ਵਿਚ ਨੌਕਰੀ ਮਿਲ ਗਈ। ਦੋਵਾਂ ਨੇ ਵੱਖਰਾ ਫਲੈਟ ਲੈ ਲਿਆ।

ਪਹਿਲੀ ਵਾਰ ਦੁਕਾਨ ਵਿਚ ਕਾਰਲ ਨੇ ਫਿਲਟਰ ਦੇਖੇ, ਸਿਗਾਰ ਵਾਸਤੇ ਦੋ ਸੌ ਖਰੀਦ ਲਏ। ਡਾਕਟਰਾਂ ਨੇ ਬਥੇਰੀ ਵਾਰ ਕਿਹਾ ਸੀ ਤੰਬਾਕੂ ਅਤੇ ਸ਼ਰਾਬ ਛੱਡ ਦਿਉ, ਕੋਈ ਅਸਰ ਨਹੀਂ। ਹਰ ਐਤਵਾਰ ਏਂਗਲਜ਼ ਦੇ ਘਰ ਡਿਨਰ ਹੁੰਦਾ। ਮਹਿਮਾਨ ਵਿਦਾ ਹੋ ਜਾਂਦੇ, ਪਰਿਵਾਰ ਸੌਂ ਜਾਂਦਾ, ਦੋਵੇਂ ਜਾਮ ਛਲਕਾਉਂਦਿਆਂ ਰਾਤ ਬਿਤਾਉਂਦੇ।

ਮਈ 1876 ਵਿਚ ਚਿਨ ਦਾ ਬੱਚਾ ਆਉਣਾ ਸੀ। ਇਸ ਵਾਰ ਕੋਈ ਲਾਪ੍ਰਵਾਹੀ ਨਹੀਂ ਵਰਤੀ ਜਾਵੇਗੀ। ਚਿਨ ਦਾ ਕਮਰਾ ਪੂਰੀ ਤਰ੍ਹਾਂ ਸਾਫ ਕੀਤਾ ਗਿਆ ਤਾਂ ਕਿ ਇਨਫੈਕਸ਼ਨ ਨਾ ਹੋਵੇ। ਉਹ ਇਕੱਲੀ ਕਮਰੇ ਵਿਚ ਰਹੇਗੀ, ਕੇਵਲ ਨਰਸ ਜਾਇਆ ਕਰੇਗੀ। ਲੋਂਗੇ ਵੀ ਮਾਂ ਕੋਲ ਪਿੰਡ ਚਲਾ ਗਿਆ। ਦਸ ਮਈ ਨੂੰ ਪੁੱਤਰ ਨੇ ਜਨਮ ਲਿਆ, ਨਾਮ ਰੱਖਿਆ ਜੀਨ। ਜਾਨੀ ਵੀ ਕਹਿੰਦੇ।

ਏਂਗਲਜ਼ ਨੇ ਲਿਖਿਆ, ਕਾਮਿਆਂ ਕੋਲ ਵੋਟ ਅਤੇ ਹਥਿਆਰ ਦੋਵਾਂ ਉਪਰ ਹੱਕ ਹੈ। ਹਥਿਆਰਾਂ ਉਪਰ ਜੇ ਕੇਵਲ ਸਟੇਟ ਦਾ ਅਧਿਕਾਰ ਰਹੇਗਾ; ਤਦ ਯਕੀਨਨ ਇਹ ਕਿਰਤੀਆਂ ਵਿਰੁਧ ਵਰਤੇ ਜਾਣਗੇ। ਜਾਂਗਲੀ ਕਬੀਲਿਆਂ ਤੋਂ ਲੈ ਕੇ ਅੱਜ ਤੱਕ ਇਹੀ ਹੋ ਰਿਹਾ ਹੈ। ਜਿਸ ਕੋਲ ਵਧੀਆ ਹਥਿਆਰ, ਉਸੇ ਕੋਲ ਜਾਇਦਾਦ; ਉਸੇ ਕੋਲ ਰਾਜਸੀ ਤਾਕਤ।

ਮਲਕਾ ਵਿਕਟੋਰੀਆ ਦੀ ਸ਼ਾਹਜ਼ਾਦੀ ਜਿਸ ਨੇ ਜਰਮਨੀ ਦੇ ਬਾਦਸ਼ਾਹ ਦੀ ਮਹਾਰਾਣੀ ਬਣਨਾ ਸੀ, ਨੇ ਪਾਰਲੀਮੈਂਟ ਮੈਂਬਰ ਗ੍ਰਾਂਟ ਡਫ ਤੋਂ ਪੁੱਛਿਆ, ਇਹ ਕਾਰਲ ਮਾਰਕਸ ਕੀ ਚੀਜ਼ ਹੈ? ਗ੍ਰਾਂਟ ਨੇ ਕਿਹਾ, ਸਨਮਾਨਯੋਗ ਸ਼ਾਹਜ਼ਾਦੀ! ਮੈਨੂੰ ਕੁਝ ਪਤਾ ਨਹੀਂ, ਪਰ ਮੈਂ ਪਤਾ ਕਰ ਦਿਆਂਗਾ। ਉਸ ਨੇ ਕਾਰਲ ਨੂੰ ਸੱਦਾ ਭੇਜਿਆ ਕਿ ਕਲੱਬ ਵਿਚ ਮਿਲੋ। ਦੋਵਾਂ ਨੇ ਲੰਚ ਕੀਤਾ ਤੇ ਤਿੰਨ ਘੰਟੇ ਗੱਲਾਂ ਕਰਨ ਵਿਚ ਰੁੱਝੇ ਰਹੇ। ਵਾਪਸ ਜਾ ਕੇ ਦੱਸਿਆ, ਸ਼ਾਹਜ਼ਾਦੀ, ਪੁਲਿਸ ਨੇ ਜਿਵੇਂ ਉਸ ਦਾ ਅਕਸ ਪੰਘੂੜਿਆਂ ਵਿਚੋਂ ਬੱਚੇ ਚੁੱਕ ਕੇ ਖਾ ਜਾਣ ਵਾਲਾ ਆਦਮਖੋਰ ਬਣਾ ਰੱਖਿਐ, ਇਸ ਤਰ੍ਹਾਂ ਦਾ ਬਿਲਕੁਲ ਨਹੀਂ ਉਹ। ਕਾਰਲ ਮਾਰਕਸ ਸਿਆਣਾ ਵਿਦਵਾਨ ਤੇ ਪੂਰਨ ਸਾਊ ਬੰਦਾ ਹੈ। ਉਸ ਨੂੰ ਭੂਤਕਾਲ ਅਤੇ ਵਰਤਮਾਨ ਦੀ ਸਹੀ ਪਛਾਣ ਹੈ ਪਰ ਭਵਿੱਖ ਬਾਰੇ ਹਵਾਈ ਕਿਲੇ ਉਸਾਰਦਾ ਹੈ। ਕਹਿੰਦੈ ਪਹਿਲਾਂ ਰੂਸ ਦੀ ਸਲਤਨਤ ਟੁੱਟੇਗੀ, ਫਿਰ ਜਰਮਨੀ ਵਿਚ ਇਨਕਲਾਬ ਆਏਗਾ। ਮੈਂ ਪੁੱਛਿਆ, ਪਰ ਸੈਨਾ ਆਪਣੀ ਹਕੂਮਤ ਵਿਰੁਧ ਕਿਵੇਂ ਹੋ ਜਾਵੇਗੀ? ਕਾਰਲ ਨੇ ਕਿਹਾ, ਵੱਡੀ ਗਿਣਤੀ ਵਿਚ ਫੌਜੀ ਖੁਦਕੁਸ਼ੀਆਂ ਕਰ ਰਹੇ ਨੇ, ਉਹ ਵੇਲਾ ਦੂਰ ਨਹੀਂ ਜਦੋਂ ਉਨ੍ਹਾਂ ਦੀਆਂ ਬੰਦੂਕਾਂ ਦੀਆਂ ਨਾਲੀਆਂ ਅਫਸਰਾਂ ਵੱਲ ਹੋ ਜਾਣਗੀਆਂ। ਫਿਰ ਪੁੱਛਿਆ, ਕੀ ਇਹ ਹੋ ਸਕਦੈ ਕਿ ਯੂਰਪ ਦੇ ਸਾਰੇ ਦੇਸ਼ ਹਥਿਆਰ ਘਟਾਉਣ ਲਈ ਕੋਈ ਸਮਝੌਤਾ ਕਰ ਲੈਣ, ਕਿਉਂਕਿ ਯੁੱਧ ਦੀ ਤਬਾਹੀ ਭਿਆਨਕ ਹੈ। ਕਾਰਲ ਨੇ ਕਿਹਾ, ਬਿਲਕੁਲ ਨਹੀਂ। ਮੰਡੀ ਵਿਚ

***(ਬਾਕੀ ਅਗਲੇ ਸਫੇ 'ਤੇ)***

***ਏਂਗਲਜ਼ ਨੇ ਲਿਖਿਆ- ਮਨੁੱਖਤਾ ਇਸ ਫਿਲਾਸਫਰ ਬਗੈਰ ਗਰੀਬ ਹੋ ਗਈ ਹੈ। ਅੱਜ ਦੇ ਸਮੇਂ ਉਸ ਜਿੱਡਾ ਕੱਦਾਵਰ ਸ਼ਖਸ ਕੋਈ ਨਹੀਂ। ਕਾਮਿਆਂ ਦੀ ਮੁਕਤੀ ਲਈ ਲਹਿਰ ਚੱਲ ਪਈ ਹੈ ਜੋ ਰੁਕੇਗੀ ਨਹੀਂ।...ਉਮਰ ਚੌਂਹਟ ਸਾਲ, 17 ਮਾਰਚ 1883 ਨੂੰ ਦਫਨ ਕਰਨ ਵਕਤ ਗਿਆਰਾਂ ਬੰਦੇ ਜਨਾਜ਼ੇ ਨਾਲ ਸਨ।...ਥੋੜ੍ਹੇ ਸਮੇਂ ਵਿਚ ਏਂਗਲਜ਼ ਨੂੰ ਤਿੰਨ ਸ਼ਰਧਾਂਜਲੀਆਂ ਲਿਖਣੀਆਂ ਪਈਆਂ। ਉਹਨੇ ਲਿਖਿਆ-ਕਾਰਲ ਵਰਗਾ ਬਲਵਾਨ ਕੌਣ ਹੋਏਗਾ ਜਿਸ ਨੇ ਨਿਰੱਥਿਆਂ ਚੱਟਾਨਾਂ ਤੋੜੀਆਂ। ਮਜ਼ਬੂਤ ਸਲਤਨਤਾਂ ਦੇ ਮਹਿਲਾਂ ਅੰਦਰ ਉਸ ਦੀ ਲਲਕਾਰ ਪੁੱਜ ਗਈ ਸੀ। ਕਾਰਲ ਨੇ ਮਨੁੱਖਤਾ ਦੇ ਆਰਥਿਕ ਵਿਕਾਸ ਦਾ ਫਲਸਫਾ ਰਚਦਿਆਂ ਕਿਹਾ-ਸਿਆਸਤ, ਵਿਗਿਆਨ, ਆਰਟ, ਧਰਮ ਆਦਿਕ ਸਭਨਾਂ ਬਾਰੇ ਸਿੱਖ ਲਵਾਂਗੇ, ਪਹਿਲਾਂ ਰੋਟੀ ਮਿਲੇ ਖਾਣ ਨੂੰ।***

ਸਖਤ ਮੁਕਾਬਲਾ ਹੋਣ ਕਰ ਕੇ ਸਟੇਟਾਂ ਅਸੁਰੱਖਿਅਤ ਹਨ। ਵੱਧ ਹਥਿਆਰ ਬਣਨਗੇ ਤੇ ਵਧੀਕ ਖਤਰਨਾਕ ਬਣਨਗੇ। ਸਭ ਤੋਂ ਵੱਡੇ ਬਜਟ ਜੰਗੀ ਇੰਜਣ ਚਲਾਉਣ ਵਾਸਤੇ ਰੱਖੇ ਜਾਣਗੇ।

ਗ੍ਰਾਂਟ ਦੇ ਸ਼ਾਹਜ਼ਾਦੀ ਨੂੰ ਕਹੇ ਆਖਰੀ ਸ਼ਬਦ-ਸੁਫਨਸਾਜ਼ ਹੋਣ ਕਰ ਕੇ ਉਹ ਖਤਰਨਾਕ ਨਹੀਂ। ਮੈਂ ਉਸ ਦੇ ਇਕਦਮ ਉਲਟ ਖਿਆਲਾਂ ਦਾ ਬੰਦਾ ਹਾਂ, ਪਰ ਇਕ ਵਾਰ ਫਿਰ ਮਿਲਾਂਗਾ। ਉਹਦੀ ਇੱਛਾ ਮੁਤਾਬਕ ਉਪਰਲੀ ਦੁਨੀਆਂ ਹੇਠ ਹੋ ਜਾਵੇਗੀ, ਅਜਿਹਾ ਨਹੀਂ ਹੋਣ ਲੱਗਾ ਪਰ ਉਹ ਸੰਸਾਰ ਉਪਰ ਅਸਰ-ਅੰਦਾਜ਼ ਹੋ ਰਿਹੈ।


ਬੱਚਿਆਂ ਨੂੰ ਪਿਆਰ ਕਰਨ ਵਾਲਾ; ਕਿਸੇ ਥਾਂ ਬੱਚਾ ਉਦਾਸ ਖਲੋਤਾ ਦੇਖਦਾ, ਉਸ ਦੀ ਜੇਬ ਵਿਚ ਪੈਸਾ ਦੋ ਪੈਸੇ ਪਾ ਦਿੰਦਾ; ਜੇਬ ਖਾਲੀ ਹੁੰਦੀ ਤਾਂ ਮਿੱਠੇ ਬੋਲ ਬੋਲਦਾ, ਸਿਰ 'ਤੇ ਹੱਥ ਫੇਰਦਾ। ਕਦੀ ਕਦਾਈਂ ਤਾਂ ਬੱਚਿਆਂ ਦੀ ਟੋਲੀ ਖੇਡਣ ਵਾਸਤੇ ਇਉਂ ਘੇਰਾ ਪਾ ਲੈਂਦੀ ਜਿਵੇਂ ਉਨ੍ਹਾਂ ਦਾ ਫਾਦਰ ਕ੍ਰਿਸਮਸ ਹੋਵੇ ਪਰ ਆਪਣੇ ਨਾਜਾਇਜ਼ ਬੇਟੇ ਫਰੈਡੀ ਲਈ ਉਸ ਨੇ ਕੁਝ ਨਾ ਕੀਤਾ, ਉਹ ਉਨੱਤੀ ਸਾਲ ਦਾ ਹੋ ਗਿਆ ਤੇ ਸ਼ਾਦੀ ਸ਼ੁਦਾ। ਕਦੀ ਕਦਾਈਂ ਆਪਣੀ ਮਾਂ ਲਿੰਚਨ ਨੂੰ ਮਿਲ ਜਾਂਦਾ।

ਫਰਾਂਸ ਸਰਕਾਰ ਨੇ ਆਮ ਮੁਆਫੀ ਦਾ ਐਲਾਨ ਕਰ ਦਿੱਤਾ। ਸ਼ੁਕਰ ਹੋਇਆ, ਜਲਾਵਤਨ ਆਪਣੇ ਟਿਕਾਣਿਆਂ 'ਤੇ ਪਰਤਣ, ਖਾਨਾਬਦੋਸ਼ੀ ਖਤਮ। ਕਾਰਲ ਤੇ ਏਂਗਲਜ਼ ਨਵੀਂ ਪੀੜ੍ਹੀ ਦੇ ਮਸੀਹੇ ਬਣ ਗਏ ਸਨ। ਨਵਾਂ ਕੰਮ ਸ਼ੁਰੂ ਕਰਨ ਵੇਲੇ ਅਸੀਸ ਲੈਣ ਆਉਂਦੇ। ਪਾਰਟੀ ਦੇ ਮਸਲੇ ਹੋਣ ਜਾਂ ਘਰ ਦੇ, ਉਨ੍ਹਾਂ ਦੀ ਇਹੋ ਸੁਪਰੀਮ ਕੋਰਟ ਹੁੰਦੀ। ਲੀਓ ਹਰਟਮੈਨ ਮਿਲਣ ਆਇਆ ਜਿਸ ਨੇ ਜ਼ਾਰ ਸਿਕੰਦਰ ਦੂਜੇ ਦੇ ਕਤਲ ਦੀ ਸਕੀਮ ਬਣਾਈ ਸੀ, ਸਫਲ ਨਹੀਂ ਹੋਈ ਤੇ ਦੌੜ ਆਇਆ। ਕਾਰਲ ਖੁਸ਼ੀ ਨਾਲ ਮਿਲਿਆ, ਉਸ ਦੀਆਂ ਚਮਕਦੀਆਂ ਅੱਖਾਂ, ਮੁਸਕਾਉਂਦੇ ਹੋਠ, ਨਿਮਰ ਬੋਲ ਸਭ ਨੂੰ ਚੰਗੇ ਲਗਦੇ।

ਚਿਨ ਨੂੰ ਮਿਲਣ ਕਾਰਲ ਤੇ ਜੈਨੀ ਪੈਰਿਸ ਲਈ ਰਵਾਨਾ ਹੋ ਗਏ। ਬੱਚਿਆਂ ਸਮੇਤ ਜਦੋਂ ਦੀ ਗਈ ਸੀ, ਘਰ ਭਾਂ-ਭਾਂ ਕਰ ਰਿਹਾ ਸੀ। ਫਲਸਰੂਪ ਜੈਨੀ ਨੇ ਮੰਜਾ ਮੱਲ ਲਿਆ। ਟੈਸਟਾਂ ਵਿਚ ਕੈਂਸਰ ਦੇ ਲੱਛਣ ਆ ਗਏ। ਨਾਲੇ ਦੋਹਤੇ ਦੋਹਤੀਆਂ ਨੂੰ ਮਿਲੇਗੀ, ਨਾਲੇ ਉਹ ਥਾਂਵਾਂ ਦੇਖੇਗੀ ਜਿਥੇ ਜੁਆਨੀ ਵਕਤ ਰਹੀ, ਤੇ 32 ਸਾਲ ਪਹਿਲਾਂ ਦੇਸ਼ ਨਿਕਾਲਾ ਮਿਲਿਆ। ਬੱਚਿਆਂ ਦੀਆਂ ਕਿਲਕਾਰੀਆਂ, ਹਾਸੇ ਦੇਖ ਕੇ ਲੱਗਾ ਜਿਵੇਂ ਕਦੀ ਬਿਮਾਰ ਨਹੀਂ ਹੋਈ। ਪੁਰਾਣਾ ਪੈਰਿਸ ਦੇਖਣ ਲਈ ਜਾਣ ਤੋਂ ਪਹਿਲਾਂ ਡਾਕਟਰ ਨੇ ਅਫੀਮ ਦੀ ਤਕੜੀ ਡੋਜ਼ ਖੁਆਈ।

ਲੰਡਨ ਵਾਪਸੀ ਦੇ ਸਫਰ ਵਿਚ ਫਿਰ ਬਿਮਾਰ ਹੋ ਗਈ। ਨਿੱਕੀ ਧੀ ਤੂਸੀ ਸਿਆਸਤ ਵਿਚ ਸਰਗਰਮ ਹੋ ਗਈ। ਵੱਡੀਆਂ ਭੈਣਾਂ ਵਾਂਗ ਉਹ ਪਾਪਾ ਦਾ ਪਰਛਾਵਾਂ ਬਣ ਕੇ ਨਹੀਂ ਤੁਰੇਗੀ, ਆਪਣੀ ਤਕਦੀਰ ਖੁਦ ਘੜੇਗੀ। ਉਸ ਨੇ ਕਾਮਿਆਂ ਅਤੇ ਆਇਰਲੈਂਡ ਦੇ ਲੋਕਾਂ ਦੇ ਹੱਕ ਵਿਚ ਨਿੱਤਰਨਾ ਸ਼ੁਰੂ ਕੀਤਾ। ਇਨ੍ਹਾਂ ਮੀਟਿੰਗਾਂ ਵਿਚ ਉਸ ਨੂੰ ਇਕ ਜੁਆਨ ਜਿਸ ਦਾ ਨਾਮ ਬਰਨਾਰਡ ਸ਼ਾਅ ਸੀ, ਮਿਲਿਆ। ਸ਼ਾਅ ਨੇ ਦੱਸਿਆ ਕਿ ਉਸ ਨੇ ਫਰੈਂਚ ਵਿਚ 'ਕੈਪੀਟਲ' ਪੜ੍ਹੀ ਹੈ ਤੇ ਉਹ ਕਮਿਊਨਿਸਟ ਹੋ ਗਿਐ। ਤੂਸੀ ਦਾ ਦੂਜਾ ਸ਼ੌਕ ਥਿਏਟਰ ਅਤੇ ਸੰਗੀਤ ਸੀ।

ਮਾਂ ਜੈਨੀ ਦਿਨੋ-ਦਿਨ ਨਿੱਘਰਦੀ ਜਾ ਰਹੀ ਸੀ, ਬਿਮਾਰੀ ਲਾਇਲਾਜ। ਕਾਰਲ ਨੂੰ ਦਮਾ ਹੋ ਗਿਆ, ਖੰਘ ਵਿਚ ਖੂਨ ਆਉਂਦਾ। ਦੋ ਅਕਤੂਬਰ 1881 ਨੂੰ ਜੈਨੀ ਚੱਲ ਵਸੀ। ਕਾਰਲ ਕਬਰਸਤਾਨ ਤੱਕ ਨਾ ਜਾ ਸਕਿਆ। ਏਂਗਲਜ਼ ਨੇ ਸ਼ਰਧਾਂਜਲੀ ਪੜ੍ਹੀ। ਉਮਰ 67 ਸਾਲ। ਸ਼ਰਧਾਂਜਲੀ ਦਾ ਆਖਰੀ ਵਾਕ-ਇਹ ਸੀ ਉਹ ਅਦਭੁਤ ਔਰਤ ਜਿਹੜੀ ਲੋੜਵੰਦਾਂ ਦੀ ਮਦਦ ਰਾਹੀਂ ਉਨ੍ਹਾਂ ਨੂੰ ਖੁਸ਼ ਕਰਦੀ, ਇਸ ਵਿਚੋਂ ਉਹ ਆਪਣੀ ਖੁਸ਼ੀ ਹਾਸਲ ਕਰ ਲੈਂਦੀ। ਸਿਬਲੀ ਨੇ ਲਿਖਿਆ, ਕੁਦਰਤ ਨੇ ਆਪਣਾ ਸ਼ਾਹਕਾਰ ਆਪ ਖਤਮ ਕਰ ਦਿੱਤਾ। ਇੰਨੀ ਹਮਦਰਦ ਅਤੇ ਹਸਮੁਖ ਔਰਤ ਮੈਂ ਹੋਰ ਨਹੀਂ ਦੇਖੀ।...ਏਂਗਲਜ਼ ਨੇ ਕਿਹਾ, ਕਾਰਲ ਨੂੰ ਵੀ ਹੁਣ ਮਰਿਆ ਸਮਝੋ ਭਾਈਓ।



***ਮੀਟਿੰਗ ਦੇ ਅਖੀਰ ਵਿਚ ਕਾਰਲ ਨੇ ਕਿਹਾ-ਬਾਕੂਨਿਨ ਦੀਆਂ ਹਿੰਸਕ ਕਾਰਵਾਈਆਂ ਦਾ ਤੁਹਾਨੂੰ ਪਤੈ, ਮੈਂ ਪਬਲਿਕ ਵਿਚ ਨਸ਼ਰ ਨਹੀਂ ਕਰਨਾ ਚਾਹੁੰਦਾ। ਮੈਂ ਉਸ ਨੂੰ ਇੰਟਰਨੈਸ਼ਨਲ ਵਿਚੋਂ ਕੱਢਣ ਦਾ ਪ੍ਰਸਤਾਵ ਪੇਸ਼ ਕਰਦਾ ਹਾਂ। ਬਾਕੂਨਿਨ ਖੁਦ ਨਹੀਂ ਆਇਆ ਸੀ, ਜਾਣਦਾ ਸੀ ਘੱਟ-ਗਿਣਤੀ ਵਿਚ ਹੈ। ਵੋਟਾਂ ਨਾਲ ਪ੍ਰਸਤਾਵ ਪਾਸ ਹੋ ਗਿਆ। ਬਾਕੂਨਿਨ ਦੇ ਚੇਲੇ ਨੇ ਬੰਦੂਕ ਤਾਣ ਕੇ ਕਿਹਾ-ਇਹੋ ਜਿਹੇ ਗੱਦਾਰਾਂ ਲਈ ਗੋਲੀ ਸਹੀ ਇਲਾਜ ਹੈ। ਝਪਟ ਮਾਰ ਕੇ ਬੰਦੂਕ ਖੋਹ ਲਈ, ਤੇ ਕਾਮਰੇਡ ਨੂੰ ਬਾਹਰ ਲੈ ਗਏ। ਇਸ ਘਟਨਾ ਨੇ ਕਾਰਲ ਦੇ ਫੈਸਲੇ ਦੀ ਸਹੀ ਉਪਰ ਮੁਹਰ ਲਾ ਦਿੱਤੀ।***

ਕਾਰਲ ਹੈਟ ਕੋਟ ਪਹਿਨਦਾ, ਕਿਸੇ ਪਾਸੇ ਤੁਰ ਪੈਂਦਾ। ਕੋਈ ਮੰਜ਼ਲ ਨਹੀਂ ਕਿਉਂਕਿ ਨਕਸ਼ਾ ਗੁਆਚ ਗਿਆ। ਵਾਪਸੀ ਵੇਲੇ ਘਰ ਪਛਾਣਨਾ ਭੁੱਲ ਜਾਂਦਾ। ਜਦੋਂ ਚਾਬੀ ਨਾਲ ਜੰਦਰਾ ਨਾ ਖੁੱਲ੍ਹਦਾ ਤਾਂ ਪਤਾ ਲਗਦਾ, ਇਹ ਆਪਣਾ ਘਰ ਨਹੀਂ। ਵਿਗੜੀ ਸਿਹਤ ਮੁੜ ਕਦੀ ਨਾ ਸੰਵਰੀ। ਡਾਕਟਰਾਂ ਨੇ ਕਿਹਾ, ਕਦੀ ਕਦਾਈਂ ਸਾਰੇ ਸਰੀਰ ਉਤੇ ਆਇਓਡੀਨ ਦਾ ਲੇਪ ਕਰ ਲਿਆ ਕਰੋ। ਆਇਓਡੀਨ ਦਾ ਲੇਪ ਇੰਨਾ ਲੜਦਾ ਕਿ ਚਮੜੀ 'ਤੇ ਧੱਫੜ ਪੈ ਜਾਂਦੇ। ਚਿਨ ਨੂੰ ਕਿਹਾ, ਬਸ ਇਹ ਥੋੜ੍ਹਾ ਕੁ ਸਮਾਂ ਮੇਰੇ ਲਈ ਸੁਖਦਾਈ ਹੁੰਦੈ, ਕਿਉਂਕਿ ਇਸ ਵੇਲੇ ਮੈਨੂੰ ਜੈਨੀ ਯਾਦ ਨਹੀਂ ਰਹਿੰਦੀ। ਅਠੱਤੀ ਸਾਲ ਦਾ ਸਾਥ ਕਿਵੇਂ ਭੁੱਲਾਂ? ਚਿਨ ਨੂੰ ਕਿਹਾ, ਮਨ ਦੇ ਰੋਗ ਤੋਂ ਛੁਟਕਾਰਾ ਪਾਉਣ ਦਾ ਤਰੀਕਾ ਸਰੀਰਕ ਕਸ਼ਟ ਹੈ। ਸਾਰੀ ਦੁਨੀਆਂ ਦਾ ਦੁਖ ਇਕ ਪਾਸੇ, ਦਰਦ ਕਰਦੀ ਜਾੜ੍ਹ ਦਾ ਦੁਖ ਇਕ ਪਾਸੇ, ਜਾੜ੍ਹ ਦਾ ਦੁਖ ਭਾਰੂ ਹੈ। ਜਵਾਈ ਲੋਂਗੇ ਨੇ ਪੈਰਿਸ ਅਖਬਾਰ ਵਿਚ ਆਪਣੀ ਸੱਸ ਨੂੰ ਜੋ ਸ਼ਰਧਾਂਜਲੀ ਦਿੱਤੀ, ਉਸ ਵਿਚ ਇਹ ਵੀ ਲਿਖ ਦਿੱਤਾ-ਦੋਵਾਂ ਦੀ ਜੋੜੀ ਵਿਚ ਤਕਰਾਰ ਉਠਦਾ ਰਿਹਾ। ਜੈਨੀ ਈਸਾਈ ਸੀ, ਕਾਰਲ ਯਹੂਦੀ। ਕਾਰਲ ਨੇ ਜਵਾਈ ਨੂੰ ਕਿਹਾ, ਤਕਰਾਰ ਹਰ ਘਰ ਵਿਚ ਹੁੰਦੇ ਨੇ, ਇਹ ਤਕਰਾਰ ਕਦੀ ਨਹੀਂ ਹੋਇਆ। ਤੂੰ ਮੇਰਾ ਜਵਾਈ ਹੈਂ, ਤੇਰੇ ਹਵਾਲੇ ਨਾਲ ਪ੍ਰੈਸ ਮਸਾਲੇਦਾਰ ਗੱਲਾਂ ਛਾਪੇਗੀ। ਅੱਜ ਤੋਂ ਬਾਅਦ ਆਪਣੀ ਕਿਸੇ ਲਿਖਤ ਵਿਚ ਮੇਰਾ ਅਤੇ ਜੈਨੀ ਦਾ ਜ਼ਿਕਰ ਨਾ ਕਰੀਂ।

ਕਾਰਲ ਨੂੰ ਡਾਕਟਰਾਂ ਨੇ ਕਿਹਾ, ਦੂਰ ਜਾ ਕੇ ਆਰਾਮ ਕਰੋ। ਤਣਾਉ ਦੂਰ ਹੋਵੇਗਾ। ਰਿਵਾਜ ਮੁਤਾਬਕ ਸਭ ਤੋਂ ਛੋਟੇ ਨੇ ਨਾਲ ਜਾ ਕੇ ਸੇਵਾ ਕਰਨੀ ਹੁੰਦੀ ਹੈ ਪਰ ਤੂਸੀ ਨੇ ਇਨਕਾਰ ਕਰ ਦਿੱਤਾ। ਕਿਉਂ? ਮੈਂ ਕਿਉਂ ਜਾਵਾਂ? ਮੇਰੀ ਆਪਣੀ ਵੀ ਕੋਈ ਲਾਈਫ ਐ। ਸਾਰਿਆਂ ਦੇ ਜ਼ੋਰ ਪਾਉਣ 'ਤੇ ਆਖਰ ਹਾਂ ਕਰ ਦਿੱਤੀ। ਖੁਦ ਬਿਮਾਰ ਹੋ ਗਈ। ਆਪਣੀ ਸਹੇਲੀ ਨੂੰ ਸੁਨੇਹਾ ਭੇਜਿਆ, ਫਟਾਫਟ ਆ। ਆਈ ਤਾਂ ਦੇਖਿਆ ਤੂਸੀ ਪੂਰੀ ਮੰਜੇ ਨਾਲ ਲੱਗ ਚੁੱਕੀ ਸੀ। ਸਹੇਲੀ ਤੋਂ ਪਿਤਾ ਨੇ ਤਕਲੀਫ ਜਾਣੀਂ। ਗੁੱਸੇ ਵਿਚ ਆ ਗਿਆ, ਤੂੰ ਸਾਰੇ ਜਹਾਨ ਨੂੰ ਦੱਸਿਆ ਹੋਣੈ ਤੂੰ ਬਿਮਾਰ ਐਂ, ਮੇਰੇ ਸਿਵਾ। ਕਿਉਂ? ਤੂਸੀ ਨੇ ਕਿਹਾ, ਤੁਸੀਂ ਫਿਰ ਵੀ ਨਾਰਾਜ਼ ਹੋਣਾ ਸੀ, ਕਿ ਬੱਚੇ ਬਿਮਾਰ ਹੋਣ ਦੀ ਅੱਯਾਸ਼ੀ ਨਹੀਂ ਕਰ ਸਕਦੇ।

ਸਤਾਈ ਸਾਲ ਦੀ ਹੋ ਗਈ, ਪੁਰਾਣਾ ਰੋਮਾਂਸ ਭੁੱਲ ਗਿਆ। ਆਪਣੀ ਸਹੇਲੀ ਨੂੰ ਕਿਹਾ, ਮੈਂ ਇੰਨੀ ਬੁੱਧੀਵਾਨ ਨਹੀਂ ਕਿ ਅਕਲ ਦੀ ਧਾਂਕ ਜਮਾ ਦਿਆਂ ਪਰ ਇੰਨੀ ਮੂਰਖ ਵੀ ਨਹੀਂ ਕਿ ਕੁਝ ਵੀ ਨਾ ਕਰ ਸਕਾਂ ਤੇ ਬੈਠੀ ਰਹਾਂ। ਚਿਨ ਨੂੰ ਦੱਸਿਆ, ਮੇਰਾ 9 ਸਾਲ ਪੁਰਾਣਾ ਇਸ਼ਕ ਖਤਮ ਹੋਇਆ। ਉਡੀਕਦੀ ਰਹੀ ਕਿ ਮੰਗੇਤਰ ਵਲੋਂ ਟੁੱਟਣ ਦਾ ਵਾਕ ਆ ਜਾਵੇ, ਉਹ ਇੰਨਾ ਚੰਗਾ ਤੇ ਸ਼ਰੀਫ ਨਿਕਲਿਆ ਕਿ ਜਵਾਬ ਦਿੱਤਾ ਹੀ ਨਾ। ਆਖਰ ਮੈਨੂੰ ਹੀ ਕਹਿਣਾ ਪਿਆ, ਗੱਲ ਖਤਮ। ਚਿਨ ਨੇ ਜਵਾਬ ਦਿੱਤਾ, ਚੰਗਾ ਕੀਤਾ। ਤੇਰੇ ਵਿਚ ਮੇਰੇ ਨਾਲੋਂ ਵੱਧ ਤਾਕਤ ਹੈ। ਤੂੰ ਥਿਏਟਰ ਕਰਨਾ ਹੈ ਤਾਂ ਵੱਡੇ ਕਲਾਕਾਰਾਂ ਕੋਲ ਜਾਣ ਤੋਂ ਝਿਜਕੀ ਨਾ। ਉਨ੍ਹਾਂ ਦਾ ਨਾਮ ਵੱਡਾ ਹੈ ਤਾਂ ਕੀ, ਤੇਰੇ ਨਾਮ ਨਾਲ ਵੀ ਮਾਰਕਸ ਸ਼ਬਦ ਲੱਗਿਆ ਹੋਇਐ।

ਕਾਰਲ ਨੇ ਏਂਗਲਜ਼ ਨੂੰ ਲਿਖਿਆ, ਪਿਆਰੇ ਸ੍ਰੀਮਾਨ, ਲਿਖਾਈ ਤਾਂ ਮੁੱਢੋਂ ਖਰਾਬ ਸੀ, ਹੁਣ ਸਪੈਲਿੰਗ ਵੀ ਗਲਤ ਹੋਣ ਲੱਗੇ, ਗ੍ਰਾਮਰ ਵੀ ਗਲਤ। ਕੁਝ ਵੀ ਠੀਕ ਨਹੀਂ ਰਿਹਾ। ਜੈਨੀ ਗਲਤ ਨੂੰ ਠੀਕ ਸਮਝ ਲੈਂਦੀ, ਠੀਕ ਕਰ ਦਿੰਦੀ, ਹੁਣ ਤੁਸੀਂ ਆਪ ਇਹ ਕੰਮ ਕਰਿਉ। ਬਿਮਾਰ ਹਾਂ, ਸਿਰ ਦੇ ਵਾਲ ਛੋਟੇ ਕਰਵਾ ਦਿੱਤੇ, ਦਾਹੜੀ ਸਫਾਚੱਟ। ਇਸ ਘੋੜੇ ਦੀ ਗਰਦਣ ਰੁੰਡ ਮਰੁੰਡ ਹੈ। ਸਾਬਤ ਚਿਹਰੇ ਵਾਲੀ ਫੋਟੋ ਖਿਚਵਾ ਲਈ ਹੈ। ਨਾਈ ਦੀ ਵੇਦੀ ਉਪਰ ਬਲਿਦਾਨ ਦੇ ਦਿੱਤਾ। ਦੋਹਤਿਆਂ ਦੀਆਂ ਕਿਲਕਾਰੀਆਂ ਸੁਣਨ ਚਿਨ ਕੋਲ ਚੱਲਿਆਂ। ਵੱਡੇ ਨਾਲੋਂ ਛੋਟਾ ਜਹਾਨ ਠੀਕ ਐ।

ਤੂਸੀ ਨੇ ਕਿਸੇ ਸਭਾ ਵਿਚ ਰਾਬਰਟ ਬਰਾਊਨਿੰਗ ਦੀਆਂ ਕਵਿਤਾਵਾਂ ਇੰਨੇ ਦਿਲਕਸ਼ ਅੰਦਾਜ਼ ਵਿਚ ਸੁਣਾਈਆਂ ਕਿ ਇਕ ਔਰਤ ਉਸ ਕੋਲ ਆਈ, ਕਿਹਾ, ਕੁੜੀਏ ਮੈਂ ਤੈਨੂੰ ਬਰਾਊਨਿੰਗ ਕੋਲ ਲੈ ਚੱਲਾਂਗੀ, ਉਹਨੂੰ ਸੁਣਾਈਂ। ਮੇਰਾ ਮੁੰਡਾ ਵੀ ਲਿਖਦਾ, ਅਮਰੀਕਾ ਵਿਚ। ਉਹਦਾ ਨਾਂ ਆਸਕਰ ਵਾਈਲਡ ਐ। ਖੋਤਾ ਹੈ ਇਕ ਦਮ।

ਕਾਰਲ ਨੂੰ ਜਦੋਂ ਕੋਈ ਦੱਸਦਾ ਕਿ ਮੈਂ ਮਾਰਕਸਵਾਦੀ ਆਂ, ਖਿਝ ਕੇ ਆਖਦਾ, ਮੈਂ ਮਾਰਕਸ ਹਾਂ, ਮਾਰਕਸਵਾਦ ਨਹੀਂ। ਮਾਰਕਸਵਾਦੀ ਹੋਣਾ ਚੰਗੀ ਗੱਲ ਨਹੀਂ ਹੁੰਦੀ।

ਚਿਨ ਬਿਮਾਰ ਰਹਿੰਦੀ, ਕਮਜ਼ੋਰ ਹੋ ਗਈ, ਇਲਾਜ ਲਈ ਪੈਸੇ ਨਹੀਂ, 11 ਜਨਵਰੀ 1883 ਨੂੰ ਮੌਤ ਹੋਈ। ਕਾਰਲ, ਮੇਟਲੈਂਡ ਪਾਰਕ ਗਿਆ ਹੋਇਆ ਸੀ। ਇਹ ਖਬਰ ਉਸ ਲਈ ਮੌਤ ਦਾ ਵਾਰੰਟ ਹੋਵੇਗੀ, ਤੂਸੀ ਨੂੰ ਭੇਜਿਆ ਗਿਆ। ਸਾਰੇ ਰਾਹ ਤੂਸੀ ਸੋਚਦੀ ਰਹੀ, ਕਿਵੇਂ ਪਾਪਾ ਨੂੰ ਦੱਸਾਂਗੀ। ਜਦੋਂ ਮਿਲੀ, ਉਸ ਨੂੰ ਇਕ ਸ਼ਬਦ ਵੀ ਨਹੀਂ ਬੋਲਣਾ ਪਿਆ। ਉਹਨੂੰ ਦੇਖਣ ਸਾਰ ਸਮਝ ਗਿਆ ਤੇ ਬੋਲਿਆ, ਚਿਨ ਗਈ। ਤੂੰ ਬੱਚਿਆਂ ਦੀ ਖਬਰਸਾਰ ਲੈਣ ਜਾਹ। ਕਹਿੰਦੀ ਰਹੀ, ਪਾਪਾ ਤੁਹਾਡੇ ਕੋਲ ਰਹਿਣਾ ਜ਼ਰੂਰੀ ਹੈ ਮੇਰਾ। ਨਹੀਂ ਮੰਨਿਆਂ। ਅੱਧੇ ਘੰਟੇ ਬਾਅਦ ਤੂਸੀ ਫਰਾਂਸ ਵੱਲ ਚੱਲ ਪਈ।

ਜੈਨੀ ਦੀ ਮੌਤ ਬਾਅਦ ਅਫਸੋਸ ਦੇ ਪੱਤਰਾਂ ਦਾ ਜਵਾਬ ਦੇ ਦਿੱਤਾ ਸੀ। ਹੁਣ ਸੱਤਿਆ ਨਹੀਂ ਰਹੀ। ਤੂਸੀ ਨੂੰ ਆਖ ਦਿੱਤਾ ਕਿ ਹਰ ਇਕ ਨੂੰ ਇਕ-ਇਕ ਸਤਰ ਸ਼ੁਕਰਾਨੇ ਦੀ ਲਿਖ, ਲਿਖ ਕਿ ਲਿਖਣਾ ਤਾਂ ਕੀ ਪਾਪਾ ਤੋਂ ਬੋਲ ਨਹੀਂ ਹੁੰਦਾ। ਨੀਂਦ ਅਤੇ ਭੁੱਖ ਉਡ ਗਈਆਂ।

ਹਮੇਸ਼ਾ ਵਾਂਗ 14 ਮਾਰਚ ਨੂੰ ਸ਼ਾਮੀਂ ਏਂਗਲਜ਼, ਕਾਰਲ ਦੇ ਘਰ ਗਿਆ। ਧੁੰਦ ਪਸਰੀ ਹੋਈ ਸੀ। ਲਿੰਚਨ ਨੇ ਦਰਵਾਜ਼ਾ ਖੋਲ੍ਹਿਆ, ਨਮ ਅੱਖਾਂ ਨਾਲ ਦੱਸਿਆ, ਕਾਰਲ ਬਹੁਤ ਕਮਜ਼ੋਰ ਹੋ ਗਿਐ, ਹੁਣ ਸੌਂ ਗਿਐ। ਉਸ ਦੇ ਪਿੱਛੇ-ਪਿੱਛੇ ਏਂਗਲਜ਼ ਤੁਰ ਪਿਆ। ਅੰਗੀਠੀ ਨਜ਼ਦੀਕ ਆਰਾਮ ਕੁਰਸੀ 'ਤੇ ਲੇਟਿਆ ਸੁੱਤਾ ਪਿਆ ਸੀ, ਹਮੇਸ਼ਾ ਲਈ। ਏਂਗਲਜ਼ ਨੇ ਲਿਖਿਆ, ਮਨੁੱਖਤਾ ਇਸ ਫਿਲਾਸਫਰ ਬਗੈਰ ਗਰੀਬ ਹੋ ਗਈ ਹੈ। ਅੱਜ ਦੇ ਸਮੇਂ ਉਸ ਜਿੱਡਾ ਕੱਦਾਵਰ ਸ਼ਖਸ ਕੋਈ ਨਹੀਂ। ਕਾਮਿਆਂ ਦੀ ਮੁਕਤੀ ਲਈ ਲਹਿਰ ਚੱਲ ਪਈ ਹੈ ਜੋ ਰੁਕੇਗੀ ਨਹੀਂ।

ਉਮਰ 64 ਸਾਲ, 17 ਮਾਰਚ 1883 ਨੂੰ ਦਫਨ ਕਰਨ ਵਕਤ ਗਿਆਰਾਂ ਬੰਦੇ ਜਨਾਜ਼ੇ ਨਾਲ ਸਨ। ਕੋਟ ਦੀ ਅੰਦਰਲੀ ਜੇਬ ਵਿਚੋਂ ਤਿੰਨ ਤਸਵੀਰਾਂ ਮਿਲੀਆਂ-ਇਕ ਕਾਰਲ ਦੇ ਪਿਤਾ ਦੀ, ਦੂਜੀ ਜੈਨੀ ਦੀ, ਤੀਜੀ ਚਿਨ ਦੀ। ਏਂਗਲਜ਼ ਨੇ ਇਹ ਤਸਵੀਰਾਂ ਤਾਬੂਤ ਵਿਚ ਟਿਕਾ ਦਿੱਤੀਆਂ। ਥੋੜ੍ਹੇ ਸਮੇਂ ਵਿਚ ਏਂਗਲਜ਼ ਨੂੰ ਤਿੰਨ ਸ਼ਰਧਾਂਜਲੀਆਂ ਲਿਖਣੀਆਂ ਪਈਆਂ। ਲਿਖਿਆ, ਕਾਰਲ ਵਰਗਾ ਬਲਵਾਨ ਕੌਣ ਹੋਏਗਾ ਜਿਸ ਨੇ ਨਿਹੱਥਿਆਂ ਚੱਟਾਨਾਂ ਤੋੜੀਆਂ। ਮਜ਼ਬੂਤ ਸਲਤਨਤਾਂ ਦੇ ਮਹਿਲਾਂ ਅੰਦਰ ਉਸ ਦੀ ਲਲਕਾਰ ਪੁੱਜ ਗਈ ਸੀ। ਡਾਰਵਿਨ ਨੇ ਜੀਵਾਂ ਦੇ ਵਿਕਾਸ ਦਾ ਫਲਸਫਾ ਸਪਸ਼ਟ ਕੀਤਾ, ਕਾਰਲ ਨੇ ਮਨੁੱਖਤਾ ਦੇ ਆਰਥਿਕ ਵਿਕਾਸ ਦਾ ਫਲਸਫਾ ਰਚਦਿਆਂ ਕਿਹਾ, ਸਿਆਸਤ, ਵਿਗਿਆਨ, ਆਰਟ, ਧਰਮ ਆਦਿਕ ਸਭਨਾਂ ਬਾਰੇ ਸਿੱਖ ਲਵਾਂਗੇ, ਪਹਿਲਾਂ ਰੋਟੀ ਮਿਲੇ ਖਾਣ ਨੂੰ। ਉਸ ਨੇ ਪੂੰਜੀ ਦੀ ਗਤੀ ਦਾ ਲਾਅ ਤਿਆਰ ਕੀਤਾ-'ਲਾਅ ਆਫ ਕੈਪੀਟਲ ਮੋਸ਼ਨ।' ਜਿੰਨੀ ਨਫਰਤ ਅਤੇ ਤ੍ਰਿਸਕਾਰ ਉਸ ਨੂੰ ਮਿਲੇ, ਕਿਸੇ ਬੰਦੇ ਦੇ ਹਿੱਸੇ ਨਹੀਂ ਆਏ। ਨਾ ਤਾਨਾਸ਼ਾਹਾਂ ਨੇ ਉਸ ਨੂੰ ਪਸੰਦ ਕੀਤਾ, ਨਾ ਰਿਪਬਲਿਕਾਂ ਨੇ। ਉਸ ਨੂੰ ਰੱਜਵੀਂ ਬਦਨਾਮੀ ਮਿਲੀ। ਤ੍ਰਿਸਕਾਰ ਅਤੇ ਬਦਨਾਮੀ ਨੂੰ ਉਹ ਜਾਲਿਆਂ ਵਾਂਗ ਹੂੰਝ ਦਿੰਦਾ, ਪਰ ਸਾਇਬੇਰੀਆ ਦੀਆਂ ਖਾਣਾਂ ਤੋਂ ਲੈ ਕੇ ਅਮਰੀਕਾ ਤੱਕ, ਗਲੋਬ ਉਪਰ ਉਸ ਨੂੰ ਪਿਆਰ ਕਰਨ ਵਾਲੇ ਲੱਖਾਂ ਕਾਮੇ ਵੀ ਹਨ। ਉਸ ਦੇ ਵਿਰੋਧੀ ਅਣਗਿਣਤ ਸਨ, ਦੁਸ਼ਮਣ ਇਕ ਵੀ ਨਹੀਂ। ਉਸ ਦਾ ਨਾਮ ਅਤੇ ਸਿਧਾਂਤ ਚੱਲੇਗਾ।

ਏਂਗਲਜ਼ ਦੇ ਇਨ੍ਹਾਂ ਵਾਕਾਂ ਵਿਚ ਕਿੰਨੀ ਕੁ ਸੱਚਾਈ ਹੈ? ਫਿਰ ਉਸ ਦੇ ਜਨਾਜ਼ੇ ਵਿਚ ਕੇਵਲ ਗਿਆਰਾਂ ਆਦਮੀ ਕਿਉਂ ਤੁਰੇ? ਬੇਸ਼ਕ ਗਿਆਰਾਂ ਵੀ ਨਾ ਹੁੰਦੇ...ਏਂਗਲਜ਼ ਇਕੱਲਾ ਹੁੰਦਾ, ਤਾਂ ਵੀ ਉਸ ਨੇ ਇਹੋ ਵਾਕ ਲਿਖਣੇ ਸਨ। ਐਪੀਕਿਊਰਸ ਦਾ ਵਾਕ-ਮਰਨ ਵਾਲਾ ਬਦਕਿਸਮਤ ਨਹੀਂ, ਬਦਕਿਸਮਤ ਉਹ ਜਿਹੜੇ ਜਿਉਂਦੇ ਰਹਿ ਗਏ।

***(ਚੱਲਦਾ)***

# ਹਕੂਮਤੀ ਨਸ਼ੇ ਦੇ ਹਰਜਾਨੇ

***(ਸਫਾ 25 ਦੀ ਬਾਕੀ)***

ਤੇ ਉਸੇ ਵਕਤ ਗਲੀ-ਗਲੀ ਵਿਚ ਇਸ ਰਸਮ ਦਾ ਜਸ਼ਨ ਦੇਖਣ ਲਈ ਹੋਕਾ ਦਿੱਤਾ ਜਾਣ ਲੱਗ ਪਿਆ।

ਲੋਕਾਂ ਦਾ ਹੜ੍ਹ ਸਵੇਰੇ ਅੱਠ ਵਜੇ ਹੀ ਆ ਗਿਆ ਸੀ, ਬਾਦਸ਼ਾਹ ਦਾ ਸਵਰਗ ਦੇ ਵਸਤਰ ਨਾਲ ਸਨਮਾਨ ਵੇਖਣ ਲਈ। ਮਹਿਲਾਂ ਦੀਆਂ ਕੰਧਾਂ ਅਤੇ ਬਨੇਰੇ ਬੱਚਿਆਂ, ਔਰਤਾਂ ਤੇ ਮਰਦਾਂ ਨਾਲ ਭਰ ਗਏ, ਜਿਵੇਂ ਘਰ ਕੋਈ ਰਿਹਾ ਹੀ ਨਾ ਹੋਵੇ।

ਪੂਰੇ ਵਕਤ 'ਤੇ ਬਾਦਸ਼ਾਹ ਸੋਨੇ ਦੇ ਸਿੰਘਾਸਣ 'ਤੇ ਬੈਠ ਗਿਆ ਤੇ ਬਿਲਕੁਲ ਸਾਹਮਣੇ ਫਜ਼ਲ ਆਪਣੀ ਸੰਦੂਕੜੀ ਲਈ ਆਣ ਬੈਠਾ। ਗੱਲਬਾਤ ਕਰਨਾ ਤਾਂ ਦੂਰ ਦੀ ਗੱਲ, ਕੋਈ ਉਚੀ ਸਾਹ ਵੀ ਨਹੀਂ ਸੀ ਭਰ ਰਿਹਾ।

ਬਾਦਸ਼ਾਹ ਦੀ ਸਹਿਮਤੀ ਨਾਲ ਰਸਮ ਸ਼ੁਰੂ ਕਰਨ ਦਾ ਐਲਾਨ ਹੋਇਆ ਤਾਂ ਫਜ਼ਲ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਮੁਆਫੀ ਚਾਹਾਂਗਾ, ਇਹ ਉਨ੍ਹਾਂ ਲੋਕਾਂ ਨੂੰ ਨਹੀਂ ਦਿਸਣਗੇ ਜਿਹੜੇ ਆਪਣੇ ਪਿਉ ਦੀ ਔਲਾਦ ਨਹੀਂ ਹੋਣਗੇ।"

ਇਸ ਸ਼ਰਤ ਨਾਲ ਲੋਕਾਂ ਵਿਚ ਘੁਸਰ-ਪੁਸਰ ਹੋਣ ਲੱਗ ਪਈ ਸੀ।

ਕਾਰਵਾਈ ਸ਼ੁਰੂ ਹੋਈ। ਫਜ਼ਲ ਨੇ ਸੰਦੂਕੜੀ ਖੋਲ੍ਹੀ, ਤੇ ਨਾਲ ਹੀ ਆਪਣੇ ਦੋਵੇਂ ਹੱਥਾਂ ਨਾਲ ਬਾਦਸ਼ਾਹ ਦੇ ਸਿਰ ਤੋਂ ਮੁਕਟ ਉਤਾਰ ਕੇ ਹੇਠਾਂ ਰੱਖ ਕੇ ਹਵਾ ਵਿਚ ਸੰਦੂਕੜੀ 'ਚੋਂ ਹੱਥ ਉਲਾਰ ਕੇ ਕਿਹਾ, "ਲਓ ਜੀ, ਮੈਂ ਹੀਰੇ ਮੋਤੀ ਜੜਿਆ ਮੁਕਟ ਬਾਦਸ਼ਾਹ ਦੇ ਸਿਰ 'ਤੇ ਰੱਖਦਾ ਹਾਂ। ਇਸ ਨੂੰ ਪਰੀਆਂ ਨੇ ਗੁੰਦ ਕੇ ਭੇਜਿਆ ਹੈ।"

ਬਾਦਸ਼ਾਹ ਨੇ ਸਿਰ 'ਤੇ ਹੱਥ ਫੇਰ ਕੇ ਕਿਹਾ, "ਮੁਕਟ ਤਾਂ ਹੈ ਹੀ ਨਹੀਂ, ਮੇਰਾ ਸਿਰ ਤਾਂ ਨੰਗਾ ਹੈ।"

"ਬਾਦਸ਼ਾਹ ਸਲਾਮਤ, ਕਿਉਂ ਬਦਨਾਮੀ ਖੱਟ ਰਹੇ ਹੋ। ਲੋਕ ਕਹਿਣਗੇ, ਬਾਦਸ਼ਾਹ ਆਪਣੇ ਪਿਉ ਦੀ ਔਲਾਦ ਹੀ ਨਹੀਂ ਹੈ, ਨਾ ਖੋਲ੍ਹੋ ਭੇਤ।"

ਤੇ ਉਹ ਚੁੱਪ ਹੋ ਗਿਆ।

ਫਿਰ ਬਾਦਸ਼ਾਹ ਨੂੰ ਕਮੀਜ਼ ਉਤਾਰਨ ਲਈ ਕਿਹਾ ਗਿਆ। ਫਜ਼ਲ ਨੇ ਖਾਲੀ ਹੱਥ ਹਵਾ 'ਚ ਬਾਦਸ਼ਾਹ ਦੇ ਜਿਸਮ ਦੁਆਲੇ ਫੇਰ ਕੇ ਕਿਹਾ, "ਸ਼ੇਰਵਾਨੀ ਕਿਆ ਕਮਾਲ। ਚਾਰ ਸਾਲ ਲੱਗੇ ਨੇ ਇਸ ਨੂੰ ਤਿਆਰ ਕਰਨ ਵਿਚ।"

"ਤਿਲਕਵੀਂ ਹੈ। ਬਹੁਤ ਅੱਛੀ।" ਅੰਦਰੋਂ ਬਾਦਸ਼ਾਹ ਟੁੱਟ ਰਿਹਾ ਸੀ।

ਫਿਰ ਤੰਗ ਪਜਾਮੀ ਉਤਾਰ ਕੇ ਫਜ਼ਲ ਨੇ ਕਿਹਾ, "ਕਛਹਿਰਾ ਵੀ ਲਾਹ ਦਿਓ। ਬਾਦਸ਼ਾਹ ਸਲਾਮਤ, ਰੇਸ਼ਮ ਦੇ ਨਾਲੇ ਵਾਲਾ ਮੈਂ ਲੈ ਕੇ ਆਇਆ ਹਾਂ।"

ਬਾਦਸ਼ਾਹ ਅਲਫ਼ ਨੰਗਾ ਹੋ ਗਿਆ ਸੀ। ਪਿਉ ਦੀ ਔਲਾਦ ਨਾ ਕਹਾਉਣ ਦੇ ਡਰੋਂ ਜਨਤਾ ਵਿਚੋਂ ਕੋਈ ਵੀ ਨੰਗਾ ਹੋਣ ਦੀ ਗੱਲ ਨਹੀਂ ਸੀ ਕਰ ਰਿਹਾ, ਸਗੋਂ ਲੋਕ ਵਾਹ! ਵਾਹ!! ਦੀਆਂ ਤਾਲੀਆਂ ਵਜਾ ਕੇ ਆਖ ਰਹੇ ਸਨ ਕਿ ਸਵਰਗ ਦੀ ਪੁਸ਼ਾਕ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਧੰਨ ਹੋ ਗਈਆਂ ਹਨ।

ਫਜ਼ਲ ਨੇ ਕਿਹਾ, "ਹੁਣ ਰੱਥ ਮੰਗਵਾਓ। ਕਿਉਂ ਨਾ ਜਲੂਸ ਵਿਚ ਬਾਦਸ਼ਾਹ ਨੂੰ ਸ਼ਹਿਰ ਵਿਚ ਘੁਮਾਇਆ ਜਾਵੇ, ਤਾਂ ਕਿ ਕੋਈ ਸਵਰਗ ਦੇ ਲੀੜੇ ਵੇਖਣ ਤੋਂ ਵਿਰਵਾਂ ਨਾ ਰਹਿ ਜਾਵੇ।" ਫਜ਼ਲ ਨੇ ਨਾਲ ਹੀ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਬਾਦਸ਼ਾਹ ਦੀ ਪੁਸ਼ਾਕ 'ਤੇ ਨਿਗ੍ਹਾ ਟਿਕਾ ਕੇ ਰੱਖੇਗਾ, ਉਹਦੇ ਪਾਪ ਕੱਟੇ ਜਾਣਗੇ, ਤੇ ਉਹ ਸਿੱਧਾ ਸਵਰਗ ਨੂੰ ਜਾਵੇਗਾ।

ਲੋਕ ਬਨੇਰਿਆਂ 'ਤੇ ਬੈਠ ਕੇ, ਮਕਾਨਾਂ ਦੀਆਂ ਛੱਤਾਂ 'ਤੇ ਖੜ੍ਹ ਕੇ ਬਾਦਸ਼ਾਹ ਨੂੰ ਰੱਥ 'ਤੇ ਬੈਠੇ ਨੂੰ ਦੇਖ ਕੇ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ; ਪਰ ਬੋਲ ਕੋਈ ਕੁਝ ਨਹੀਂ ਸੀ ਰਿਹਾ। ਦਸ ਕੁ ਸਾਲ ਦੇ ਇਕ ਬੱਚੇ ਨੇ ਮਕਾਨ ਤੋਂ ਕਿਲਕਾਰੀ ਮਾਰ ਕੇ ਜਦੋਂ ਕਿਹਾ, "ਵੇਖੋ ਵੇਖੋ, ਬਾਦਸ਼ਾਹ ਨੰਗਾ ਹੋ ਕੇ ਘੁੰਮ ਰਿਹਾ ਹੈ," ਤਾਂ ਮਾਂ ਨੇ ਉਹਦੇ ਮੂੰਹ 'ਤੇ ਵੱਟ ਕੇ ਚਪੇੜ ਮਾਰਦਿਆਂ ਇਸ਼ਾਰਾ ਕੀਤਾ, ਤੇਰਾ ਬਾਪ ਕੋਲ ਖੜ੍ਹਾ ਹੈ, ਲੋਕ ਕੀ ਕਹਿਣਗੇ ਔਲਾਦ ਹੋਰ ਕਿਸੇ ਦੀ ਹੈ।

ਢੋਲ ਤੇ ਨਗਾਰੇ ਵੱਜ ਰਹੇ ਸਨ। ਬਾਦਸ਼ਾਹ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਹੋ ਕੀ ਰਿਹਾ ਹੈ। ਫਜ਼ਲ ਰੱਥ 'ਤੇ ਬਾਦਸ਼ਾਹ ਨਾਲ ਸ਼ਾਂਤ ਚਿੱਤ ਬੈਠਾ ਆਪਣੀ ਜਿੱਤ 'ਤੇ ਖੁਸ਼ ਦਿਖ ਰਿਹਾ ਸੀ।

ਜਲੂਸ ਜਦੋਂ ਸ਼ਹਿਰ ਦੇ ਐਨ ਦੂਜੇ ਕਿਨਾਰੇ ਪੁੱਜਾ ਤਾਂ ਅੱਗਿਉਂ ਬੱਕੀ 'ਤੇ ਆ ਰਹੀ ਛੋਟੀ ਰਾਣੀ ਨੇ ਪਿੱਟ ਸਿਆਪਾ ਪਾ ਦਿੱਤਾ, "ਮੇਰੇ ਪਤੀ ਨੂੰ ਨੰਗਾ ਕਰ ਕੇ ਕਿਉਂ ਘੁਮਾਇਆ ਜਾ ਰਿਹਾ ਹੈ, ਇਸ ਤੋਂ ਕੀ ਖੁਨਾਮੀ ਹੋਈ ਹੈ।"

ਹਾਰਿਆ ਹੋਇਆ ਬਾਦਸ਼ਾਹ ਬੋਲਿਆ, "ਰਾਣੀ ਚੁੱਪ ਕਰ, ਮੈਂ ਸਵਰਗ ਤੋਂ ਆਈ ਪੁਸ਼ਾਕ ਪਹਿਨੀ ਹੋਈ ਹੈ।"

"ਨਹੀਂ ਤੁਸੀਂ ਤਾਂ ਅਲਫ਼ ਨੰਗੇ ਹੋ।"

ਫ਼ਜ਼ਲ ਨੇ ਟੋਕਿਆ, "ਤੈਨੂੰ ਪਤੈ ਕਿ ਇਹ ਵਸਤਰ ਉਸ ਨੂੰ ਨਹੀਂ ਦਿਸਣਗੇ ਜੋ ਆਪਣੇ ਬਾਪ ਦੀ ਔਲਾਦ ਨਹੀਂ ਹੋਵੇਗੀ।"

"ਹਾਂ ਮੈਂ ਆਪਣੇ ਬਾਪ ਦੀ ਔਲਾਦ ਨਹੀਂ ਹਾਂ, ਕਿਉਂਕਿ ਮੇਰੀ ਮਾਂ ਨੂੰ ਡਾਕੂ ਚੁੱਕ ਕੇ ਲੈ ਗਏ ਸਨ ਜੰਗਲਾਂ ਵਿਚ, ਤੇ ਬਾਦਸ਼ਾਹ ਮੇਰਾ ਹੁਸਨ ਵੇਖ ਕੇ ਮੈਨੂੰ ਵੀਹ ਸਾਲ ਛੋਟੀ ਨੂੰ ਵੀ ਸ਼ਿਕਾਰ ਖੇਡਣ ਗਿਆ ਆਪਣੀ ਰਾਣੀ ਬਣਾ ਕੇ ਲਿਆਇਆ ਸੀ, ਤੇ ਤੂੰ ਕੌਣ ਏ ਜਿਹਨੇ ਮੇਰੇ ਪਤੀ ਨੂੰ ਨੰਗਾ ਕਰ ਕੇ ਸ਼ਹਿਰ ਵਿਚ ਘੁਮਾਇਆ ਹੈ?"

"ਤੂੰ ਠੀਕ ਆਂਹਦੀ ਏ। ਬਾਦਸ਼ਾਹ ਸੱਚ ਮੁੱਚ ਹੀ ਨੰਗਾ ਏ।"

"ਤੂੰ ਵੀ ਆਪਣੇ ਪਿਉ ਦੀ ਔਲਾਦ ਨਹੀਂ?"

"ਨਹੀਂ।"

"ਫਿਰ ਤੇਰਾ ਪਿਉ ਕੌਣ ਆ?"

ਤੇ ਫਜ਼ਲ ਨੇ ਚੀਕ-ਚੀਕ ਆਪਣੀ ਮਾਂ ਦੀ ਕਹਾਣੀ ਲੋਕਾਂ ਨੂੰ ਦੱਸੀ ਕਿ ਮੈਂ ਇਸੇ ਬਾਦਸ਼ਾਹ ਦੀ ਔਲਾਦ ਹਾਂ, ਤੇ ਮੈਂ ਆਪਣੀ ਮਾਂ ਦੀ ਆਤਮਿਕ ਸ਼ਾਂਤੀ ਤੇ ਇੱਛਾ ਲਈ ਇਉਂ ਬਦਲਾ ਲਿਆ ਹੈ।

... ਤੇ ਕਹਿੰਦੇ ਨੇ ਬਾਦਸ਼ਾਹ ਨੇ ਪਾਗਲ ਹੋ ਕੇ ਉਹ ਸ਼ਹਿਰ ਛੱਡ ਦਿੱਤਾ, ਤੇ ਫਜ਼ਲ ਉਥੋਂ ਦਾ ਬਾਦਸ਼ਾਹ ਬਣ ਗਿਆ ਸੀ। ਸਭ ਤੋਂ ਛੋਟੀ ਰਾਣੀ ਨਾਲ ਉਹਦਾ ਵਿਆਹ ਹੋ ਗਿਆ।

ਲਗਦਾ ਨਹੀਂ... ਰੋਹਿਤ ਨਾਲੋਂ ਫਜ਼ਲ ਗੈਰ-ਵਿਗਿਆਨਕ ਯੁੱਗ ਵਿਚ ਵੀ ਬਹੁਤ ਚੰਗਾ ਰਹਿ ਗਿਆ ਸੀ।

ਜ਼ਰੂਰੀ ਨਹੀਂ, ਸਾਰੇ ਪਟਾਕੇ ਫੀਤੇ ਨੂੰ ਅੱਗ ਲਾ ਕੇ ਹੀ ਚੱਲਦੇ ਹਨ!

## ਦੇਸ਼ ਦਾ ਕਲਿਆਣ

ਲੱਗਦਾ ਠੱਗਾਂ ਤੇ ਲੋਟੂਆਂ ਅੱਤ ਚੁੱਕੀ,
ਥਾਂ ਥਾਂ ਸੱਚ 'ਤੇ ਕੂੜ ਅਸਵਾਰ ਦਿੱਸਦਾ।
ਦਿਸਦੇ ਧਰਮ ਤੇ ਕਰਮ ਕਾਨੂੰਨ ਵਿਕਦੇ,
ਡਿਗਿਆ ਹੇਠ ਤੋਂ ਹੇਠ ਕਿਰਦਾਰ ਦਿੱਸਦਾ।
ਕਾਲੇ ਧੰਦੇ ਦੀ ਚੜ੍ਹੀ ਅਸਮਾਨ ਗੁੱਡੀ,
ਪੂਰੇ ਜ਼ੋਰਾਂ 'ਤੇ ਚੋਰ ਬਾਜ਼ਾਰ ਦਿੱਸਦਾ।
ਥਾਂ ਥਾਂ ਕੁਫਰ ਤੇ ਕੂੜ ਬਿਆਨ ਬਾਜ਼ੀ,
ਜੀਣਾ ਜੰਤਾ ਦਾ ਬੜਾ ਦੁਸ਼ਵਾਰ ਦਿੱਸਦਾ।
ਉਠੋ ਕਿਰਤੀ ਕਿਸਾਨੋ ਤੇ ਨੌਜਵਾਨੋ,
ਰਲ ਕੇ ਦੇਸ਼ ਦਾ ਸਾਰੇ ਕਲਿਆਣ ਕਰੀਏ।
ਭ੍ਰਿਸ਼ਟਾਚਾਰ ਦਾ ਹੋਵੇ ਨਾ ਕੋੜ੍ਹ ਜਿੱਥੇ,
ਐਸਾ ਧਰਤ ਨੂੰ ਸੁਰਗ ਸਮਾਨ ਕਰੀਏ।
ਲੋਕੀਂ ਸੁਣਦਿਆਂ ਸੁਣਦਿਆਂ ਹੋਏ ਬੁੱਢੇ,
ਨਹੀਓਂ ਲਾਰਿਆਂ ਦਾ ਅੰਤ ਸ਼ੁਮਾਰ ਦਿੱਸਦਾ।
ਚਮਚੇ ਹਾਕਮਾਂ ਦੇ ਪੀਂਦੇ ਨੇ ਪੈਰ ਧੋ ਧੋ,
ਲੈਂਦਾ ਲੋਕਾਂ ਦੀ ਕੋਈ ਨਾ ਸਾਰ ਦਿੱਸਦਾ।
ਹੋਇਆ ਰਾਜ ਏ ਰਿਸ਼ਵਤਾਂ ਵਢੀਆਂ ਦਾ,
ਰੁਲਦਾ ਕਿਰਤੀ ਏ ਸਰੇ ਬਾਜ਼ਾਰ ਦਿੱਸਦਾ।
ਲੱਗਦਾ ਅਣਖ ਜ਼ਮੀਰ ਨੇ ਡੁੱਬ ਚੱਲੇ,
ਬੇੜਾ ਦੇਸ਼ ਦਾ ਹੁੰਦਾ ਨਾ ਪਾਰ ਦਿੱਸਦਾ।
ਪੈਸੇ ਲਈ ਅਸੂਲ ਨਾ ਹੋਏ ਵਿਕਰੀ,
ਉਚਾ ਆਪਣਾ ਐਸਾ ਈਮਾਨ ਕਰੀਏ।
ਭੁਖ ਨੰਗ ਤੋਂ ਲੋਕ ਆਜ਼ਾਦ ਕਰ ਕੇ,
ਉਚੀ ਦੇਸ਼ ਦੀ ਆਨ ਤੇ ਸ਼ਾਨ ਕਰੀਏ।

***-ਗਿਆਨ ਸਿੰਘ ਕੋਟਲੀ***
***ਵੈਨਕੂਵਰ, ਕੈਨੇਡਾ।***
***ਫੋਨ: 604 5027151***

*ਅਰਥ-ਸ਼ਾਸਤਰੀ ਵਜੋਂ ਸੰਸਾਰ ਭਰ ਵਿਚ ਚਰਚਿਤ ਰਹੇ ਡਾਕਟਰ ਮਨਮੋਹਨ ਸਿੰਘ ਦਸ ਸਾਲ ਭਾਰਤ ਦੇ ਪ੍ਰਧਾਨ ਮੰਤਰੀ ਰਹਿ ਕੇ ਸਿਆਸੀ ਦ੍ਰਿਸ਼ ਤੋਂ ਲਾਂਭੇ ਹੋ ਗਏ ਹਨ। ਉਨ੍ਹਾਂ ਦੀ ਵਿਦਵਤਾ ਦੇ ਹੱਕ ਅਤੇ ਵਿਰੋਧ ਵਿਚ ਬੜਾ ਕੁਝ ਕਿਹਾ-ਸੁਣਿਆ ਗਿਆ ਹੈ। ਸਿਆਸੀ ਲੀਡਰ ਵਜੋਂ ਉਨ੍ਹਾਂ ਦੀ ਲਿਆਕਤ ਦੀ ਚਰਚਾ ਵੀ ਗਾਹੇ-ਬਗਾਹੇ ਹੁੰਦੀ ਰਹਿਣੀ ਹੈ, ਕਿਉਂਕਿ ਉਨ੍ਹਾਂ ਨੇ ਉਨ੍ਹਾਂ ਸਮਿਆਂ ਦੌਰਾਨ ਭਾਰਤ ਦੀ ਅਗਵਾਈ ਕੀਤੀ ਜਦੋਂ ਸਾਰੇ ਜੱਗ-ਜਹਾਨ ਦਾ ਧਿਆਨ ਭਾਰਤ ਵੱਲ ਲੱਗਿਆ ਹੋਇਆ ਸੀ। ਉਂਞ ਜਿਸ ਢੰਗ ਨਾਲ ਉਹ ਸਿਆਸੀ ਮੰਚ ਤੋਂ ਬਾਹਰ ਧੱਕੇ ਗਏ ਹਨ, ਉਹ ਬਹੁਤ ਨਮੋਸ਼ੀ ਵਾਲਾ ਹੈ। ਇਕ ਤਾਂ ਕਾਂਗਰਸ ਨੇ ਮਗਰੋਂ ਉਨ੍ਹਾਂ ਨਾਲ ਚੰਗਾ ਸਲੂਕ ਨਾ ਕੀਤਾ; ਤੇ ਦੂਜਾ ਜਿਸ ਬੰਦੇ (ਸੰਜੇ ਬਾਰੂ) ਉਤੇ ਯਕੀਨ ਕਰ ਕੇ ਉਨ੍ਹਾਂ ਉਸ ਨੂੰ ਆਪਣਾ ਮੀਡੀਆ ਸਲਾਹਕਾਰ ਬਣਾਇਆ, ਉਸ ਨੇ ਹੀ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਨ ਵਰਗਾ ਕੰਮ ਕੀਤਾ। ਸੰਜੇ ਬਾਰੂ ਦੀ ਕਿਤਾਬ 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਉਸ ਵਕਤ ਆਈ ਜਦੋਂ ਲੋਕ ਸਭਾ ਚੋਣਾਂ ਦਾ ਅਮਲ ਚੱਲ ਰਿਹਾ ਹੈ। ਜਿਸ ਵਕਤ ਅਤੇ ਜਿੰਨੀ ਕਾਹਲੀ ਨਾਲ ਇਹ ਕਿਤਾਬ ਰਿਲੀਜ਼ ਕੀਤੀ ਗਈ, ਉਸ ਤੋਂ ਵਿਦਵਾਨ ਲੇਖਕ ਹਰਪਾਲ ਸਿੰਘ ਪੰਨੂ ਨੂੰ ਵੀ ਸਾਜ਼ਿਸ਼ ਦੀ ਬੂ ਆਈ ਹੈ। ਉਨ੍ਹਾਂ ਆਪਣੇ ਇਸ ਲੇਖ ਵਿਚ ਇਸ ਕਿਤਾਬ ਦੇ ਬਹਾਨੇ ਡਾ. ਮਨਮੋਹਨ ਸਿੰਘ ਬਾਰੇ ਕੁਝ ਕੁ ਗੱਲਾਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।-ਸੰਪਾਦਕ*

# ਸੰਜੇ ਬਾਰੂ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ

**ਹਰਪਾਲ ਸਿੰਘ ਪੰਨੂ**
**ਫੋਨ: 91-94642-51454**



*ਪਾਕਿਸਤਾਨ ਦੇ ਧੂੜ ਭਰੇ ਨਿੱਕੇ ਜਿਹੇ ਪਿੰਡ ਗਾਹ ਵਿਚ ਉਸ ਦਾ ਬਚਪਨ ਬੀਤਿਆ ਜਿਥੇ ਨਾ ਬਿਜਲੀ ਸੀ ਨਾ ਨਲਕਾ ਪਰ ਉਹ ਕੈਂਬਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਵਿਚ ਪੜ੍ਹਿਆ। ਉਸ ਦਾ ਪਿਛੋਕੜ ਅਬਰਾਹਮ ਲਿੰਕਨ ਅਤੇ ਬਰਾਕ ਓਬਾਮਾ ਵਰਗਾ ਸੀ ਤੇ ਉਹ ਇਨ੍ਹਾਂ ਦੋਹਾਂ ਨਾਲੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਰਿਹਾ, ਪਰ ਇਨ੍ਹਾਂ ਵਿਚ ਇਕ ਵੱਡਾ ਫਰਕ ਵੀ ਹੈ। ਲਿੰਕਨ ਅਤੇ ਓਬਾਮਾ ਚੋਣ ਜਿੱਤੇ ਤੇ ਰਾਸ਼ਟਰਪਤੀ ਬਣੇ। ਮਨਮੋਹਨ ਸਿੰਘ ਨੇ ਚੋਣ ਨਹੀਂ ਜਿੱਤੀ, ਇਸ ਕਰ ਕੇ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਤਾਂ ਬੈਠਾ, ਉਸ ਨੂੰ ਪ੍ਰਧਾਨ ਮੰਤਰੀ ਦੀ ਤਾਕਤ ਨਹੀਂ ਮਿਲੀ।*

ਸੰਸਕ੍ਰਿਤ ਵਿਚ ਕਵੀ ਮਾਇਨੇ ਸਾਹਿਤਕਾਰ ਹੈ, ਤੇ ਵਾਚ ਮਾਇਨੇ ਵਾਕ, ਵਚਨ। ਸਾਹਿਤ ਰਚਨਾ ਕਰਦਿਆਂ ਪ੍ਰਸੰਗ ਨਾਲੋਂ ਹਟ ਕੇ ਕਦੀ-ਕਦਾਈਂ ਸਾਹਿਤਕਾਰ ਆਪਣੇ ਖਿਆਲ ਕਲਮਬਧ ਕਰਦਾ ਹੈ ਤਾਂ ਸਿਰਲੇਖ ਦਿੰਦਾ ਹੈ-ਕਬਿਓਬਾਚ। ਇਸ ਲਿਖਤ ਵਿਚ ਪਹਿਲੋਂ ਕਬਿਓਵਾਚ ਹੈ, ਫਿਰ ਇਕ ਕਿਤਾਬ ਅਤੇ ਉਸ ਵਿਚਲੀ ਸਮੱਗਰੀ ਵਿਚਲੇ ਬਿਰਤਾਂਤ ਹਨ।

ਦਸ ਸਾਲ ਪਹਿਲਾਂ 2004 ਵਿਚ ਮੈਂ ਅਮਰੀਕਾ ਵਿਚ ਸਾਂ, ਭਾਰਤ ਦੀ ਪਾਰਲੀਮੈਂਟ ਦੇ ਨਤੀਜੇ ਨਸ਼ਰ ਹੋਏ। ਬਗੈਰ ਲੋਕ ਸਭਾ ਚੋਣ ਜਿੱਤਣ ਦੇ, ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਥਾਪ ਦਿੱਤਾ ਗਿਆ। ਮੇਰੇ ਕੋਲ ਗਰਮਖਿਆਲ ਖਾਲਿਸਤਾਨੀਆਂ ਦੇ ਫੋਨ ਅਤੇ ਈਮੇਲਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਫਲਾਣੀ ਥਾਂ ਸੰਦੇਸ਼ ਟਾਈਪ ਕਰ ਕੇ ਈ-ਮੇਲ ਵਧਾਈ ਭੇਜਾਂ। ਮੈਂ ਉਨ੍ਹਾਂ ਨੂੰ ਅਜਿਹਾ ਕਰਨ ਦਾ ਕਾਰਨ ਪੁੱਛਿਆ ਤਾਂ ਉਤਰ ਮਿਲਿਆ-ਸਿੱਖਾਂ ਦੀ ਪਛਾਣ ਤੋਂ ਗਲੋਬ ਨਾਵਾਕਫ ਹੈ। ਕਿਤੇ ਜਾਂਗਲੀ ਸਮਝ ਕੇ, ਕਿਤੇ ਮੁਸਲਮਾਨ ਜਾਣ ਕੇ ਉਨ੍ਹਾਂ ਉਤੇ ਹਮਲੇ ਹੋਏ। ਸ. ਮਨਮੋਹਨ ਸਿੰਘ ਦੁਨੀਆਂ ਦੇ ਸਭ ਤੋਂ ਵਧੀਕ ਪੜ੍ਹੇ-ਲਿਖੇ ਵਿਦਵਾਨ ਪ੍ਰਧਾਨ ਮੰਤਰੀ ਹਨ। ਉਨ੍ਹਾਂ ਸਦਕਾ ਦੁਨੀਆਂ ਵਿਚ ਸਿੱਖਾਂ ਦੀ ਪਛਾਣ ਹੋਵੇਗੀ।

ਉਥੇ ਹੀ ਇਕ ਮਜ਼ਾਕ ਪੜ੍ਹਿਆ। ਜਦੋਂ ਚੰਡੀਗੜ੍ਹ ਪੰਜਾਬ ਯੂਨੀਵਰਸਿਟੀ ਵਿਚ ਡਾ. ਮਨਮੋਹਨ ਸਿੰਘ ਪ੍ਰੋਫੈਸਰ ਸਨ, ਉਨ੍ਹਾਂ ਦੇ ਘਰ ਚੋਰੀ ਹੋ ਗਈ। ਸਰਦਾਰਨੀ ਦਿੱਲੀ ਗਏ ਹੋਏ ਸਨ। ਚੋਰੀ ਦੀ ਖਬਰ ਸੁਣ ਕੇ ਵਾਪਸ ਘਰ ਆਏ। ਪੁੱਛਿਆ, ਚੋਰੀ ਕਦੋਂ ਹੋਈ? ਪ੍ਰੋਫੈਸਰ ਸਾਹਿਬ ਨੇ ਕਿਹਾ, ਅੱਧੀ ਰਾਤੀਂ।

-ਪਰ ਅੱਧੀ ਰਾਤ ਤਕ ਤਾਂ ਤੁਸੀਂ ਪੜ੍ਹਦੇ ਰਹਿੰਦੇ ਹੋ?

-ਹਾਂ ਪੜ੍ਹ ਰਿਹਾ ਸਾਂ।

-ਫਿਰ ਰੋਕੇ ਨਹੀਂ?

-ਮੈਂ ਤਾਂ ਬਥੇਰਾ ਕਿਹਾ, ਅੱਜ ਦੀ ਰਾਤ ਰੁਕ ਜਾਣ। ਉਨ੍ਹਾਂ ਕਿਹਾ, ਅੱਜ ਤਾਂ ਹੋਰ ਵੀ ਕੰਮ ਕਰਨੇ ਹਨ, ਕਿਸੇ ਦਿਨ ਫਿਰ ਰੁਕਾਂਗੇ।

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਚ.ਕੇ. ਮਨਮੋਹਨ ਸਿੰਘ ਸਾਡੇ ਇਸ ਪ੍ਰਧਾਨ ਮੰਤਰੀ ਦੇ ਦੋਸਤ ਵੀ ਹਨ ਤੇ ਜਮਾਤੀ ਵੀ। ਦੋਵੇਂ ਵਿਦੇਸ਼ਾਂ ਚੋਂ ਅਰਥ ਸ਼ਾਸਤਰ ਦੀਆਂ ਉਚੇਰੀਆਂ ਡਿਗਰੀਆਂ ਕਮਾ ਕੇ ਲਿਆਏ। ਮੈਨੂੰ ਪਤਾ ਲੱਗਾ ਕਿ ਪਟਿਆਲੇ ਵਾਲੇ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਜੀ ਨੂੰ ਦਿੱਲੀ ਵਧਾਈ ਦੇ ਕੇ ਆਏ ਹਨ। ਮੈਂ ਉਨ੍ਹਾਂ ਨੂੰ ਪੁੱਛਣ ਗਿਆ, 'ਕੀ ਗੱਲ ਹੋਈ, ਕਿਵੇਂ ਮਿਲੇ।'

ਡਾ. ਐਚ.ਕੇ. ਮਨਮੋਹਨ ਸਿੰਘ ਨੇ ਦੱਸਿਆ-ਖੁਸ਼ ਹਨ, ਮਿਠਾਈ ਖੁਆਈ, ਹਾਲ-ਚਾਲ ਪੁੱਛਿਆ/ਦੱਸਿਆ। ਮੈਂ ਉਨ੍ਹਾਂ ਤੋਂ ਉਨ੍ਹਾਂ ਦਾ ਫੋਨ ਨੰਬਰ ਮੰਗਿਆ। ਉਤਰ ਮਿਲਿਆ, ਫੋਨਾਂ ਦੇ ਨੰਬਰ ਤਾਂ ਚਾਰ ਲੈ ਜਾਉ ਪਰ ਮੈਨੂੰ ਕੋਈ ਕੰਮ ਨਾ ਆਖਣਾ। ਮੈਥੋਂ ਕਿਸੇ ਦਾ ਕੰਮ ਨਹੀਂ ਕੀਤਾ ਜਾਂਦਾ।

ਉਨ੍ਹਾਂ ਉਪਰ ਬੇਈਮਾਨੀ ਦਾ ਇਲਜ਼ਾਮ ਨਾ ਲੱਗਾ, ਨਾ ਲੱਗੇਗਾ। ਉਨ੍ਹਾਂ ਆਪਣੇ ਪਰਿਵਾਰ, ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਆਪਣੇ ਰੁਤਬੇ ਦਾ ਲਾਭ ਉਠਾ ਕੇ ਨਾਜਾਇਜ਼ ਫਾਇਦੇ ਨਹੀਂ ਪੁਚਾਏ। ਉਹ ਭਲੇ ਸਿੱਖ ਹਨ, ਨਾਜ਼ਕ ਵਕਤ ਉਪਰ ਗੁਰਬਾਣੀ ਦੀ ਓਟ ਲੈਂਦੇ ਹਨ ਪਰ ਉਨ੍ਹਾਂ ਸਦਕਾ ਸਿੱਖਾਂ ਦਾ, ਪੰਜਾਬ ਦਾ ਕੋਈ ਭਲਾ ਹੋਇਆ ਹੋਵੇ, ਸੁਣਨ ਵਿਚ ਨਹੀਂ ਆਇਆ।

2008 ਵਿਚ ਦੁਨੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਤੀਜੀ ਗੁਰਿਆਈ ਸ਼ਤਾਬਦੀ ਮਨਾਈ। ਅੰਮ੍ਰਿਤਸਰ ਵਿਚ ਅਕਾਲੀਆਂ ਦਾ ਵੱਖਰਾ, ਤੇ ਕਾਂਗਰਸ ਦਾ ਵੱਖਰਾ ਦੀਵਾਨ ਸਜਿਆ। ਦੋਵਾਂ ਸਮਾਗਮਾਂ ਵਿਚੋਂ ਜੇ ਕਿਸੇ ਦੀ ਤਕਰੀਰ ਚੰਗੀ ਲੱਗੀ, ਉਹ ਡਾ. ਮਨਮੋਹਨ ਸਿੰਘ ਦੀ ਸੀ ਕਿਉਂਕਿ ਦਿਲ ਦੀਆਂ ਗੱਲਾਂ ਕੀਤੀਆਂ। ਕਿਹਾ, ਜਦੋਂ ਹੱਲਿਆਂ ਵੇਲੇ ਪਾਕਿਸਤਾਨੋਂ ਉਜੜ ਕੇ ਇਧਰ ਆਏ, ਮੇਰੇ ਹੱਥ ਵਿਚ ਨਿੱਕੀ ਜਿਹੀ ਸੰਦੂਕੜੀ ਸੀ ਜਿਸ ਵਿਚ ਦੋ ਕਾਪੀਆਂ, ਦੋ ਕਿਤਾਬਾਂ, ਕਲਮ-ਦਵਾਤ, ਕੁਰਤਾ-ਪਜਾਮਾ ਸੀ। ਅੰਮ੍ਰਿਤਸਰ ਦਰਬਾਰ ਸਾਹਿਬ ਮੱਥਾ ਟੇਕ ਕੇ ਮਹਾਰਾਜ ਦਾ ਸ਼ੁਕਰਾਨਾ ਕੀਤਾ- ਸੱਚੇ ਪਾਤਸ਼ਾਹ, ਤੁਹਾਡੀ ਮਿਹਰਬਾਨੀ ਸਦਕਾ ਜਾਨਾਂ ਬਚ ਗਈਆਂ। ਤੁਹਾਡੇ ਚਰਨੀਂ ਲੱਗੇ ਰਹਾਂਗੇ।

ਸਾਬਕਾ ਪ੍ਰਧਾਨ ਮੰਤਰੀ ਨੂੰ ਯਾਦ ਕਰਦਿਆਂ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਚੇਤੇ ਵਿਚ ਆ ਗਏ। ਪ੍ਰੋ. ਹਰਬੰਸ ਸਿੰਘ ਦੀ ਸਰਦਾਰਨੀ ਦੇ ਦੇਹਾਂਤ ਉਪਰੰਤ ਭੋਗ ਤੋਂ ਦੋ ਦਿਨ ਪਹਿਲਾਂ ਮੈਨੂੰ ਪ੍ਰੋਫੈਸਰ ਸਾਹਿਬ ਦਾ ਸੁਨੇਹਾ ਮਿਲਿਆ, ਕੋਠੀ ਆਉ। ਮੈਂ ਗਿਆ ਤਾਂ ਕਹਿਣ ਲੱਗੇ, ਗਿਆਨੀ ਜੈਲ ਸਿੰਘ ਆਉਣਗੇ। ਹੋ ਸਕਦੈ, ਆਖ ਦੇਣ ਕਿ ਗੁਰੂ ਗੋਬਿੰਦ ਸਿੰਘ ਭਵਨ ਹੋ ਕੇ ਵਾਪਸ ਜਾਵਾਂਗੇ। ਭੋਗ ਐਤਵਾਰ ਨੂੰ ਹੈ। ਤੁਸੀਂ ਸਟਾਫ ਨੂੰ ਆਖ ਦਿਉ ਕਿ ਭਵਨ ਵਿਚ ਰਹਿਣ ਤੇ ਭਵਨ ਖੁੱਲ੍ਹਾ ਰਹੇ। ਆ ਗਏ ਤਾਂ ਚਾਹ ਪਾਣੀ ਦਾ ਇੰਤਜ਼ਾਮ ਰੱਖਣਾ, ਨਾ ਆਏ ਤਾਂ ਨਾ ਸਹੀ।

ਸਟਾਫ ਹਾਜ਼ਰ ਹੋ ਗਿਆ। ਉਹੋ ਗੱਲ ਹੋਈ। ਅਰਦਾਸ ਉਪਰੰਤ ਗੁਰੂ ਗੋਬਿੰਦ ਸਿੰਘ ਭਵਨ ਵਲ ਉਨ੍ਹਾਂ ਦਾ ਕਾਰਵਾਂ ਚੱਲ ਪਿਆ। ਕੀ ਕਹਿਣਾ ਹੈ, ਕੀ ਕਰਨਾ ਹੈ, ਸਟਾਫ ਨੇ ਮੈਨੂੰ ਜ਼ਿੰਮੇਵਾਰੀ ਸੌਂਪ ਦਿੱਤੀ। ਬੂਹਿਓਂ ਬਾਹਰ ਉਨ੍ਹਾਂ ਨੂੰ ਲੈਣ ਲਈ ਖਲੋਤੇ ਸਾਂ। ਸਤਿ ਸ੍ਰੀ ਅਕਾਲ ਤੋਂ ਬਾਅਦ ਮੈਂ ਕਿਹਾ- ਗਿਆਨੀ ਜੀ, ਕਮਾਂਡੋਜ਼ ਨੂੰ ਕਹੋ, ਬਾਹਰ ਰਹਿਣ। ਤੁਹਾਡੀ ਰਾਖੀ ਵਾਸਤੇ ਅਸੀਂ ਸਾਰੇ ਈ ਹਾਜ਼ਰ ਹਾਂ। ਇਵੇਂ ਹੀ ਹੋਇਆ। ਅੰਦਰ ਗਏ। ਠੰਢਾ ਪੀਤਾ, ਚਾਹ ਵਾਸਤੇ ਆਖ ਦਿੱਤਾ। ਮੈਂ ਕਿਹਾ- ਗਿਆਨੀ ਜੀ, ਕੋਈ ਗੱਲ ਅਜਿਹੀ ਹੁੰਦੀ ਹੈ ਕਿ ਸੁਣਾਉਣ ਨੂੰ ਦਿਲ ਕਰੇ, ਸੁਣਾਓ। ਬੋਲੇ- ਬਚਪਨ ਵਿਚ ਗਰੀਬੀ ਦੇਖੀ, ਸਰਕਾਰੀ ਜਬਰ ਝੱਲਿਆ। ਨਿਤਨੇਮ ਕਰਦੇ। ਸੰਕਟ ਵਿਚ ਹੁੰਦੇ ਤਾਂ ਮਹਾਰਾਜ ਅੱਗੇ ਅਰਦਾਸ ਕਰਦੇ। ਮਹਾਰਾਜ ਗਰੀਬੀ ਦੂਰ ਕਰੋ, ਮਹਾਰਾਜ ਜੇਲ੍ਹ ਵਿਚੋਂ ਰਿਹਾਈਆਂ ਬਖਸ਼ੋ। ਅਰਦਾਸ ਸੁਣੀ ਨਾ ਜਾਂਦੀ, ਉਦਾਸ ਹੁੰਦੇ ਪਰ ਜੋ ਮਹਾਰਾਜ ਨੇ ਮੈਨੂੰ ਦੇਣ ਦਾ ਫੈਸਲਾ ਕੀਤਾ ਹੋਇਆ ਸੀ, ਉਹ ਮੰਗਣਾ ਤਾਂ ਸੁਫਨੇ ਵਿਚ ਵੀ ਨਹੀਂ ਸੀ। ਅਸੀਂ ਮੰਗਣ ਵਾਲੇ ਛੋਟੇ ਸਾਂ, ਦਾਤਾ ਵੱਡਾ ਹੈ।

ਉਂਝ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਜੋ ਬੇਇਜ਼ਤੀ ਰਾਜੀਵ ਗਾਂਧੀ ਅਤੇ ਸੋਨੀਆਂ ਗਾਂਧੀ ਨੇ ਕੀਤੀ, ਉਹ ਵੀ ਬੇਮਿਸਾਲ ਹੈ। ਗਿਆਨੀ ਜੀ ਰਾਜੀਵ ਗਾਂਧੀ ਹੱਥੋਂ ਤੇ ਡਾਕਟਰ ਸਾਹਿਬ ਸੋਨੀਆ-ਰਾਹੁਲ ਹੱਥੋਂ ਬੇਇਜ਼ਤ ਹੁੰਦਿਆਂ ਵੀ ਕੁਰਸੀ ਮੋਹ ਨਾ ਤਿਆਗ ਸਕੇ। ਗਿਆਨੀ ਜੀ ਨੂੰ ਤਾਂ ਅਸਤੀਫਾ ਉਦੋਂ ਹੀ ਇੰਦਰਾ ਗਾਂਧੀ ਨੂੰ ਸੌਂਪ ਦੇਣਾ ਚਾਹੀਦਾ ਸੀ ਜਦੋਂ ਬਗੈਰ ਉਨ੍ਹਾਂ ਨੂੰ ਦੱਸਿਆਂ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਸਮੇਤ 42 ਗੁਰਦੁਆਰਿਆਂ ਉਪਰ ਜੂਨ 1984 ਵਿਚ ਟੈਂਕ ਚਾੜ੍ਹ ਦਿੱਤੇ ਸਨ। ਤਿੰਨੇ ਫੌਜਾਂ ਦਾ ਸੁਪਰੀਮ ਕਮਾਂਡਰ ਰਾਸ਼ਟਰਪਤੀ ਹੁੰਦਾ ਹੈ।

ਡਾਕਟਰ ਸਾਹਿਬ ਉਪਰ ਸੰਜੇ ਬਾਰੂ ਦੀ ਕਿਤਾਬ ਆਈ ਹੈ- 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ'। ਇਹ ਕਿਤਾਬ ਪੈਂਗੁਇਨ ਨੇ ਛਾਪੀ ਹੈ। ਸੰਜੇ ਬਾਰੂ ਪ੍ਰਧਾਨ ਮੰਤਰੀ ਦਾ ਮੀਡੀਆ ਸਲਾਹਕਾਰ ਰਿਹਾ ਤੇ ਤਿੰਨ ਸੌ ਪੰਨਿਆਂ ਦੀ ਕਿਤਾਬ ਪਾਰਲੀਮੈਂਟ ਚੋਣਾਂ ਦੇ ਮੌਕੇ 2014 ਵਿਚ ਰਿਲੀਜ਼ ਕੀਤੀ।

ਇਸ ਕਿਤਾਬ ਵਿਚ ਡਾਕਟਰ ਸਾਹਿਬ ਦੀ ਬਤੌਰ ਪ੍ਰਧਾਨ ਮੰਤਰੀ ਅਉਧ ਦੇ ਵੇਰਵੇ ਦਰਜ ਹਨ। ਕਿਤਾਬ ਦੇ ਅੱਧ ਤੱਕ ਪੁੱਜਾ ਤਾਂ ਮੈਨੂੰ ਲੱਗਣ ਲੱਗਾ ਕਿ ਰਚਨਾ ਕਿਸੇ ਸਾਜ਼ਿਸ਼ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਖਿਲਾਫ ਚੋਣਾਂ ਮੌਕੇ ਕਿਤਾਬ ਆਉਣ ਦਾ ਕੀ ਮਨੋਰਥ? ਕੀ ਬਾਰੂ ਵਿਕ ਗਿਆ? ਸਾਰੀ ਲਿਖਤ ਪੜ੍ਹ ਕੇ ਲੇਖਕ ਵਿਰੁਧ ਗਿਲਾ ਸ਼ਿਕਵਾ ਨਹੀਂ ਰਹਿੰਦਾ। ਬਾਰੂ ਅਰਥ-ਸ਼ਾਸਤਰ ਦਾ ਪ੍ਰੋਫੈਸਰ ਰਿਹਾ, ਵੱਡੇ ਅੰਗਰੇਜ਼ੀ ਅਖਬਾਰ 'ਫਾਈਨਾਂਸ਼ਲ ਐਕਸਪ੍ਰੈਸ' ਦਾ ਮੁੱਖ ਸੰਪਾਦਕ ਰਿਹਾ ਤੇ ਪ੍ਰਧਾਨ ਮੰਤਰੀ ਦੀ ਇੱਜ਼ਤ ਦਾ ਖੈਰਖ੍ਵਾਹ ਹੈ। ਜੋ ਦੇਖਦਾ ਰਿਹਾ, ਲਿਖ ਦਿੱਤਾ। ਉਸ ਦੀ ਲਿਖਤ ਵਿਚੋਂ ਕੁੱਝ ਹਿੱਸੇ ਇਉਂ ਹਨ:

ਸ਼ਾਰਦਾ ਪ੍ਰਸਾਦ 15 ਸਾਲ ਇੰਦਰਾ ਗਾਂਧੀ ਦਾ ਮੀਡੀਆ ਸਲਾਹਕਾਰ ਰਿਹਾ। ਸਾਲ 1981 ਵਿਚ ਲੇਖਕ ਦਾ ਵਿਆਹ ਹੋਇਆ ਤਾਂ ਪਤਨੀ ਨੇ ਕਿਹਾ- ਸੌਰੀ ਮਾਮਾ ਨੂੰ ਮਿਲਣਾ ਹੈ। ਘਰੋਂ ਗਾਇਬ ਰਹਿੰਦਾ ਸੀ, ਫੈਸਲਾ ਹੋਇਆ ਕਿ ਦਫਤਰ ਮਿਲੀਏ। ਵੱਡਾ ਦਫਤਰ, ਪੂਰੀ ਸ਼ਾਨ ਪਰ ਸ਼ਾਰਦਾ ਪ੍ਰਸਾਦ ਸਾਦਾ, ਨਿਮਰ ਬੰਦਾ। ਮੇਲ-ਜੋਲ ਹੁੰਦਾ ਰਿਹਾ, 1993 ਵਿਚ ਬਾਰੂ 'ਇਕਨਾਮਿਕਸ ਟਾਈਮਜ਼' ਛੱਡ ਕੇ 'ਟਾਈਮਜ਼ ਆਫ ਇੰਡੀਆ' ਵਿਚ ਆ ਗਿਆ ਤੇ ਸ਼ਾਰਦਾ ਨੂੰ ਕਿਹਾ- ਅਖਬਾਰ ਵਾਸਤੇ ਕੁੱਝ ਲਿਖੋ। ਉਹ ਨਾ ਮੰਨਿਆ। ਫਿਰ ਕਿਹਾ- ਅੰਕਲ ਤੁਹਾਡੇ ਕੋਲ ਪ੍ਰਧਾਨ ਮੰਤਰੀ ਦਫਤਰ ਦਾ ਸੱਚ ਹੈ, ਲਿਖੋ; ਅਸੀਂ ਛਾਪਾਂਗੇ। ਉਤਰ ਮਿਲਿਆ, ਇਸ ਦਫਤਰ ਵਿਚ ਕੀ-ਕੀ ਵਾਪਰਦਾ ਰਿਹਾ, ਮੈਨੂੰ ਪਤਾ ਨਹੀਂ। ਸੱਚ ਦੇ ਸਾਰੇ ਪੱਖ ਜਾਣਨੇ ਤਾਂ ਦਰਕਿਨਾਰ, ਮੈਨੂੰ ਤਾਂ ਇਹ ਪਤਾ ਨਹੀਂ ਕਿ ਸੱਚ ਦੇ ਪੱਖ ਹੁੰਦੇ ਕਿੰਨੇ ਹਨ। ਆਖਰ ਉਸ ਨੇ ਕਿਤਾਬ ਲਿਖ ਹੀ ਦਿੱਤੀ- 'ਦਿ ਬੁੱਕ ਦੈਟ ਆਈ ਵੌਂਟ ਬੀ ਰਾਈਟਿੰਗ'। ਇਹ ਕਿਤਾਬ ਸੰਜੇ ਬਾਰੂ ਲਈ ਪ੍ਰੇਰਨਾ ਸ੍ਰੋਤ ਬਣੀ।

ਪਹਿਲੀ ਅਵਧੀ ਵੇਲੇ ਜਦੋਂ ਮਨਮੋਹਨ ਸਿੰਘ ਪਰਮਾਣੂ ਊਰਜਾ ਸੰਧੀ ਦਾ ਮਤਾ ਲੋਕ ਸਭਾ ਵਿਚੋਂ ਪਾਸ ਕਰਵਾਉਣ ਵਿਚ ਕਾਮਯਾਬ ਹੋ ਗਿਆ, ਖੁਸ਼ੀ ਵਿਚ ਲੋਕਾਂ ਨੇ 'ਸਿੰਘ ਇਜ਼ ਕਿੰਗ' ਗਾਣਾ ਉਚੀ ਆਵਾਜ਼ ਵਿਚ ਸੁਣਿਆ-ਸੁਣਾਇਆ। ਦੂਜੀ ਅਵਧੀ ਵਿਚ ਉਸ ਦੀ ਉਹ ਹੱਤਕ ਹੋਈ ਕਿ ਮੀਡੀਆ ਨੇ ਆਖਣਾ ਸ਼ੁਰੂ ਕਰ ਦਿੱਤਾ- 'ਸਿੰਘ ਇਜ਼ ਸਿੰਕਿੰਗ' (ਸਿੰਘ ਡੁੱਬ ਰਿਹੈ)। ਸਿਆਸੀ ਲੀਡਰ ਚੰਗਾ ਲਗਦੈ ਜਾਂ ਬੁਰਾ, ਕੋਈ ਫਰਕ ਨਹੀਂ ਪਰ ਉਹ ਹਾਸੋ-ਹੀਣਾ ਤਾਂ ਨਹੀਂ ਨਾ ਲੱਗਣਾ ਚਾਹੀਦਾ। ਪ੍ਰਣਬ ਮੁਖਰਜੀ ਨੇ ਬਾਰੂ ਨੂੰ 2011 ਵਿਚ ਕਿਹਾ ਸੀ- 'ਪ੍ਰਧਾਨ ਮੰਤਰੀ ਦਾ ਅਕਸ ਸਰਕਾਰ ਦਾ ਅਕਸ ਹੁੰਦਾ ਹੈ ਤੇ ਸਰਕਾਰ ਦਾ ਅਕਸ ਦੇਸ ਦਾ ਅਕਸ। ਪ੍ਰਧਾਨ ਮੰਤਰੀ ਦਾ ਨਿਰਾਦਰ ਦੇਸ ਦਾ ਨਿਰਾਦਰ ਹੈ।' ਸਵਾਮੀਨਾਥਨ ਨੇ ਇੰਦਰਾ ਗਾਂਧੀ ਕੋਲ ਬੇਨਤੀ ਕੀਤੀ- ਹੁਣ ਮੈਂ ਸਰਕਾਰ ਛੱਡਣੀ ਚਾਹੁੰਨਾ। ਇੰਦਰਾ ਜੀ ਨੇ ਪੁੱਛਿਆ- ਕਿਉਂ? ਸਵਾਮੀ ਨੇ ਕਿਹਾ- ਜਦੋਂ ਕੋਈ ਪੁੱਛੇ, ਕਦੋਂ ਛੱਡ ਰਿਹੈਂ, ਨਾਲ ਜਦੋਂ ਇਹ ਵੀ ਪੁੱਛਿਆ ਜਾਵੇ, ਕਿਉਂ ਛੱਡ ਰਿਹੈਂ? ਉਦੋਂ ਛੱਡ ਦੇਣਾ ਚਾਹੀਦੈ ਰੁਤਬਾ।

ਪਾਕਿਸਤਾਨ ਦੇ ਧੂੜ ਭਰੇ ਨਿੱਕੇ ਜਿਹੇ ਪਿੰਡ ਗਾਹ ਵਿਚ ਉਸ ਦਾ ਬਚਪਨ ਬੀਤਿਆ ਜਿਥੇ ਨਾ ਬਿਜਲੀ ਸੀ ਨਾ ਨਲਕਾ ਪਰ ਉਹ ਕੈਂਬਰਿਜ ਅਤੇ ਆਕਸਫੋਰਡ ਯੂਨੀਵਰਸਿਟੀਆਂ ਵਿਚ ਪੜ੍ਹਿਆ। ਉਸ ਦਾ ਪਿਛੋਕੜ ਅਬਰਾਹਮ ਲਿੰਕਨ ਅਤੇ ਬਰਾਕ ਓਬਾਮਾ ਵਰਗਾ ਸੀ ਤੇ ਉਹ ਇਨ੍ਹਾਂ ਦੋਹਾਂ ਨਾਲੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਰਿਹਾ, ਪਰ ਇਨ੍ਹਾਂ ਵਿਚ ਇਕ ਵੱਡਾ ਫਰਕ ਵੀ ਹੈ। ਲਿੰਕਨ ਅਤੇ ਓਬਾਮਾ ਚੋਣ ਜਿੱਤੇ ਤੇ ਰਾਸ਼ਟਰਪਤੀ ਬਣੇ। ਮਨਮੋਹਨ ਸਿੰਘ ਨੇ ਚੋਣ ਨਹੀਂ ਜਿੱਤੀ, ਇਸ ਕਰ ਕੇ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਤਾਂ ਬੈਠਾ, ਉਸ ਨੂੰ ਪ੍ਰਧਾਨ ਮੰਤਰੀ ਦੀ ਤਾਕਤ ਨਹੀਂ ਮਿਲੀ।

1991 ਵਿਚ ਜਦੋਂ ਦੇਸ ਦੀ ਆਰਥਿਕਤਾ ਡਗਮਗਾ ਗਈ, ਉਦੋਂ ਨਰਸਿਮਹਾ ਰਾਓ ਨੇ ਉਸ ਨੂੰ ਵਿਤ ਮੰਤਰੀ ਵਜੋਂ ਸਹੁੰ ਚੁਕਾਈ, ਤੇ ਦੇਸ ਨੂੰ ਮੰਝਧਾਰ ਵਿਚੋਂ ਕੱਢ ਕੇ ਡਾ. ਸਿੰਘ ਨੇ ਆਪਣੀ ਕੁਸ਼ਲਤਾ ਦਾ ਸਬੂਤ ਦਿੱਤਾ। ਇਸ ਤੋਂ ਪਹਿਲੋਂ ਉਹ ਰਿਜ਼ਰਵ ਬੈਂਕ ਦਾ ਗਵਰਨਰ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦਾ ਚੇਅਰਮੈਨ ਰਹਿ ਚੁੱਕਾ ਸੀ। ਚੰਦਰ ਸ਼ੇਖਰ ਦੀ ਸਰਕਾਰ ਦਾ ਵਿਤ ਸਲਾਹਕਾਰ ਰਿਹਾ ਸੀ।

2004 ਦੀਆਂ ਲੋਕ ਸਭਾ ਚੋਣਾਂ ਵਿਚ ਲਗਦਾ ਸੀ, ਵਾਜਪਾਈ ਦੀ ਸਰਕਾਰ ਬਣ ਜਾਏਗੀ ਪਰ ਕਾਂਗਰਸ ਵਧੀਕ ਸੀਟਾਂ ਲੈ ਗਈ। ਸੰਜੇ ਬਾਰੂ ਨੇ ਵਾਸ਼ਿੰਗਟਨ ਤੋਂ ਅਖਬਾਰ ਵਾਸਤੇ ਸੰਪਾਦਕੀ ਲਿਖ ਭੇਜੀ ਜਿਸ ਵਿਚ ਸਲਾਹ ਦਿੱਤੀ ਗਈ ਸੀ ਕਿ ਸੋਨੀਆਂ ਗਾਂਧੀ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਪ੍ਰਹੇਜ ਕਰੇ, ਇਸ ਵਕਤ ਰਾਜ ਸਭਾ ਦਾ ਮੈਂਬਰ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਲਈ ਸਭ ਤੋਂ ਯੋਗ ਉਮੀਦਵਾਰ ਹੈ। ਉਧਰ ਬੀ.ਜੇ.ਪੀ. ਦੀ ਨੇਤਾ ਸੁਸ਼ਮਾ ਸਵਰਾਜ ਨੇ ਬਿਆਨ ਦਾਗ ਦਿੱਤਾ- ਜੇ ਇਹ ਪਰਦੇਸੀ ਔਰਤ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬੈਠ ਗਈ, ਮੈਂ ਸਿਰ ਮੁਨਾ ਲਵਾਂਗੀ।

ਮਾਂਟੇਕ ਸਿੰਘ ਆਹਲੂਵਾਲੀਆ ਵੀ ਵਾਸ਼ਿੰਗਟਨ ਵਿਚ ਸੀ। ਬਾਰੂ ਨੇ ਦੱਸਿਆ- ਸੋਨੀਆਂ ਦਾ ਐਲਾਨ ਆ ਗਿਆ ਹੈ ਕਿ ਉਹ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਨਹੀਂ ਬੈਠੇਗੀ, ਹੁਣ ਤੁਹਾਡੇ ਦੋਸਤ ਮਨਮੋਹਨ ਸਿੰਘ ਨੂੰ ਸੱਦਾ ਆ ਸਕਦੈ। ਅਜਿਹਾ ਹੋ ਗਿਆ ਤਾਂ ਆਈ.ਐਸ.ਐਫ. ਦੀ ਨੌਕਰੀ ਛੱਡ ਕੇ ਦਿੱਲੀ ਸਰਕਾਰ ਵਿਚ ਜਾਉਗੇ? ਉਸ ਦੀ ਪਤਨੀ ਈਸ਼ਰ ਕੌਰ ਨੇ ਤੁਰੰਤ ਕਿਹਾ- ਕਿਉਂ ਨਹੀਂ? ਈਸ਼ਰ ਕੌਰ ਡਾ. ਮਨਮੋਹਨ ਸਿੰਘ ਦੀ ਵਿਦਿਆਰਥਣ ਹੈ।

ਉਹੀ ਹੋਇਆ, ਕੱਦਾਵਰ ਲੀਡਰ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਦੇਣ ਦਾ ਅਰਥ ਸੀ, ਸੋਨੀਆ ਪਰਿਵਾਰ ਲਈ ਖਤਰਾ। ਪ੍ਰਧਾਨ ਮੰਤਰੀ ਅਜਿਹਾ ਹੋਵੇ ਜਿਹੜਾ ਆਪਣੇ-ਆਪ ਨੂੰ ਪ੍ਰਧਾਨ ਮੰਤਰੀ ਨਾ ਸਮਝੇ। ਮਨਮੋਹਨ ਸਿੰਘ ਨੂੰ ਸਹੁੰ ਚੁਕਾ ਦਿੱਤੀ। ਆਪਣੇ ਸਹਿਯੋਗੀਆਂ ਨੂੰ ਵਜ਼ਾਰਤਾਂ ਵੰਡਣ ਦਾ ਫੈਸਲਾ ਸੋਨੀਆ ਕਰੇਗੀ, ਪ੍ਰਧਾਨ ਮੰਤਰੀ ਨਹੀਂ। ਸੋਨੀਆ ਗਾਂਧੀ ਦਾ ਜੇ ਇਹੋ ਕਸੂਰ ਹੈ ਕਿ ਉਹ ਇਟਲੀ ਵਿਚ ਜੰਮੀ ਸੀ, ਸੋ ਪ੍ਰਧਾਨ ਮੰਤਰੀ ਨਹੀਂ ਬਣ ਸਕਦੀ ਤਾਂ ਸਰਕਾਰ ਚਲਾਉਣ ਤੋਂ ਉਸ ਨੂੰ ਕੌਣ ਰੋਕ ਸਕਦੈ? ਧੀ ਪ੍ਰਿਅੰਕਾ ਦੀ ਮਦਦ ਉਸ ਦੇ ਕਾਰੋਬਾਰ ਵਿਚ ਕਰੇਗੀ ਤੇ ਰਾਹੁਲ ਪੁੱਤਰ ਨੂੰ ਪ੍ਰਧਾਨ ਮੰਤਰੀ ਦੇ ਰੁਤਬੇ ਲਈ ਤਿਆਰ ਕਰੇਗੀ।

ਸੰਜੇ ਬਾਰੂ ਹੈਦਰਾਬਾਦ ਆਪਣੇ ਘਰੇ ਸੀ ਜਦੋਂ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਦਾ ਫੋਨ ਆਇਆ- ਡਾ. ਸਿੰਘ ਤੁਹਾਨੂੰ ਮਿਲਣਾ ਚਾਹੁੰਦੇ ਨੇ, ਸ਼ਾਮੀਂ ਆ ਜਾਉਗੇ? ਬਾਰੂ ਨੇ ਦੱਸਿਆ- ਸੋਮਵਾਰ ਆਵਾਂਗਾ, ਦੂਰ ਹਾਂ। ਪ੍ਰਧਾਨ ਮੰਤਰੀ ਨੂੰ ਮਿਲਿਆ। ਮੀਡੀਆ ਸਲਾਹਕਾਰ ਵਜੋਂ ਨਿਯੁਕਤੀ ਦੀ ਪੇਸ਼ਕਸ਼ ਹੋਈ। ਸੰਜੇ ਨੇ ਕਿਹਾ- ਮੇਰੇ ਕੋਲ ਵੱਡੇ ਅਖਬਾਰ ਦੀ ਵੱਡੀ ਜ਼ਿੰਮੇਵਾਰੀ ਹੈ, ਕੀ ਉਹ ਥਾਂ ਛੱਡਣ ਵਿਚ ਮੂਰਖਤਾ ਤਾਂ ਨਹੀਂ? ਪ੍ਰਧਾਨ ਮੰਤਰੀ ਨੇ ਕਿਹਾ- 'ਕਦੀ-ਕਦਾਈਂ ਮੂਰਖ ਬਣਨ ਵਿਚ ਸਿਆਣਪ ਹੁੰਦੀ ਹੈ। ਤੁਸੀਂ ਮੇਰੇ ਕੰਨ ਹੋ, ਤੁਸੀਂ ਮੇਰੀਆਂ ਅੱਖਾਂ। ਬੇਝਿਜਕ ਹੋ ਕੇ ਗੱਲ ਕਰਨੀ।'

ਪਲੈਨਿੰਗ ਕਮਿਸ਼ਨ ਦਾ ਡਿਪਟੀ ਚੇਅਰਮੈਨ ਲੈਣਾ ਸੀ। ਬਾਰੂ ਤੋਂ ਸਲਾਹ ਮੰਗੀ। ਉਸ ਨੇ ਕਿਹਾ- ਮਾਂਟੇਕ ਸਿੰਘ ਆਹਲੂਵਾਲੀਆ, ਪਰ ਕਾਮਰੇਡ ਉਸ ਦਾ ਵਿਰੋਧ ਕਰਨਗੇ। ਹਰਕਿਸ਼ਨ ਸੁਰਜੀਤ ਸੱਦ ਲਏ, ਮਾਂਟੇਕ ਦੇ ਹੱਕ ਵਿਚ ਪ੍ਰਵਾਨਗੀ ਲੈ ਲਈ। ਦਫਤਰ ਵਿਚ ਖਬਰ ਉਡੀ, ਇਕ ਸਰਦਾਰ ਨੇ ਦੂਜੇ ਸਰਦਾਰ ਦੀ ਮਦਦ ਨਾਲ ਤੀਜਾ ਸਰਦਾਰ ਚੁਣ ਲਿਆ। ਸੀ.ਪੀ.ਐਮ. ਹਰਕਿਸ਼ਨ ਸੁਰਜੀਤ ਉਤੇ ਖਫਾ ਹੋਈ। ਸੀ.ਪੀ.ਐਮ. ਦੀ ਸਿਫਾਰਿਸ਼ 'ਤੇ ਅਭੀਜੀਤ ਸੇਨ ਨੂੰ ਕਮਿਸ਼ਨ ਦਾ ਮੈਂਬਰ ਲੈਣ 'ਤੇ ਪ੍ਰਕਾਸ਼ ਕਰਤ ਚੁੱਪ ਹੋ ਗਿਆ।

2007 ਵਿਚ ਪਰਮਾਣੂ ਊਰਜਾ ਦੀ ਸੰਧੀ ਤਿਆਰ ਹੋਈ। ਸਰਕਾਰ ਵਿਚ ਭਾਈਵਾਲ ਸੀ.ਪੀ.ਐਮ. ਨੇ ਡਟ ਕੇ ਵਿਰੋਧ ਕੀਤਾ ਤੇ ਕਿਹਾ- ਜੇ ਇਸ ਸੰਧੀ ਉਤੇ ਭਾਰਤ ਨੇ ਦਸਤਖਤ ਕੀਤੇ, ਅਸੀਂ ਸਰਕਾਰ ਦਾ ਸਾਥ ਛੱਡ ਦਿਆਂਗੇ। ਇਸ ਦਾ ਮਤਲਬ ਸਰਕਾਰ ਟੁੱਟਣਾ ਸੀ। ਬਾਰੂ ਨੇ ਪ੍ਰਧਾਨ ਮੰਤਰੀ ਨੂੰ ਦੱਸਿਆ- ਬੀ.ਜੇ.ਪੀ. ਨੇਤਾ ਐਲ.ਕੇ. ਅਡਵਾਨੀ ਨੇ ਹਵਨ ਸ਼ੁਰੂ ਕਰ ਦਿੱਤਾ ਹੈ, ਜੋਤਸ਼ੀ ਬੁਲਾ ਲਏ ਹਨ ਤਾਂ ਕਿ ਤੁਹਾਡੀ ਸਰਕਾਰ ਟੁੱਟ ਜਾਵੇ। ਪ੍ਰਧਾਨ ਮੰਤਰੀ ਹੱਸ ਕੇ ਕਹਿਣ ਲੱਗੇ- ਜੋਤਸ਼ੀ ਮੇਰਾ ਕੁੱਝ ਨਹੀਂ ਵਿਗਾੜ ਸਕਦੇ ਕਿਉਂਕਿ ਕਿਸੇ ਨੂੰ ਮੇਰੀ ਅਸਲੀ ਜਨਮ ਤਰੀਕ ਦਾ ਪਤਾ ਨਹੀਂ, ਕਾਗਜ਼ਾਂ ਵਿਚਲੀ ਤਰੀਕ ਗਲਤ ਹੈ।

ਨਰਸਿਮਹਾ ਰਾਓ ਦਾ ਦੇਹਾਂਤ ਹੋ ਗਿਆ, ਉਨ੍ਹਾਂ ਦੇ ਪਰਿਵਾਰ ਦੀ ਇੱਛਾ ਸੀ ਕਿ ਜਮਨਾ ਕਿਨਾਰੇ ਰਾਜਘਾਟ ਨੇੜੇ ਉਨ੍ਹਾਂ ਦਾ ਸਸਕਾਰ ਕਰ ਕੇ ਸਮਾਧੀ ਬਣਾਈ ਜਾਵੇ, ਆਗਿਆ ਨਹੀਂ ਮਿਲੀ। ਇਥੇ ਗਾਂਧੀ, ਨਹਿਰੂ, ਇੰਦਰਾ, ਸੰਜੇ ਗਾਂਧੀ ਜੋ ਸਿਰਫ ਐਮ.ਪੀ. ਸੀ ਤੇ ਚਰਨ ਸਿੰਘ ਜੋ ਕਾਂਗਰਸੀ ਵੀ ਨਹੀਂ ਸੀ, ਦੀਆਂ ਸਮਾਧਾਂ ਹਨ; ਰਾਓ ਨੂੰ ਹੈਦਰਾਬਾਦ ਲੈ ਗਏ।

*(ਬਾਕੀ ਅਗਲੇ ਸਫੇ 'ਤੇ)*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਦਕਿਆਨੂਸ

ਕੁਝ ਹੀ ਦਿਨ ਹੋਏ ਮੈਂ ਵਰਿਆਮ ਸੰਧੂ ਦੇ ਵੈਬਮੈਗਜ਼ੀਨ 'ਸੀਰਤ' ਵਿਚ ਅੰਮ੍ਰਿਤਾ ਪ੍ਰੀਤਮ ਬਾਰੇ ਸਾਧੂ ਸਿੰਘ ਵਲੋਂ ਲਿਖਿਆ ਇੱਕ ਬਹੁਤ ਉਮਦਾ ਲੇਖ ਪੜ੍ਹਿਆ ਜਿਸ ਵਿਚ ਉਨ੍ਹਾਂ ਦਾ ਇਕ ਫਿਕਰਾ ਕੁਝ ਇਸ ਪ੍ਰਕਾਰ ਦਾ ਸੀ, "ਮਨ, ਬਚਨ ਅਤੇ ਕਰਮ ਵਿਚ ਤਾਲ-ਮੇਲ ਬਿਠਾਉਣ ਦੀ ਜੁਰਅੱਤ ਕਰਨੀ ਹੀ ਇਨਸਾਨ ਹੋਣ ਦੀ ਅਜ਼ਮਤ ਨੂੰ ਛੂਹ ਲੈਣਾ ਹੁੰਦਾ ਹੈ। ਅੰਮ੍ਰਿਤਾ ਹੋਰਾਂ ਨੇ ਏਸ ਇਨਸਾਨੀ ਬੁਲੰਦੀ ਨੂੰ ਔਰਤ ਦੇ ਜਾਮੇ ਵਿਚ ਹਾਸਿਲ ਕੀਤਾ ਹੈ, ਇਸ ਵਿਚ ਉਨ੍ਹਾਂ ਦੀ ਹਿੰਮਤ ਦੀ ਹੋਰ ਵੀ ਦਾਦ ਦਿੱਤੀ ਜਾਣੀ ਬਣਦੀ ਹੈ। ਕਹਿਣ ਦੀ ਲੋੜ ਨਹੀਂ ਕਿ ਇਸ ਅਵਸਥਾ ਨੂੰ ਪਹੁੰਚਦਾ ਤਾਂ ਆਦਮੀ ਵੀ ਕੋਈ ਵਿਰਲਾ ਟਾਵਾਂ ਹੀ ਹੈ, ਪਰ ਸਾਡਾ ਪੰਜਾਬੀ ਸਮਾਜ ਮਰਦਾਵੀਂ ਹਿੰਡ, ਦਕਿਆਨੂਸੀ ਰਵਈਏ, ਦੰਭਯੁਕਿਤ ਸਦਾਚਾਰਕ ਕਦਰਾਂ-ਕੀਮਤਾਂ ਵਿਚ ਰੋਗੀ ਹੱਦ ਤੱਕ ਗ੍ਰਸਿਆ ਹੋਇਆ ਹੋਣ ਕਾਰਨ, ਔਰਤ ਲਈ ਆਪਣੇ ਇਰਦ ਗਿਰਦ ਵਾਹੀਆਂ ਲਛਮਣ ਰੇਖਾਵਾਂ ਨੂੰ ਉਲੰਘਣਾ ਅਤੇ ਰਵਾਇਤੀ ਰਹੁ-ਰੀਤਾਂ ਦੇ ਜਕੜਬੰਦ ਨੂੰ ਤੋੜ ਕੇ ਆਪਣੀ ਸੁਤੰਤਰ ਸੋਚ ਦੀ ਰੋਸ਼ਨੀ ਵਿਚ ਨਵਾਂ ਰਾਹ ਉਲੀਕ ਸਕਣਾ ਹੋਰ ਵੀ ਮੁਸ਼ਕਲ ਹੁੰਦਾ ਹੈ।"

ਇਸ ਲੇਖ ਤੋਂ ਪ੍ਰਭਾਵਤ ਹੋ ਕੇ ਸੋਚਿਆ ਕਿਉਂ ਨਾ ਇਸ ਵਿਚ ਆਏ ਸ਼ਬਦ ਦਕਿਆਨੂਸ ਬਾਰੇ ਹੀ ਕੁਝ ਲਿਖਿਆ ਜਾਵੇ। ਦਕਿਆਨੂਸ ਵਿਅਕਤੀ ਅਤੇ ਦਕਿਆਨੂਸੀ ਉਸ ਦੇ ਵਿਹਾਰ ਬਾਰੇ ਵਿਸ਼ੇਸ਼ਣ ਰੂਪੀ ਇਹ ਸ਼ਬਦ ਪੰਜਾਬੀ ਵਿਚ ਆਮ ਹੀ ਵਰਤੇ ਜਾਂਦੇ ਹਨ ਖਾਸ ਤੌਰ 'ਤੇ ਪੜ੍ਹੇ ਲਿਖੇ ਲੋਕਾਂ ਵਲੋਂ। ਸ਼ਬਦ ਦੀ ਧੁਨੀ ਬੜੀ ਅਜੀਬ ਜਿਹੀ ਹੈ ਜੋ ਪੰਜਾਬੀ ਦੇ ਮੇਲ ਦੀ ਨਹੀਂ ਲਗਦੀ। ਆਓ, ਪਹਿਲਾਂ ਇਸ ਦੇ ਅਰਥ ਸਮਝੀਏ। ਦਕਿਆਨੂਸ ਸ਼ਬਦ ਮੋਟੇ ਤੌਰ 'ਤੇ ਪੁਰਾਣੇ ਜਾਂ ਰੂੜੀਵਾਦੀ ਵਿਚਾਰਾਂ ਵਾਲੇ ਬੰਦੇ ਜਾਂ ਉਸ ਦੇ ਰਵੱਈਏ ਬਾਰੇ ਵਰਤਿਆ ਜਾਂਦਾ ਹੈ। ਪੁਰਾਣੇ ਤੋਂ ਭਾਵ ਹੈ ਜੋ ਆਧੁਨਿਕ ਉਦਾਰਵਾਦੀ ਵਿਚਾਰਾਂ ਨਾਲ ਮੇਲ ਨਾ ਖਾਂਦਾ ਹੋਵੇ। ਇਹ ਵਿਚਾਰ ਰੰਗ, ਨਸਲ, ਲਿੰਗ, ਫੈਸ਼ਨ, ਜਾਤ ਜਾਂ ਵਰਤੋਂ ਵਿਹਾਰ ਦੇ ਪ੍ਰਸੰਗ ਵਿਚ ਹੋ ਸਕਦੇ ਹਨ। ਉਂਜ ਹਰ ਪੀੜੀ ਨੂੰ ਪਿਛਲੀ ਪੀੜੀ ਦੇ ਲੋਕ ਦਕਿਆਨੂਸੀ ਹੀ ਲਗਦੇ ਹਨ।

ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਦਕਿਆਨੂਸੀ ਸ਼ਬਦ ਅਰਬੀ-ਫਾਰਸੀ ਰਾਹੀਂ ਆਇਆ ਇਸੇ ਲਈ ਇਸ ਦੀ ਧੁਨੀ ਕੁਝ ਅਜੀਬ ਜਿਹੀ ਲਗਦੀ ਹੈ। ਹਰ ਭਾਸ਼ਾ ਵਿਚ ਕਈ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਪਿਛੇ ਕਿਸੇ ਇਤਿਹਾਸਕ ਸ਼ਖਸੀਅਤ ਦਾ ਨਾਂ ਬੋਲਦਾ ਹੁੰਦਾ ਹੈ ਜਿਵੇਂ ਜੋ ਸੁੱਖ ਛੱਜੂ ਦੇ ਚਬਾਰੇ, ਉਹ ਬਲਖ ਨਾ ਬੁਖਾਰੇ ਵਿਚ ਛੱਜੂ ਨਾਂ ਦਾ ਪਾਤਰ ਸਪਸ਼ਟ ਝਲਕਦਾ ਹੈ। "ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਜਾਏ, ਜਿਉਂ ਜਿਉਂ ਮੰਨੂ ਵਢਦਾ ਅਸੀਂ ਦੂਣ ਸਵਾਏ ਹੋਏ।" ਵਿਚ ਮੰਨੂ ਇਕ ਇਤਿਹਾਸਕ ਪੁਰਸ਼ ਹੈ। ਮੰਨੂਵਾਦੀ ਸੋਚ ਵਿਚ ਇਕ ਹੋਰ ਮੰਨੂ ਬੋਲਦਾ ਹੈ।

ਦਰਅਸਲ ਦਕਿਆਨੂਸ ਇਕ ਰੋਮਨ ਸਮਰਾਟ ਦਾ ਨਾਂ ਸੀ ਜਿਸ ਦੇ ਰਾਜ ਅਧੀਨ ਅਜੋਕਾ ਤੁਰਕੀ ਵੀ ਸ਼ਾਮਿਲ ਸੀ। ਕੁਝ ਸਰੋਤਾਂ ਅਨੁਸਾਰ ਉਹ ਈਸਾ ਤੋਂ ਪਹਿਲਾਂ ਹੋਇਆ ਪਰ ਲਗਦਾ ਹੈ ਕਿ ਉਹ ਦਰਅਸਲ ਈਸਾ ਤੋਂ ਦੋ ਤਿੰਨ ਸਦੀਆਂ ਬਾਅਦ ਵਿਚ ਹੋਇਆ ਹੋਵੇਗਾ। ਰੋਮਨ ਸਾਮਰਾਜ ਵਿਚ ਮੂਰਤੀ ਪੂਜਾ ਬਹੁਤ ਸਮੇਂ ਤੱਕ ਪ੍ਰਚਲਿਤ ਰਹੀ, ਈਸਾ ਤੋਂ ਸੱਤ ਅੱਠ ਸਦੀਆਂ ਬਾਅਦ ਤੱਕ ਵੀ ਹਾਲਾਂ ਕਿ ਈਸਾਈਅਤ ਅਤੇ ਇਸਲਾਮੀ-ਦੋਵੇਂ ਧਰਮ ਮੂਰਤੀ ਪੂਜਾ ਦੇ ਵਿਰੋਧੀ ਸਨ। ਦਕਿਆਨੂਸ ਦਾ ਜ਼ਿਕਰ ਬਾਈਬਲ ਅਤੇ ਕੁਰਾਨ ਵਿਚ ਵੀ ਆਉਂਦਾ ਹੈ ਭਾਵੇਂ ਦੋਵਾਂ ਵਿਚ ਸ਼ਬਦ-ਜੋੜ ਹੋਰ ਹੋਰ ਹਨ। ਗਰੀਕ ਵਿਚ ਇਸ ਦਾ ਨਾਂ ਦੇਸਿਅਸ ਵਜੋਂ ਪ੍ਰਸਿਧ ਹੈ। ਕਿਹਾ ਜਾਂਦਾ ਹੈ ਕਿ ਦੇਸਿਅਸ ਤੁਰਕੀ ਦੇ ਵੱਡੇ ਸ਼ਹਿਰਾਂ ਤਾਰਸਸ ਅਤੇ ਇਫੇਸਸ 'ਤੇ ਰਾਜ ਕਰਦਾ ਸੀ। ਉਸ ਵੇਲੇ ਦੇ ਤੁਰਕ ਲੋਕ ਤਾਰਕ ਨਾਂ ਦੇ ਦੇਵਤੇ ਦੀ ਪੂਜਾ ਕਰਦੇ ਸਨ। ਇਫੇਸਿਸ ਦਾ ਮੰਦਿਰ ਸੱਤ ਅਜੂਬਿਆਂ ਵਿਚ ਵੀ ਗਿਣਿਆ ਜਾਂਦਾ ਹੈ। ਦਕਿਆਨੂਸ ਜਾਂ ਦੇਸਿਅਸ ਦੀ ਕਹਾਣੀ ਸਾਡੇ ਕੰਸ ਨਾਲ ਮਿਲਦੀ ਹੈ। ਦੇਸਿਅਸ ਮੂਰਤੀ-ਪੂਜਕ ਸੀ ਤੇ ਆਪਣੇ ਵਿਸ਼ਵਾਸ ਵਿਚ ਕੱਟੜ ਸੀ। ਉਹ ਬੜੀ ਸਖਤਾਈ ਨਾਲ ਮੂਰਤੀ ਪੂਜਾ ਲਾਗੂ ਕਰਦਾ ਸੀ, ਮੰਦਰਾਂ 'ਚ ਬਲੀ ਚੜ੍ਹਾਉਣ ਲਈ ਲੋਕਾਂ ਨੂੰ ਮਜਬੂਰ ਕਰਦਾ ਸੀ। ਇਥੋਂ ਤੱਕ ਕਿ ਆਪਣੀ ਪਰਜਾ ਦੇ



ਧਾਰਮਕ ਵਿਸ਼ਵਾਸਾਂ 'ਤੇ ਨਜ਼ਰਸਾਨੀ ਰਖਦਾ ਸੀ। ਪਰ ਰੋਮਨ ਸਾਮਰਾਜ ਵਿਚ ਇਸਾਈਅਤ ਦਾ ਪ੍ਰਭਾਵ ਵਧਦਾ ਜਾ ਰਿਹਾ ਸੀ ਜਿਸ ਅਨੁਸਾਰ ਦੁਨੀਆਂ ਦਾ ਕਰਤਾ-ਧਰਤਾ ਨਿਰਾਕਾਰ ਰੱਬ ਹੈ। ਇਨ੍ਹਾਂ ਕਾਰਨਾਂ ਕਰਕੇ ਦੇਸਿਅਸ ਦਾ ਵਿਹਾਰ ਵੀ ਸਖਤ ਤੋਂ ਸਖਤ ਹੁੰਦਾ ਗਿਆ। ਉਹ ਅਜਿਹੇ ਵਿਚਾਰ ਰੱਖਣ ਵਾਲਿਆਂ ਨੂੰ ਸਖਤ ਸਜ਼ਾਵਾਂ ਦਿੰਦਾ, ਜ਼ਮੀਨ ਵਿਚ ਗੱਡ ਦਿੰਦਾ, ਹੱਥ ਪੈਰ ਕਟਵਾ ਦਿੰਦਾ, ਜਿਉਂਦਿਆਂ ਨੂੰ ਹੀ ਜਲਾ ਦਿੰਦਾ ਜਾਂ ਮੌਤ ਦੇ ਘਾਟ ਉਤਾਰ ਦਿੰਦਾ। ਬਾਈਬਲ ਵਿਚ ਇਹ ਵਾਕਿਆ ਦਰਜ ਹੈ ਕਿ ਸੱਤ ਨੌਜਵਾਨਾਂ ਨੇ ਸ਼ਹਿਰ ਦੀ ਦੇਵੀ ਦੇ ਮੰਦਿਰ 'ਤੇ ਸਿਰ ਝੁਕਾਉਣ ਜਾਂ ਬਲੀ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦੇਸਿਅਸ ਦੀ ਕਰੋਪੀ ਤੋਂ ਬਚਣ ਲਈ ਬਾਹਰਵਾਰ ਇਕ ਗੁਫਾ ਵਿਚ ਜਾ ਕੇ ਪਨਾਹ ਲਈ ਜਿਥੇ ਜਾਂਦਿਆਂ ਨੀਂਦ ਨੇ ਉਨ੍ਹਾਂ ਨੂੰ ਦਬੋਚ ਲਿਆ। ਦੇਸਿਅਸ ਨੂੰ ਜਦ ਖਬਰ ਹੋਈ ਤਾਂ ਉਸ ਨੇ ਇਸ ਗੁਫਾ ਦੇ ਮੂੰਹ ਨੂੰ ਪੱਥਰਾਂ ਨਾਲ ਬੰਦ ਕਰਵਾ ਦਿੱਤਾ ਤਾਂ ਕਿ ਉਹ ਅੰਦਰੇ ਦਮ ਘੁਟ ਕੇ ਮਰ ਜਾਣ।

ਕੁਰਾਨ ਵਿਚ ਸੱਤ ਇਸਾਈਆਂ ਦਾ ਜ਼ਿਕਰ ਆਉਂਦਾ ਹੈ ਜੋ ਦੇਸਿਅਸ ਦੀ ਕੈਦ ਵਿਚੋਂ ਭੱਜ ਕੇ ਗੁਫਾ ਵਿਚ ਜਾ ਵੜੇ ਤੇ ਦੇਸਿਅਸ ਦੇ ਹੁਕਮਾਂ ਅਨੁਸਾਰ ਇਸ ਗੁਫਾ ਦਾ ਮੂੰਹ ਬੰਦ ਕਰਵਾ ਦਿੱਤਾ ਗਿਆ। ਇਨ੍ਹਾਂ ਲੋਕਾਂ ਨੂੰ ਅਸਹਾਬੇ-ਕਹਫ਼ ਕਿਹਾ ਜਾਂਦਾ ਹੈ। ਅਸਹਾਬੇ ਦਾ ਮਤਲਬ ਜਿਸ 'ਤੇ ਪੈਗੰਬਰ ਦੀ ਮਿਹਰ ਹੈ। ਪੰਜਾਬੀ ਵਿਚਲਾ ਸਾਹਿਬ ਸ਼ਬਦ ਇਸੇ ਦਾ ਰੁਪਾਂਤਰ ਹੈ ਜਿਸ ਬਾਰੇ ਕਦੇ ਫਿਰ ਜ਼ਿਕਰ ਕਰਾਂਗੇ। ਕਹਫ਼ ਦਾ ਅਰਥ ਗੁਫਾ ਹੁੰਦਾ ਹੈ, ਕੋਹਕਾਫ ਵਿਚ ਇਹ ਸ਼ਬਦ ਆਉਂਦਾ ਹੈ। ਗੁਫਾ ਦੇ ਅਰਥਾਂ ਵਾਲਾ ਪੰਜਾਬੀ ਖੋਹ ਵੀ ਇਸੇ ਦਾ ਬਦਲਿਆ ਰੂਪ ਹੈ। ਬਾਈਬਲ ਅਨੁਸਾਰ ਇਹ ਨੌਜਵਾਨ ਗੁਫਾ ਵਿਚ ਦੋ ਸੌ ਸਾਲ ਤੇ ਕੁਰਾਨ ਅਨੁਸਾਰ ਤਿੰਨ ਸੌ ਸਾਲ ਸੱਤੇ ਰਹੇ। ਏਨੇ ਸਮੇਂ ਪਿਛੋਂ ਜਦ ਇਨ੍ਹਾਂ ਦੀ ਨੀਂਦ ਖੁਲ੍ਹੀ ਤਾਂ ਭੁਖ ਦੇ ਮਾਰੇ ਗੁਫਾ 'ਚੋਂ ਬਾਹਰ ਆ ਕੇ ਰੋਟੀ ਖਰੀਦਣ ਚਲੇ ਗਏ। ਉਨ੍ਹਾਂ ਪਾਸ ਸਿੱਕੇ ਵੀ ਤਿੰਨ ਸੌ ਸਾਲ ਪੁਰਾਣੇ ਸਨ ਜਿਨ੍ਹਾਂ ਉਤੇ ਦੇਸਿਅਸ ਦੀ ਤਸਵੀਰ ਸੀ। ਸਾਰੇ ਲੋਕ ਹੈਰਾਨ ਹੋ ਗਏ ਕਿ ਅਤਿਆਚਾਰੀ ਦਕਿਆਨੂਸ ਦੇ ਸਿੱਕੇ ਕਿਥੋਂ ਆ ਗਏ। ਖੁਦ ਇਹ ਨੌਜਵਾਨ ਹੈਰਾਨ ਹੋ ਗਏ। ਉਨ੍ਹਾਂ ਤਾਂ ਸੋਚਿਆ ਸੀ ਕਿ ਉਨ੍ਹਾਂ ਨੂੰ ਬੱਸ ਨੀਂਦ ਦਾ ਝੌਂਕਾ ਹੀ ਆਇਆ ਹੈ। ਫਿਰ ਉਨ੍ਹਾਂ ਜ਼ੁਲਮੀ ਦਕਿਆਨੂਸ ਦੀ ਕਹਾਣੀ ਸੁਣਾਈ ਕਿ ਕਿਵੇਂ ਉਹ ਉਸ ਦੇ ਕਹਿਰ ਤੋਂ ਬਚਣ ਖਾਤਿਰ ਇਸ ਗੁਫਾ ਵਿਚ ਆ ਲੁਕੇ ਸਨ। ਫਿਰ ਇਹ ਸੱਤੇ ਜਣੇ ਇਥੇ ਹੀ ਰਹਿਣ ਲੱਗੇ ਤੇ ਇੱਛਾ ਕੀਤੀ ਕਿ ਮਰਨ ਤੋਂ ਬਾਅਦ ਉਨ੍ਹਾਂ ਨੂੰ ਉਸੇ ਗੁਫਾ ਵਿਚ ਦਫਨਾਇਆ ਜਾਵੇ। ਲੋਕਾਂ ਅਜਿਹਾ ਹੀ ਕੀਤਾ। ਹੁਣ ਪੱਛਮੀ ਏਸ਼ੀਆ, ਇਥੋਂ ਤੱਕ ਕਿ ਪਛਮੀ ਚੀਨ ਦੇ ਇਲਾਕੇ ਵਿਚ ਕਈ ਅਜਿਹੀਆਂ ਗੁਫਾਵਾਂ ਮਿਲਦੀਆ ਹਨ ਜਿਨ੍ਹਾਂ ਵਿਚ ਇਨ੍ਹਾਂ ਸੱਤ ਨੌਜਵਾਨਾਂ ਦੀਆਂ ਕਬਰਾਂ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਨ੍ਹਾਂ ਨੂੰ ਅਸਹਾਬੇ-ਕਹਫ਼ ਕਿਹਾ ਜਾਂਦਾ ਹੈ।

ਹਰ ਖੇਤਰ ਦੀਆਂ ਮਿਥਾਂ ਬਾਰੇ ਅਜਿਹਾ ਹੀ ਹੁੰਦਾ ਹੈ। ਅਯੁਧਿਆ ਵਿਚ ਅਨੇਕਾਂ ਸਥਾਨ ਹਨ ਜਿਥੇ ਰਾਮ ਦੇ ਜਨਮ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਹ ਕਹਾਣੀ ਈਸਾ ਤੇ ਪੈਗੰਬਰ ਦੀ ਕਰਨੀ ਦਰਸਾਉਣ ਲਈ ਇਨ੍ਹਾਂ ਧਰਮਾਂ ਦੇ ਲੋਕਾਂ ਨੇ ਪ੍ਰਚਾਰੀ ਹੈ। ਉਹ ਦੱਸਣਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਮਸੀਹਾਂ ਨੇ ਇਕ ਅਤਿਆਚਾਰੀ ਤੋਂ ਆਪਣੇ ਭਗਤਾਂ ਦੀ ਕਿਵੇਂ ਰੱਖਿਆ ਕੀਤੀ। ਇਸ ਕਹਾਣੀ ਤੋਂ ਦਕਿਆਨੂਸ ਦੇ ਅਤਿਆਚਾਰੀ ਹੋਣ ਦੀ ਸੂਹ ਤਾਂ ਮਿਲਦੀ ਹੈ ਪਰ ਸਾਡੀਆਂ ਭਾਸ਼ਾਵਾਂ ਵਿਚ ਇਹ ਰੂੜੀਵਾਦੀ ਦੇ ਅਰਥਾਂ ਵਜੋਂ ਪ੍ਰਚਲਿਤ ਹੋਇਆ ਕਿਉਂਕਿ ਦੇਸਿਅਸ/ ਦਕਿਆਨੂਸ ਮੂਰਤੀ ਪੂਜਕ ਹੋਣ ਕਰਕੇ ਪੁਰਾਣੇ ਵਿਚਾਰਾਂ ਦਾ ਸੀ ਜਦ ਕਿ ਈਸਾਈਅਤ ਜਾਂ ਇਸਲਾਮ ਉਨ੍ਹਾਂ ਦਿਨਾਂ ਵਿਚ ਨਵੀਨ ਵਿਚਾਰਾਂ ਦੇ ਸੂਚਕ ਸਨ। ਇਰਾਨ ਦੇ ਲੋਕਾਂ ਨੇ ਅੱਜ ਵੀ ਜਦ ਕਿਸੇ ਪੁਰਾਤਨ ਜਾਂ ਪੁਰਾਤਨਪੰਥੀ ਗੱਲ 'ਤੇ ਟਿੱਪਣੀ ਕਰਨੀ ਹੋਵੇ ਤਾਂ ਉਹ ਕਹਿ ਦਿੰਦੇ ਹਨ, 'ਅਹਦੇ ਦਕਿਆਨੂਸ।'

# ਸੰਜੇ ਬਾਰੂ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ

ਬਾਅਦ ਵਿਚ ਚੰਦਰਸ਼ੇਖਰ ਦਾ ਦੇਹਾਂਤ ਹੋਇਆ, ਉਨ੍ਹਾਂ ਦੇ ਪਰਿਵਾਰ ਨੂੰ ਵੀ ਆਗਿਆ ਨਹੀਂ ਦਿੱਤੀ ਤਾਂ ਪਰਿਵਾਰ ਨੇ ਕਿਹਾ- ਜੇ ਤੁਸੀਂ ਇਥੇ ਰਾਜਘਾਟ ਨੇੜੇ ਸਸਕਾਰ ਦੀ ਆਗਿਆ ਨਾ ਦਿੱਤੀ ਤਾਂ ਅਸੀਂ ਦਿੱਲੀ ਦੇ ਲੋਧੀ ਕਰਿਮੇਟੋਰੀਅਮ ਵਿਚ ਸਸਕਾਰ ਕਰਾਂਗੇ। ਪਰਿਵਾਰ ਦੇ ਹੱਠ ਅੱਗੇ ਸਰਕਾਰ ਝੁਕ ਗਈ, ਉਨ੍ਹਾਂ ਦੀ ਸਮਾਧ ਦਾ ਨਾਮ ਹੈ ਏਕਤਾ ਸਥਲ।

ਵਿਤ ਮੰਤਰੀ ਨੇ ਬਜਟ ਪੇਸ਼ ਕਰਨਾ ਸੀ। ਸੀ.ਪੀ.ਐਮ. ਲੀਡਰ ਕਰਤ ਦਾ ਬਿਆਨ ਆਇਆ- ਅਸੀਂ ਬਜਟ ਦੀਆਂ ਕਈ ਮੱਦਾਂ ਨਾਲ ਸਹਿਮਤ ਨਹੀਂ। ਜੇ ਬਜਟ ਪਾਸ ਨਹੀਂ ਹੁੰਦਾ ਤਾਂ ਸਰਕਾਰ ਡਿੱਗ ਜਾਵੇਗੀ। ਸੰਜੇ ਦੀ ਡਿਊਟੀ ਲਾਈ ਕਿ ਕਰਤ ਨੂੰ ਮਿਲੇ ਤੇ ਮਨਾਏ। ਕਰਤ ਨੇ ਸੰਜੇ ਨੂੰ ਕਿਹਾ- ਰੌਲਾ ਪਾਵਾਂਗੇ, ਸਰਕਾਰ ਨਹੀਂ ਡੇਗਾਂਗੇ। ਪ੍ਰੈਸ ਨੇ ਲਿਖਿਆ- ਭੌਂਕਣਗੇ, ਵੱਢਣਗੇ ਨਹੀਂ।

ਪ੍ਰਧਾਨ ਮੰਤਰੀ ਦਫਤਰ ਵਿਚ ਸੋਨੀਆ ਗਾਂਧੀ ਦੇ ਹੁਕਮ ਬਗੈਰ ਪੱਤਾ ਨਹੀਂ ਹਿਲਦਾ ਸੀ। ਜਦੋਂ ਲੋਕਾਂ ਦੀ ਪਸੰਦ ਦਾ ਕੋਈ ਫੈਸਲਾ ਹੁੰਦਾ, ਸਿਹਰਾ ਸੋਨੀਆ ਗਾਂਧੀ ਸਿਰ; ਬਦਨਾਮੀ ਡਾ. ਮਨਮੋਹਨ ਸਿੰਘ ਸਿਰ। ਬਾਰੂ ਨੇ ਕੁੱਝ ਮਹੀਨੇ ਵਿਦੇਸ਼ ਜਾਣ ਦੀ ਆਗਿਆ ਮੰਗੀ। ਪ੍ਰਧਾਨ ਮੰਤਰੀ ਨੇ ਕਿਹਾ- ਤੇਰੀ ਖਾਲੀ ਥਾਂ ਕਿਸੇ ਹੋਰ ਬੰਦੇ ਨਾਲ ਭਰ ਦੇਣਗੇ, ਨਾ ਜਾਹ।

ਖੱਬੇ ਪੱਖੀ ਕਾਂਗਰਸ ਲੀਡਰ ਮਣੀ ਸ਼ੰਕਰ ਅਈਅਰ ਪ੍ਰਧਾਨ ਮੰਤਰੀ ਦੇ ਜਹਾਜ਼ ਵਿਚ ਕਿਧਰੇ ਜਾ ਰਹੇ ਸਨ। ਅਈਅਰ ਨੇ ਬਾਰੂ ਨੂੰ ਕਿਹਾ- ਪਰਮਾਣੂ ਸੰਧੀ ਨਹੀਂ ਹੋਣੀ ਚਾਹੀਦੀ। ਇਸ ਮਸਲੇ 'ਤੇ ਜੇ ਡਾ. ਮਨਮੋਹਨ ਸਿੰਘ ਅਸਤੀਫਾ ਦੇ ਦਿੰਦੇ ਤਾਂ ਦੇਵੇ, ਹੋਵੇ ਦਫਾ। ਸੰਜੇ ਨੇ ਕਿਹਾ- ਮਨਮੋਹਨ ਸਿੰਘ ਦੇ ਦਫਤਰ ਦੀ ਥਾਂ ਜੇ ਆਪਾਂ ਸਟਾਲਿਨ ਦੇ ਦਫਤਰ ਵਿਚ ਇਨ੍ਹਾਂ ਆਸਾਮੀਆਂ ਉਪਰ ਲੱਗੇ ਹੁੰਦੇ ਤਾਂ ਮੈਂ ਤਾਕੀ ਖੋਲ੍ਹ ਕੇ ਤੈਨੂੰ ਜਹਾਜ਼ੋਂ ਬਾਹਰ ਧੱਕਾ ਦੇ ਦਿੰਦਾ ਕਾਮਰੇਡ।

ਹਮਾਇਤੀ ਧੜਿਆਂ ਅਤੇ ਕਾਂਗਰਸ ਦੇ ਵਜ਼ੀਰਾਂ ਵਲੋਂ ਕੀਤੇ ਜਾਂਦੇ ਭ੍ਰਿਸ਼ਟਾਚਾਰ ਦੀਆਂ ਖਬਰਾਂ ਪ੍ਰਧਾਨ ਮੰਤਰੀ ਨੂੰ ਮਿਲਦੀਆਂ ਰਹਿੰਦੀਆਂ। ਵਜ਼ੀਰ ਚੋਣ ਜਿੱਤ ਕੇ ਆਏ ਹਨ, ਪ੍ਰਧਾਨ ਮੰਤਰੀ ਚੋਣ ਨਹੀਂ ਜਿੱਤ ਸਕਿਆ, ਫਿਰ ਵਜ਼ੀਰਾਂ ਨੂੰ ਕਿਵੇਂ ਟੋਕੇ? ਸਲਾਹ ਹੋਈ ਕਿ ਇਨ੍ਹਾਂ ਨਾਲ ਇਮਾਨਦਾਰ ਅਫਸਰ ਤਾਇਨਾਤ ਕਰ ਦਿਉ ਪਰ ਵਜ਼ੀਰ ਆਪਣੀ ਮਰਜ਼ੀ ਦੇ ਅਫਸਰ ਆਪਣੇ ਨਾਲ ਰੱਖਣਗੇ, ਮਨਮੋਹਨ ਸਿੰਘ ਦੀ ਮਰਜ਼ੀ ਦੇ ਨਹੀਂ।

ਬਾਰੂ ਨੇ ਸਲਾਹ ਦਿੱਤੀ ਕਿ ਡਾ. ਮਨਮੋਹਨ ਸਿੰਘ 2009 ਦੀ ਲੋਕ ਸਭਾ ਇਲੈਕਸ਼ਨ ਵਿਚ ਚੋਣ ਲੜਨ। ਆਸਾਮ ਠੀਕ ਹੈ, ਪੰਜਾਬ ਵਿਚੋਂ ਅੰਮ੍ਰਿਤਸਰ ਠੀਕ ਹੈ। ਪ੍ਰਧਾਨ ਮੰਤਰੀ ਨੇ ਕਿਹਾ- ਪਾਰਟੀ ਜੋ ਚਾਹੇ ਫੈਸਲਾ ਕਰੇ। ਪਾਰਟੀ ਦਾ ਮਤਲਬ ਸੋਨੀਆ ਗਾਂਧੀ। ਬਾਰੂ ਨੇ ਦਲੀਲਾਂ ਦੇਣੀਆਂ ਚਾਹੀਆਂ ਪਰ ਪ੍ਰਧਾਨ ਮੰਤਰੀ ਨੇ ਕਿਹਾ- ਤਾਕਤ ਦਾ ਕੇਂਦਰ ਇਕ ਹੁੰਦੈ, ਦੋ ਨਹੀਂ। ਮੈਂ ਮੰਨ ਲਿਐ ਕਿ ਸੋਨੀਆ ਗਾਂਧੀ ਤਾਕਤ ਦਾ ਕੇਂਦਰ ਹੈ। ਜੇ ਕਿਤੇ ਟੀ.ਵੀ. ਚੈਨਲ ਜਾਂ ਪ੍ਰਿੰਟ ਮੀਡੀਆ ਸਰਵੇਖਣ ਕਰ ਕੇ ਦੱਸ ਦਿੰਦੇ ਕਿ ਪ੍ਰਧਾਨ ਮੰਤਰੀ ਨਾਲੋਂ ਸੋਨੀਆ ਗਾਂਧੀ ਵੱਧ ਹਰਮਨ ਪਿਆਰੀ ਹੈ ਤਾਂ ਪ੍ਰਧਾਨ ਮੰਤਰੀ ਖੁਸ਼ ਹੋ ਜਾਂਦੇ। ਪ੍ਰਧਾਨ ਮੰਤਰੀ ਵਧੀਕ ਹਰਮਨ ਪਿਆਰਾ ਹੋ ਗਿਆ ਤਾਂ ਗੱਦੀਓਂ ਲਾਹਿਆ ਜਾਏਗਾ।




ਇੰਦਰਾ ਗਾਂਧੀ ਦੇ ਮੀਡੀਆ ਸਲਾਹਕਾਰ ਸ਼ਾਰਦਾ ਪ੍ਰਸਾਦ ਦੀ ਕਿਤਾਬ 'ਦਿ ਬੁੱਕ ਦੈਟ ਆਈ ਵੋਂਟ ਬੀ ਰਾਈਟਿੰਗ' (ਸੱਜੇ) ਦਾ ਟਾਈਟਲ ਜਿਸ ਤੋਂ ਪ੍ਰੇਰਨਾ ਲੈ ਕੇ ਸੰਜੇ ਬਾਰੂ ਨੇ ਕਿਤਾਬ ਲਿਖੀ 'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ'।

ਪ੍ਰਧਾਨ ਮੰਤਰੀ ਨੇ ਪੇਂਡੂ ਭਾਰਤੀਆਂ ਦੇ ਭਲੇ ਲਈ ਮਨਰੇਗਾ ਸਕੀਮ ਪਾਸ ਕਰ ਦਿੱਤੀ ਪਰ ਅਜੇ ਪ੍ਰੈਸ ਵਿਚ ਖਬਰ ਨਹੀਂ ਗਈ ਸੀ। ਰਾਹੁਲ ਗਾਂਧੀ ਜਨਮ ਦਿਨ ਮੁਬਾਰਕ ਕਹਿਣ ਪੰਜਾਹ ਕੁ ਕਾਂਗਰਸੀਆਂ ਨਾਲ ਪ੍ਰਧਾਨ ਮੰਤਰੀ ਨਿਵਾਸ ਆਏ। ਚਾਹ-ਪਾਣੀ ਪੀਣ-ਖਾਣ ਪਿੱਛੋਂ ਪਾਲਿਸੀ ਗੱਲਾਂ ਹੋਣ ਲੱਗੀਆਂ। ਇਕ ਬਿਆਨ ਟਾਈਪ ਕਰ ਕੇ ਲਿਆਏ ਸਨ ਕਿ ਮਨਰੇਗਾ ਸਕੀਮ ਰਾਹੁਲ ਗਾਂਧੀ ਦੀ ਮੰਗ ਹੈ, ਪੂਰੀ ਕੀਤੀ ਜਾਵੇ। ਬਾਰੂ ਨੇ ਬਿਆਨ ਵਾਲਾ ਕਾਗਜ਼ ਫੜ ਕੇ ਕਿਹਾ- ਇਸ ਬਿਆਨ ਨੂੰ ਅਸੀਂ ਆਪਣੇ ਹਿਸਾਬ ਨਾਲ ਰਿਲੀਜ਼ ਕਰਾਂਗੇ। ਬਿਆਨ ਤਿਆਰ ਕਰ ਕੇ ਪ੍ਰੈਸ ਨੂੰ ਭੇਜ ਦਿੱਤਾ। ਇਕ ਪੱਤਰਕਾਰ ਦੋਸਤ ਦਾ ਬਾਰੂ ਦੇ ਮੋਬਾਈਲ 'ਤੇ ਸੁਨੇਹਾ ਆਇਆ- ਇਹ ਕੀ ਡਰਾਮੇ ਹੋ ਰਹੇ ਨੇ? ਬਾਰੂ ਨੇ ਵਾਪਸ ਸੁਨੇਹਾ ਭੇਜਿਆ- ਇਸ ਨੂੰ ਪ੍ਰਧਾਨ ਮੰਤਰੀ ਵਲੋਂ ਜਨਮ ਦਿਨ ਗਿਫਟ ਸਮਝੋ। ਇਹ ਸੁਨੇਹਾ ਅਖਬਾਰ ਨੇ ਛਾਪ ਦਿੱਤਾ। ਪ੍ਰਧਾਨ ਮੰਤਰੀ ਕ੍ਰੋਧਿਤ ਹੋ ਗਏ। ਬਾਰੂ ਦੀ ਪੇਸ਼ੀ ਪੈ ਗਈ।

-ਕਿਉਂ ਭੇਜਿਆ ਸੀ ਇਹ ਐਸ.ਐਮ.ਐਸ.?

-ਮੈਂ ਤੁਹਾਡਾ ਮੀਡੀਆ ਸਲਾਹਕਾਰ ਹਾਂ ਸਰ, ਤੁਹਾਡੀ ਸ਼ੋਭਾ ਕਰਨੀ ਮੇਰਾ ਫਰਜ਼ ਹੈ।

-ਮੈਨੂੰ ਕਿਸੇ ਸ਼ੋਭਾ ਦੀ ਲੋੜ ਨਹੀਂ। ਤੂੰ ਅੱਗੇ ਤੋਂ ਮੇਰੇ ਭਾਸ਼ਣ ਤਿਆਰ ਕਰਿਆ ਕਰ। ਮੈਨੂੰ ਨਹੀਂ ਕਿਸੇ ਮੀਡੀਆ ਸਲਾਹਕਾਰ ਦੀ ਲੋੜ।

ਪਾਕਿਸਤਾਨ ਦਾ ਰਾਸ਼ਟਰਪਤੀ ਮੁਸ਼ੱਰਫ ਭਾਰਤ ਆਇਆ। ਉਹ ਕਸ਼ਮੀਰ ਮਸਲੇ ਦਾ ਹੱਲ ਕਰਨ ਲਈ ਉਤਸਕ ਸੀ, ਬੋਲਿਆ- ਡਾਕਟਰ ਸਾਹਿਬ, ਆਪਾਂ ਦੋਵੇਂ ਇਕ ਘੰਟਾ ਬੈਠਦੇ ਆਂ, ਲੰਚ ਤੋਂ ਪਹਿਲਾਂ ਫੈਸਲਾ ਕਰਲਾਂਗੇ। ਪ੍ਰਧਾਨ ਮੰਤਰੀ ਨੇ ਕਿਹਾ- ਤੁਸੀਂ ਜਰਨੈਲ ਹੋ ਤੇ ਜਵਾਨ ਹੋ ਮੁਸ਼ੱਰਫ ਸਾਹਿਬ, ਮੈਂ ਬੁੱਢਾ ਹਾਂ। ਮੈਨੂੰ ਹੌਲੀ-ਹੌਲੀ ਚੱਲਣਾ ਪਵੇਗਾ। ਦਰਅਸਲ ਇਸ ਸਮਝੌਤੇ ਕਾਰਨ ਮਨਮੋਹਨ ਸਿੰਘ ਦੀ ਬੱਲੇ-ਬੱਲੇ ਹੋ ਜਾਣੀ ਸੀ। ਅਜੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁੱਜਣ ਦਿਉ, ਫਿਰ ਸਮਝੌਤਾ ਹੋਵੇਗਾ। ਸਮਝੌਤਾ ਤਾਂ ਦਰਕਿਨਾਰ, ਪ੍ਰਧਾਨ ਮੰਤਰੀ ਆਪਣੇ ਪਾਕਿਸਤਾਨ ਵਿਚਲੇ ਪਿੰਡ ਗਾਹ ਵੀ ਨਹੀਂ ਜਾ ਸਕਿਆ।

ਕਮਿਊਨਿਸਟ ਬਲੈਕਮੇਲ ਕਰਦੇ ਰਹੇ ਸਨ, ਮੋਰਾਰਜੀ ਦੇਸਾਈ ਹਟਾ ਕੇ ਉਨ੍ਹਾਂ ਚਰਨ ਸਿੰਘ ਕੁਰਸੀ 'ਤੇ ਬਿਠਾ ਦਿੱਤੇ, ਵੀ.ਪੀ. ਸਿੰਘ ਨੂੰ ਹਟਾ ਕੇ ਚੰਦਰ ਸ਼ੇਖਰ ਤੇ ਦੇਵ ਗੌੜਾ ਨੂੰ ਹਟਾ ਕੇ ਆਈ.ਕੇ. ਗੁਜਰਾਲ ਬਿਠਾ ਦਿੱਤੇ। ਹੁਣ ਪਰਮਾਣੂ ਮਸਲੇ ਤੇ ਮਨਮੋਹਨ ਸਿੰਘ ਨੂੰ ਹਟਾ ਕੇ ਸੈਕੂਲਰ ਅਰਜਨ ਸਿੰਘ ਨੂੰ ਕੁਰਸੀ ਦਿਉ। ਅਜਿਹਾ ਹੋ ਜਾਣਾ ਸੀ, ਜੇ ਸੋਨੀਆ ਅਰਜਨ ਸਿੰਘ ਦੇ ਖਿਲਾਫ ਨਾ ਹੁੰਦੀ, ਤੇ ਕਾਮਰੇਡਾਂ ਵਲੋਂ ਹਮਾਇਤ ਵਾਪਸ ਲੈਣ ਵਕਤ ਅਮਰ ਸਿੰਘ ਦੀ ਸਮਾਜਵਾਦੀ ਪਾਰਟੀ ਦਾ ਸਮਰਥਨ ਨਾ ਮਿਲਿਆ ਹੁੰਦਾ। ਸਰਕਾਰ ਬਚੀ ਤੇ ਪਰਮਾਣੂ ਸਮਝੌਤਾ ਪਾਰਲੀਮੈਂਟ ਵਿਚ ਬਹੁਮਤ ਨਾਲ ਪਾਸ ਹੋ ਗਿਆ।

ਪ੍ਰਧਾਨ ਮੰਤਰੀ ਦੇ ਦਿਲ ਦਾ ਵੱਡਾ ਆਪ੍ਰੇਸ਼ਨ ਹੋਇਆ। ਬਾਰੂ ਪਤਾ ਲੈਣ ਗਿਆ। ਪਰਿਵਾਰ ਅੰਦਰ ਲੈ ਗਿਆ। ਡਾ. ਮਨਮੋਹਨ ਸਿੰਘ ਨੇ ਸਹਿਜੇ-ਸਹਿਜੇ ਗੱਲਾਂ ਕੀਤੀਆਂ, ਜੂਸ ਪੀਤਾ। ਬਾਰੂ ਵਾਪਸ ਜਾਣ ਲੱਗਾ ਤਾਂ ਪਰਿਵਾਰ ਨੇ ਕਿਹਾ- ਕਿਸੇ ਨੂੰ ਦੱਸੀਂ ਨਾ ਤੂੰ ਮਿਲ ਕੇ ਗਿਐਂ। ਸੋਨੀਆ ਗਾਂਧੀ ਅਤੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਮਿਲਣਾ ਚਾਹਿਆ ਹੈ, ਡਾਕਟਰਾਂ ਨੇ ਆਗਿਆ ਨਹੀਂ ਦਿੱਤੀ। ਤੇਰੇ ਬਿਨਾਂ ਕਿਸੇ ਨਾਲ ਗੱਲ ਨਹੀਂ ਕੀਤੀ ਅਜੇ ਡਾਕਟਰ ਸਾਹਿਬ ਨੇ। ਕਲਮਾਡੀ ਅਤੇ ਸ਼ੀਲਾ ਦੀਕਸ਼ਿਤ ਉਪਰ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗੇ। ਸਰਕਾਰ ਨੇ ਖਾਮੋਸ਼ੀ ਧਾਰ ਲਈ। ਸੁਪਰੀਮ ਕੋਰਟ ਨੇ ਕਹਿ ਦਿੱਤਾ ਕਿ ਦਾਗੀ ਸਜ਼ਾਯਾਫਤਾ ਵਜ਼ੀਰਾਂ ਨੂੰ ਕੁਰਸੀਆਂ ਨਾ ਦਿਉ। ਸਰਕਾਰ ਦਾਗੀਆਂ ਦੇ ਹੱਕ ਵਿਚ ਸੀ। ਸਜ਼ਾਯਾਫਤਾ ਲੀਡਰਾਂ ਨੂੰ ਟਿਕਟਾਂ ਮਿਲਣ, ਕੁਰਸੀਆਂ ਮਿਲਣ, ਇਸ ਵਾਸਤੇ ਪ੍ਰਧਾਨ ਮੰਤਰੀ ਨੇ ਆਰਡੀਨੈਂਸ ਜਾਰੀ ਕਰ ਦਿੱਤਾ, ਐਕਟ ਪਾਸ ਹੋ ਨਹੀਂ ਸਕਦਾ ਸੀ। ਰਾਹੁਲ ਗਾਂਧੀ ਪ੍ਰੈਸ ਕਾਨਫਰੰਸ ਵਿਚ ਗੱਜਿਆ- ਭ੍ਰਿਸ਼ਟ ਬੰਦਿਆਂ ਦੇ ਹੱਕ ਵਿਚ ਪਾਸ ਕੀਤਾ ਆਰਡੀਨੈਂਸ ਵਾਪਸ ਲਵੋ। ਇਹ ਸਭ ਇਸ ਲਈ ਕੀਤਾ ਕਰਾਇਆ ਤਾਂ ਕਿ ਪ੍ਰਧਾਨ ਮੰਤਰੀ ਬਦਨਾਮ ਹੋਵੇ, ਰਾਹੁਲ ਦੀ ਚੜ੍ਹਤ ਹੋਵੇ। ਜਦੋਂ ਰਾਹੁਲ ਦਾ ਬਿਆਨ ਛਪਿਆ, ਉਦੋਂ ਪ੍ਰਧਾਨ ਮੰਤਰੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਿਲਣ ਗਏ ਹੋਏ ਸਨ। ਵ੍ਹਾਈਟ ਹਾਊਸ ਵਿਚ ਪ੍ਰਧਾਨ ਮੰਤਰੀ ਦੀ ਹੈਸੀਅਤ ਖਾਕ ਹੋ ਗਈ। ਅਜਿਹਾ ਬਿਆਨ ਸਰਕਾਰ ਦੀ ਵਿਰੋਧੀ ਧਿਰ ਦੇ ਨੇਤਾ ਦਿਆ ਕਰਦੇ ਹਨ। ਰਾਹੁਲ ਗਾਂਧੀ ਆਪਣੀ ਪਾਰਟੀ ਦੇ ਪ੍ਰਧਾਨ ਮੰਤਰੀ ਵਿਰੁੱਧ ਪ੍ਰੈਸ ਵਿਚ ਗਏ। ਆਰਡੀਨੈਂਸ ਵਾਪਸ ਹੋ ਗਿਆ।

ਵਿਰੋਧੀ ਧਿਰ ਨੇ ਪਾਰਲੀਮੈਂਟ ਵਿਚ ਡਾ. ਮਨਮੋਹਨ ਸਿੰਘ ਨੂੰ 'ਸ਼ਿਖੰਡੀ' ਕਿਹਾ। ਮਹਾਂਭਾਰਤ ਦਾ ਪਾਤਰ 'ਸ਼ਿਖੰਡੀ' ਨਾ ਔਰਤ ਸੀ ਨਾ ਮਰਦ। ਕਿਸੇ ਨੇ ਉਸ ਨੂੰ 'ਧ੍ਰਿਤਰਾਸ਼ਟਰ' ਕਿਹਾ ਜਿਸ ਨੂੰ ਦਿਖਾਈ ਨਹੀਂ ਦਿੰਦਾ ਸੀ ਪਰ ਸੰਜੇ ਬਾਰੂ ਡਾਕਟਰ ਸਾਹਿਬ ਨੂੰ ਭੀਸ਼ਮ ਪਿਤਾਮਾ ਆਖਦਾ ਹੈ ਜੋ ਵਿਦਵਾਨ ਸੀ, ਯੋਧਾ ਸੀ ਪਰ ਗਲਤ ਧਿਰ ਦੀ ਹਮਾਇਤ ਵਿਚ ਉਤਰ ਆਇਆ, ਫਲਸਰੂਪ ਤੀਰਾਂ ਦੀ ਸੇਜ ਉਪਰ ਲੇਟਣਾ ਪਿਆ।

***

ਕਹਾਣੀ

# ਕਸਤੂਰੀ ਵਾਲਾ ਮਿਰਗ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਮੇਰਾ ਕੋਈ ਮਹਿਮਾਨ ਆਇਆ ਹੈ।

"ਸ਼ਸ਼ੀ, ਜ਼ਰਾ ਨਾਂ ਤਾਂ ਪੁੱਛ ਕੇ ਦੱਸ", ਮੈਂ ਰਿਸੈਪਸ਼ਨਿਸਟ ਕੁੜੀ ਨੂੰ ਆਖਦਾ ਹਾਂ।

ਕੁਝ ਸਕਿੰਟ ਮਹਿਮਾਨ ਨਾਲ ਗੱਲ ਕਰ ਕੇ ਸ਼ਸ਼ੀ ਦਸਦੀ ਹੈ, "ਸਰਦਾਰ ਉਤਮ ਸਿੰਘ ਸੰਧੂ।"

"ਅੱਛਾ, ਉਨ੍ਹਾਂ ਨੂੰ ਕਹਿ, ਬੈਠਨ, ਮੈਂ ਪੰਜ ਮਿੰਟ ਵਿਚ ਆਇਆ", ਮੈਂ ਉਹਨੂੰ ਜਵਾਬ ਦਿੰਦਾ ਹਾਂ।

ਅਜੇ ਕੱਲ੍ਹ ਹੀ ਤਾਂ ਉਨ੍ਹਾਂ ਨੂੰ ਵਿਦਾ ਕੀਤਾ ਹੈ ਅਤੇ ਅੱਜ ਉਹ ਫੇਰ ਆ ਗਏ ਹਨ। ਪਤਾ ਨਹੀਂ, ਹੁਣ ਉਹ ਕੀ ਕਹਿਣ ਆਏ ਹਨ।

ਸਰਦਾਰ ਉਤਮ ਸਿੰਘ ਸੰਧੂ ਨੇ ਕੁਝ ਸਾਲ ਪਹਿਲਾਂ ਪਿੰਡ ਵਾਲੀ ਜ਼ਮੀਨ ਦਾ ਇਕ ਹਿੱਸਾ ਵੇਚ ਕੇ ਯੂ.ਪੀ. ਵਿਚ ਸਸਤੀ ਜ਼ਮੀਨ ਲੈ ਲਈ ਸੀ, ਕੌਡੀਆਂ ਦੇ ਭਾਅ। ਹੌਲੀ-ਹੌਲੀ ਉਹ ਜ਼ਮੀਨ ਚੰਗੀ ਫਸਲ ਦੇਣ ਲੱਗੀ ਅਤੇ ਉਹ ਸਾਰਾ ਇਲਾਕਾ ਆਬਾਦ ਹੋਣ ਲੱਗ ਪਿਆ। ਸਰਦਾਰ ਉਤਮ ਸਿੰਘ ਸੰਧੂ ਪਿੰਡ ਵਾਲੀ ਜ਼ਮੀਨ ਵੇਚਦੇ ਰਹੇ ਅਤੇ ਯੂ.ਪੀ. ਵਿਚ ਜ਼ਮੀਨ ਖਰੀਦਦੇ ਰਹੇ। ਫੇਰ ਪਿੰਡ ਵਿਚ ਉਨ੍ਹਾਂ ਦਾ ਜੱਦੀ ਮਕਾਨ ਅਤੇ ਮਸਾਂ ਏਨੀਂ ਕੁ ਜ਼ਮੀਨ ਹੀ ਰਹਿ ਗਈ ਕਿ ਪੁਰਖਿਆਂ ਦੇ ਪਿੰਡ ਨਾਲ ਉਨ੍ਹਾਂ ਬੱਸ ਨਾਤਾ ਜੁੜਿਆ ਰਹੇ।

ਹੁਣ ਉਨ੍ਹਾਂ ਦੀ ਨਵੀਂ ਜ਼ਮੀਨ, ਯੂ.ਪੀ. ਵਾਲੀ ਜ਼ਮੀਨ ਦਾ ਕੋਈ ਝਗੜਾ ਖੜ੍ਹਾ ਹੋ ਗਿਆ ਹੈ ਅਤੇ ਉਹ ਸਮਝਦੇ ਹਨ ਕਿ ਮੈਂ ਉਨ੍ਹਾਂ ਲਈ ਸਹਾਈ ਹੋ ਸਕਦਾ ਹਾਂ। ਝਗੜਾ ਵੀ ਉਨ੍ਹਾਂ ਦਾ ਕਿਸੇ ਹੋਰ ਨਾਲ ਨਹੀਂ, ਆਪਣੇ ਹੀ ਪਰਿਵਾਰ ਨਾਲ, ਆਪਣੇ ਹੀ ਪੁੱਤਰਾਂ ਨਾਲ ਹੈ, ਜੋ ਉਨ੍ਹਾਂ ਦੇ ਕਹਿਣ ਅਨੁਸਾਰ 'ਹਰਾਮਜ਼ਾਦੇ ਗੁੰਡੇ' ਹਨ।

ਮੈਨੂੰ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦੇ ਕਿੰਨੇ ਪੁੱਤਰ ਹਨ, ਕਿਸ ਉਮਰ ਦੇ ਹਨ, ਕੀ ਕੁਝ ਕਰਦੇ ਹਨ ਅਤੇ ਕਿਹੋ ਜਿਹੇ ਹਨ। ਉਹ ਸੱਚ-ਮੁੱਚ 'ਹਰਾਮਜ਼ਾਦੇ ਗੁੰਡੇ' ਹਨ ਜਾਂ ਇਨ੍ਹਾਂ ਦੀਆਂ ਨਜ਼ਰਾਂ ਵਿਚ ਹੀ ਅਜਿਹੇ ਹਨ। ਭਲਾ ਅਜਿਹੀ ਸੂਰਤ ਵਿਚ ਮੈਂ ਉਨ੍ਹਾਂ ਦੀ ਕੀ ਮਦਦ ਕਰ ਸਕਦਾ ਹਾਂ? ਅਸਲ ਗੱਲ ਤਾਂ ਇਹ ਹੈ ਕਿ ਜੇ ਮੈਨੂੰ ਸਭ ਕੁਝ ਪਤਾ ਵੀ ਹੋਵੇ, ਤਾਂ ਵੀ ਮੈਂ ਕੀ ਮਦਦ ਕਰ ਸਕਦਾ ਹਾਂ!

ਪਰ ਸਰਦਾਰ ਉਤਮ ਸਿੰਘ ਸੰਧੂ ਦਾ ਖਿਆਲ ਹੈ ਕਿ ਮੈਂ ਅਜਿਹਾ ਆਦਮੀ ਹਾਂ ਜੋ ਗੱਲ ਨੂੰ ਜ਼ਰੂਰ ਹੀ ਕਿਸੇ ਸਿਰੇ ਲਾ ਸਕਦਾ ਹਾਂ!

ਮੇਰੇ ਦਿੱਲੀ ਆਉਣ ਤੋਂ ਪਿੱਛੋਂ ਦੋ ਸਾਲਾਂ ਵਿਚ ਮੇਰਾ ਆਪਣੇ ਪਿੰਡ ਆਉਣਾ-ਜਾਣਾ ਬੜਾ ਹੀ ਘਟ ਗਿਆ ਹੈ-ਬੱਸ ਕਿਸੇ ਵਿਆਹ-ਸ਼ਾਦੀ ਜਾਂ ਕਿਸੇ ਮਰਨੇ-ਪਰਨੇ। ਦਿੱਲੀ ਆਉਣ ਤੋਂ ਪਹਿਲਾਂ ਵੀ ਕਿੰਨੇ ਹੀ ਸਾਲਾਂ ਤੋਂ ਮੇਰਾ ਪਿੰਡ ਨਾਲ ਬਹੁਤਾ ਸੰਘਣਾ ਸਬੰਧ ਨਹੀਂ ਸੀ ਰਿਹਾ। ਮੈਂ ਬਹੁਤਾ ਸਮਾਂ ਪਿੰਡੋਂ ਬਾਹਰ ਹੀ ਰਿਹਾ ਸੀ-ਪਹਿਲਾਂ ਪੜ੍ਹਾਈ ਕਾਰਨ ਤੇ ਫਿਰ ਨੌਕਰੀ ਕਾਰਨ। ਪਿੰਡ ਵੀ ਸਾਡਾ ਬੜਾ ਵੱਡਾ ਹੈ, ਬਾਈ ਨੰਬਰਦਾਰੀਆਂ ਹਨ ਸਾਡੇ ਪਿੰਡ ਦੀਆਂ। ਏਨੇ ਵੱਡੇ ਪਿੰਡ ਦੀ ਹਾਲਤ ਤਾਂ ਸ਼ਹਿਰ ਵਾਲੀ ਹੋ ਜਾਂਦੀ ਹੈ। ਬਿਨਾਂ ਲੋੜ ਤੋਂ ਕੌਣ ਕੀਹਨੂੰ ਜਾਣਦਾ ਹੈ? ਬੱਸ ਆਪਣੀ ਪੱਤੀ ਦੇ ਲੋਕਾਂ ਨਾਲ ਹੀ ਵਾਹ ਰਹਿੰਦਾ ਹੈ। ਵਿਆਹ-ਸਾਹੇ ਵਿਚ ਸ਼ਾਮਲ ਹੋਣਾ ਹੈ ਤਾਂ ਪੱਤੀ ਵਾਲਿਆਂ ਨੇ, ਦੁਖਦੇ-ਸੁਖਦੇ ਬਹੁੜਨਾ ਹੈ ਤਾਂ ਪੱਤੀ ਵਾਲਿਆਂ ਨੇ। ਦੂਜੀਆਂ ਪੱਤੀਆਂ ਦੇ ਲੋਕ ਤਾਂ ਦੂਜੇ ਪਿੰਡਾਂ ਵਰਗੇ ਹੋ ਜਾਂਦੇ ਹਨ। ਤੇ ਸਰਦਾਰ ਉਤਮ ਸਿੰਘ ਸੰਧੂ ਦਾ ਘਰ ਤਾਂ ਸਾਥੋਂ ਬਿਲਕੁਲ ਦੂਜੇ ਪਾਸੇ ਹੈ। ਅਸੀਂ ਸੇਖੋਆਂ ਦੀ ਪੱਤੀ ਵਿਚੋਂ ਹਾਂ ਅਤੇ ਉਹ ਸੰਧੂਆਂ ਦੀ ਪੱਤੀ ਵਿਚੋਂ।

ਸਰਦਾਰ ਉਤਮ ਸਿੰਘ ਸੰਧੂ ਨਾਲ ਮੇਰਾ ਪਹਿਲਾ ਨਿੱਜੀ ਵਾਹ ਉਸ ਸਮੇਂ ਪਿਆ, ਜਦੋਂ ਮੈਂ ਐਮ.ਏ. ਪਾਸ ਕੀਤੀ। ਏਡੇ ਵੱਡੇ ਪਿੰਡ ਵਿਚ ਮੈਂ ਐਮ.ਏ. ਪਾਸ ਕਰਨ ਵਾਲਾ ਪਹਿਲਾ ਨੌਜਵਾਨ ਸੀ। ਪਹਿਲੀ ਤੋਂ ਹੀ ਸ਼ੁਰੂ ਕਰ ਕੇ ਹਰ ਜਮਾਤ ਵਿਚੋਂ ਮੁੰਡੇ ਵੱਡੀ ਗਿਣਤੀ ਵਿਚ ਝੜਦੇ ਜਾਂਦੇ ਸਨ। ਤੇ ਆਖਰ ਪਿੰਡ ਦੇ ਮਿਡਲ ਸਕੂਲ ਵਿਚੋਂ ਮੁਸ਼ਕਲ ਨਾਲ ਵੀਹ-ਪੱਚੀ ਮੁੰਡੇ ਹੀ ਪਾਸ ਹੋ ਕੇ ਨਿੱਕਲਦੇ ਸਨ। ਉਨ੍ਹਾਂ ਵਿਚੋਂ ਅੱਧ-ਪਚੱਧ ਹੀ ਸ਼ਹਿਰ ਦੇ ਹਾਈ ਸਕੂਲ ਵਿਚ ਪੁਜਦੇ ਅਤੇ ਫੇਰ ਮੈਟ੍ਰਿਕ ਵਿਚੋਂ ਪਾਸ-ਫੇਲ੍ਹ ਹੋ ਕੇ ਮੁੰਡੇ ਜ਼ਿੰਦਗੀ ਦੇ ਵੱਖ-ਵੱਖ ਰਾਹਾਂ ਉਤੇ ਪੈ ਜਾਂਦੇ-ਕੋਈ ਖੇਤੀ ਵਿਚ, ਕੋਈ ਪਟਵਾਰੀ, ਕੋਈ ਅਧਿਆਪਕ ਅਤੇ ਕੋਈ ਫੌਜ ਵਿਚ। ਕੋਈ ਟਾਵਾਂ-ਟਾਵਾਂ ਕਾਲਜ ਵਿਚ ਵੀ ਚਲਿਆ ਜਾਂਦਾ। ਪਰ ਐਮ.ਏ. ਕਰਨ ਵਾਲਾ ਮੈਂ ਪਹਿਲਾ ਮੁੰਡਾ ਸੀ।

ਐਮ.ਏ. ਪਾਸ ਕਰਨ ਦਾ ਚਾਅ ਅਤੇ ਮਾਣ ਤਾਂ ਮੈਨੂੰ ਵੀ ਬੜਾ ਸੀ, ਪਰ ਓਨਾ ਨਹੀਂ ਜਿੰਨਾ ਸਰਦਾਰ ਉਤਮ ਸਿੰਘ ਸੰਧੂ ਨਾਲ ਮਿਲਣ ਪਿੱਛੋਂ ਮੈਂ ਮਹਿਸੂਸ ਕੀਤਾ। ਪਹਿਲੇ ਮੁੰਡੇ ਦਾ ਐਮ.ਏ. ਪਾਸ ਕਰਨਾ ਪਿੰਡ ਵਿਚ ਇਕ ਖਬਰ ਜਿਹੀ ਬਣ ਗਿਆ ਅਤੇ ਅਗਲੇ ਦਿਨ ਸਰਦਾਰ ਉਤਮ ਸਿੰਘ ਸੰਧੂ ਮੈਨੂੰ ਮਿਲਣ ਲਈ ਸਾਡੇ ਘਰ ਆਏ। ਘੁੱਟਵਾਂ ਚੂੜੀਦਾਰ ਚਿੱਟਾ ਪਜਾਮਾ ਅਤੇ ਚਿੱਟੇ ਕਮੀਜ਼ ਉਤੋਂ ਦੀ ਟਸਰ ਦਾ ਲੰਮਾ ਕੋਟ। ਦਾੜ੍ਹੀ ਦੋ ਹਿੱਸਿਆਂ ਵਿਚ ਵੰਡ ਕੇ ਦੋਵੇਂ ਜਬਾੜਿਆਂ ਹੇਠ ਦੋ ਗੁੱਟੀਆਂ ਵਿਚ ਬੰਨ੍ਹੀ ਹੋਈ ਅਤੇ ਸਿਰ ਉਤੇ ਪੀਲੀ ਖਾਲਸਈ ਪੱਗ। ਹੱਥ ਵਿਚ ਖੂੰਡੀ। ਉਹ ਮੈਨੂੰ ਵਧਾਈ ਦੇਣ ਆਏ ਸਨ। ਉਨ੍ਹਾਂ ਦੇ ਕਹਿਣ ਮੁਤਾਬਿਕ ਮੈਂ ਪਿੰਡ ਦਾ ਨਾਂ ਬੁਲੰਦ ਕੀਤਾ ਸੀ ਅਤੇ ਤਾਲੀਮ ਦੇ ਮੈਦਾਨ ਵਿਚ ਕਾਰਨਾਮਾ ਕਰ ਦਿਖਾਇਆ ਸੀ। ਉਨ੍ਹਾਂ ਦੀ ਗੱਲ ਨਾਲ ਮੈਨੂੰ ਵੀ ਜਿਵੇਂ ਚੇਤਾ ਜਿਹਾ ਆਇਆ ਕਿ ਮੇਰੇ ਲਈ ਪਿੰਡ ਵਿਚੋਂ ਪਹਿਲਾ ਐਮ.ਏ. ਪਾਸ ਹੋਣਾ ਬੜੇ ਮਾਣ ਵਾਲੀ ਗੱਲ ਹੈ। ਸਰਦਾਰ ਉਤਮ ਸਿੰਘ ਸੰਧੂ ਆਪ ਪੁਰਾਣੇ ਪ੍ਰਾਇਮਰੀ ਪਾਸ ਸਨ।

ਤੌੜੀ ਦਾ ਤੱਤਾ-ਤੱਤਾ ਕੜ੍ਹਿਆ ਹੋਇਆ ਦੁੱਧ ਪੀਣ ਮਗਰੋਂ ਉਨ੍ਹਾਂ ਨੇ ਮੇਰੀ ਸਫਲਤਾ ਦਾ ਸ਼ਗਨ ਮਨਾਉਣ ਲਈ ਮੰਗ ਕੇ ਗੁੜ ਦੀ ਰੋੜੀ ਲਈ ਸੀ। ਤੇ ਉਹ ਕਿੰਨਾ ਹੀ ਚਿਰ ਮੇਰੀ ਵਡਿਆਈ, ਤਾਲੀਮ ਦੀ ਮਹਿਮਾ ਅਤੇ ਪਿੰਡ ਦੇ ਅਨਪੜ੍ਹ ਲੋਕਾਂ ਦੀ ਜਹਾਲਤ ਦਾ ਜ਼ਿਕਰ ਕਰਨ ਪਿੱਛੋਂ ਮੈਨੂੰ ਬੁਲੰਦ-ਇਕਬਾਲ ਅਤੇ ਹਰ-ਮੈਦਾਨ-ਫਤਹਿ ਦੀਆਂ ਅਸੀਸਾਂ ਦਿੰਦੇ ਹੋਏ ਵਿਦਾ ਹੋਏ ਸਨ।

ਮੈਂ ਵਿਹਲਾ ਫਿਰਨ ਨਾਲੋਂ ਸ਼ਹਿਰ ਦੇ ਆਰੀਆ ਸਕੂਲ ਵਿਚ ਮਿਲਿਆ ਕੰਮ ਲੈ ਕੇ ਫੇਰ ਪਿੰਡੋਂ ਬਾਹਰ ਚਲਿਆ ਗਿਆ ਸੀ। ਉਥੇ ਪੜ੍ਹਾਉਂਦਿਆਂ ਹੋਇਆਂ ਮੈਂ ਇਕ ਐਮ.ਏ. ਹੋਰ ਕਰ ਲਈ। ਇਸ ਦੌਰਾਨ ਮੇਰਾ ਲਿਖਣ-ਲਿਖਾਉਣ ਦਾ ਸ਼ੌਕ ਤਿੱਖਾ ਹੋਇਆ। ਮੈਂ ਆਪਣੇ ਸ਼ਹਿਰ ਵਿਚ ਇਕ ਸਾਹਿਤ ਸਭਾ ਵੀ ਬਣਾਈ, ਜੀਹਦਾ ਮੈਂ ਆਪ ਹੀ ਸਕੱਤਰ ਬਣ ਗਿਆ। ਮੇਰੀਆਂ ਕਵਿਤਾਵਾਂ ਅਖ਼ਬਾਰਾਂ-ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਸਨ। ਇਨ੍ਹਾਂ ਕਵਿਤਾਵਾਂ ਵਿਚ ਕੋਈ ਬਹੁਤੀ ਡੂੰਘਿਆਈ ਨਹੀਂ ਸੀ ਹੁੰਦੀ। ਮੇਰੇ ਅੰਦਰ ਕਵੀ ਬਣਨ ਦੀ ਉਮੰਗ ਸੀ। ਮੈਂ ਆਮ ਤੌਰ ਉਤੇ ਪ੍ਰਚੱਲਤ ਛੰਦਾਂ ਵਿਚ ਕਵਿਤਾ ਲਿਖਦਾ, ਜੋ ਕਈ ਵਾਰ ਤਾਂ ਕਿਸੇ ਅਖ਼ਬਾਰ ਦੀ ਦਿੱਤੀ ਜਾਂ ਸਾਹਿਤ ਸਭ ਵਿਚ ਮਿਥੀ ਗਈ 'ਸਮੱਸਿਆ' ਅਨੁਸਾਰ ਲਿਖੀ ਹੋਈ ਹੁੰਦੀ ਸੀ। ਅਜਿਹੀਆਂ ਕਵਿਤਾਵਾਂ ਪੰਜਾਬੀ ਅਖ਼ਬਾਰਾਂ ਦੇ ਐਤਵਾਰ ਦੇ ਅੰਕਾਂ ਵਿਚ ਛਪਦੀਆਂ ਸਨ ਅਤੇ ਇਸ ਤਰ੍ਹਾਂ ਇਹ ਪਿੰਡ ਦੇ ਲੋਕਾਂ ਤੱਕ ਪੁੱਜ ਜਾਂਦੀਆਂ ਸਨ। ਸਾਹਿਤ ਸਭਾ ਦੀਆਂ ਸਰਗਰਮੀਆਂ ਦੀਆਂ ਖ਼ਬਰਾਂ ਵੀ ਛਪਦੀਆਂ ਰਹਿੰਦੀਆਂ ਸਨ। ਉਨ੍ਹਾਂ ਵਿਚ ਵੀ ਮੇਰਾ ਨਾਂ ਹੁੰਦਾ ਸੀ। ਇਸ ਤਰ੍ਹਾਂ ਮੇਰੀਆਂ ਕਵਿਤਾਵਾਂ ਦਾ ਅਤੇ ਮੇਰੇ ਨਾਂ ਵਾਲੀਆਂ ਖ਼ਬਰਾਂ ਦਾ ਅਖ਼ਬਾਰਾਂ ਵਿਚ ਛਪਣਾ ਪੰਜਾਬੀ ਪੜ੍ਹੇ ਪੇਂਡੂ ਲੋਕਾਂ ਲਈ ਬੜੀ ਵੱਡੀ ਗੱਲ ਸੀ।

ਇਕ ਗੁਰਪੁਰਬ ਵਾਲੇ ਦਿਨ ਪਿੰਡ ਵਿਚ ਕੱਢੇ ਗਏ ਜਲੂਸ ਵਿਚ ਬਾਬੀ ਜੀ ਦੇ ਜ਼ੋਰ ਦੇਣ ਸਦਕਾ ਮੈਂ ਕਈ ਪੜਾਵਾਂ ਉਤੇ ਆਪਣੀਆਂ ਗੁਰੂ ਸਾਹਿਬ ਬਾਰੇ, ਸਿੱਖੀ ਬਾਰੇ ਤੇ ਹੋਰ ਅਜਿਹੀਆਂ ਕਵਿਤਾਵਾਂ ਸੁਣਾਈਆਂ ਅਤੇ ਗੁਰੂ ਜੀ ਦੇ ਜੀਵਨ ਬਾਰੇ ਆਪਣੇ 'ਮਨੋਹਰ ਵਿਚਾਰ' ਵੀ ਪ੍ਰਗਟਾਏ।

ਸਰਦਾਰ ਉਤਮ ਸਿੰਘ ਸੰਧੂ ਜਲੂਸ ਦੀ ਸਮਾਪਤੀ ਪਿੱਛੋਂ ਉਡ ਕੇ ਮਿਲੇ। ਉਨ੍ਹਾਂ ਨੇ ਮੈਨੂੰ ਥਾਪੀ ਦੇ ਕੇ ਸ਼ਾਬਾਸ਼ ਦਿੱਤੀ। ਉਹ ਅਖ਼ਬਾਰਾਂ ਵਿਚ ਮੇਰੀਆਂ ਕਵਿਤਾਵਾਂ ਪੜ੍ਹਦੇ ਰਹਿੰਦੇ ਸਨ। ਮੇਰਾ ਡਬਲ ਐਮ.ਏ. ਬਣਨਾ ਸੁਣ ਕੇ ਉਨ੍ਹਾਂ ਦਾ ਪ੍ਰਤੀਕਰਮ ਸੀ ਕਿ ਇਹ ਸਿੱਖ ਕੌਮ ਦੀ ਬਦਕਿਸਮਤੀ ਹੈ ਕਿ ਮੇਰੇ ਜਿਹੇ ਕਾਬਿਲ ਨੌਜਵਾਨ ਨੂੰ, ਕੌਮ ਦੇ ਅਜਿਹੇ ਹੀਰੇ ਨੂੰ, ਡਬਲ ਐਮ.ਏ., ਸ਼ਾਇਰ, ਵਿਦਵਾਨ ਅਤੇ ਭਾਸ਼ਣਕਾਰ ਨੂੰ ਮਾਸਟਰੀ ਕਰਨੀ ਪੈ ਰਹੀ ਸੀ, ਉਹ ਵੀ ਇਕ ਆਰੀਆ ਸਕੂਲ ਵਿਚ!

ਉਸ ਪਿੱਛੋਂ ਮੈਨੂੰ ਜਲੰਧਰ ਦੇ ਇਕ ਪੰਜਾਬੀ ਅਖ਼ਬਾਰ ਵਿਚ ਕੰਮ ਮਿਲ ਗਿਆ। ਇਹ ਕੰਮ ਮੇਰੇ ਲਈ ਅਗਲੀ ਤਰੱਕੀ ਵਾਸਤੇ ਪੌੜੀ ਦਾ ਇਕ ਡੰਡਾ ਸਿੱਧ ਹੋਇਆ। ਇਹਦੇ ਆਸਰੇ ਮੈਨੂੰ ਦਿੱਲੀ ਦੇ ਇਕ ਅੰਗਰੇਜ਼ੀ ਅਖ਼ਬਾਰ ਵਿਚ ਨੌਕਰੀ ਮਿਲ ਗਈ। ਇਸ ਸਾਰੇ ਸਮੇਂ ਦੌਰਾਨ ਮੇਰੀ ਸਰਦਾਰ ਉਤਮ ਸਿੰਘ ਸੰਧੂ ਨਾਲ ਕਦੀ ਮੁਲਾਕਾਤ ਨਾ ਹੋ ਸਕੀ।

ਫੇਰ ਅਚਾਨਕ ਮੇਰੇ ਰਿਹਾਇਸ਼ੀ ਪਤੇ ਉਤੇ ਉਨ੍ਹਾਂ ਦੀ ਚਿੱਠੀ ਆਈ। ਚਿੱਠੀ ਬਹੁਤ ਹੱਦ ਤੱਕ ਲਗ-ਕੰਨਿਆਂ ਤੋਂ ਮੁਕਤ ਪੰਜਾਬੀ ਵਿਚ ਲਿਖੀ ਹੋਈ ਸੀ। ਇਸ ਚਿੱਠੀ ਤੋਂ ਮੈਨੂੰ ਪਹਿਲੀ ਵਾਰ ਉਨ੍ਹਾਂ ਦੇ ਜ਼ਮੀਨ ਦੇ ਝਗੜੇ ਦਾ ਪਤਾ ਲੱਗਾ ਸੀ। ਔਖਾ ਹੋ-ਹੋ ਕੇ ਅਤੇ ਅਣ-ਸਮਝੇ ਸ਼ਬਦ ਅਣ-ਪੜ੍ਹੇ ਛੱਡ-ਛੱਡ ਕੇ ਪੜ੍ਹੀ ਲੰਮੀ ਚਿੱਠੀ ਵਿਚੋਂ ਮੈਂ ਮੋਟੀ-ਮੋਟੀ ਇਹ ਗੱਲ ਸਮਝ ਲਈ ਸੀ ਕਿ ਉਨ੍ਹਾਂ ਦੇ ਪੁੱਤਰਾਂ ਨੇ ਉਨ੍ਹਾਂ ਦਾ ਯੂ.ਪੀ. ਵਾਲੇ ਘਰ-ਜ਼ਮੀਨ ਵਿਚ ਵੜਨਾ ਇਕ ਕਿਸਮ ਦਾ ਬੰਦ ਕਰ ਦਿੱਤਾ ਹੈ ਅਤੇ ਉਹ ਪਿੰਡ ਵਾਲੀ ਮਾਮੂਲੀ ਜ਼ਮੀਨ ਉਤੇ ਗੁਜ਼ਾਰਾ ਕਰ ਰਹੇ ਹਨ। ਉਨ੍ਹਾਂ ਦੀ ਇੱਛਾ, ਕਿਸੇ ਹੱਦ ਤੱਕ ਮਾਇਕ ਤੰਗੀ ਕਰਕੇ ਅਤੇ ਬਹੁਤੀ ਹੱਦ ਤੱਕ ਜੱਟ ਵਾਲੀ ਟੈਂ ਕਰਕੇ, ਯੂ.ਪੀ. ਵਾਲੀ ਜ਼ਮੀਨ ਫੇਰ ਆਪਣੇ ਹੱਥ ਵਿਚ ਲੈਣ ਦੀ ਹੈ। ਤੇ ਇਸ ਕੰਮ ਵਿਚ ਮਦਦ ਲੈਣ ਲਈ ਉਨ੍ਹਾਂ ਨੇ ਮੈਨੂੰ ਚੁਣਿਆ ਹੈ।

ਚਿੱਠੀ ਵਿਚ ਉਨ੍ਹਾਂ ਨੇ ਮਦਦ ਦੀ ਸ਼ਕਲ ਵੀ ਲਿਖੀ ਹੋਈ ਸੀ। ਜਿਹੜੀ ਤਾਰੀਖ ਮੈਨੂੰ ਠੀਕ ਲੱਗੇ, ਮੈਂ ਉਨ੍ਹਾਂ ਨੂੰ ਚਿੱਠੀ ਰਾਹੀਂ ਸੱਦ ਕੇ ਉਨ੍ਹਾਂ ਨਾਲ ਯੂ.ਪੀ. ਜਾਣਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਡਿਪਟੀ ਕਮਿਸ਼ਨਰ ਨੇ ਮੇਰੇ ਆਖਿਆਂ ਸਭ ਮਾਮਲਾ ਸਿੱਧਾ ਕਰ ਦੇਣਾ ਹੈ। ਚਿੱਠੀ ਦੇ ਅੰਤ ਵਿਚ ਉਨ੍ਹਾਂ ਨੇ ਛੇਤੀ ਜਵਾਬ ਦੀ ਤਾਕੀਦ ਕੀਤੀ ਹੋਈ ਸੀ ਅਤੇ ਯਾਦ ਕਰਵਾਇਆ ਹੋਇਆ ਸੀ ਕਿ ਮੈਨੂੰ ਆਪਣਾ ਰੁਤਬਾ ਆਪਣੇ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਵਰਤਣਾ ਚਾਹੀਦਾ ਹੈ।



ਇਹ ਚਿੱਠੀ ਏਨੀਂ ਅਜੀਬ ਸੀ ਕਿ ਇਹਦਾ ਭਲਾ ਕੀ ਜਵਾਬ ਦਿੱਤਾ ਜਾ ਸਕਦਾ ਸੀ! ਅਨਪੜ੍ਹ ਰਿਸ਼ਤੇਦਾਰਾਂ ਅਤੇ ਵਾਕਫਾਂ ਦੀਆਂ ਅਜੀਬ-ਅਜੀਬ ਚਿੱਠੀਆਂ ਤਾਂ ਆਉਂਦੀਆਂ ਹੀ ਰਹਿੰਦੀਆਂ ਸਨ। ਕੋਈ ਮੈਥੋਂ ਵਲੈਤ ਭਿਜਵਾਏ ਜਾਣ ਵਿਚ ਮਦਦ ਮੰਗਦਾ, ਕੋਈ ਮੁੰਡੇ ਦੀ ਨੌਕਰੀ ਲਈ ਜ਼ੋਰ ਪਾਉਂਦਾ ਅਤੇ ਕੋਈ ਵਾਰੀ ਤੋਂ ਬਿਨਾਂ ਹੀ ਰੂਸੀ ਟਰੈਕਟਰ ਲੈ ਦੇਣ ਲਈ ਆਖਦਾ। ਪਰ ਸਰਦਾਰ ਉਤਮ ਸਿੰਘ ਸੰਧੂ ਨੇ ਤਾਂ ਹੱਦ ਹੀ ਕਰ ਦਿੱਤੀ ਸੀ। ਮੈਂ ਉਨ੍ਹਾਂ ਨੂੰ ਲੈ ਕੇ ਯੂ.ਪੀ. ਜਾਵਾਂ ਅਤੇ ਉਥੋਂ ਦੇ ਡਿਪਟੀ ਕਮਿਸ਼ਨਰ ਨੂੰ ਕਹਾਂ! ਇਹ ਚਿੱਠੀ ਪਹਿਲਾਂ ਸਾਡੇ ਘਰ ਵਿਚ ਹਾਸੇ ਦਾ ਕਾਰਨ ਬਣੀ ਅਤੇ ਫੇਰ ਦੋਸਤਾਂ-ਮਿੱਤਰਾਂ ਵਿਚ। ਕਦੀ ਕਦੀ ਚਾਰ ਮਿੱਤਰਾਂ ਵਿਚ ਬੈਠਿਆਂ ਰਿਸ਼ਤੇਦਾਰਾਂ ਦੀਆਂ ਅਤੇ ਵਾਕਫਾਂ ਦੀਆਂ ਅਜੀਬ-ਅਜੀਬ ਫਰਮਾਇਸ਼ਾਂ ਦੀ ਗੱਲ ਚਲਦੀ, ਮੇਰੇ ਵਲੋਂ ਕੀਤਾ ਗਿਆ ਸਰਦਾਰ ਉਤਮ ਸਿੰਘ ਸੰਧੂ ਦੀ ਚਿੱਠੀ ਦਾ ਜ਼ਿਕਰ ਸਭ ਨੂੰ ਫਿੱਕਾ ਪਾ ਦਿੰਦਾ।

ਕੁਝ ਦਿਨਾਂ ਪਿੱਛੋਂ ਸਰਦਾਰ ਉਤਮ ਸਿੰਘ ਸੰਧੂ ਦੀ ਇਕ ਹੋਰ ਚਿੱਠੀ ਆਈ। ਪਿਛਲੀ ਵਾਰ ਲਿਫਾਫਾ ਆਇਆ ਸੀ, ਇਸ ਵਾਰ ਇਹ ਅੰਤਰਦੇਸੀ ਪੱਤਰ ਸੀ। ਉਨ੍ਹਾਂ ਨੇ ਮੇਰੇ ਜਵਾਬ ਨਾ ਦੇਣ ਦਾ ਕੋਈ ਬੁਰਾ ਨਹੀਂ ਸੀ ਮਨਾਇਆ, ਸਗੋਂ ਆਸ ਪ੍ਰਗਟ ਕੀਤੀ ਸੀ ਕਿ ਮੈਂ ਉਨ੍ਹਾਂ ਦਾ ਕੰਮ ਸਿਰੇ ਲਾਉਣ ਲਈ ਹੀ ਕੋਸ਼ਿਸ਼ ਕਰਦਾ ਰਿਹਾ ਹੋਵਾਂਗਾ। ਤੇ ਉਨ੍ਹਾਂ ਨੇ ਮੇਰੇ ਵਰਗੇ ਵੱਡੇ ਆਦਮੀਆਂ ਦੇ ਰੁਝੇਵਿਆਂ ਬਾਰੇ ਆਪਣੀ ਸਮਝ ਦਾ ਜ਼ਿਕਰ ਵੀ ਕੀਤਾ ਸੀ। ਇਹ ਚਿੱਠੀ ਲਿਖਣ ਦਾ ਮੂਲ ਮੰਤਵ ਇਨ੍ਹਾਂ ਕੋਸ਼ਿਸ਼ਾਂ ਵਿਚ ਤੇਜ਼ੀ ਲਿਆਉਣ ਲਈ ਜ਼ੋਰ ਪਾਉਣਾ ਸੀ ਅਤੇ ਇਹ ਦੱਸਣਾ ਸੀ ਕਿ ਜੇ ਦੂਜੇ ਸੂਬੇ ਦੇ ਜੰਮਪਲ ਅਤੇ ਦੂਜੇ ਧਰਮ ਨਾਲ ਸਬੰਧਤ ਡਿਪਟੀ ਕਮਿਸ਼ਨਰ ਨੂੰ ਕਹਿਣਾ ਮੈਂ ਵਾਜਬ ਨਾ ਸਮਝਦਾ ਹੋਵਾਂ, ਤਾਂ ਸਰਦਾਰ ਫੁਲਾਣਾ ਸਿੰਘ ਨੂੰ ਕਹਿਣਾ ਮੇਰੇ ਲਈ ਕੋਈ ਔਖੀ ਗੱਲ ਨਹੀਂ ਹੋਵੇਗਾ। ਇਹ ਸਰਦਾਰ ਸਾਹਿਬ ਯੂ.ਪੀ. ਵਿਚ ਕਿਸੇ ਸਰਕਾਰੀ ਮਹਿਕਮੇ ਦੇ ਸਕੱਤਰ ਦੀ ਉਚੀ ਪਦਵੀ ਉਤੇ ਲੱਗੇ ਹੋਏ ਆਈ ਏ ਐਸ ਅਧਿਕਾਰੀ ਸਨ ਅਤੇ ਉਨ੍ਹਾਂ ਦੇ ਕਹਿਣ ਅਨੁਸਾਰ ਬੜੇ ਸੁਭਵਾਨ ਤੇ ਸਾਊ ਗੁਰਸਿੱਖ ਸਨ। ਸਰਦਾਰ ਉਤਮ ਸਿੰਘ ਸੰਧੂ ਦਾ ਭਰੋਸਾ ਸੀ ਕਿ ਉਹਨੇ ਸਿੱਖ ਕੌਮ ਦੇ ਮੇਰੇ ਵਰਗੇ ਹੀਰੇ ਦੀ ਕਹੀ ਗੱਲ ਕਦੀ ਵੀ ਨਹੀਂ ਸੀ ਮੋੜਨੀ।

ਪ੍ਰਤੱਖ ਹੈ ਕਿ ਮੈਂ ਇਸ ਚਿੱਠੀ ਦਾ ਕੋਈ ਜਵਾਬ ਨਾ ਦਿੱਤਾ।

ਤੇ ਪਰਸੋਂ ਅਚਾਨਕ ਸਰਦਾਰ ਉਤਮ ਸਿੰਘ ਸੰਧੂ ਮੇਰੇ ਘਰ ਆ ਗਏ। ਉਹ ਮੇਰੇ ਦਫਤਰੋਂ ਮੁੜਨ ਦੀ ਉਡੀਕ ਬੜੀ ਉਤਾਵਲਤਾ ਨਾਲ ਕਰਦੇ ਰਹੇ। ਉਨ੍ਹਾਂ ਨੇ ਮੇਰੀ 'ਲਗਾਤਾਰ ਤਰੱਕੀ' ਉਤੇ ਖੁਸ਼ੀ ਪ੍ਰਗਟ ਕੀਤੀ ਅਤੇ ਥਾਪੀ ਦੇ ਕੇ, ਪਿੰਡ ਦਾ ਹੀ ਨਹੀਂ ਸਗੋਂ ਸਾਰੀ ਕੌਮ ਦਾ ਨਾਂ ਉਚਾ ਕਰਨ ਲਈ ਮੈਨੂੰ ਮੁਬਾਰਕਾਂ ਦਿੱਤੀਆਂ।

ਰਾਤ ਨੂੰ ਉਨ੍ਹਾਂ ਨੇ ਆਪਣੀ ਰਾਮਕਥਾ ਛੇੜ ਲਈ। ਪਤਾ ਨਹੀਂ ਕੌਣ-ਕੌਣ ਉਸ ਕਹਾਣੀ ਦੇ ਪਾਤਰ ਸਨ। ਕਿੰਨੇ ਹੀ ਨਾਂਵਾਂ-ਥਾਂਵਾਂ ਦਾ ਜ਼ਿਕਰ ਸੀ। ਕਿੰਨੀਆਂ ਹੀ ਘਟਨਾਵਾਂ ਦੀ ਲੜੀ ਸੀ। ਉਨ੍ਹਾਂ ਦੀ ਗੱਲ ਮੁੱਕਣ ਪਿੱਛੋਂ ਮੈਂ ਆਪਣੀ ਪੂਰੀ ਵਾਹ ਉਨ੍ਹਾਂ ਨੂੰ ਇਹ ਸਮਝਾਉਣ ਲਈ ਲਾ ਦਿੱਤੀ ਕਿ ਉਨ੍ਹਾਂ ਦੀ ਮੇਰੇ ਉਤੇ ਲਾਈ ਹੋਈ ਆਸ ਬਿਲਕੁਲ ਨਿਰਾਧਾਰ ਹੈ। ਮੈਂ ਉਨ੍ਹਾਂ ਦੀ ਮਦਦ ਕਰਨ ਦੇ ਕਿਸੇ ਤਰ੍ਹਾਂ ਵੀ ਸਮਰੱਥ ਨਹੀਂ ਹਾਂ। ਮੈਂ ਤਾਂ ਕੁਝ ਵੀ ਨਹੀਂ ਹਾਂ। ਪਰ ਉਨ੍ਹਾਂ ਦੀ ਇਕੋ ਰੱਟ ਸੀ ਕਿ ਮੈਨੂੰ ਆਪਣਾ ਵਡੱਪਣ, ਆਪਣਾ ਅਸਰ-ਰਸੂਖ ਦੂਜਿਆਂ ਦੀ ਮਦਦ ਕਰਨ ਦੇ ਲੇਖੇ ਲਾਉਣਾ ਚਾਹੀਦਾ ਹੈ।

ਕੱਲ੍ਹ ਸਵੇਰੇ ਫੇਰ ਉਹ ਆਪਣੀ ਇਹੋ ਹੀ ਰੱਟ ਦੁਹਰਾਉਂਦੇ ਰਹੇ। ਇਕ 'ਏਨੇ ਵੱਡੇ ਅੰਗਰੇਜ਼ੀ ਅਖ਼ਬਾਰ ਦੀ ਕਲਮ ਦਾ ਮਾਲਕ' ਹੋਣਾ ਤਾਂ, ਉਨ੍ਹਾਂ ਦੇ ਵਿਚਾਰ ਅਨੁਸਾਰ, ਮੇਰੇ ਪਹਿਲਾਂ ਵਾਲੇ ਗੁਣਾਂ ਸਦਕਾ ਬਣੀ ਹੋਈ ਮੇਰੀ ਹੈਸੀਅਤ ਵਿਚ ਸੋਨੇ ਉਤੇ ਸੁਹਾਗੇ ਵਾਲਾ ਵਾਧਾ ਹੈ। ਮੈਂ ਅਖ਼ਬਾਰ ਵਿਚ ਚਾਰ ਸਤਰਾਂ ਲਿਖ ਕੇ ਜੀਹਦੇ ਚਾਹਾਂ ਹੋਸ਼ ਟਿਕਾਣੇ ਲਿਆ ਸਕਦਾ ਹਾਂ।

ਮੈਨੂੰ ਉਨ੍ਹਾਂ ਦੀ ਬੇਸਮਝੀ ਅਤੇ ਅੜੀ ਉਤੇ ਅਕੇਵਾਂ ਵੀ ਹੋ ਰਿਹਾ ਸੀ ਅਤੇ ਗੁੱਸਾ ਵੀ ਆ ਰਿਹਾ ਸੀ। ਮੇਰੀ ਕੋਈ ਵੀ ਦਲੀਲ ਬਤਖ ਦੇ ਫੰਘਾਂ ਉਤੇ ਪਈ ਪਾਣੀ ਦੀ ਬੂੰਦ ਵਾਂਗ ਉਨ੍ਹਾਂ ਦੇ ਦਿਮਾਗ ਵਿਚ ਅਟਕ ਨਹੀਂ ਸੀ ਰਹੀ। ਪਰ ਮੈਂ ਘਰ ਆਏ ਇਕ ਬਜ਼ੁਰਗ ਨੂੰ ਕੀ ਆਖ ਸਕਦਾ ਸੀ? ਮੈਂ ਟਾਲਮਟੋਲ ਕਰਨ ਲਈ ਕੋਈ ਅਜਿਹਾ ਆਦਮੀ ਲੱਭ ਕੇ ਉਨ੍ਹਾਂ ਨੂੰ ਚਿੱਠੀ ਲਿਖਣ ਦਾ ਇਕਰਾਰ ਕੀਤਾ ਜੋ ਇਸ ਕੰਮ ਵਿਚ ਸਹਾਈ ਸੋ ਸਕੇ।

ਮੇਰੇ ਨਾਲ ਹੀ ਤਿਆਰ ਹੋ ਕੇ ਸਰਦਾਰ ਉਤਮ ਸਿੰਘ ਸੰਧੂ ਤੁਰ ਪਏ। ਮੇਰੇ ਦਫਤਰ ਵਾਲੇ ਪਾਸੇ ਰਹਿੰਦੇ ਕੋਈ ਸਰਦਾਰ ਸਾਹਿਬ ਉਨ੍ਹਾਂ ਦੇ ਪ੍ਰੇਮੀ ਸਨ। ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਨੇ ਸ਼ਾਮ ਦੀ ਗੱਡੀ ਪਿੰਡ ਪਰਤ ਜਾਣਾ ਸੀ। ਤੇ ਹੁਣ ਸਰਦਾਰ ਉਤਮ ਸਿੰਘ ਸੰਧੂ ਫੇਰ ਰਿਸੈਪਸ਼ਨ ਵਿਚ ਬੈਠੇ ਸਨ।

ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹਾਂ। ਉਹ ਪੁੱਛਦੇ ਹਨ ਕਿ ਮੈਂ ਕੋਈ ਆਦਮੀ ਸੋਚਿਆ ਹੈ ਜਾਂ ਨਹੀਂ। ਮੈਂ ਜਵਾਬ ਦਿੰਦਾ ਹਾਂ ਕਿ ਇਹ ਕੰਮ ਏਨੀਂ ਛੇਤੀ ਹੋਣ ਵਾਲਾ ਨਹੀਂ ਹੈ। ਹੌਲੀ-ਹੌਲੀ ਸੋਚ ਕੇ ਹੀ ਕੋਈ ਤੰਦ ਲੱਭੀ ਜਾ ਸਕਦੀ ਹੈ।

"ਜੇ ਪੁੱਤਰ ਤੂੰ ਚਾਹੇਂ ਤਾਂ ਸਭ ਕੁਝ ਹੋ ਸਕਦਾ ਹੈ," ਉਹ ਗੱਲ ਦਾ ਤੋੜਾ ਫੇਰ ਉਥੇ ਹੀ ਝਾੜਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੇਰੇ ਰੁਝੇਵਿਆਂ ਦਾ ਵੀ ਅਹਿਸਾਸ ਹੈ ਅਤੇ ਉਸ ਝਿਜਕ ਦਾ ਵੀ, ਜੋ ਹਰ ਵੱਡੇ ਆਦਮੀ ਨੂੰ ਕਿਸੇ ਹੋਰ ਕੋਲ ਕਿਸੇ ਕੰਮ ਲਈ ਜਾਂਦਿਆਂ ਹੁੰਦੀ ਹੈ।

"ਤਾਇਆ ਜੀ, ਤੁਸੀਂ ਮੇਰੀ ਬੇਨਤੀ ਸੁਣੋ, ਮੇਰੀ ਗੱਲ ਸਮਝੋ, ਮੈਂ ਵੱਡਾ ਆਦਮੀ ਨਹੀਂ ਹਾਂ," ਮੈਂ ਰੋਣਹਾਕਾ ਹੋ ਕੇ ਆਖਦਾ ਹਾਂ।

"ਤੂੰ ਕੌਮ ਦਾ ਹੀਰਾ ਹੈਂ। ਤੂੰ ਕਸਤੂਰੀ ਵਾਲਾ ਮਿਰਗ ਹੈਂ ਜੋ ਇਹ ਨਹੀਂ ਜਾਣਦਾ ਹੁੰਦਾ ਕਿ ਉਹਦੇ ਅੰਦਰ ਕਿੰਨੀ ਖੁਸ਼ਬੂ ਲੁਕੀ ਹੋਈ ਹੁੰਦੀ ਹੈ!" ਉਹ ਮੇਰੇ ਮੋਢੇ ਉਤੇ ਹੱਥ ਰੱਖ ਕੇ ਥਾਪੜਦੇ ਹਨ।

"ਤਾਇਆ ਜੀ, ਮੈਂ ਐਹ ਸੜਕ ਉਤੇ ਜਾਂਦੇ ਲੱਖਾਂ ਲੋਕਾਂ ਵਿਚੋਂ ਇਕ ਹਾਂ। ਮੈਂ ਇਕ ਅਖ਼ਬਾਰ ਦੀ ਇਕ ਸੀਟ ਉਤੇ ਬੈਠ ਕੇ ਕਲਮ ਘਸਾਉਣ ਵਾਲੇ ਤੋਂ ਵੱਧ ਕੁਝ ਵੀ ਨਹੀਂ ਹਾਂ। ਮੈਂ ਬਹੁਤ ਛੋਟਾ ਆਦਮੀ ਹਾਂ, ਬਹੁਤ ਨਾਚੀਜ਼!" ਮੈਂ ਕਾਹਲਾ ਪੈ ਜਾਂਦਾ ਹਾਂ।

"ਇਸੇ ਵਿਚ ਹੀ ਤੇਰੀ ਵਡਿਆਈ ਹੈ ਬੇਟਾ," ਸਰਦਾਰ ਉਤਮ ਸਿੰਘ ਸੰਧੂ ਮੁਸਕਰਾਉਂਦੇ ਹੋਏ ਫੇਰ ਮੇਰਾ ਮੋਢਾ ਥਾਪੜਦੇ ਹਨ, "ਸਹੀ ਮਾਅਨਿਆਂ ਵਿਚ ਵੱਡਾ ਆਦਮੀ ਆਪਣੇ ਆਪ ਨੂੰ ਛੋਟਾ ਤੇ ਨਾਚੀਜ਼ ਹੀ ਕਹਿੰਦਾ ਹੁੰਦਾ ਹੈ। ਗੁਰੂ ਸਾਹਿਬ ਲਿਖ ਗਏ ਹਨ, ਉਹ ਨਿਵੇਂ ਜੋ ਗੌਰਾ ਹੋਏ!"

"ਤੁਸੀਂ ਨਹੀਂ ਗੱਲ ਸਮਝਦੇ!" ਮੈਂ ਬੇਵੱਸ ਹੋ ਕੇ ਸਿਰ ਮਾਰਦਿਆਂ ਸਿਰਫ ਏਨਾ ਹੀ ਆਖ ਸਕਦਾ ਹਾਂ।

"ਅੱਛਾ ਇਕ ਹੋਰ ਕੰਮ ਕਰ ਬੇਟਾ। ਮੈਨੂੰ ਦੂਜੇ ਸੂਬੇ ਦੇ ਅਫਸਰਾਂ ਕੋਲ ਜਾਣ ਤੋਂ ਤੇਰੀ ਝਿਜਕ ਦਾ ਅਹਿਸਾਸ ਹੈ। ਇਹ ਅਫਸਰ ਹੁੰਦੇ ਵੀ ਤੁੱਛ ਲੋਕ ਹੀ ਨੇ। ਕੱਲ੍ਹ ਨੂੰ ਆਪਣੇ ਕੰਮਾਂ ਲਈ ਤੈਨੂੰ ਤੰਗ ਕਰਨਾ ਸ਼ੁਰੂ ਕਰ ਦੇਣਗੇ।" ਜਾਪਦਾ ਹੈ ਉਹ ਕਿਸੇ ਤਰੀਕੇ ਨਾਲ ਮੇਰਾ ਪਿੱਛਾ ਛੱਡਣ ਲੱਗੇ ਹਨ।

"ਦੱਸੋ?" ਮੈਂ ਕੁਝ ਉਤਸਾਹ ਨਾਲ ਪੁਛਦਾ ਹਾਂ।

"ਤੇਰੇ ਲਈ ਖੱਬੇ ਹੱਥ ਦਾ ਕੰਮ ਹੈ," ਉਹ ਖੱਬੇ ਹੱਥ ਦੇ ਅੰਗੂਠੇ ਅਤੇ ਵਿਚਕਾਰਲੀ ਉਂਗਲੀ ਨਾਲ ਚੁਟਕੀ ਮਾਰਦੇ ਹਨ, "ਤੂੰ ਟੈਲੀਫੋਨ ਘੁਮਾ ਕੇ ਕਰ ਸਕਦਾ ਹੈਂ।"

ਹੁਣ ਉਹ ਪਤਾ ਨਹੀਂ ਕੀ ਬੁਝਾਰਤ ਪਾ ਰਹੇ ਹਨ। ਮੈਂ ਅਬੋਲ-ਅਵਾਕ ਉਨ੍ਹਾਂ ਦੇ ਚਿਹਰੇ ਵੱਲ ਦੇਖ ਰਿਹਾ ਹਾਂ। ਉਹ ਕੁਝ ਸਕਿੰਟ ਚੁੱਪ ਰਹਿ ਕੇ ਮੇਰਾ ਹੱਥ ਘੁਟਦਿਆਂ ਆਖਦੇ ਹਨ, "ਤੂੰ ਆਪ ਕਿਤੇ ਨਾ ਜਾ, ਬੱਸ ਮੈਨੂੰ ਯੂ.ਪੀ. ਦੇ ਮੁੱਖ ਮੰਤਰੀ ਦੇ ਨਾਂ ਇੰਦਰਾ ਗਾਂਧੀ ਦੀ ਚਿੱਠੀ ਲੈ ਦੇ।"

ਮੇਰਾ ਉਨ੍ਹਾਂ ਤੋਂ ਹੱਥ ਛੁਡਵਾ ਕੇ ਨੇੜੇ ਦੀ ਕੰਧ ਵਿਚ ਮੱਥਾ ਮਾਰਨ ਨੂੰ ਜੀਅ ਕਰਦਾ ਹੈ। ਪਰ ਸਰਦਾਰ ਉਤਮ ਸਿੰਘ ਸੰਧੂ ਮੇਰਾ ਹੱਥ ਹੋਰ ਜ਼ੋਰ ਨਾਲ ਘੁੱਟ ਕੇ ਆਖ ਰਹੇ ਹਨ, "ਬੱਸ ਇੰਦਰਾ ਤੋਂ ਇਹ ਚਾਰ ਲਫ਼ਜ਼ ਲਿਖਵਾਉਣੇ ਹਨ ਕਿ ਸਰਦਾਰ ਉਤਮ ਸਿੰਘ ਸੰਧੂ ਆਪਣਾ ਆਦਮੀ ਹੈ।"

# ਜੀਹਦੀ ਕੋਠੀ ਵਿਚ ਨੇ ਦਾਣੇ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਇਕ ਗਰੀਬੀ, ਦੂਜਾ ਰੰਗ ਪੱਕਾ। ਫਿਰ ਰਿਸ਼ਤੇ ਦੀ ਉਡੀਕ ਕਰਨੀ ਵੱਡੀ ਬੇਵਕੂਫੀ ਸੀ, ਪਰ ਮਾਤਾ ਹਮੇਸ਼ਾ ਵੱਡੀ ਭਰਜਾਈ ਨੂੰ ਆਪਣੀ ਛੋਟੀ ਭੈਣ ਦਾ ਸਾਕ ਲਿਆਉਣ ਲਈ ਕਹਿੰਦੀ ਰਹਿੰਦੀ। ਭਰਜਾਈ ਖੁੱਲ੍ਹ ਕੇ ਜਵਾਬ ਤਾਂ ਨਹੀਂ ਸੀ ਦਿੰਦੀ ਪਰ ਮੱਥੇ ਦੀਆਂ ਤਿਊੜੀਆਂ ਨਾਂਹ-ਪੱਖੀ ਹੁੰਗਾਰਾ ਭਰਦੀਆਂ ਸਨ। ਮਾਤਾ ਦਾ ਕੱਦ-ਕਾਠ ਉਚਾ ਲੰਮਾ ਸੀ ਤੇ ਰੰਗ ਗੋਰਾ, ਤੇ ਬਾਪੂ ਬਿਲਕੁਲ ਉਲਟ ਸੀ। ਰੰਗ ਕਾਲਾ ਤੇ ਕੱਦ ਮੱਧਰਾ, ਯਾਨਿ ਮੈਂ ਉਸ ਦੀ ਦੂਜੀ ਕਾਪੀ ਸੀ। ਵੱਡਾ ਭਰਾ ਤੇ ਵੱਡੀ ਭੈਣ ਮਾਤਾ ਵਰਗੇ ਸਨ, ਪਤਾ ਨਹੀਂ ਮੇਰੀ ਵਾਰੀ ਰੱਬ ਕੋਲ ਰੰਗ ਮੁੱਕ ਗਿਆ ਸੀ। ਵੱਡੇ ਭਾਈ ਦੇ ਵਿਆਹ ਵਿਚ ਮੈਂ ਸਰਬਾਲਾ ਬਣਨ ਦੀ ਜ਼ਿੱਦ ਕੀਤੀ। ਮਾਤਾ ਨੇ ਆਪਣੇ ਭਤੀਜੇ ਨੂੰ ਸਰਬਾਲਾ ਬਣਾਉਣਾ ਸੀ, ਪਰ ਮੇਰੀ ਜ਼ਿੱਦ ਪੁੱਗ ਗਈ। ਵਿਆਹ ਵਿਚ ਕੰਮ ਕਰ ਕੇ ਅਸੀਂ ਯੂ.ਪੀ. ਦਾ ਭਈਆ ਰੱਖ ਲਿਆ। ਵਿਆਹ ਵਾਲੇ ਦਿਨ ਉਹ ਵੀ ਕਿਸੇ ਤੋਂ ਪੱਗ ਬੰਨ੍ਹਵਾ ਲਿਆਇਆ। ਜਦੋਂ ਜੰਞ ਚੜ੍ਹਨ ਲੱਗੀ ਤਾਂ ਮਾਤਾ ਭਈਏ ਨੂੰ ਆਖੀ ਜਾਵੇ, "ਵੇ ਮਿੱਠਿਆ! ਆ ਜਾ ਸਲਾਮੀ ਪੁਆ ਲੈ।" ਇੱਧਰ, ਮੈਨੂੰ ਸਾਡਾ ਚਾਚਾ ਕਹਿੰਦਾ, "ਦੇਖ ਭਈਆ, ਉਥੇ ਜਾ ਕੇ ਖਰਾਬੀ ਨਹੀਂ ਕਰਨੀ।"

ਮੈਂ ਹੈਰਾਨ ਹੋਇਆ ਜਦੋਂ ਮੇਰੇ ਨਾਲ ਇੰਜ ਹੀ ਤਿੰਨ-ਚਾਰ ਵਾਰ ਹੋਇਆ। ਮੈਂ ਜਾ ਕੇ ਭਈਆ ਫੜ ਲਿਆ ਜਿਹੜਾ ਮੇਰਾ ਹਮ-ਉਮਰ ਹੀ ਸੀ, "ਉਏ ਭਈਆ! ਲਾਹ ਪੱਗ। ਕਿਵੇਂ ਸਾਲਾ ਪੱਗ ਬੰਨ੍ਹ ਕੇ ਟਿੰਡਿਆਂ ਵਾਲਿਆਂ ਦਾ ਜਵਾਈ ਬਣਿਆ ਫਿਰਦਾ ਹੈ।" ਭਈਆ ਕਹੇ, "ਸਰਦਾਰ ਜੀ, ਮੈਂ ਪਗੜੀ ਉਤਾਰਨੀ ਨਹੀਂ ਹੈ।"

ਗੱਲ ਮੂੰਹੋਂ-ਮੂੰਹੀਂ ਸਾਰੇ ਤੁਰ ਗਈ। ਲੋਕ ਨਾਲੇ ਹੱਸੀ ਜਾਣ, ਨਾਲੇ ਕਹੀ ਜਾਣ, ਬਈ ਸਰਬਾਲਾ ਜ਼ਿਆਦਾ ਭਈਆ ਜਚਦਾ ਹੈ, ਮਿੱਠੇ ਨੂੰ ਰਹਿਣ ਦਿਓ। ਮੈਂ ਆਪਣੀ ਟੌਹਰ ਬਣਾਉਣ ਲਈ ਭਈਏ ਦੀ ਟੌਹਰ ਸਿਰੋਂ ਉਤਾਰ ਦਿੱਤੀ। ਭਾਈ ਦੇ ਸਹੁਰਿਆਂ ਨੇ ਸਾਡਾ ਚੰਗਾ ਸਵਾਗਤ ਕੀਤਾ। ਭਾਈ ਦੀਆਂ ਸਾਲੀਆਂ ਨੇ ਮੇਰੇ ਰੰਗ ਦੇ ਜੋ-ਜੋ ਗੁਣ ਗਾਏ, ਇਕ ਵਾਰ ਤਾਂ ਮੈਂ ਬੜਾ ਪਛਤਾਇਆ ਕਿ ਜੇ ਇੰਜ ਹੀ ਹੋਣੀ ਸੀ ਤਾਂ ਚੰਗਾ ਸੀ ਭਈਆ ਹੀ ਪੱਗ ਬੰਨ੍ਹ ਕੇ ਆ ਜਾਂਦਾ, ਤੇ ਮੈਂ ਉਸ ਨੂੰ ਬਿਠਾ ਕੇ ਆਪ ਖਿਸਕ ਜਾਂਦਾ।

ਕਾਲੇ ਰੰਗ ਦੀਆਂ ਗੱਲਾਂ ਤੇ ਟਿੱਚਰਾਂ ਸੁਣ ਕੇ ਮੈਂ ਬਹੁਤ ਸ਼ਰਮਿੰਦਾ ਹੁੰਦਾ ਰਿਹਾ। ਵਿਆਹ ਤੋਂ ਬਾਅਦ ਭਰਜਾਈ ਨੇ ਮਿੱਠੀਆਂ ਰੋਟੀਆਂ ਬਣਾਈਆਂ। ਸਾਰੇ ਰੋਟੀ ਖਾ ਰਹੇ ਸਨ। ਮੈਂ ਵੀ ਚੋਰੀ-ਚੋਰੀ ਭਰਜਾਈ ਦੀਆਂ ਗੋਰੀਆਂ ਬਾਹਾਂ ਵਿਚ ਛਣਕਦਾ ਚੂੜਾ ਦੇਖ ਰਿਹਾ ਸੀ। ਚੌਂਕੇ-ਚੁੱਲ੍ਹੇ ਦੀ ਗੁਲਾਮੀ ਗਲੋਂ ਲਾਹ ਕੇ ਮਾਤਾ ਵੀ ਮੰਜੇ 'ਤੇ ਪਟਰਾਣੀ ਬਣੀ ਬੈਠੀ ਸੀ। ਚਾਰ ਕੁ ਕਦਮਾਂ ਦੀ ਵਿੱਥ 'ਤੇ ਭਈਆ ਬੈਠਾ ਰੋਟੀ ਖਾ ਰਿਹਾ ਸੀ। ਮਾਤਾ ਭਰਜਾਈ ਨੂੰ ਕਹਿੰਦੀ, "ਕੁੜੇ ਦਲਜੀਤ, ਮਿੱਠੇ ਨੂੰ ਵੀ ਮੱਖਣੀ ਪਾ ਦੇ।"

"ਜੀ ਬੀਬੀ ਜੀ।" ਭਰਜਾਈ ਦੇ ਬੋਲਾਂ ਵਿਚ ਮਿਸਰੀ ਨਾਲੋਂ ਵੱਧ ਮਿਠਾਸ ਸੀ। ਮੈਂ ਮੰਜੇ 'ਤੇ ਬਾਬੂ ਬਣ ਕੇ ਬੈਠ ਗਿਆ ਕਿ ਹੁਣ ਭਰਜਾਈ ਆਊਗੀ। ਭਰਜਾਈ ਸਿੱਧੀ ਭਈਏ ਵੱਲ ਗਈ, ਤੇ ਉਸ ਨੂੰ ਮੱਖਣੀ ਦਾ ਚਮਚਾ ਪਾ ਆਈ। ਮੈਂ ਹੈਰਾਨ ਹੋ ਗਿਆ। ਮਾਤਾ ਕਹਿੰਦੀ, "ਪੁੱਤ ਦਲਜੀਤ, ਮੈਂ ਮਿੱਠੇ ਨੂੰ ਮੱਖਣੀ ਪਾਉਣ ਵਾਸਤੇ ਕਿਹਾ ਸੀ।"

"ਬੀਬੀ ਜੀ, ਮੈਂ ਸੋਚਿਆ ਮਿੱਠਾ ਉਥੇ ਬੈਠਾ ਹੈ।" ਜਾਣੇ-ਅਣਜਾਣੇ ਵਿਚ ਹੋਈ ਭਰਜਾਈ ਦੀ ਗਲਤੀ ਮੈਂ ਦੂਜੇ ਦਿਨ ਭਈਏ ਦੀ ਛੁੱਟੀ ਕਰ ਕੇ ਮੁਆਫ਼ ਕਰ ਦਿੱਤੀ।

ਖੈਰ! ਮਾਤਾ ਜੀ ਦਾ ਕੰਮ ਤਾਂ ਮੁੱਕ ਗਿਆ ਪਰ ਮੇਰਾ ਕੰਮ ਵਧ ਗਿਆ। ਇਕ ਤਾਂ ਕੰਮ ਕਰਨਾ, ਦੂਜਾ ਚੋਰੀ-ਚੋਰੀ ਭਾਬੀ ਨੂੰ ਤੱਕਣਾ। ਇਕ ਦਿਨ ਮੱਝਾਂ ਨੂੰ ਪੱਠੇ ਪਾ ਰਿਹਾ ਸੀ, ਪਿੱਛੋਂ ਦੀ ਭਾਬੀ ਨੇ ਮੋਢੇ 'ਤੇ ਸੋਟੀ ਰੱਖਦਿਆਂ ਕਿਹਾ, "ਏ ਭਈਆ, ਤੂੰ ਮੇਰੇ ਕੁ ਚੋਰੀ-ਚੋਰੀ ਕਿਉਂ ਦੇਖਤਾ ਰਹਿਤਾ ਹੈ। ਅਗਰ ਤੁਮ ਨਹੀਂ ਹਟੇ, ਤੋ ਵੱਡੇ ਸਰਦਾਰ ਜੀ ਕੋ ਬਤਾ ਦੇਊਂਗੀ...ਸਮਝੇ।" ਮੈਂ ਝੱਟ ਪਿਛਾਂਹ ਮੁੜ ਕੇ ਕਿਹਾ, "ਮੇਰੀ ਸੋਹਣੀ ਭਰਜਾਈ! ਭਈਏ ਹਟੇ ਨੂੰ ਵੀਹ ਦਿਨ ਹੋ ਗਏ।" ਭਰਜਾਈ ਸ਼ਰਮਿੰਦਾ ਹੋਣ ਦੀ ਥਾਂ ਹੱਸਦੀ ਅੰਦਰ ਵੜ ਗਈ। ਭਾਈ ਦੇ ਵਿਆਹ ਤੋਂ ਬਾਅਦ ਦਿਨ ਤੀਆਂ ਵਾਂਗ ਲੱਗਣੇ ਸਨ, ਪਰ ਚਾਰ ਕੁ ਮਹੀਨਿਆਂ ਬਾਅਦ ਮਾਤਾ ਕਹਿੰਦੀ, "ਮਿੱਠਿਆ! ਤੂੰ ਚੌਂਕੇ-ਚੁੱਲ੍ਹੇ ਨੇੜੇ ਨਾ ਆਇਆ ਕਰ। ਮੈਂ ਤੈਨੂੰ ਆਪੇ ਰੋਟੀ ਫੜਾ ਦਿਆਂ ਕਰੂੰ।"

ਮੈਂ ਸੋਚਣ ਲੱਗਿਆ, ਮੈਂ ਭਰਜਾਈ ਨੂੰ ਕੁਝ ਅਜਿਹਾ ਗਲਤ ਤਾਂ ਕਿਹਾ ਨਹੀਂ, ਫਿਰ ਮੇਰੇ ਲਈ ਚੁੱਲ੍ਹੇ ਦੁਆਲੇ ਬਾਰਡਰ ਕਿਉਂ ਬਣ ਗਿਆ? ਫਿਰ ਇਕ ਦਿਨ ਮਾਤਾ ਨੇ ਬੁੜ੍ਹੀਆਂ ਵਾਲੇ ਕਹਾਣੇ ਜਿਹੇ ਪਾ ਕੇ ਦੱਸਿਆ ਕਿ ਦਲਜੀਤ ਦਾ ਪੈਰ ਭਾਰੀ ਹੋ ਗਿਆ। ਪਰਮਾਤਮਾ ਚੰਗਾ ਜੀਅ ਦੇਵੇ। ਮੈਂ ਸਮਝ ਗਿਆ ਕਿ ਘਰ ਟੁਆਂ-ਟੁਆਂ ਹੋਣ ਵਾਲੀ ਹੈ। ਮਾਤਾ ਨੇ ਮੇਰੀ ਦੂਰੀ ਇਸ ਕਰ ਕੇ ਬਣਾ ਦਿੱਤੀ ਸੀ ਕਿ ਭਰਜਾਈ ਵੀ ਨਾ ਕਿਤੇ ਮੇਰੇ ਵਰਗਾ ਨਿਆਣਾ ਜੰਮ ਦੇਵੇ। ਮਾਂਵਾਂ ਨੂੰ ਪੁੱਤ ਬਰਾਬਰ ਹੁੰਦੇ ਨੇ, ਪਰ ਮਾਤਾ ਮੈਨੂੰ ਦੂਰ ਕਰ ਕੇ ਪੋਤਾ-ਪੋਤੀ ਨੇੜੇ ਕਰ ਗਈ। ਖੈਰ! ਭਰਜਾਈ ਨੇ ਕੁੜੀ ਜੰਮ ਦਿੱਤੀ ਤੇ ਮਾਤਾ ਨੇ ਪੱਥਰ ਸਮਝਿਆ। ਸਾਨੂੰ ਦੋਵਾਂ ਭਰਾਵਾਂ ਨੂੰ ਕੋਈ ਫਰਕ ਨਾ ਪਿਆ ਪਰ ਮਾਤਾ ਤੇ ਵੱਡੀ ਇੰਜ ਬੈਠ ਗਈਆਂ ਜਿਵੇਂ ਕਿਸੇ ਐਕਸੀਡੈਂਟ ਵਿਚ ਗੱਭਰੂ ਪੁੱਤ ਦੀ ਮੌਤ ਹੋ ਗਈ ਹੋਵੇ। ਕਹਿੰਦੇ ਨੇ, ਧੀ ਜੰਮੇ ਤਾਂ ਘਰ ਲਕਸ਼ਮੀ ਆਉਂਦੀ ਹੈ, ਇਹ ਗੱਲ ਸੱਚੀ ਹੋਈ। ਅਸੀਂ ਪੰਚਾਇਤ ਦੀ ਜ਼ਮੀਨ ਸਸਤੇ ਭਾਅ ਠੇਕੇ 'ਤੇ ਲੈ ਲਈ। ਪਹਿਲਾਂ ਮੂੰਗੀ ਵੀ ਵਧੀਆ ਝਾੜ ਦੇ ਗਈ, ਫਿਰ ਕਣਕ ਵੀ। ਦੋਵੇਂ ਫਸਲਾਂ ਸਾਡਾ ਘਰ ਪੂਰਾ ਕਰ ਕੇ ਚਾਰ ਰੁਪਏ ਬਚਾ ਵੀ ਗਈਆਂ। ਦੂਜੇ ਸਾਲ ਅਸੀਂ ਪੰਚਾਇਤ ਦਾ ਦੂਜਾ ਟੱਕ ਵੀ ਲੈ ਲਿਆ। ਭਤੀਜੀ ਨਾਲ ਸਾਡੀ ਆਮਦਨੀ ਵੀ ਵਧਦੀ ਗਈ। ਅਸੀਂ ਸੁਖਾਲੇ ਜਿਹੇ ਹੋ ਕੇ ਘਰ ਪਾ ਲਿਆ। ਘਰੇ ਚਾਰ ਮਣ ਦਾਣੇ ਦੇਖ ਕੇ ਮਾਤਾ ਨੇ ਭਰਜਾਈ ਨੂੰ ਮੇਰੇ ਰਿਸ਼ਤੇ ਬਾਰੇ ਕਿਹਾ, ਪਰ ਭਰਜਾਈ ਕੀ ਜਵਾਬ ਦਿੰਦੀ। ਉਹ ਤਾਂ ਪਹਿਲਾਂ ਹੀ ਧੀ ਜੰਮ ਕੇ ਮਾਤਾ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ ਸੀ। ਔਰਤ, ਔਰਤ ਨੂੰ ਜਨਮ ਦੇ ਕੇ ਔਰਤ ਹੱਥੋਂ ਹੀ ਜਲੀਲ ਹੋ ਰਹੀ ਸੀ।

ਭਰਜਾਈ ਹਾਂ-ਹੂੰ ਕਰ ਦਿੰਦੀ। ਭਰਜਾਈ ਦੀ ਭੈਣ ਤਾਂ ਸਮਝੋ ਦੋ ਸੌ ਵਾਟ ਦਾ ਲਾਟੂ ਸੀ ਜਿਹੜਾ ਕਈ ਘਰਾਂ ਵਿਚ ਚਾਨਣ ਕਰ ਦਿੰਦਾ ਪਰ ਮੈਨੂੰ ਲੱਗਦਾ ਸੀ, ਮੇਰੇ ਕਰਮ ਵੀ ਮੇਰੇ ਰੰਗ ਵਾਂਗ ਕਾਲੇ ਹੀ ਹਨ। ਮੇਰੇ ਕਰਮਾਂ ਵਿਚ ਹੁਸਨ ਦਾ ਲਾਟੂ ਨਹੀਂ, ਕੋਈ ਮਾੜੀ ਮੋਟੀ ਮੋਮਬੱਤੀ ਹੀ ਲਿਖੀ ਹੋਵੇਗੀ। ਗੱਲਾਂ ਤੁਰਦੀਆਂ ਰਹਿੰਦੀਆਂ, ਹੁੰਗਾਰੇ ਭਰੇ ਜਾਂਦੇ ਰਹੇ ਪਰ ਮੇਰੇ ਸਿਹਰਾ ਨਾ ਬੰਨ੍ਹ ਹੋਇਆ। ਭਰਜਾਈ ਨੇ ਦੂਜੀ ਧੀ ਜੰਮ ਦਿੱਤੀ। ਫਿਰ ਕੀ ਸੀ, ਮਾਤਾ ਤੇ ਭਰਜਾਈ ਦੀ ਕਾਰਗਿਲ ਦੀ ਲੜਾਈ ਛਿੜ ਗਈ। ਮਾਤਾ ਗੱਲਾਂ-ਗੱਲਾਂ ਵਿਚ ਭਰਜਾਈ ਨੂੰ ਕਹਿ ਦਿੰਦੀ, "ਕਿਸੇ ਨੇ ਗੋਰਾ ਰੰਗ ਰਗੜ ਕੇ ਫੌੜੇ 'ਤੇ ਲਾਉਣਾ, ਜੇ ਬੰਦੇ ਵਿਚ ਗੁਣ ਹੀ ਨਾ ਹੋਣ।" ਪੋਤੇ ਦੀ ਭੁੱਖ ਮਾਤਾ ਨੂੰ ਸੀ। ਤਾਹੀਉਂ ਉਹ ਜ਼ਿਆਦਾ ਤੜਫਦੀ ਸੀ। ਸਵਰਗਾਂ ਵਰਗੇ ਘਰ ਵਿਚ ਜਿਵੇਂ ਭੂਤਾਂ ਦਾ ਵਾਸਾ ਹੋ ਗਿਆ ਹੋਵੇ। ਮੈਨੂੰ ਆਪਣੀ ਭਰਜਾਈ ਬੇਕਸੂਰ ਜਾਪਦੀ। ਮਾਤਾ ਭਾਈ ਨੂੰ ਕਦੇ ਮਾੜਾ ਨਹੀਂ ਸੀ ਕਹਿੰਦੀ।

ਫਿਰ ਇਕ ਦਿਨ ਸਾਡੇ ਬਾਪੂ ਨੂੰ ਸੱਥ ਵਿਚ ਬੈਠਿਆਂ ਹੀ ਦੌਰਾ ਪੈ ਗਿਆ। ਉਹ ਰੱਬ ਨੂੰ ਪਿਆਰਾ ਹੋ ਗਿਆ। ਮਾਤਾ ਤੀਵੀਆਂ ਵਿਚ ਬੈਠੀ ਬੋਲੀ ਜਾਵੇ, "ਬੱਸ ਭਾਈ, ਪੋਤਾ-ਪੋਤਾ ਕਰਦਾ ਮੁੱਕ ਗਿਆ। ਵਿਚਾਰੇ ਦੇ ਕਰਮਾਂ ਵਿਚ ਪੋਤੇ ਦਾ ਮੂੰਹ ਦੇਖਣਾ ਨਹੀਂ ਸੀ ਲਿਖਿਆ।" ਹਰ ਗੱਲ ਜਾਂ ਨੁਕਸਾਨ ਵਿਚ ਮਾਤਾ ਮੇਰੀ ਭਰਜਾਈ ਨੂੰ ਸੂਲੀ ਟੰਗਣ ਵਾਸਤੇ ਤਿਆਰ ਰਹਿੰਦੀ। ਜਿਹੋ ਜਿਹੇ ਘਰ ਦੇ ਹਾਲਾਤ ਮਾਤਾ ਨੇ ਪੈਦਾ ਕਰ ਦਿੱਤੇ ਸਨ, ਮੈਨੂੰ ਨਹੀਂ ਸੀ ਲੱਗਦਾ ਕਿ ਭਰਜਾਈ ਗੋਰਿਆਂ ਹੱਥਾਂ ਨਾਲ ਸੁਰਮਾ ਪਾ ਕੇ ਆਪਣੀ ਭੈਣ ਦੀ ਡੋਲੀ ਲੈਣ ਵਾਸਤੇ ਜਾਊਗੀ। ਬਾਪੂ ਦੇ ਭੋਗ 'ਤੇ ਭਰਜਾਈ ਦੀ ਭੈਣ ਵੀ ਆਈ। ਸੋਹਣੀ ਲੱਗ ਰਹੀ ਸੀ। ਉਸ ਨੂੰ ਦੇਖ ਕੇ ਮੈਥੋਂ ਰੱਬ ਨੂੰ ਮੰਦਾ ਬੋਲ ਹੋ ਗਿਆ, ਕਿ ਗੋਰੇ ਰੰਗ ਦੀ ਖਾਲੀ ਡੱਬੀ ਹੀ ਮੇਰੇ 'ਤੇ ਸੁੱਟ ਦਿੰਦਾ ਤੇ ਮੇਰਾ ਰੰਗ ਘੱਟੋ-ਘੱਟ ਕਣਕਵੰਨਾ ਹੀ ਹੋ ਜਾਂਦਾ। ਸ਼ਾਇਦ ਉਨਾ ਦੁੱਖ ਰਾਂਝੇ ਨੂੰ ਹੀਰ ਦੇ ਵਿਛੜਨ ਦਾ ਨਹੀਂ ਲੱਗਿਆ ਹੋਵੇਗਾ, ਜਿੰਨਾ ਮੈਨੂੰ ਉਸ ਦੇ ਜਾਣ ਤੋਂ ਬਾਅਦ ਲੱਗਿਆ।

ਮੇਰੀ ਹੀਰ ਵਿਛੜ ਗਈ, ਉਸ ਨੂੰ ਕੋਈ ਹੋਰ ਵਿਆਹ ਕੇ ਲੈ ਗਿਆ ਤੇ ਮੇਰਾ ਦਿਲ ਟੁੱਟ ਗਿਆ। ਸੁਣਿਆ, ਕੋਈ ਕੈਨੇਡਾ ਵਾਲਾ ਲੈ ਗਿਆ ਹੈ। ਬਾਪੂ ਦੇ ਮਰਨ ਤੋਂ ਬਾਅਦ ਸਾਡੀ ਜ਼ਮੀਨ ਸਾਡੇ ਦੋਵਾਂ ਭਰਾਵਾਂ ਦੇ ਨਾਮ ਚੜ੍ਹ ਗਈ। ਮੈਂ ਜ਼ਿੱਦ ਕਰ ਕੇ ਆਪਣਾ ਹਿੱਸਾ ਵੇਚ ਦਿੱਤਾ ਤੇ ਕੈਨੇਡਾ ਵਾਸਤੇ ਏਜੰਟ ਲੱਭਣ ਲੱਗਿਆ। ਮੇਰੀ ਹੀਰ ਨੇ ਵੀ ਕੈਨੇਡਾ ਚਲੇ ਜਾਣਾ ਸੀ। ਮੈਂ ਉਸ ਤੋਂ ਪਹਿਲਾਂ ਪਹੁੰਚਣਾ ਚਾਹੁੰਦਾ ਸੀ। ਕਿਸਮਤ ਦੇ ਰੰਗ ਨਿਆਰੇ! ਉਸ ਨਾਲ ਧੋਖਾ ਹੋ ਗਿਆ। ਕੈਨੇਡਾ ਵਾਲਾ ਮੁੜ ਨਾ ਆਇਆ। ਇੱਧਰ ਮੇਰੇ ਏਜੰਟ ਨੂੰ ਪੈਸੇ ਭਰੇ ਹੋਏ ਸਨ, ਤੇ ਹੁਣ ਜਹਾਜ਼ ਚੜ੍ਹਨ ਦੀ ਤਿਆਰੀ ਸੀ। ਮੈਂ ਭਾਵੇਂ ਘੱਟ ਪੜ੍ਹਿਆ ਸੀ, ਪਰ ਭੇਡਾਂ ਵਾਲਿਆਂ ਵਾਂਗ ਅੱਖ ਬੜੀ ਤੇਜ਼ ਸੀ। ਖ਼ੈਰ! ਘਰੋਂ ਤੁਰਨ ਲੱਗਿਆ ਤਾਂ ਭਰਜਾਈ ਨੂੰ ਮਿਲਣ ਅੰਦਰ ਗਿਆ। ਭਰਜਾਈ ਰੋਂਦੀ ਹੋਈ ਮੈਨੂੰ ਚਿੰਬੜ ਗਈ, "ਮਿੱਠਿਆ! ਮੇਰਾ ਕੋਈ ਕਸੂਰ ਨਹੀਂ। ਮੇਰੇ ਮਾਪੇ ਨਹੀਂ ਮੰਨੇ ਪਰੀਤੋ ਦੇ ਰਿਸ਼ਤੇ ਵਾਸਤੇ। ਹੁਣ ਉਹ ਵੀ ਪਛਤਾਉਂਦੇ ਨੇ। ਰੰਗਾਂ ਵਿਚ ਕੀ ਰੱਖਿਆ, ਮੇਰਾ ਗੋਰਾ ਰੰਗ ਸੁਆਹ ਹੋ ਗਿਆ। ਬੰਦੇ ਦੇ ਕਰਮ ਗੋਰੇ ਹੋਣੇ ਚਾਹੀਦੇ ਹਨ...ਜੇ ਹੋ ਸਕਿਆ, ਮੈਨੂੰ ਮੁਆਫ਼ ਕਰ ਦੇਈਂ। ਆਪਣੀ ਭਰਜਾਈ ਨੂੰ ਭੁੱਲ ਨਾ ਜਾਈਂ। ਯਾਦ ਕਰ ਕੇ ਚਿੱਠੀ ਲਿਖ ਦਿਆ ਕਰੀਂ।" ਮੈਂ ਰੋਂਦੀ ਹੋਈ ਭਰਜਾਈ ਮਸਾਂ ਗਲੋਂ ਲਾਹੀ। ਮੇਰੀ ਸ਼ਕਤੀ ਮੁੱਕ ਚੁੱਕੀ ਸੀ ਕਿ ਮੈਂ ਉਸ ਨੂੰ ਦੋ ਸ਼ਬਦ ਬੋਲ ਕੇ ਦਿਲਾਸਾ ਦੇ ਸਕਾਂ। ਪਤਾ ਨਹੀਂ, ਮੇਰਾ ਹੱਥ ਕਦੋਂ ਉਸ ਦੇ ਸਿਰ 'ਤੇ ਟਿਕ ਗਿਆ, ਤੇ ਘਰੋਂ ਤੁਰ ਪਿਆ।

ਦੂਜੇ ਦਿਨ ਏਜੰਟ ਨੇ ਸਾਡੀ ਫਲਾਈਟ ਮੈਕਸੀਕੋ ਦੀ ਕਰਵਾ ਦਿੱਤੀ। ਫਿਰ ਉਥੋਂ ਬਾਰਡਰ ਟੱਪਣਾ ਸੀ, ਤੇ ਅਗਾਂਹ ਕੈਨੇਡਾ ਜਾਣਾ ਸੀ। ਦੂਜੇ ਮੁੰਡੇ ਅਮਰੀਕਾ ਵਾਸਤੇ ਆਏ ਸੀ। ਉਨ੍ਹਾਂ ਨੇ ਮੈਨੂੰ ਵੀ ਅਮਰੀਕਾ ਹੀ ਰੱਖ ਲਿਆ। ਮੈਕਸੀਕੋ ਦੇ ਬਾਰਡਰ 'ਤੇ ਅਸੀਂ ਖੇਤਾਂ ਵਿਚ ਕੰਮ ਕਰਨ ਲੱਗੇ। ਇਕ ਮੈਕਸੀਕੋ ਦੀ ਬਦੌਲਤ ਅਸੀਂ ਤਿੰਨੇ ਹੀ ਪੇਪਰ ਬਣਾ ਗਏ। ਹੁਣ ਕਾਲੇ ਰੰਗ ਵਾਲੇ ਮਿੱਠੇ ਕੋਲ ਹਰੇ ਰੰਗ ਦਾ ਗਰੀਨ ਕਾਰਡ ਆ ਗਿਆ ਸੀ। ਮੈਂ ਤਿੰਨ ਸਾਲ ਖੂਬ ਕਮਾਈ ਕੀਤੀ। ਸਭ ਤੋਂ ਪਹਿਲਾਂ ਵੇਚੀ ਹੋਈ ਜ਼ਮੀਨ ਖਰੀਦੀ, ਫਿਰ ਪਿੰਡ ਵਿਆਹ ਕਰਵਾਉਣ ਦੀ ਤਿਆਰੀ ਕੀਤੀ। ਸਭ ਤੋਂ ਪਹਿਲਾਂ ਭਰਜਾਈ ਦੇ ਮਾਪੇ ਮਿਲਣ ਆਏ। ਉਨ੍ਹਾਂ ਨੇ ਵੱਛੇ-ਕੱਟੇ ਬੰਨ੍ਹਣੇ ਸ਼ੁਰੂ ਕਰ ਦਿੱਤੇ। ਹੁਣ ਉਨ੍ਹਾਂ ਨੂੰ ਮੇਰਾ ਰੰਗ ਗੋਰਾ ਅੰਗਰੇਜ਼ਾਂ ਵਰਗਾ ਲੱਗਦਾ ਸੀ। ਮੇਰੀ ਮਾਤਾ ਫਿਰ ਕਹੇ, "ਮੈਂ ਤਾਂ ਨੂੰਹ ਗੋਰੀ ਚਿੱਟੀ ਲਿਆਉਣੀ ਹੈ।" ਮੈਂ ਕਹਾਂ, "ਮੈਂ ਆਪਣੇ ਵਰਗੀ ਲੈਣੀ ਹੈ।" ਕੁੜੀ ਤਾਂ ਮੈਂ ਪਹਿਲਾਂ ਹੀ ਦੇਖ ਲਈ ਸੀ, ਪਰ ਵਿਆਹ ਵਾਸਤੇ ਹਾਂ ਕਰਵਾਉਣੀ ਚਾਹੁੰਦਾ ਸੀ। ਮੈਨੂੰ ਵੱਡੇ-ਵੱਡੇ ਘਰਾਂ ਦੀਆਂ ਕੁੜੀਆਂ ਦੇ ਰਿਸ਼ਤੇ ਆ ਰਹੇ ਸਨ। ਮੇਰਾ ਕਾਲਾ ਰੰਗ ਕਿਸੇ ਦੇ ਧਿਆਨ ਵਿਚ ਨਹੀਂ ਸੀ, ਸਗੋਂ ਸਭ ਨੂੰ ਗੋਰਾ ਹੀ ਜਾਪਦਾ ਸੀ। ਫਿਰ ਮੈਂ ਇਕ ਦਿਨ ਭਰਜਾਈ ਨੂੰ ਕਿਹਾ, "ਭਰਜਾਈ, ਮੈਨੂੰ ਰਿਸ਼ਤਾ ਹੀ ਕਰਵਾ ਦੇ।"

"ਮਿੱਠਿਆ! ਰਿਸ਼ਤਾ ਤਾਂ ਕਰਵਾ ਦਿੰਦੀ, ਪਰ ਤੇਰਾ ਰੰਗ ਕਾਲਾ ਹੈ। ਤੇਰੀ ਜਿੰਨੀ ਕਾਲੀ ਕੁੜੀ ਮੇਰੀ ਰਿਸ਼ਤੇਦਾਰੀ ਵਿਚ ਤਾਂ ਹੈ ਨਹੀਂ। ਸ਼ਾਇਦ ਯੂ.ਪੀ. ਵੱਲ ਲੱਭ ਜਾਵੇਗੀ।" ਭਰਜਾਈ ਗੋਲ ਟਿੱਚਰ ਕਰ ਗਈ।

"ਕਾਲੀ ਕੁੜੀ ਜੇ ਨਹੀਂ ਤਾਂ ਗੋਰੀ ਹੋਵੇਗੀ, ਉਹੋ ਹੀ ਲਿਆ ਦੇ।" ਮੈਂ ਫਿਰ ਕਿਹਾ।

"ਤੇਰਾ ਮਤਲਬ ਪਰੀਤੋ ਨੂੰ।" ਭਰਜਾਈ ਦੀਆਂ ਅੱਖਾਂ ਖੁਸ਼ੀ ਵਿਚ ਨੱਚ ਉਠੀ ਤੇ ਉਸ ਨੇ ਮੈਨੂੰ ਘੁੱਟ ਕੇ ਗਲਵਕੜੀ ਪਾਉਂਦਿਆਂ ਕਿਹਾ, "ਰਾਂਝਿਆ! ਆਪਣੀ ਹੀਰ ਨੂੰ ਨਹੀਂ ਭੁੱਲਿਆ...।"

"ਭਰਜਾਈ ਉਹ ਕੁੜੀ ਭੁੱਲਣ ਵਾਲੀ ਨਹੀਂ। ਬੱਸ ਤੁਸੀਂ ਤਾਂ ਰੰਗ ਦੇਖ ਕੇ ਹੀ ਜਵਾਬ ਦੇ ਦਿੱਤਾ ਸੀ ਪਰ ਮੈਂ ਅੱਜ ਅਮਰੀਕਾ ਦਾ ਗਰੀਨ ਕਾਰਡ ਹੋਲਡਰ ਹੋਣ ਕਰ ਕੇ ਵੀ ਪਰੀਤੋ ਦਾ ਹੱਥ ਮੰਗ ਰਿਹਾ ਹਾਂ।"

ਭਰਜਾਈ ਨੇ ਮੇਰੇ ਸਤਿਕਾਰ ਵਿਚ ਸਿਰ ਨੀਵਾਂ ਕਰਦਿਆਂ ਹੰਝੂਆਂ ਰਾਹੀਂ ਕਹਿ ਦਿੱਤਾ, 'ਮਿੱਠਿਆ! ਜੇ ਤੇਰੇ ਵਰਗੇ ਸਾਰੇ ਬਣ ਜਾਣ ਤਾਂ ਗੁਰਦੁਆਰੇ ਹੋਰ ਨਾ ਬਣਨ, ਡੇਰਿਆਂ ਵਿਚੋਂ ਚੀਕਾਂ ਦੀਆਂ ਆਵਾਜ਼ ਨਾ ਸੁਣਾਈ ਦੇਣ। ਕੁੜੀ-ਮੁੰਡੇ ਦੇ ਟੈਸਟ ਨਾ ਹੋਣ। ਔਰਤ, ਔਰਤ ਦੀ ਦੁਸ਼ਮਣ ਨਾ ਬਣੇ। ਫਿਰ ਕੁੱਖ ਤੇ ਰੁੱਖ ਸਲਾਮਤ ਹਨ।'

ਫਿਰ ਭਰਜਾਈ ਨੇ ਪੇਕਿਆਂ ਤੋਂ ਮੇਰੇ ਲਈ ਪਰੀਤੋ ਦਾ ਹੱਥ ਮੰਗ ਲਿਆ। ਉਹ ਪਹਿਲਾਂ ਹੀ ਤਿਆਰ ਸਨ। ਅੱਜ ਪਹਿਲੀ ਵਾਰੀ ਕਾਲੇ ਰੰਗ ਦਾ ਲਾਟੂ ਸਹੁਰਿਆਂ ਦੇ ਵਿਹੜੇ ਆਪਣੀ ਸਿਆਣਪ ਦਾ ਚਾਨਣ ਕਰ ਰਿਹਾ ਸੀ। ਮਾਤਾ ਨੇ ਚਾਰ ਦਿਨ ਤਾਂ ਮੂੰਹ ਮੋਟਾ ਕੀਤਾ, ਫਿਰ ਕਹਿ ਦਿੱਤਾ, "ਜਿਥੇ ਰਹੋ ਰਾਜ਼ੀ ਰਹੋ।" ਦਸ ਸਾਲਾਂ ਬਾਅਦ ਫਿਰ ਘਰ ਵਿਚ ਸਵਰਗ ਵਰਗੇ ਦਿਨ ਪਰਤ ਆਏ। ਭਰਜਾਈ ਨੇ ਵੀ ਪੁੱਤ ਜੰਮ ਲਿਆ, ਤੇ ਸਾਡੇ ਵੀ ਜੋੜੀ ਪੁੱਤਰਾਂ ਦੀ ਹੈ, ਪਰ ਮਾਤਾ ਵਿਚਾਰੀ ਤੁਰ ਗਈ।

ਇਹ ਹੱਡਬੀਤੀ ਉਸ ਇਲਾਕੇ ਦੇ ਬਾਈ ਨੇ ਸੁਣਾਈ ਜਿਸ ਨੂੰ ਅੱਜ ਕੱਲ੍ਹ ਬਾਦਲਾਂ ਦਾ ਇਲਾਕਾ ਕਿਹਾ ਜਾਂਦਾ ਹੈ।

# ਜੂਨ 1984 ਦੀ ਅਭੁੱਲ ਯਾਦ

*(ਸਫਾ 24 ਦੀ ਬਾਕੀ)*

'ਤੇ ਚੌਕਸੀ ਜ਼ਿਆਦਾ ਸੀ ਪਰ ਉਨ੍ਹਾਂ ਦੀਆਂ ਨਜ਼ਰਾਂ ਲੋਭਪੁਣੇ ਤੋਂ ਖ਼ਾਲੀ ਸਨ।

'ਕੀ ਸੱਪ ਸੁੰਘ ਗਿਆ ਅੱਜ ਇਨ੍ਹਾਂ ਨੂੰ? ਇਹ ਤਾਂ ਬਾਹਰਲੀ ਗੱਡੀ ਵੇਖ ਕੇ ਦੂਰੋਂ ਹੀ ਮੁੱਛਾਂ ਨੂੰ ਤਾਅ ਦਿੰਦੇ ਭੱਜੇ ਆਉਂਦੇ ਸਨ। ਹਰਿਆਣਵੀ ਟਰੱਕ ਨੰਬਰ ਵੇਖ ਕੇ ਤਾਂ ਇਨ੍ਹਾਂ ਚਾਂਭਲ ਕੇ ਲੁੱਡੀ ਪਾਉਣ ਲੱਗਣਾ ਸੀ...ਫ਼ੀਸ ਦੁੱਗਣੀ ਸੁਣਾ ਦੇਣੀ ਸੀ। ਅੱਜ ਜ਼ਰੂਰ ਕੋਈ ਅਲੋਕਾਰ ਵਾਕਿਆ ਵਰਤਿਆ ਹੈ ਜਾਂ ਵਰਤਣ ਵਾਲਾ ਹੈ।' ਸੁੱਖਾ ਡਰਾਈਵਰ ਸੁਤੇਸਿਧ ਹੈਰਾਨੀ ਤੇ ਖ਼ੁਸ਼ੀ ਪ੍ਰਗਟਾ ਰਿਹਾ ਸੀ। ਉਨ੍ਹਾਂ ਨਾਲ ਵੀ ਫ਼ੌਜੀ ਟੁਕੜੀਆਂ ਆਵਾਜਾਈ ਦੀ ਨਿਗਰਾਨੀ ਕਰ ਰਹੀਆਂ ਸਨ। ਡੀ.ਸੀ. ਦਫ਼ਤਰੋਂ ਨਵਿਆਇਆ ਮੇਰਾ ਕਰਫ਼ਿਊ ਪਾਸ ਇੱਥੇ ਕੰਮ ਆ ਗਿਆ, ਨਹੀਂ ਤਾਂ ਉਹ ਕਿਸੇ ਵੀ ਵਾਹਨ ਨੂੰ ਅੰਮ੍ਰਿਤਸਰ ਦੀ ਹਦੂਦ ਅੰਦਰ ਦਾਖ਼ਲ ਨਹੀਂ ਹੋਣ ਦੇ ਰਹੇ ਸਨ। ਅਸੂਚਿਤ ਐਮਰਜੈਂਸੀ ਵਾਲੀ ਵਿਸਫੋਟਕ ਹਾਲਾਤ ਪੈਦਾ ਹੋ ਰਹੀ ਸੀ।

ਅਫ਼ਵਾਹਾਂ ਦਾ ਬਾਜ਼ਾਰ ਗਰਮ ਸੀ-'ਹਾਲ ਗੇਟ ਅੰਦਰ ਜਾਂਦਾ ਟਰੱਕ ਹਥਿਆਰ ਤੇ ਵਿਸਫੋਟਕ ਸਮਗਰੀ ਫੜੀ ਗਈ। ਅਤਿਵਾਦੀਆਂ ਨੇ ਨਾਕੇ 'ਤੇ ਘਾਤ ਲਗਾ ਕੇ ਚਾਰ ਸਿਪਾਹੀ ਮਾਰ ਦਿੱਤੇ। ਦੋ ਅਤਿਵਾਦੀ ਪੁਲਿਸ ਮੁਕਾਬਲੇ ਵਿਚ ਢੇਰ। ਜਨਰਲ ਗੌਰੀ ਸ਼ੰਕਰ ਨੂੰ ਗਵਰਨਰ ਦਾ ਸਕਿਉਰਿਟੀ ਸਲਾਹਕਾਰ ਲਗਾ ਦਿੱਤਾ ਗਿਆ। ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਜਿਉਂਦਾ ਜਾਂ ਮੁਰਦਾ ਫੜਨ ਲਈ ਸਰਕਾਰ ਵੱਲੋਂ ਪੰਜਾਹ ਲੱਖ ਦਾ ਇਨਾਮ।' ਇੱਕ ਅਖ਼ਬਾਰ ਹਾਕਰ ਉਚੀ ਉਚੀ ਬੋਲਦਾ ਜ਼ਮੀਮਾ ਵੰਡ ਰਿਹਾ ਸੀ ਤੇ ਲੋਕ ਫਟਾ-ਫਟ ਖ਼ਰੀਦ ਰਹੇ ਸਨ। ਤ੍ਰਾਹ-ਤ੍ਰਾਹ ਕਰਦੇ ਅਸੀਂ ਮੁੜ ਅੰਮ੍ਰਿਤਸਰ ਆਪਣੇ ਘਰ ਪਹੁੰਚੇ।

ਮੇਰੀ ਮਾਤਾ ਕੁੱਝ ਦਿਨ ਪਹਿਲਾਂ ਹੀ ਦਰਬਾਰ ਸਾਹਿਬ ਅੰਦਰੋਂ ਭਿੰਡਰਾਂਵਾਲਾ ਦਾ ਰੋਹਲਾ ਭਾਸ਼ਣ ਸੁਣ ਕੇ ਆਈ ਸੀ। ਉਹ ਸੰਤਾਂ ਦੇ ਭਾਸ਼ਣ ਦੀ ਬੜੀ ਉਪਾਸ਼ਕ ਸੀ। ਕੋਟ ਖ਼ਾਲਸੇ ਤੋਂ ਦਰਬਾਰ ਸਾਹਿਬ ਦਸ ਰੁਪਏ ਜਾਣ ਤੇ ਦਸ ਰੁਪਏ ਆਉਣ ਟੈਂਪੂ ਦਾ ਸਫ਼ਰ ਉਸ ਦਾ ਨੇਮ ਸੀ। ਉਸ ਨੇ ਦੱਸਿਆ ਕਿ ਸੰਤਾਂ ਨੇ ਨੌਜੁਆਨਾਂ ਦੀ ਅਣਖ ਨੂੰ ਝੰਜੋੜਿਆ ਹੈ, ਵੰਗਾਰਿਆ ਹੈ। ਸਾਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਈ, ਸਾਰੀਆਂ ਉਨ੍ਹਾਂ ਮਾਂਵਾਂ ਵਾਂਗ ਜੋ ਆਪਣੇ ਬੱਚਿਆਂ ਨੂੰ ਸਵੇਰੇ ਘਰੋਂ ਤੋਰਦੀਆਂ ਉਨ੍ਹਾਂ ਦੇ ਸਹੀ-ਸਲਾਮਤ ਘਰ ਪਰਤਣ ਤੱਕ ਦੁਆਵਾਂ ਕਰਦੀਆਂ ਸਨ।

ਥੋੜ੍ਹੀ ਦੇਰ ਵਿਚ ਮਲਕੀਅਤ ਵੀ ਮੂੰਹ ਜਿਹਾ ਲਟਕਾਈ ਆ ਗਿਆ। ਉਹ ਮੇਰਾ ਦੋਸਤ ਤੇ ਗਵਾਂਢੀ ਸੀ ਅਤੇ ਹਮ-ਖਿਆਲੀਆ ਵੀ। ਉਸ ਦਾ ਖਾੜਕੂ ਸਫ਼ਾਂ ਵਿਚ ਚੰਗਾ ਮੇਲ-ਜੋਲ ਸੀ ਤੇ ਦਰਬਾਰ ਸਾਹਿਬ ਅੰਦਰ ਗੇੜਾ ਮਾਰਦਾ ਰਹਿੰਦਾ ਸੀ। ਅੰਦਰਲੀ ਸਰਗਰਮੀਆਂ ਬਾਰੇ ਉਸ ਕੋਲੋਂ ਹਰ ਰੋਜ਼ ਖ਼ਬਰ ਮਿਲਦੀ ਰਹਿੰਦੀ ਸੀ। ਖਾੜਕੂਆਂ ਨੂੰ ਲੋਈਆਂ, ਦਸਤਾਰਾਂ ਤੇ ਵਰਦੀਆਂ ਪਹੁੰਚਾਉਣਾ ਉਸ ਦੀ ਸੇਵਾ ਸੀ। ਉਧਰ, ਸੰਤਾਂ ਤੱਕ ਉਪਰਲੀ ਸਰਕਾਰ ਦੇ ਨੁਮਾਇੰਦੇ ਵਿਚੋਲੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਬਲਖ-ਬੁਖਾਰੇ ਦਿਖਾ, ਲਾਲਚ ਦੇ ਕੇ ਫੁਸਲਾਉਣ ਤੇ ਮਨਾਉਣ ਦਾ ਯਤਨ ਕਰ ਰਹੇ ਸਨ। ਸੰਤ ਉਨ੍ਹਾਂ ਦੀ ਲੂੰਬੜ-ਚਾਲ ਸਮਝਦੇ ਸਨ ਤੇ ਕਿਸੇ ਵੀ ਲੋਭ ਲਾਲਚ ਤੋਂ ਬਹੁਤ ਉਪਰ ਸਨ। ਮਲਕੀਤ ਸਿੰਘ ਦੇ ਜ਼ਰੀਏ ਮੈਨੂੰ ਵੀ ਸੰਤਾਂ ਦੇ ਨੇੜਲੇ ਦਰਸ਼ਨ ਕਰਨ ਦਾ ਕਈ ਵਾਰ ਮੌਕਾ ਮਿਲਿਆ ਸੀ। 'ਬੜੀ ਮਾੜੀ ਖ਼ਬਰ ਆ ਪੰਨੂ ਸਾਹਿਬ! ਅੰਦਰ ਘੇਰਾ ਪੈ ਗਿਆ। ਕੱਲ੍ਹ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਅੱਜ ਅੰਦਰ ਹੀ ਕਰਨਾ ਪਿਆ ਮੰਜੀ ਸਾਹਿਬ ਦੇ ਕੋਲ। ਬੜੀਆਂ ਅਫ਼ਵਾਹਾਂ ਫੈਲ ਰਹੀਆਂ ਨੇ। ਨਾਨ-ਸਟਾਪ ਕਰਫ਼ਿਊ ਲੱਗ ਜਾਣਾ ਅੱਜ ਰਾਤ। ਅੰਦਰ ਤੀਹ ਦਸਤਾਰਾਂ ਪੁੱਜਦੀਆਂ ਕਰਨੀਆਂ ਨੇ, ਕੁੱਝ ਚਾਰਾ ਕਰੋ।' ਉਸ ਦੇ ਵਿਖਿਆਨ ਨੇ ਸਾਡਾ ਤੌਖਲਾ ਵਧਾ ਦਿੱਤਾ। ਇਸਲਾਮਾਬਾਦ ਵਿਖੇ ਕੱਪੜੇ ਦਾ ਥੋਕ ਵਪਾਰੀ ਚੂਨੀ ਲਾਲ ਮੇਰਾ ਦੋਸਤ ਸੀ ਤੇ ਉਸ ਦੀਆਂ ਧਾਰੀਲਾਲ ਮਾਰਕਾ ਲੋਈਆਂ ਪਿਛਲੇ ਸਿਆਲ ਉਨ੍ਹਾਂ ਤੱਕ ਪਹੁੰਚਾਈਆਂ ਸਨ। ਫੋਨ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਮਿਲਿਆ। 'ਤੂੰ ਆਪ ਹੀ ਚਲਾ ਜਾਹ। ਤੈਨੂੰ ਵੀ ਉਹ ਜਾਣਦੇ ਨੇ... ਜਾ ਕੇ ਮੇਰਾ ਨਾਮ ਲਵੀਂ। ਪੱਗਾਂ ਦੇ ਥਾਨ ਵੀ ਉਹ ਆਪੇ ਬੰਦੋਬਸਤ ਕਰ ਦੇਵੇਗਾ।' ਮੇਰੇ ਹਾਂ ਕਰਨ 'ਤੇ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ ਤੇ ਉਹ ਝਬਦੇ ਹੀ ਚੱਲਦਾ ਬਣਿਆ। ਬਾਅਦ ਵਿਚ ਬਿੱਲ ਮਿਲਣ 'ਤੇ ਮੈਨੂੰ ਇਹ ਖ਼ਬਰ ਮਿਲਦੀ ਰਹੀ ਕਿ ਉਹ ਉਸੇ ਰਾਤ ਉਥੋਂ ਮੇਰੇ ਨਾਮ 'ਤੇ ਛੇ ਥਾਨ ਲੈ ਗਿਆ ਸੀ ਪਰ ਅੰਦਰ ਤੱਕ ਨਹੀਂ ਅੱਪੜ ਸਕਿਆ। ਬਹੁਤ ਸਾਲ ਉਸ ਦੀ ਕੋਈ ਉਘ-ਸੁੱਘ ਨਹੀਂ ਨਿਕਲੀ। ਉਸ ਦੀ ਤਲਾਸ਼ ਵਿਚ ਕਈ ਵਾਰ ਰਾਤ-ਬਰਾਤੇ ਉਸ ਦੇ ਘਰ ਪੁਲਿਸ ਵੀ ਛਾਪੇ ਮਾਰਦੀ ਰਹੀ ਪਰ ਉਹ ਕਿਤੇ ਨਹੀਂ ਹੱਥ ਲੱਗਾ। ਬਾਲ ਬੱਚੇ ਉਸ ਦੇ ਰੁਲ ਗਏ, ਘਰ-ਘਾਟ ਵਿਕ ਗਿਆ, ਮੱਝਾਂ ਦੀ ਡੇਅਰੀ ਖ਼ੁਰਦ-ਬੁਰਦ ਹੋ ਗਈ।

ਹੋਣੀ ਸਿਫ਼ਤੀ ਦੇ ਪਵਿੱਤਰ ਘਰ ਦਹਿਸ਼ਤ ਭਰੀ ਦਸਤਕ ਦੇ ਰਹੀ ਸੀ। ਗਲੀਆਂ ਬਾਜ਼ਾਰਾਂ ਵਿਚ ਕੁੱਤੇ ਬਿੱਲੀਆਂ ਭੌਂਕਦੇ, ਮਿਆਂਕਦੇ ਅਗਲੇ ਭਿਆਨਕ ਪਲਾਂ ਦੀ ਚਿਤਾਵਨੀ ਦੇ ਰਹੇ ਸਨ। ਰਾਤ ਅੱਠ ਵਜੇ ਦੀਆਂ ਖ਼ਬਰਾਂ ਵਿਚ ਇੰਦਰਾ ਗਾਂਧੀ ਦਾ ਭਾਸ਼ਣ ਪ੍ਰਸਾਰਤ ਹੋਣ ਦੀ ਖ਼ਬਰ ਸੀ। ਲੋਕ ਬੜੇ ਉਤਸੁਕ ਸਨ, ਇਹ ਸੁਣਨ ਲਈ ਕਿ ਖੌਰੇ ਪੰਜਾਬ ਦੇ ਨਿੱਤ ਦਿਨ ਦੇ ਘੱਲੂਘਾਰੇ ਨੂੰ ਠੱਲ੍ਹ ਪਾਉਣ ਵਾਸਤੇ ਪੰਜਾਬੀਆਂ ਦੀਆਂ ਮੰਗਾਂ ਮੰਨ ਲਵੇਗੀ, ਤੇ ਚੰਡੀਗੜ੍ਹ ਪੰਜਾਬ ਨੂੰ ਦੇ ਕੇ ਅਕਾਲੀਆਂ ਦਾ ਮੋਰਚਾ ਖ਼ਤਮ ਕਰਾ ਕੇ ਸੜ ਰਹੇ ਪੰਜਾਬ ਨੂੰ ਬਚਾ ਲਵੇਗੀ। ਹੋਇਆ ਇਸ ਦੇ ਉਲਟ! ਉਸ ਦਾ ਭਾਸ਼ਣ, ਉਸ ਦੀ ਖ਼ਿੜਕਦੀ ਆਵਾਜ਼, ਬਹੁ-ਰੂਪੀਏ ਦਾ ਸੰਕੇਤ ਦੇ ਰਹੇ ਸਨ। ਉਸ ਨੇ ਆਪਣੇ ਡਰਾਮਾਈ ਭਾਸ਼ਣ ਵਿਚ ਕਿਹਾ, 'ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅੰਦਰ ਲੁਕੇ ਚਾਰ-ਪੰਜ ਸੌ ਹਥਿਆਰਬੰਦ ਅਤਿਵਾਦੀਆਂ ਨੇ ਸ਼ਰੀਫ਼ ਹਿੰਦੂ ਸਿੱਖਾਂ ਨੂੰ ਡਰਾ ਧਮਕਾ ਕੇ ਉਨ੍ਹਾਂ ਦਾ ਜੀਣਾ ਮੁਹਾਲ ਕਰ ਰੱਖਿਆ ਹੈ। ਮੈਂ ਉਨ੍ਹਾਂ ਦੀਆਂ ਮੰਗਾਂ ਪੁੱਛਣ ਅਤੇ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਹੈ ਤਾਂ ਜੋ ਇਸ ਦਾ ਕੋਈ ਸਰਵ-ਪ੍ਰਵਾਨਿਤ ਸ਼ਾਂਤਮਈ ਹੱਲ ਕੱਢਿਆ ਜਾਏ ਪਰ ਉਹ ਨਹੀਂ ਮੰਨੇ। ਮਜਬੂਰ ਹੋ ਕੇ ਸਾਨੂੰ ਉਨ੍ਹਾਂ ਨੂੰ ਬਾਹਰ ਕੱਢਣ ਲਈ ਬਲ ਦਾ ਪ੍ਰਯੋਗ ਕਰਨਾ ਪਵੇਗਾ।' ਹੁਣ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਸੀ।

ਆਉਣ ਵਾਲੇ ਭਿਆਨਕ ਪਲਾਂ ਦੀਆਂ ਕਿਆਸ-ਆਰਾਈਆਂ ਵਿਚ ਡੁੱਬੇ ਲੋਕ ਅਰਦਾਸਾਂ ਕਰ ਰਹੇ ਸਨ, ਪਰ ਹੋਣੀ ਨਹੀਂ ਟਲ਼ੀ। ਤਿੰਨ ਜੂਨ ਨੂੰ ਤੜਕੇ ਤਿੰਨ ਵਜੇ ਸਿਫ਼ਤੀ ਦੇ ਘਰ 'ਤੇ ਗੋਲਿਆਂ ਦੀ ਤਾੜ-ਤਾੜ ਨੇ ਇਹ ਕਿਆਸ-ਅਰਾਈਆਂ ਸੱਚੀਆਂ ਸਾਬਤ ਕਰ ਦਿੱਤੀਆਂ। ਸਵੇਰੇ ਉਠਣ ਤੱਕ ਹਰ ਗਲੀ-ਮੁਹੱਲੇ ਭਾਰਤੀ ਫ਼ੌਜ ਦੇ ਜਵਾਨ ਲੋਕਾਂ ਨੂੰ ਅੰਦਰ ਵੜੇ ਰਹਿਣ ਦੀਆਂ ਹਦਾਇਤਾਂ ਦੇ ਰਹੇ ਸਨ। 36 ਘੰਟੇ ਦੇ ਕਰਫ਼ਿਊ ਨੇ ਸਾਰਾ ਪੰਜਾਬ ਘਰ ਦੀਆਂ ਕੰਧਾਂ ਵਿਚ ਕੈਦ ਕਰ ਦਿੱਤਾ।

## ਕਾਵਿ-ਵਿਅੰਗ

### ਮਾਇਆ


ਬਾਣੀ ਬਾਬੇ ਦੀ ਆਖਦੀ ਬਣੋ ਬੰਦੇ,
ਜਾਤ ਪਾਤ ਦਾ ਕਰੋ ਤਿਆਗ ਭਾਈ।
ਬੂਟੇ ਵੱਖਰੇ ਆਉਂਦੇ ਨੇ ਨਜ਼ਰ ਭਾਵੇਂ,
ਇੱਕ ਮਾਲਕ ਦਾ ਸਾਰਾ ਹੈ ਬਾਗ ਭਾਈ।
ਛੇੜੋ ਪ੍ਰੇਮ ਪਿਆਰ ਦਾ ਗੀਤ ਕੋਈ,
ਬੰਦ ਕਰਕੇ ਨਫਰਤ ਦਾ ਰਾਗ ਭਾਈ।
ਉਹਦੇ ਬਚਣ ਦੀ ਨਹੀਂ ਉਮੀਦ 'ਚੋਹਲਾ',
ਜਿਹਨੂੰ ਡੰਗਦਾ ਮਾਇਆ ਦਾ ਨਾਗ ਭਾਈ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

# ਤਾਨਾਸ਼ਾਹੀ, ਬਰਾਜ਼ੀਲੀ ਸਿਨੇਮਾ ਅਤੇ ਓਲਨੇ ਸਾਓ ਪਾਲੋ



ਤਾਨਾਸ਼ਾਹੀ ਖਿਲਾਫ ਕੀਤੇ ਰੋਸ ਮੁਜ਼ਾਹਰੇ ਦੀ ਅਗਵਾਈ ਕਰ ਰਹੀਆਂ ਬਰਾਜ਼ੀਲੀ ਅਦਾਕਾਰ ਬੀਬੀਆਂ (ਖੱਬਿਉਂ) ਈਵਾ ਤੋਦੋਰ, ਤੋਨੀਆ ਸਿਰੈਰੋ, ਈਵਾ ਵਿਲਮਾ, ਲੇਇਲਾ ਦਿਨੀਜ਼, ਉਦਤੇ ਲਾਰਾ ਅਤੇ ਨੌਰਮਾ ਬੈਂਗਲ।



ਜਤਿੰਦਰ ਮੌਹਰ
ਫੋਨ: 91-97799-34747

ਓਲਨੇ ਸਾਓ ਪਾਲੋ ਬਰਾਜ਼ੀਲ ਦਾ ਸਿਰਕੱਢ ਫ਼ਿਲਮਸਾਜ਼ ਸੀ। ਬੈਂਕ ਕਰਮਚਾਰੀ ਰਿਹਾ ਪਾਲੋ ਚੰਗਾ ਅਦਾਕਾਰ ਵੀ ਸੀ। ਉਹਨੇ ਬਤੌਰ ਹਦਾਇਤਕਾਰ 'ਕਰਾਈ ਆਫ ਦਿ ਅਰਥ' (ਧਰਤੀ ਦਾ ਰੁਦਨ-1964), 'ਗਰੇ ਮੌਰਨਿੰਗ' (ਸਲੇਟੀ ਸਵੇਰ-1969) ਅਤੇ 'ਫੋਰਟ' (ਕਿਲ੍ਹਾ-1974) ਜਿਹੀਆਂ ਫ਼ਿਲਮਾਂ ਬਣਾਈਆਂ ਸਨ। ਪਾਲੋ ਦੀ ਪਹਿਲੀ ਫ਼ਿਲਮ 'ਕਰਾਈ ਆਫ ਦਿ ਅਰਥ' ਉੱਤਰ-ਪੂਰਬੀ ਬਰਾਜ਼ੀਲ ਦੇ ਕਿਸਾਨਾਂ ਦੀ ਕੰਗਾਲੀ, ਜ਼ਮੀਨੀ ਸਵਾਲ ਅਤੇ ਸੰਗਰਾਮ ਬਾਰੇ ਸੀ। ਪਾਲੋ ਦੇ ਸਮਿਆਂ ਵਿਚ ਬਰਾਜ਼ੀਲ ਜਾਬਰ ਫ਼ੌਜੀ ਸੱਤਾ ਦੀ ਮਾਰ ਝੱਲ ਰਿਹਾ ਸੀ। ਪਾਲੋ ਦੀ ਫ਼ਿਲਮ ਨੂੰ ਭੜਕਾਊ ਕਰਾਰ ਦਿੱਤਾ ਗਿਆ। ਸੱਜੇ-ਪੱਖੀ ਫ਼ੌਜੀ ਜਰਨੈਲਾਂ ਨੇ ਆਮ ਸ਼ਹਿਰੀਆਂ ਦੇ ਸਵੈ-ਪ੍ਰਗਟਾਵੇ ਦੀ ਆਜ਼ਾਦੀ ਉੱਤੇ ਪਾਬੰਦੀਆਂ ਮੜ੍ਹੀਆਂ ਹੋਈਆਂ ਸਨ। ਸਿਨੇਮਾ ਇਸ ਰੁਝਾਨ ਤੋਂ ਬਾਹਰ ਨਹੀਂ ਸੀ। ਸਰਕਾਰ ਵਿਰੁੱਧ ਬੋਲਣ ਦੇ ਨਤੀਜੇ ਵਿਚ ਗੰਭੀਰ ਸਿੱਟੇ ਭੁਗਤਣੇ ਪੈਂਦੇ ਸਨ। ਤਾਨਾਸ਼ਾਹੀ ਨੇ ਸਿਨੇਮੇ ਉੱਤੇ ਕਰੜੀ ਸੈਂਸਰਸ਼ਿਪ ਬਿਠਾਈ ਹੋਈ ਸੀ। ਇਸ ਜਾਬਰ ਰਾਜ ਵਿਚ ਰੋਸ ਮੁਜ਼ਾਹਰਾ ਕਰਨਾ 'ਮੁਲਕ ਵਿਰੋਧੀ' ਅਤੇ 'ਭੜਕਾਊ ਕਾਰਵਾਈ' ਕਰਾਰ ਦਿੱਤਾ ਹੋਇਆ ਸੀ। ਸਰਕਾਰੀ ਹੁਕਮਾਂ ਦੇ ਬਾਵਜੂਦ ਸੰਨ 1968 ਵਿਚ ਪਾੜ੍ਹਿਆਂ ਨੇ ਤਾਨਾਸ਼ਾਹੀ ਵਿਰੁਧ ਰੋਸ ਮੁਜ਼ਾਹਰਿਆਂ ਦਾ ਲੰਬਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਸੀ। ਇਸੇ ਨਾਬਰੀ ਦੀ ਕੜੀ ਵਿਚ ਬਰਾਜ਼ੀਲੀ ਅਦਾਕਾਰ ਬੀਬੀਆਂ ਨੇ ਲੋਕਾਂ ਨਾਲ ਮਿਲ ਕੇ ਫ਼ੌਜੀ-ਸੱਤਾ ਦੇ ਵਿਰੁਧ ਮਿਸਾਲੀ ਰੋਸ ਮੁਜ਼ਾਹਰਾ ਕੀਤਾ ਸੀ। ਮੁਜ਼ਾਹਰੇ ਦੀ ਇਤਿਹਾਸਕ ਤਸਵੀਰ ਵਿਚ ਖੱਬੇ ਤੋਂ ਸੱਜੇ ਅਦਾਕਾਰਾ ਈਵਾ ਤੋਦੋਰ, ਤੋਨੀਆ ਸਿਰੈਰੋ, ਈਵਾ ਵਿਲਮਾ, ਲੇਇਲਾ ਦਿਨੀਜ਼, ਉਦਤੇ ਲਾਰਾ ਅਤੇ ਨੌਰਮਾ ਬੈਂਗਲ ਜੋਟੀ ਪਾ ਕੇ ਕਦਮ ਵਧਾ ਰਹੀਆਂ ਹਨ।

ਉਨ੍ਹਾਂ ਸਮਿਆਂ ਵਿਚ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਫ਼ਿਲਮ ਕਲੱਬ ਬਣੇ ਹੋਏ ਸਨ। ਇਹ ਫ਼ਿਲਮਾਂ ਦਿਖਾਉਣ ਅਤੇ ਫ਼ਿਲਮ ਕਲਾ ਬਾਰੇ ਚੇਤਨਾ ਵਧਾਉਣ ਦਾ ਕੰਮ ਕਰਦੇ ਸਨ। ਇਨ੍ਹਾਂ ਕਲੱਬਾਂ ਦੀ ਫ਼ਿਲਮ ਕਲਾ ਦੇ ਖ਼ੇਤਰ ਵਿਚ ਜ਼ਿਕਰਯੋਗ ਦਖ਼ਲਅੰਦਾਜ਼ੀ ਰਹਿੰਦੀ ਸੀ। ਫ਼ੌਜੀ ਸੱਤਾ ਵਿਰੁਧ ਆਵਾਜ਼ ਬੁਲੰਦ ਕਰਨ ਵਿਚ ਇਨ੍ਹਾਂ ਫ਼ਿਲਮ ਕਲੱਬਾਂ ਨੇ ਅਹਿਮ ਭੂਮਿਕਾ ਨਿਭਾਈ। ਫ਼ੌਜੀ ਸੱਤਾ ਨੇ ਨੇਵੀ ਦੇ ਸਮਾਗਮਾਂ ਵਿਚ ਸੋਵੀਅਤ ਫ਼ਿਲਮਸਾਜ਼ ਸਰਗੇਈ ਐਜੇਂਸਤਾਈਨ ਦੀ ਫ਼ਿਲਮ 'ਬੈਟਲਸ਼ਿਪ ਪੋਟੇਮਕਿਨ' ਦਿਖਾਉਣ ਉੱਤੇ ਪਾਬੰਦੀ ਲਾ ਦਿੱਤੀ ਸੀ। ਇਹ ਫ਼ਿਲਮ 1964 ਤੋਂ ਪਹਿਲਾਂ ਦਿਖਾਈ ਜਾਂਦੀ ਸੀ, ਪਰ ਹੁਣ ਫ਼ੌਜੀ ਜਰਨੈਲਾਂ ਲਈ ਬਗ਼ਾਵਤ ਭੜਕਣ ਦਾ ਸਬੱਬ ਬਣ ਗਈ ਸੀ। ਇਸ ਫ਼ਿਲਮ ਉੱਤੇ ਪਾਬੰਦੀ ਲਾਉਣ ਤੋਂ ਬਾਅਦ ਸੱਤਾ ਨੇ ਪੂਰੇ ਸਿਨੇਮੇ ਉੱਤੇ ਹੀ ਆਰਾ ਧਰ ਲਿਆ। ਇਸ ਪਾਬੰਦੀ ਨੇ ਫ਼ਿਲਮ ਕਲੱਬਾਂ ਦੇ ਪ੍ਰਾਈਵੇਟ ਫ਼ਿਲਮ ਮੇਲਿਆਂ ਨੂੰ ਵੀ ਘੇਰੇ ਵਿਚ ਲਿਆਂਦਾ। ਫ਼ਿਲਮਾਂ ਦਿਖਾਉਣ ਤੋਂ ਪਹਿਲਾਂ ਮਨਜ਼ੂਰੀ ਲੈਣੀ ਲਾਜ਼ਮੀ ਕਰ ਦਿੱਤੀ ਗਈ। ਫ਼ਿਲਮ ਕਲੱਬਾਂ ਨੇ ਪਾਬੰਦੀ ਦੇ ਵਿਰੁਧ ਪੈਂਤੜਾ ਲਿਆ। ਪਾਬੰਦੀਯਾਫ਼ਤਾ ਬਰਾਜ਼ੀਲੀ ਕਮਿਊਨਿਸਟ ਪਾਰਟੀ ਦੇ ਅਸਰ ਹੇਠਲੇ ਨੌਜਵਾਨ ਜਾਬਰ ਸੱਤਾ ਵਿਰੁਧ ਜੰਗ ਜਾਰੀ ਰੱਖਣ ਦੀਆਂ ਕੋਸ਼ਿਸ਼ਾਂ ਵਜੋਂ ਫ਼ਿਲਮ ਕਲੱਬਾਂ ਦੀ ਲਹਿਰ ਵਿਚ ਸ਼ਾਮਲ ਹੋ ਗਏ। ਸਿਆਸੀ ਸਿਖਲਾਈ ਨਾਲ ਲੈਸ ਇਨ੍ਹਾਂ ਨੌਜਵਾਨਾਂ ਦੀ ਆਮਦ ਨਾਲ ਫ਼ਿਲਮ ਕਲੱਬਾਂ ਦੀ ਲਹਿਰ ਨੂੰ ਨਵੀਂ ਦਿਸ਼ਾ ਮਿਲ ਗਈ। ਦੋ ਸੌ ਤੋਂ ਵੱਧ ਫ਼ਿਲਮ ਕਲੱਬ ਸਾਂਝੀ ਜਥੇਬੰਦੀ 'ਨੈਸ਼ਨਲ ਕੌਂਸਲ ਆਫ ਸਿਨੇ ਕਲੱਬਜ਼' ਨਾਲ ਜੁੜ ਚੁੱਕੇ ਸਨ। ਫ਼ਿਲਮ ਕਲੱਬਾਂ ਨੇ ਫ਼ਿਲਮ ਵਰਤਾਉਣ (ਡਿਸਟ੍ਰੀਬਿਊਸ਼ਨ) ਦੇ ਆਪਣੇ ਢੰਗ ਈਜ਼ਾਦ ਕਰ ਲਏ ਸਨ। ਇਸ ਲਹਿਰ ਨੇ ਪਾਬੰਦੀਯਾਫ਼ਤਾ ਫ਼ਿਲਮਾਂ ਦਿਖਾਉਣੀਆਂ ਜਾਰੀ ਰੱਖੀਆਂ। ਫ਼ਿਲਮ 'ਬੈਟਲਸ਼ਿਪ ਪੋਟੇਮਕਿਨ' ਫ਼ਿਲਮ-ਕਲੱਬਾਂ ਦੀ ਨਾਬਰ ਲਹਿਰ ਦਾ ਬਿੰਬ ਬਣ ਚੁੱਕੀ ਸੀ। ਪਾਬੰਦੀਯਾਫ਼ਤਾ ਫ਼ਿਲਮਾਂ ਚੋਰੀ ਛਿਪੇ ਬਰਾਜ਼ੀਲ ਵਿਚ ਲਿਆਂਦੀਆਂ ਅਤੇ ਦਿਖਾਈਆਂ ਜਾਂਦੀਆਂ ਰਹੀਆਂ।

ਓਲਨੇ ਸਾਓ ਪਾਲੋ ਇਸ ਉਥਲ-ਪੁਥਲ ਦੇ ਦੌਰ ਦਾ ਫ਼ਿਲਮਸਾਜ਼ ਹੈ। ਉਹਨੇ ਸੰਨ 1968 ਦੇ ਰੋਸ ਮੁਜ਼ਾਹਰਿਆਂ ਦੇ ਪਿਛੋਕੜ ਉੱਤੇ ਬਣਾਈ ਫ਼ਿਲਮ 'ਗਰੇ ਮੌਰਨਿੰਗ' ਵਿਚ ਕਲਪਨਿਕ ਕਿਰਦਾਰਾਂ ਦੇ ਨਾਲ-ਨਾਲ ਅਸਲੀ ਦ੍ਰਿਸ਼ ਵੀ ਵਰਤੇ। 1969 ਵਿਚ ਬਣੀ ਇਸ ਫ਼ਿਲਮ ਦਾ ਮੁੱਢਲਾ ਵਿਚਾਰ 1966 ਵਿਚ ਲਿਖਿਆ ਗਿਆ ਸੀ। ਇਸ ਫ਼ਿਲਮ ਨੇ ਆਲਮ ਨੂੰ ਬਰਾਜ਼ੀਲੀਆਂ ਉੱਤੇ ਵਰਤਾਏ ਜਾ ਰਹੇ ਫ਼ੌਜੀ ਕਹਿਰ ਤੋਂ ਜਾਣੂ ਕਰਵਾਇਆ। ਫ਼ਿਲਮ ਦੀ ਕਹਾਣੀ ਮੁਤਾਬਕ ਇੱਕ ਬੇਨਾਮ ਮੁਲਕ ਵਿਚ ਕੁਝ ਪਾੜ੍ਹੇ ਰੇਡੀਓ ਉੱਤੇ ਜਾਬਰ ਫ਼ੌਜੀ ਤਾਨਸ਼ਾਹੀ ਦੀ ਆਮਦ ਦੀ ਖ਼ਬਰ ਸੁਣ ਰਹੇ ਹਨ। ਖ਼ਬਰ ਸੁਣਨ ਤੋਂ ਬਾਅਦ ਉਹ ਤਨ-ਮਨ ਉੱਤੇ ਤਸ਼ੱਦਦ ਮਹਿਸੂਸ ਕਰਨ ਲਗਦੇ ਹਨ। ਉਨ੍ਹਾਂ ਪਾੜ੍ਹਿਆਂ ਵਿਚੋਂ ਇੱਕ ਜੋੜਾ ਸਰਕਾਰ ਵਿਰੋਧੀ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲੈਂਦਾ ਹੈ। ਜੋੜੇ ਨੂੰ ਗ੍ਰਿਫ਼ਤਾਰ ਕਰ ਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਅੰਤ ਵਿਚ ਕਾਤਲ-ਦਸਤਾ ਜੋੜੇ ਨੂੰ ਗੋਲੀਆਂ ਨਾਲ ਉਡਾ ਦਿੰਦਾ ਹੈ। ਪਾਲੋ ਇਹ ਫ਼ਿਲਮ ਦਿਖਾਉਣ ਲਈ ਚਿੱਲੀ ਗਿਆ ਹੋਇਆ ਸੀ ਜਦੋਂ ਦੋ ਮੁੰਡਿਆਂ ਨੇ ਜ਼ਹਾਜ਼ ਅਗਵਾ ਕਰ ਕੇ ਕਿਊਬਾ ਵਿਚ ਉਤਾਰ ਲਿਆ। ਮੁੰਡਿਆਂ ਨੇ ਆਪਣੇ ਨਾਲ ਲਿਆਂਦੀ ਪਾਲੋ ਦੀ ਫ਼ਿਲਮ ਕਿਊਬਾ ਵਿਚ ਦਿਖਾਈ। ਬਦਨਾਮੀ ਤੋਂ ਖਿਝੀ ਬਰਾਜ਼ੀਲੀ ਫ਼ੌਜੀ ਸੱਤਾ ਨੇ ਪਾਲੋ ਨੂੰ ਗ੍ਰਿਫ਼ਤਾਰ ਕਰ ਲਿਆ। ਕਿਤਾਬ 'ਬਰਾਜ਼ੀਲ ਨੈਵਰ ਅਗੇਨ' ਵਿਚ ਪਾਲੋ ਦੀ ਗ੍ਰਿਫ਼ਤਾਰੀ ਬਾਰੇ ਇਹ ਵੇਰਵਾ ਮਿਲਦਾ ਹੈ, "ਹਵਾਬਾਜ਼ੀ ਮੰਤਰੀ ਨੇ ਨਿੱਜੀ ਤੌਰ ਉੱਤੇ ਉੱਦਮ ਕਰ ਕੇ ਪਾਲੋ ਖਿਲਾਫ ਜਾਂਚ ਪੜਤਾਲ ਸ਼ੁਰੂ ਕੀਤੀ। ਪਾਲੋ ਦੀ ਫ਼ਿਲਮ 'ਗਰੇ ਮੌਰਨਿੰਗ' ਨੂੰ ਭੜਕਾਊ ਪ੍ਰਾਪੇਗੰਡਾ ਕਰਨ ਲਈ ਜ਼ਿੰਮੇਵਾਰ ਮੰਨਿਆ ਗਿਆ। ਇਸ ਫ਼ਿਲਮ ਰਾਹੀਂ ਉਹਨੂੰ ਮੁਲਕ ਦੀ 'ਕੌਮੀ ਸਰੱਖਿਆ' ਨੂੰ ਅੰਦਰੂਨੀ ਸੱਟ ਮਾਰਨ ਦਾ ਦੋਸ਼ੀ ਠਹਿਰਾਇਆ ਗਿਆ।"




ਫਿਲਮ 'ਗਰੇ ਮੌਰਨਿੰਗ' ਦਾ ਅਸਲੀ ਟਾਈਟਲ ਅਤੇ (ਸੱਜੇ) ਫਿਲਮਸਾਜ਼ ਓਲਨੇ ਸਾਓ ਪਾਲੋ।

ਪਾਲੋ ਨੂੰ ਫ਼ਿਲਮ ਦੀ ਪਹਿਲੀ ਪੇਸ਼ਕਾਰੀ ਸਮੇਂ ਹੀ ਮਹਿਸੂਸ ਹੋ ਗਿਆ ਸੀ ਕਿ ਇਸ ਫ਼ਿਲਮ ਉੱਤੇ ਪਾਬੰਦੀ ਲੱਗ ਸਕਦੀ ਹੈ। ਉਹਨੇ ਫ਼ਿਲਮ ਦੀਆਂ ਕਈ ਨਕਲਾਂ ਵੱਖਰੇ-ਵੱਖਰੇ ਲੋਕਾਂ ਅਤੇ ਫ਼ਿਲਮ ਕਲੱਬਾਂ ਨੂੰ ਭੇਜ ਦਿੱਤੀਆਂ ਸਨ। ਫ਼ੌਜੀਆਂ ਨੇ ਪਾਲੋ ਉੱਤੇ ਬੇਤਹਾਸ਼ਾ ਤਸ਼ੱਦਦ ਢਾਹਿਆ ਅਤੇ ਉਸ ਨੂੰ ਸਾਰੀਆਂ ਨਕਲਾਂ ਸਪੁਰਦ ਕਰਨ ਲਈ ਮਜਬੂਰ ਕੀਤਾ ਗਿਆ। ਫ਼ੌਜੀਆਂ ਨੇ ਫ਼ਿਲਮ ਦੀਆਂ ਸਾਰੀਆਂ ਨਕਲਾਂ ਅਤੇ ਨੈਗੇਟਿਵ ਜ਼ਬਤ ਕਰ ਲਏ। ਲੰਬਾ ਸਮਾਂ ਇਹ ਫ਼ਿਲਮ 'ਗੁਆਚੀ ਫ਼ਿਲਮ' ਬਣੀ ਰਹੀ। ਆਖ਼ਰ ਇਸ ਫ਼ਿਲਮ ਦੀ ਇੱਕ ਨਕਲ ਸ਼ਹਿਰ ਰੀਓ ਡੀ ਜਨੇਰੀਓ ਦੇ 'ਮਿਊਜ਼ੀਅਮ ਔਫ ਮੌਡਰਨ ਆਰਟ' ਵਿਚੋਂ ਕਿਸੇ ਹੋਰ ਨਾਮ ਹੇਠ ਮਿਲ ਗਈ। ਇਹ ਫ਼ਿਲਮ ਦੀ ਬਚੀ ਇੱਕੋ ਇੱਕ ਨਕਲ ਹੈ। ਇਹ ਨਕਲ ਪੱਚੀ ਸਾਲ ਫ਼ਿਲਮ ਸੰਸਥਾ ਸਿਨੇਮਾ ਥੈਕ ਦੇ 'ਮਿਊਜ਼ਿਅਮ ਔਫ ਮੌਡਰਨ ਆਰਟ' ਵਿਚ ਪਈ ਰਹੀ ਸੀ। 35 ਐਮ.ਐਮ. ਦੀ ਇਹ ਨਕਲ, ਸੰਸਥਾ ਦੇ ਡਾਇਰੈਕਟਰ ਕੋਜ਼ਮੇ ਐਲਵਸ ਨੇਟੋ ਨੇ ਕਿਸੇ ਹੋਰ ਨਾਮ ਉੱਤੇ ਛੁਪਾ ਦਿੱਤੀ ਸੀ। ਸ਼ਾਇਦ ਪਾਲੋ ਕੁੱਲ ਆਲਮ ਦਾ ਇਕੋ-ਇੱਕ ਫ਼ਿਲਮਸਾਜ਼ ਹੈ ਜਿਹਨੂੰ ਫ਼ਿਲਮ ਬਣਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਸੀ। ਜੇਲ੍ਹ ਵਿਚ ਉਹ ਨਾਮੁਰਾਦ ਬਿਮਾਰੀਆਂ ਦੀ ਲਪੇਟ ਵਿਚ ਆ ਗਿਆ ਅਤੇ ਲੰਬਾ ਸਮਾਂ ਨਹੀਂ ਜਿਉਂ ਸਕਿਆ। 15 ਫਰਵਰੀ 1978 ਨੂੰ ਇਕਤਾਲੀ ਸਾਲਾਂ ਦੀ ਉਮਰ ਵਿਚ ਪਾਲੋ ਦੁਨੀਆਂ ਤੋਂ ਵਿਦਾ ਹੋ ਗਿਆ ਪਰ ਉਹਦੀਆਂ ਫ਼ਿਲਮਾਂ ਨੇ ਉਹਨੂੰ ਅਮਰ ਕਰ ਦਿੱਤਾ। ਲੇਖਕ ਗਲਾਉਬਰ ਰੋਚਾ ਆਪਣੀ ਕਿਤਾਬ ਵਿਚ ਪਾਲੋ ਨੂੰ ਬਰਾਜ਼ੀਲੀ ਸਿਨੇਮਾ ਦਾ ਨਾਇਕ ਅਤੇ ਸ਼ਹੀਦ ਕਹਿੰਦਾ ਹੈ ਜਿਹਦੀ ਵਿਰਾਸਤ ਆਲਮੀ ਫ਼ਿਲਮ ਕਲਾ ਦਾ ਮਾਣਯੋਗ ਹਿੱਸਾ ਹੈ। ਇਸ ਵਿਰਾਸਤ ਨੂੰ ਜ਼ਿੰਮੇਵਾਰ ਫ਼ਿਲਮਸਾਜ਼ ਅੱਗੇ ਵਧਾ ਰਹੇ ਹਨ। ਆਲਮੀ ਫ਼ਿਲਮਸਾਜ਼ਾਂ ਨੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਵਿਰੁਧ ਲੰਬੀ ਜੰਗ ਲੜੀ ਹੈ ਅਤੇ ਇਹ ਜੰਗ ਅਜੇ ਵੀ ਜਾਰੀ ਹੈ। ਧਾਰਮਿਕ, ਸਮਾਜਕ ਅਤੇ ਸਿਆਸੀ ਪਾਬੰਦੀਆਂ ਦੇ ਨਾਲ-ਨਾਲ ਵਿੱਤੀ ਪਾਬੰਦੀਆਂ ਨੂੰ ਜੋੜਨਾ ਵੀ ਅਹਿਮ ਰਹੇਗਾ, ਜਿੱਥੇ ਪੈਸੇ ਦੇ ਜ਼ੋਰ ਉੱਤੇ ਵਿੱਤੀ ਮਾਲਕ ਅਪਣੀਆਂ ਮਨਮਰਜ਼ੀਆਂ ਫ਼ਿਲਮਸਾਜ਼ ਉੱਤੇ ਥੋਪਦੇ ਹਨ। ਪਾਬੰਦੀਆਂ ਵਿਰੁਧ ਲੜੀ ਜਾ ਰਹੀ ਜੰਗ ਦੀ ਕੜੀ ਵਿਚ ਮੁਕਾਮੀ ਪੰਜਾਬੀ ਫ਼ਿਲਮਸਾਜ਼ਾਂ ਦੀਆਂ ਸੁਹਿਰਦ ਕੋਸ਼ਿਸ਼ਾਂ ਨੂੰ ਵੀ ਜੋੜ ਕੇ ਦੇਖਣਾ ਚਾਹੀਦਾ ਹੈ। ਬੇਸ਼ੱਕ ਇਹ ਪੰਜਾਬੀ ਫ਼ਿਲਮਸਾਜ਼ ਘੱਟ-ਗਿਣਤੀ ਵਿਚ ਹੋਣ, ਪਰ ਇਨ੍ਹਾਂ ਦੀ ਛੋਟੀ ਲੜਾਈ ਵੱਡੀ ਜੰਗ ਦੀ ਮੁਕਾਮੀ ਕੜੀ ਹੈ। ਇਹਦੇ ਨਾਲ ਪਾਬੰਦੀਆਂ ਅਤੇ ਇਨ੍ਹਾਂ ਖਿਲਾਫ ਚੱਲਦੇ ਵੱਖਰੇ-ਵੱਖਰੇ ਸੰਘਰਸ਼ਾਂ ਦੀ ਝਲਕ ਦਿਖਾਈ ਦਿੰਦੀ ਹੈ।



'ਗਰੇ ਮੌਰਨਿੰਗ' ਦੇ ਤਿੰਨ ਦ੍ਰਿਸ਼।

# GET THE BEST OF PUNJABI AND HINDI TV NOW!




**$24.99/mo.** BEST PUNJABI PROGRAMMING

PTC PUNJABI · jus punjabi · alpha etc PUNJABI · mh ONE · JUS one · gPunjab

**NOW FREE FOR 3 MONTHS!*** ~~$34.99/mo.~~ BEST HINDI PROGRAMMING

StarPlusHD · SONY HD · ZEE TV HD · aapka colors · Life OK · WILLOW HD · TV ASIA HD · SONY SAB · SAHARA one

Requires HD receiver to view International programming available in HD. Must subscribe to a qualifying American HD package to qualify for HD receiver.

## GET A SMARTER WAY TO WATCH TV. ASK FOR A FREE HOPPER DVR UPGRADE[1]



- **Watch your favorite LIVE shows anywhere** on your TV, tablet, smartphone or computer
- **Record up to 8 shows** at the same time[†]
- **Watch up to 4 different shows** in different rooms
- **Store up to 2000 hours** of your favorite Hindi, Punjabi or American programming

[†]Requires Super Joey. Record ABC, CBS, FOX and NBC plus four additional channels.

## CALL NOW!
# 1-888-816-9610

dish™

*Important Terms and Conditions: Hindi 3 Months Free:** Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

[1]Free Hopper upgrade requires 24-month commitment, credit qualification and qualifying American programming. Monthly DVR and receiver fees apply based on number of rooms. Features must be enabled by customer and are subject to availability.

© 2014 DISH Network L.L.C. All rights reserved.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans
Under One Roof

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ


## Reo/Short Sale Specialist

We can sell your house in short sale at no cost to you.


Selling Homes from Gilroy to Sacramento, CA



5233 Edgewater Drive
Newark, CA 94560
5 Bedrooms, 2.5 Bathrooms,
2 Car Garage
Area: 2081 Sq. Ft.
Lot: 6500 Sq. Ft.
Asking: $789,000



36463 Spruce Street,
Newark, CA 94560
4 Bedrooms, 3 Bathrooms,
2 Car Garage
Area: 2062 Sq. Ft.
Lot: 7112 Sq. Ft.
Asking: $799,000



4730 Woodhollow Ave.,
Stockton CA 95206
5 Bedrooms, 3 Bathrooms,
2 Car Garage
Area: 2555 Sq. Ft.
Lot: 5200 Sq. Ft.
Asking: $279,000




1796 Dove Court
Hayward, CA 94545
4 Bedrooms, 2 Bathrooms,
2 Car Garage
Area: 1387 Sq. Ft.
Lot: 6500 Sq. Ft.




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.

### JUST SOLD

1. 2240 Partridge Way #4 Union City, CA 94588
2. 4504 Mackinaw Street, Union City, CA 94587
3. 1826 Mary Augusta St., Manteca, CA 95337
4. 1604 Mellowood St., Pittsburg, CA 94565
5. 1498 Columbine Way, Livermore, CA 94551
6. 16129 Rocky HarborRd Lathrop, CA 95330
7. 1796 Dove Ct., Hayward, CA 94545
8. 1820 De Vaca Way, Livermore, CA 94550
9. 1379 Michael Dr., Tracy, CA 95377
10. 37775 Golden Rod Ct., Newark, CA 94560
11. 4124 Polaris Ave., Union City, CA 94587
12. 2995 Masonwood St., San Jose, CA 95148
13. 4019 Villa Comez Ln., Stockton, CA 95206
14. 2809 Glen Sharon Way, San Jose, CA 95148

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
DHMS, Loan Broker
@ 510-207-9067
CA DRE Lic.#01180969
NMLS# 352095